Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

Harmit S Toor
Bay East Brokers, Inc.
BEB BAY EAST BROKERS
Help you Buy, Sell & Loans:
♦Residential & Commercial Property
♦Business Opportunity
'2021 Platinum Award in recognition of outstanding achievement in Residential and/or Commercial Sales/Listing'
Broker - MLO
BRE Lic.# 01462579
NMLS ID 358820
Broker Corp Lic: 02007516
Ph: 925-202-7027
HDtoor@gmail.com, WWW.BayEastBrokers.Com

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587

Twenty-Fourth Year of Publication
Ph: 847-359-0746
# ਪੰਜਾਬ ਟਾਈਮਜ਼
Email:punjabtimes1@gmail.com www.punjabtimesusa.com
Punjab Times, Vol 24, Issue 25; June 24, 2023 20451 N. Plum Grove Rd., Palatine, IL 60074 Ph:847-359-0746, Fax:847-705-9388



*ਇੰਡੀਅਨਐਪੋਲਿਸ ਵਿਚ ਕਰਵਾਏ ਗਏ 'ਮਿਸ ਜਾਂ ਮਿਸਿਜ਼ ਪੰਜਾਬਣ ਮਿਡਵੈਸਟ ਯੂ.ਐਸ.ਏ. 2023' ਮੁਕਾਬਲੇ ਵਿਚ ਹਿੱਸਾ ਲੈਣ ਵਾਲੀਆਂ ਮੁਟਿਆਰਾਂ। (ਵੇਰਵਾ ਅਤੇ ਤਸਵੀਰਾਂ ਸਫਾ 8-9 'ਤੇ)*

# ਪੰਜਾਬ ਸਰਕਾਰ ਅਤੇ ਸ਼ੋ੍ਰਮਣੀ ਕਮੇਟੀ ਆਹਮੋ-ਸਾਹਮਣੇ

**ਚੰਡੀਗੜ੍ਹ:** ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਦਾ ਮੁਫਤ ਪ੍ਰਸਾਰਨ ਯਕੀਨੀ ਬਣਾਉਣ ਲਈ 16ਵੀਂ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਵਿਚ ਸਿੱਖ ਗੁਰਦੁਆਰਾ (ਸੋਧ) ਬਿੱਲ 2023 ਪਾਸ ਕਰ ਦਿੱਤਾ ਗਿਆ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਕੈਬਨਿਟ ਨੇ ਇਸ ਤੋਂ ਇਕ ਦਿਨ ਪਹਿਲਾਂ ਸਿੱਖ ਗੁਰਦੁਆਰਾ ਐਕਟ-1925 ਵਿਚ ਸੋਧ ਲਈ ਹਰੀ ਝੰਡੀ ਦੇ ਦਿੱਤੀ ਸੀ। ਸਰਕਾਰ ਨੇ ਗੁਰਬਾਣੀ ਦਾ ਸਿੱਧਾ ਪ੍ਰਸਾਰਨ ਕਰਨ ਲਈ ਸਿੱਖ ਗੁਰਦੁਆਰਾ ਐਕਟ-1925 ਵਿਚ ਧਾਰਾ 125 ਤੋਂ ਬਾਅਦ ਧਾਰਾ 125-ਏ ਨੂੰ ਦਰਜ ਕੀਤਾ ਹੈ।

## ਸਰਕਾਰ ਸਿੱਖਾਂ ਦੀ ਸਰਵ-ਉੱਚ ਸੰਸਥਾ 'ਚ ਦਖਲ ਨਾ ਦੇਵੇ: ਜਥੇਦਾਰ

**ਅੰਮ੍ਰਿਤਸਰ**: ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸਰਕਾਰ ਨੂੰ ਆਖਿਆ ਕਿ ਉਹ ਸਿੱਖਾਂ ਦੀ ਸਰਵ-ਉੱਚ ਸੰਸਥਾ ਸ਼੍ਰੋਮਣੀ ਕਮੇਟੀ ਦੇ ਮਾਮਲਿਆਂ ਵਿਚ ਦਖਲ ਅੰਦਾਜ਼ੀ ਨਾ ਕਰੇ। ਵੀਡੀਓ ਬਿਆਨ ਰਾਹੀਂ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਸਰਕਾਰ ਦੀ ਇਹ ਕਾਰਵਾਈ ਸਿੱਖ ਪੰਥ ਵਿਚ ਦੁਬਿਧਾ ਪੈਦਾ ਕਰ ਰਹੀ ਹੈ। ਗੁਰਬਾਣੀ ਪ੍ਰਸਾਰਨ ਦੇ ਮਾਮਲੇ ਵਿਚ ਦੋਵਾਂ ਧਿਰਾਂ ਨੂੰ ਮਿਲ ਬੈਠ ਕੇ ਆਪਸੀ ਗੱਲਬਾਤ ਰਾਹੀਂ ਮਸਲੇ ਨੂੰ ਹੱਲ ਕਰਨਾ ਚਾਹੀਦਾ ਹੈ। ਗੁਰਬਾਣੀ ਦੇ ਪ੍ਰਸਾਰਨ ਦਾ ਮਾਮਲਾ ਭਾਵੇਂ ਮਰਿਆਦਾ ਨਾਲ ਨਹੀਂ ਜੁੜਿਆ ਪਰ ਇਸ ਦੇ ਪ੍ਰਸਾਰਨ ਤੋਂ ਬਾਅਦ ਇਹ ਮਰਿਆਦਾ ਨਾਲ ਜੁੜਿਆ ਹੋਇਆ ਹੈ।

ਉਧਰ, ਪੰਜਾਬ ਸਰਕਾਰ ਦੇ ਇਸ ਕਦਮ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਣੇ ਵੱਡੀ ਗਿਣਤੀ ਸਿੱਖ ਸੰਸਥਾਵਾਂ ਨੇ ਸਿੱਖ ਕੌਮ ਦੇ ਮਸਲਿਆਂ ਵਿਚ ਸਿੱਧਾ ਦਖਲ ਕਰਾਰ ਦਿੱਤਾ ਹੈ। ਸ਼੍ਰੋਮਣੀ ਕਮੇਟੀ ਨੇ ਇਸ ਸੋਧ ਖ਼ਿਲਾਫ਼ ਕਾਨੂੰਨੀ ਚਾਰਾਜੋਈ ਦੀ ਗੱਲ ਵੀ ਆਖੀ ਹੈ। ਇਸ ਮਾਮਲੇ ਨੂੰ ਲੈ ਕੇ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਦੋਵੇਂ ਆਹਮੋ-ਸਾਹਮਣੇ ਆ ਗਏ ਹਨ ਅਤੇ ਆਉਣ ਵਾਲੇ ਦਿਨਾਂ ਵਿਚ ਆਪਸੀ ਟਕਰਾਅ ਹੋਰ ਵਧ ਸਕਦਾ ਹੈ।

ਦਰਅਸਲ, ਇਸ ਫੈਸਲੇ ਨੂੰ ਸ਼ੱਕੀ ਨਿਗ੍ਹਾ ਨਾਲ ਇਸ ਕਰ ਕੇ ਵੀ ਦੇਖਿਆ ਜਾ ਰਿਹਾ ਹੈ ਕਿਉਂਕਿ ਪਿਛਲੇ ਕੁਝ ਸਮੇਂ ਤੋਂ ਮੁੱਖ ਮੰਤਰੀ ਭਗਵੰਤ ਮਾਨ ਕਈ ਮਸਲਿਆਂ ਉਤੇ ਕੇਂਦਰ ਸਰਕਾਰ ਦੀ ਹਾਂ ਵਿਚ ਹਾਂ ਮਿਲਾ ਰਿਹਾ ਹੈ। ਪਿਛਲੀਆਂ ਸਰਕਾਰਾਂ ਵੱਲੋਂ ਨਕਾਰੀ ਕੇਂਦਰ ਦੀ ਫਸਲ ਬੀਮਾ ਯੋਜਨਾ ਨੂੰ ਲਾਗੂ ਕਰਨਾ, ਅੰਮ੍ਰਿਤਪਾਲ ਸਿੰਘ ਖ਼ਿਲਾਫ਼ ਕਾਰਵਾਈ ਲਈ ਕੇਂਦਰੀ ਬਲਾਂ ਦੀ ਤਾਇਨਾਤੀ, ਚੰਡੀਗੜ੍ਹ ਉਤੇ ਹੱਕਾਂ ਨੂੰ ਖੋਰਾ ਲਾਉਣ ਬਾਰੇ ਫੈਸਲਿਆਂ 'ਤੇ ਚੁੱਪ, ਰਾਜਸਥਾਨ ਨੂੰ ਵਾਧੂ ਪਾਣੀ, ਪੰਜਾਬ ਵਿਚ ਯੋਗ ਦੇ ਜ਼ੋਰ-ਸ਼ੋਰ ਨਾਲ ਪ੍ਰਚਾਰ ਵਰਗੇ ਕਈ ਮੁੱਦੇ ਹਨ ਜਿਨ੍ਹਾਂ ਉਤੇ ਲਗਾਤਾਰ ਸਵਾਲ ਉਠ ਰਹੇ ਹਨ।

***(ਬਾਕੀ ਸਫਾ 6 'ਤੇ)***

Medicare COVERED CALIFORNIA
Life & Health Insurance
ਹੈਲਥ ਕੇਅਰ
Call: 510-459-7537
Bhupinder Singh Dev
bdev_99@yahoo.com
Lic# 0F86916
MEHAR INSURANCE
We do not offer every plan available in your area. Any information we provide is limited to those plans we offer in your area. Please contact Medicare.gov or 1-800-Medicare to get information on all of your options.


Raja SWEETS & CATERING
AUTHORIZED CATERER FOR MAJOR 5-STAR HOTELS
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS

17 years of experience
Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880

# ਇੰਡੋ ਯੂ. ਐਸ. ਹੈਰੀਟੇਜ ਵੱਲੋਂ ਇੱਕ ਸ਼ਾਮ ਪੰਜਾਬੀ ਮਾਂ ਬੋਲੀ ਦੇ ਨਾਮ

**ਫਰਿਜ਼ਨੋ:** ਇੱਥੋਂ ਦੀ ਗਦਰੀ ਬਾਬਿਆਂ ਨੂੰ ਸਮਰਪਿਤ ਜਥੇਬੰਦੀ ਇੰਡੋ ਯੂ.ਐਸ. ਹੈਰੀਟੇਜ ਜਿਹੜੀ ਕਿ ਅਕਸਰ ਫਰਿਜ਼ਨੋ ਏਰੀਏ ਵਿਚ ਮਿਆਰੀ ਪ੍ਰੋਗਰਾਮ ਕਰਵਾਉਂਦੀ ਰਹਿੰਦੀ ਹੈ, ਵੱਲੋਂ ਲੰਘੇ ਸ਼ਨਿਚਰਵਾਰ ਇਕ ਸੈਮੀਨਰ ਪੰਜਾਬੀ ਮਾਂ ਬੋਲੀ ਦੀ ਸਾਂਭ ਸੰਭਾਲ ਅਤੇ ਪ੍ਰਫੁੱਲਤਾ ਲਈ ਪੰਜਾਬੀ ਰੇਡੀਓ ਯੂ. ਐਸ. ਏ. ਦੇ ਪੰਜਾਬੀ ਸੈਂਟਰ ਵਿਖੇ ਕਰਵਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਪੰਜਾਬੀ ਪੁੱਜੇ ਤੇ ਬੁਲਾਰਿਆਂ ਦੇ ਵਿਚਾਰ ਸੁਣੇ, ਅਤੇ ਬਾਅਦ ਵਿਚ ਕਵੀ ਦਰਬਾਰ ਹੋਇਆ ਅਤੇ ਗਾਇਕੀ ਦਾ ਦੌਰ ਚੱਲਿਆ। ਸਟੇਜ ਦੀ ਸ਼ੁਰੂਆਤ ਪੱਤਰਕਾਰ ਨੀਟਾ ਮਾਛੀਕੇ ਨੇ ਸ਼ਾਇਰਾਨਾ ਅੰਦਾਜ਼ ਵਿਚ ਸਭ ਨੂੰ ਨਿੱਘੀ ਜੀ ਆਇਆਂ ਆਖ ਕੇ ਕੀਤੀ। ਉਪਰੰਤ ਯਮਲੇ ਜੱਟ ਦੇ ਸ਼ਾਗਿਰਦ ਰਾਜ ਬਰਾੜ ਨੇ ਪੰਜਾਬੀ ਬੋਲੀ ਨੂੰ ਸਮਰਪਿਤ ਗੀਤ ਨਾਲ ਪ੍ਰੋਗਰਾਮ ਨੂੰ ਅੱਗੇ ਤੋਰਿਆ।

ਸੰਸਥਾ ਦੇ ਕਨਵੀਨਰ ਸਾਧੂ ਸਿੰਘ ਸੰਘਾ ਨੇ ਪੰਜਾਬੀ ਮਾਂ ਬੋਲੀ 'ਤੇ ਪਰਚਾ ਪੜ੍ਹਿਆ। ਸ਼ਾਇਰ ਹਰਜਿੰਦਰ ਕੰਗ ਨੇ ਪੰਜਾਬੀ ਦੇ ਪ੍ਰਸਾਰ ਲਈ ਹੋ ਰਹੇ ਉਪਰਾਲਿਆਂ 'ਤੇ ਝਾਤ ਪਵਾਈ। ਇਸ ਮੌਕੇ ਕਹਾਣੀਕਾਰ ਕਰਮ ਸਿੰਘ ਮਾਨ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ, ਉਨ੍ਹਾਂ ਕਿਹਾ ਕਿ ਪੰਜਾਬੀ ਬੋਲੀ ਨਹੀਂ ਮਰਦੀ, ਪਰ ਪੰਜਾਬੀ ਮਰ ਰਿਹਾ। ਉਨ੍ਹਾਂ ਕਿਹਾ ਕਿ ਪੰਜਾਬੀ ਨੂੰ ਬਚਾਉਣ ਦੇ ਉਪਰਾਲੇ ਸਾਨੂੰ ਘਰੋਂ ਸ਼ੁਰੂ ਕਰਨੇ ਪੈਣਗੇ। ਮਲਕੀਤ ਸਿੰਘ ਕਿੰਗਰਾ ਨੇ ਪੰਜਾਬੀ ਮਾਂ ਬੋਲੀ ਵਿਚ ਘਸੋੜੇ ਜਾ ਰਹੇ ਹਿੰਦੀ ਭਾਸ਼ਾ ਦੇ ਸ਼ਬਦਾਂ 'ਤੇ ਚਿੰਤਾ ਜ਼ਾਹਰ ਕੀਤੀ। ਸੰਸਥਾ ਦੇ ਸੈਕਟਰੀ ਹੈਰੀ ਮਾਨ ਨੇ ਪੰਜਾਬੀ ਮਾਂ ਬੋਲੀ ਵਿਚ ਆ ਰਹੇ ਨਿਘਾਰ ਅਤੇ ਇਸ ਪ੍ਰਸਾਰ ਸਬੰਧੀ ਲੇਖਾ ਜੋਖਾ ਕੀਤਾ। ਹੋਰ ਬੁਲਾਰਿਆਂ ਵਿਚ ਕੁੰਦਨ ਸਿੰਘ ਧਾਮੀ, ਸੁਰਿੰਦਰ ਮਡਾਲੀ, ਪਰਮਪਾਲ ਸਿੰਘ, ਗੁਰਬਿੰਦਰ ਸੰਘਾ ਆਦਿ ਨੇ ਵਿਚਾਰ ਰੱਖੇ।

ਕਵੀ ਦਰਬਾਰ ਦੀ ਸ਼ੁਰੂਆਤ ਸ਼ਾਇਰ ਰਣਜੀਤ ਗਿੱਲ (ਜੱਗਾ ਸਧਾਰ) ਨੇ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਸ਼ੇਅਰਾਂ ਨਾਲ ਕੀਤੀ। ਸ਼ਾਇਰ ਸੁੱਖੀ ਧਾਲੀਵਾਲ ਨੇ ਫਾਦਰ ਡੇਅ ਨੂੰ ਮੁੱਖ ਰੱਖ ਕੇ ਭਾਵਪੂਰਕ ਕਵਿਤਾ "ਬੁੱਢਾ ਹੋ ਗਿਆ ਬਾਪੂ" ਪੜ੍ਹੀ। ਸ਼ਾਇਰ ਦਲਜੀਤ ਰਿਆੜ ਨੇ "ਮਸ਼ਾਲਾਂ ਬਾਲ਼ ਕੇ ਰੱਖਿਓ" ਕਵਿਤਾ ਪੜ੍ਹ ਕੇ ਸਭਨਾਂ ਤੋਂ ਵਾਹ ਵਾਹ ਖੱਟੀ। ਸ਼ਾਇਰ ਪਿਸ਼ੌਰਾ ਸਿੰਘ ਢਿਲੋਂ ਨੇ ਪੰਜਾਬੀ ਮਾਂ ਨੂੰ ਸਮਰਪਿਤ ਗੀਤ ਨਾਲ ਹਾਜ਼ਰੀ ਲਵਾਈ।

ਉਪਰੰਤ ਗਾਇਕੀ ਦੇ ਦੌਰ ਵਿਚ ਗਾਇਕ ਪੱਪੀ ਭਦੌੜ, ਕਮਲਜੀਤ ਬੈਨੀਪਾਲ, ਅਤੇ ਗੁਰਦੀਪ ਕੁੱਸਾ ਨੇ ਆਪਣੇ ਗੀਤਾਂ ਨਾਲ ਐਸਾ ਸਮਾਂ ਬੰਨ੍ਹਿਆ ਕਿ ਹਰ ਕੋਈ ਅਸ਼ ਅਸ਼ ਕਰ ਉੱਠਿਆ। ਇਸ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਦਾ ਸਿਹਰਾ ਸੰਸਥਾ ਦੇ ਅਣਥੱਕ ਮੈਂਬਰਾਂ ਸਾਧੂ ਸਿੰਘ ਸੰਘਾ, ਮਨਜੀਤ ਕੁਲਾਰ, ਨਿਰਮਲ ਸਿੰਘ ਧਨੌਲਾ, ਰਾਜ ਵੈਰੋਕੇ, ਸਤਵੰਤ ਸਿੰਘ ਵਿਰਕ, ਹੈਰੀ ਮਾਨ, ਸੰਤੋਖ ਸਿੰਘ ਢਿੱਲੋਂ ਅਤੇ ਰਣਜੀਤ ਗਿੱਲ, ਸੁਲੱਖਣ ਗਿੱਲ, ਬਿੱਲੂ ਢੀਂਡਸਾ ਨੂੰ ਜਾਂਦਾ ਹੈ। ਇਸ ਮੌਕੇ ਉੱਘੇ ਕਿਰਸਾਨ ਸੌਗੀ ਕਿੰਗ ਚਰਨਜੀਤ ਸਿੰਘ ਬਾਠ, ਟਰਾਂਸਪੋਰਟਰ ਜਸਪਾਲ ਸਿੰਘ ਬਿਲਾਸਪੁਰ, ਕੋਸਟ ਟੂ ਕੋਸਟ ਵਾਲ਼ੇ ਹੈਰੀ, ਐਥਲੀਟ ਗੁਰਬਖਸ਼ ਸਿੰਘ ਸਿੱਧੂ, ਸੁਰਜੀਤ ਜੰਡੂ ਆਦਿ ਤੋਂ ਇਲਾਵਾ ਖਾਲਤਾ ਪਾਰਕ ਵਾਲੇ ਬਾਬੇ, ਜੀ ਐਚ ਜੀ ਦੇ ਮੈਂਬਰ ਅਤੇ ਇੰਡੋ ਅਮੈਰੀਕਨ ਹੈਰੀਟੇਜ ਦੇ ਸਮੂਹ ਸੱਜਣ ਮੌਜੂਦ ਰਹੇ। ਅਖੀਰ ਅਲੀ ਦੇ ਚਾਹ ਪਕੌੜਿਆਂ ਦੇ ਲੰਗਰ ਨਾਲ ਅਮਿੱਟ ਪੈੜਾਂ ਛੱਡਦਾ ਇਹ ਪ੍ਰੋਗਰਾਮ ਯਾਦਗਾਰੀ ਹੋ ਨਿੱਬੜਿਆ।



## ਹਰਭਜਨ ਸਿੰਘ ਰੰਧਾਵਾ ਨੇ ਚਮਕਾਇਆ ਪੰਜਾਬੀਆਂ ਦਾ ਨਾਮ

ਫਰਿਜ਼ਨੋ: ਫਰਿਜ਼ਨੋ ਦੇ ਵੁੱਡਵਰਡ ਪਾਰਕ ਵਿਚ ਲੰਘੇ ਐਤਵਾਰ ਪਿਤਾ ਦਿਵਸ ਨੂੰ ਮੁੱਖ ਰੱਖ ਕੇ 10ਕੇ ਰਨ ਕੈਲੀਫੋਰਨੀਆ ਕਲਾਸਿਕ ਈਵੈਂਟ ਵੱਲੋਂ ਕਰਵਾਈ ਗਈ। ਇਸ ਦੌੜ ਵਿਚ 100 ਤੋਂ ਵੱਧ ਲੋਕਾਂ ਨੇ ਭਾਗ ਲਿਆ। 10 ਕਿਲੋਮੀਟਰ ਲੰਮੀ ਦੌੜ ਵਿਚ 60 ਤੋਂ 69 ਸਾਲ ਵਰਗ ਵਿਚ ਫਰਿਜ਼ਨੋ ਨਿਵਾਸੀ ਸੰਨੀ ਸਿੰਘ ਰੰਧਾਵਾ ਦੇ ਪਿਤਾ ਹਰਭਜਨ ਸਿੰਘ ਰੰਧਾਵਾ (67) ਨੇ ਤੀਸਰਾ ਸਥਾਨ ਹਾਸਲ ਕਰ ਕੇ ਪੰਜਾਬੀ ਭਾਈਚਾਰੇ ਦਾ ਸਿਰ ਫ਼ਖ਼ਰ ਨਾਲ ਉੱਚਾ ਕਰ ਦਿੱਤਾ। ਉਹ ਪੰਜਾਬ ਤੋਂ ਅੰਮ੍ਰਿਤਸਰ ਸ਼ਹਿਰ ਦੀ ਰਣਜੀਤ ਐਵੇਨਿਊ ਕਲੋਨੀ, ਏ ਬਲਾਕ ਨਾਲ ਸਬੰਧ ਰੱਖਦੇ ਹਨ। ਉਨ੍ਹਾਂ 2019 ਅਤੇ 20 ਵਿਚ ਚੰਡੀਗੜ੍ਹ ਵਿਖੇ ਹੋਈ ਮੈਰਾਥਾਨ ਵਿਚ ਵੀ ਭਾਗ ਲਿਆ ਸੀ। ਉਨ੍ਹਾਂ ਮਰਚੈਂਟ ਨੇਵੀ ਵਿਚ ਵੀ ਬਤੌਰ ਇੰਜਨੀਅਰ ਸੇਵਾਵਾਂ ਨਿਭਾਈਆਂ। ਉਨ੍ਹਾਂ ਨੂੰ ਹਾਰਟ ਦੀ ਪ੍ਰਾਬਲਮ ਹੋਣ ਕਰਕੇ ਦੋ ਸਟੰਟ ਵੀ ਪੈ ਚੁੱਕੇ ਹਨ ਪਰ ਉਨ੍ਹਾਂ ਦਿਲ ਦੀ ਬਿਮਾਰੀ ਨੂੰ ਆਪਣੇ ਰਾਹ ਦਾ ਰੋੜਾ ਨਹੀਂ ਬਣਨ ਦਿੱਤਾ ਸਗੋਂ ਹਰ ਰੋਜ਼ ਸਵੇਰੇ ਚਾਰ ਵਜੇ ਉੱਠ ਕੇ ਕਸਰਤ ਕਰਦੇ ਹਨ ਤੇ ਆਪਣੇ ਆਪ ਨੂੰ ਫਿੱਟ ਰੱਖਿਆ ਹੋਇਆ ਹੈ। ਫਰਿਜ਼ਨੋ ਦਾ ਪੰਜਾਬੀ ਭਾਈਚਾਰਾ ਹਰਭਜਨ ਸਿੰਘ ਰੰਧਾਵਾ ਦੀ ਜਿੱਤ 'ਤੇ ਮਾਣ ਮਹਿਸੂਸ ਕਰ ਰਿਹਾ ਹੈ।




## ਪੰਜਾਬੀ ਪੁਲਿਸ ਅਫ਼ਸਰ ਦੀ ਹਾਦਸੇ ਦੌਰਾਨ ਮੌਤ

**ਫਰਿਜ਼ਨੋ:** ਇੱਥੋਂ ਲਾਗਲੇ ਸ਼ਹਿਰ ਸੈਂਗਰ ਦੇ ਪੁਲਿਸ ਵਿਭਾਗ ਦਾ ਅਫ਼ਸਰ ਮਨਵੀਰ ਧਨੋਆ ਲੰਘੇ ਹਫ਼ਤੇ ਸਿੰਗਲ ਕਾਰ ਕਰੈਸ਼ ਵਿਚ ਜ਼ਿੰਦਗੀ ਤੋਂ ਹੱਥ ਧੋ ਬੈਠਾ। ਕੈਲੀਫੋਰਨੀਆ ਹਾਈਵੇਅ ਪੈਟਰੋਲ ਦਾ ਕਹਿਣਾ ਹੈ ਕਿ ਹਾਦਸਾ ਸਵੇਰੇ 5:30 ਵਜੇ ਸਕਾਈ ਹਾਰਬਰ ਰੋਡ ਨੇੜੇ ਮਿਲਰਟਨ ਰੋਡ 'ਤੇ ਵਾਪਰਿਆ। ਅਧਿਕਾਰੀਆਂ ਅਨੁਸਾਰ ਧਨੋਆ ਮਿਲਰਟਨ ਤੋਂ ਪੂਰਬ ਵੱਲ ਜਾ ਰਿਹਾ ਸੀ ਜਦੋਂ ਉਸਦੀ ਕਾਰ ਰੋਡਵੇਅ ਤੋਂ ਹੇਠਾਂ ਜਾ ਡਿੱਗੀ ਅਤੇ ਕਾਰ ਪਲਟੀਆਂ ਖਾ ਗਈ, ਅਤੇ ਉਹ ਕਾਰ ਵਿੱਚੋਂ ਬਾਹਰ ਜਾ ਡਿੱਗਿਆ ਅਤੇ ਮੌਕੇ 'ਤੇ ਹੀ ਉਸ ਦੀ ਮੌਤ ਹੋ ਗਈ।



ਸੈਂਗਰ ਪੁਲਿਸ ਡਿਪਾਰਟਮੈਂਟ ਨੇ ਕਿਹਾ ਕਿ ਉਨ੍ਹਾਂ ਨੇ ਇੱਕ ਬਹੁਤ ਬਹਾਦਰ ਤੇ ਸਿਆਣਾ ਅਫਸਰ ਖੋਇਆ ਹੈ, ਅਤੇ ਅਫ਼ਸਰ ਦੀ ਮੌਤ ਦੇ ਸੋਗ ਵਜੋਂ ਸੈਂਗਰ ਸ਼ਹਿਰ ਦੀਆਂ ਸਰਕਾਰੀ ਬਿਲਡਿੰਗਾਂ ਦੇ ਝੰਡੇ ਉਸਦੇ ਫਿਊਨਰਲ ਤੱਕ ਅੱਧੇ ਝੁਕੇ ਰਹਿਣਗੇ। ਮਨਵੀਰ ਧਨੋਆ ਨੇ ਸੈਂਗਰ ਪੁਲਿਸ ਡਿਪਾਰਟਮੈਂਟ ਮਾਰਚ 2023 ਵਿਚ ਜੁਆਇਨ ਕੀਤਾ ਸੀ। ਪੁਲਿਸ ਹਾਦਸੇ ਦੇ ਕਾਰਨਾਂ ਦੀ ਬਰੀਕੀ ਨਾਲ ਤਫਤੀਸ਼ ਕਰ ਰਹੀ ਹੈ। ਮਨਵੀਰ ਦੇ ਤੁਰ ਜਾਣ ਨਾਲ ਪੰਜਾਬੀ ਭਾਈਚਾਰਾ ਗਹਿਰੇ ਸੋਗ ਵਿਚ ਹੈ।

## ਕੈਲੀਫੋਰਨੀਆ 'ਚ ਟਰੱਕ ਡਰਾਈਵਰ ਦੀ ਗੋਲੀਆਂ ਮਾਰ ਕੇ ਹੱਤਿਆ

**ਲੇਥਰੋਪ:** ਲੰਘੇ ਵੀਰਵਾਰ ਕੈਲੀਫੋਰਨੀਆ ਦੇ ਸ਼ਹਿਰ ਲੇਥਰੋਪ ਵਿਖੇ ਦਿਨ ਦਿਹਾੜੇ ਫਰੀਵੇਅ 5 'ਤੇ ਐਮਾਜ਼ੋਨ ਕੰਪਨੀ ਦੇ ਟਰੱਕ ਡਰਾਈਵਰ ਨੂੰ ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ। ਮ੍ਰਿਤਕ ਦੀ ਪਹਿਚਾਣ ਇਲਖੋਮ ਸ਼ੋਡੀਏਵ (37) ਵਜੋਂ ਹੋਈ ਹੈ, ਜੋ ਉੱਤਰੀ ਕੈਰੋਲੀਨਾ ਦਾ ਵਸਨੀਕ ਸੀ।

ਜਾਣਕਾਰੀ ਮੁਤਾਬਕ ਵੀਰਵਾਰ ਦੁਪਹਿਰ ਤਕਰੀਬਨ 12.48 ਵਜੇ ਇਲਖੋਮ ਸ਼ੋਡੀਏਵ ਆਪਣੇ ਟਰੱਕ ਵਿਚ ਫ੍ਰੀਵੇਅ 5 'ਤੇ ਨੌਰਥ ਬੌਡ ਜਾ ਰਿਹਾ ਸੀ, ਜਦੋਂ ਹਾਈਵੇਅ 120 ਲਾਗੇ ਉਸਦੇ ਟਰੱਕ 'ਤੇ ਅਣਪਛਾਤੇ ਹਮਲਾਵਰਾਂ ਨੇ ਗੋਲੀਆਂ ਦਾਗ ਦਿੱਤੀਆਂ। ਗੋਲੀਆਂ ਲੱਗਣ ਕਾਰਨ ਟਰੱਕ ਲੂਇਸ ਐਵੇਨਿਊ ਲਾਗੇ ਫਰੀਵੇਅ ਤੋਂ ਹੇਠਾਂ ਉੱਤਰ ਕੇ ਦੋ ਖੜ੍ਹੀਆਂ ਕਾਰਾਂ ਨਾਲ ਟਕਰਾ ਕੇ ਬਿਲਡਿੰਗ ਨਾਲ ਵੱਜ ਕੇ ਰੁਕਿਆ। ਡਰਾਈਵਰ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸਦੀ ਮੌਤ ਹੋ ਗਈ। ਹਾਈਵੇਅ ਪੈਟਰੋਲ ਹਮਲਾਵਰਾਂ ਦੀ ਭਾਲ ਕਰ ਰਿਹਾ ਹੈ, ਅਤੇ ਲੋਕਾਂ ਤੋਂ ਮੱਦਦ ਮੰਗ ਰਹੇ ਹਨ ਤਾਂ ਕਿ ਦੋਸ਼ਿਆ ਦੀ ਸ਼ਨਾਖ਼ਤ ਹੋ ਸਕੇ। ਐਮਾਜ਼ੋਨ ਦੇ ਬੁਲਾਰੇ ਨੇ ਆਪਣੇ ਡਰਾਈਵਰ ਦੀ ਮੌਤ 'ਤੇ ਦੁੱਖ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਇਸ ਦੁੱਖ ਦੀ ਘੜੀ ਵਿਚ ਉਹ ਪੀੜਤ ਪਰਿਵਾਰ ਦੇ ਨਾਲ ਹਨ।

ਤੁਹਾਡੀ ਸੇਵਾ ਵਿਚ ਹਰ ਸਮੇਂ ਹਾਜ਼ਰ !

CALIFORNIA
IMMIGRATION SERVICES INC.
Registered & Bonded

* FAMILY IMMIGRATION * ਫੈਮਿਲੀ ਇੰਮੀਗਰੇਸ਼ਨ
* GREEN CARD PETITION * ਗਰੀਨ ਕਾਰਡ ਪਟੀਸ਼ਨ
* CITIZENSHIP * ਸਿਟੀਜ਼ਨਸ਼ਿਪ
* BUSINESS/VISITOR VISA * ਬਿਜ਼ਨਸ ਵੀਜ਼ਾ/ ਵਿਜ਼ਿਟਰ ਵੀਜ਼ਾ
* RELIGIOUS VISA * ਰਿਲੀਜੀਅਸ ਵੀਜ਼ਾ
* VARIOUS IMMIGRATION SERVICES * ਕਈ ਹੋਰ ਇੰਮੀਗਰੇਸ਼ਨ ਸੇਵਾਵਾਂ



ROSY (Kanwal) KAUR
Immigration Consultant
408-422-8585
510-573-3666

Address:
Fremont Office:
4127 Bay Street, Unit 5, Fremont CA, 94538
Tracy Office:
1660 W Linne Rd. Unit J24, Tracy CA, 95377

Website: www.caials.com e-mail: rosy@caials.com

ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ।

# ਸਾਂਝਾ ਰੱਨ-ਕਮ-ਵਾੱਕ ਈਵੈਂਟ 'ਇੰਸਪੀਰੇਸ਼ਨਲ ਸਟੈੱਪਸ-2023 16 ਜੁਲਾਈ ਨੂੰ

ਬਰੈਂਪਟਨ: ਲੋਕਾਂ ਵਿਚ ਸਿਹਤ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਬਰੈਂਪਟਨ ਵਿਚ ਪਿਛਲੇ ਲੰਮੇ ਸਮੇਂ ਤੋਂ ਵਿਚਰ ਰਹੀਆਂ ਪ੍ਰਮੁੱਖ ਸੰਸਥਾਵਾਂ 'ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ', 'ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ', 'ਐੱਨਲਾਈਟ ਕਿੱਡਜ਼ ਫ਼ਾਰ ਐਜੂਕੇਸ਼ਨ', 'ਤਰਕਸ਼ੀਲ ਸੋਸਾਇਟੀ ਆਫ਼ ਕੈਨੇਡਾ', 'ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਆਫ਼ ਬਰੈਂਪਰਨ', 'ਖਾਲਸਾ ਏਡ, 'ਡਰੱਗ ਅਵੇਅਰਨੈੱਸ ਸੋਸਾਇਟੀ', 'ਪਿੰਗਲਵਾੜਾ ਸੋਸਾਇਟੀ' ਅਤੇ 'ਸਹਾਇਤਾ ਫਾਊਂਡੇਸ਼ਨ' ਵੱਲੋਂ ਮਿਲ ਕੇ ਸਾਂਝਾ 'ਰੱਨ-ਕਮ-ਵਾਕ' ਈਵੈਂਟ 'ਇੰਸਪੀਰੇਸ਼ਨਲ ਸਟੈੱਪਸ-2023 ਕਰਵਾਇਆ ਜਾ ਰਿਹਾ ਹੈ।

ਇਹ ਈਵੈਂਟ ਬਰੈਂਪਟਨ ਦੇ ਚਿੰਗੂਆਕੂਜ਼ੀ ਪਾਰਕ ਦੇ ਟੈਰੀਫ਼ਾਕਸ ਟਰੈਕ ਐਂਡ ਫ਼ੀਲਡ ਵਿਚ 16 ਜੁਲਾਈ ਨੂੰ ਸਵੇਰੇ 8.30 ਵਜੇ ਆਰੰਭ ਹੋਵੇਗਾ, ਜਿਸ ਵਿਚ ਭਾਗ ਲੈਣ ਵਾਲਿਆਂ ਲਈ ਰਜਿਸਟ੍ਰੇਸ਼ਨ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀ ਹੈ। ਇਸ ਲਈ ਰਜਿਸਟ੍ਰੇਸ਼ਨ ਫ਼ੀਸ 18 ਸਾਲ ਜਾਂ ਇਸ ਤੋਂ ਵੱਡੇ ਬਾਲਗ਼ਾਂ ਲਈ 25 ਡਾਲਰ ਅਤੇ 10 ਤੋਂ 17 ਸਾਲ ਦੇ ਨੌਜੁਆਨਾਂ ਲਈ 10 ਡਾਲਰ ਹੈ। 10 ਸਾਲ ਤੋਂ ਛੋਟੇ ਬੱਚਿਆਂ ਲਈ ਇਹ ਰਜਿਸਟ੍ਰੇਸ਼ਨ ਫ਼ਰੀ ਹੈ। 19 ਜੂਨ ਤੱਕ 371 ਦੌੜਾਕ ਤੇ ਵਾਕਰ ਆਪਣੀ ਰਜਿਸਟ੍ਰੇਸ਼ਨ ਕਰਵਾ ਚੁੱਕੇ ਹਨ ਜਿਸ ਵਿਚ ਟੀਪੀਏਆਰ ਕਲੱਬ ਦੇ 116, ਐੱਨਲਾਈਟ ਕਿੱਡਜ਼ ਫ਼ਾਰ ਐਜੂਕੇਸ਼ਨ ਦੇ 79, ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਦੇ 73, ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਦੇ 32, ਤਰਕਸ਼ੀਲ ਸੋਸਾਇਟੀ ਦੇ 31, ਪਿੰਗਲਵਾੜਾ ਸੋਸਾਇਟੀ ਦੇ 20, ਖਾਲਸਾ ਏਡ ਦੇ 11, ਡਰੱਗ ਅਵੇਅਰਨੈੱਸ ਸੋਸਾਇਟੀ ਦੇ 8 ਅਤੇ ਸਹਾਇਤਾ ਫ਼ਾਊਂਡੇਸ਼ਨ ਦੇ ਇੱਕ ਮੈਂਬਰ ਸ਼ਾਮਲ ਹਨ। ਇਹ ਰਜਿਸਟ੍ਰੇਸ਼ਨ ਆਨ-ਲਾਈਨ ਅਤੇ ਨਿੱਜੀ ਤੌਰ 'ਤੇ ਦੋਵੇਂ ਤਰ੍ਹਾਂ ਹੋ ਰਹੀ ਹੈ। ਇਸ ਈਵੈਂਟ ਵਿਚ ਭਾਗ ਲੈਣ ਦੇ ਚਾਹਵਾਨ ਉਪਰੋਕਤ ਸੰਸਥਾਵਾਂ ਨਾਲ ਸੰਪਰਕ ਕਰ ਸਕਦੇ ਹਨ।

ਇਸ ਸਬੰਧੀ ਵਧੇਰੇ ਜਾਣਕਾਰੀ ਸੰਧੂਰਾ ਸਿੰਘ ਬਰਾੜ (416-275-9337), ਨਰਿੰਦਰ ਪਾਲ ਬੈਂਸ (647-893-3656), ਪਰਮਜੀਤ ਸਿੰਘ ਢਿੱਲੋਂ ( 416-500-1124) ਜਾਂ ਮਨਜੀਤ ਸਿੰਘ ਨੌਟਾ (416-301-1968) ਤੋਂ ਲਈ ਜਾ ਸਕਦੀ ਹੈ।

**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:**

**847-359-0746**

## ਟਰੱਕ ਸ਼ਾਪ ਲੀਜ਼ 'ਤੇ ਉਪਲੱਬਧ ਹੈ

ਹਾਈਵੇਅ 10 ਟੈਕਸਸ 'ਤੇ ਇਕੋ ਇਮਾਰਤ ਵਿਚ ਟਰੱਕ ਸ਼ਾਪ, ਦੋ ਪੰਪ, ਟਰੱਕ ਵਾਸ਼ ਅਤੇ ਰੈਸਟੋਰੈਂਟ ਲੀਜ਼ 'ਤੇ ਉਪਲੱਬਧ ਹਨ

ਚਾਹਵਾਨ ਸੰਪਰਕ ਕਰਨ: 469-353-9516

## Truck Shop For Lease

**Truck Shop Truck Wash Restaurant with 2 Pump huge building is available for lease on Highway 10 Texas**

**Contact: 469-353-9516**

## Machinist Wanted

## ਮਸ਼ੀਨਿਸਟ ਦੀ ਲੋੜ ਹੈ

**ਤਜਰਬੇਕਾਰ ਸੈਟਅਪ, ਪ੍ਰੋਗਰਾਮਰ ਅਤੇ ਓਪਰੇਟਰ ਦੀ ਲੋੜ ਹੈ**

Set Up, Programmer and Operators are all required with experience for

Lathe Machine & Milling Machine

**Apply as Walk In, Email or Telephone (510) 585-5848**

Systomatic Inc.
33372 Dowe Ave,
Union City CA
info@systomaticinc.com

# Matrimonials

## ਲੜਕੀ ਦੀ ਲੋੜ ਹੈ

Sikh Ahluwalia family Looking for Gursikh girl with educated background for their 36, 5' 8" son.Qualification BTech IT and PG in software development.Working as IT professional in New York based company. He is turbaned Gursikh boy having faith in Guru Granth Sahib ji. Current location- Hartford CT. Please contact us at whatsapp 91-8860131363. US number: 315 849 6562. Emailbid - richiewalia@gmail.com

25-28

---

Wanted suitable girl for Gursikh, turbuned Arora, divorced boy, 36 yrs., 5'9', MTech engineering. Owns commercial, residential property in India. Settled in US. Caste no bar. Please Email: utakecare2@yahoo.com or call 1-618-402-4269

20-23

Looking for a suitable match for my Kamboj,Sikh brother height 5'8, 1995 born and raised in USA. Our parents hometown is from Amritsar. My brother has completed studies in criminal justice/business Management. Currently has well established business in Pennsylvania. We are a modern/traditional family looking for someone who will be a great fit for my brother preferably looking in USA only. Please call or whatsapp 347-920-9033.

20-23

---

Verma family looking for a suitable match for their son. Age 31, Ht 5'10", USA citizen, divorsed (No Kid), well settled. Caste no bar. Please send biodata/pictures. Whatsapp: (224) 595-9926 inderjeetverma08@gmail.com

## ਲੜਕੇ ਦੀ ਲੋੜ ਹੈ

Jatt Sikh family seeks suitable match for their daughter, raised in the USA, 27 years, 5'10", who has her JD and is currently working in the New York area as a lawyer. Seeking well-educated, well-settled family from the USA with professional qualifications (lawyer, doctor, or master's degree from well-ranked schools). Preferred Malwa area and vegetarian. Please send biodata / recent pictures. Serious inquiries only. Email: Singhnyc7@gmail.com

25-28

---

Sikh Family is looking for USA Citizen match for their daughter 1988 born, 5'9", divorcee and has one child living with. Family belongs to Punjab Ludhiana. She has completed her nursing associate in India, currently not working as she is preparing for RN/IELTS. Please contact us at 262-960-7366.

21-24

---

Ramgarhia,Dhiman Sikh Family looking for a suitable match for their August 10,1990 born, 5'2" daughter , working as a nurse assistant in USA in Michigan. Ghotar- Munday, Virdi. Please contact us at :- 7343532316 or binnumunday@gmail.com

---

Jatt Sikh family seeks suitable match for their daughter who has her MD and is currently working in the Bay Area (California) as a doctor. 37 yrs old (never married). 5'-5" tall. The boy should be settled in the Bay Area (California) with a university degree and professionally employed. Please contact 408-763-3949

20-23



## UMA TRAVELS

**2535 West Devon Ave., Chicago, IL 60659**

**For Delhi-Bombay Ahmedabad, Hydrabad-Madra Call For Special Sale Fares**

**Call: 773-338-5603**

# ਮੂਸੇਵਾਲਾ ਕੇਸ: ਮੁਲਜ਼ਮਾਂ ਨੂੰ ਅਦਾਲਤ 'ਚ 28 ਜੂਨ ਨੂੰ ਪੇਸ਼ ਕਰਨ ਦੇ ਹੁਕਮ

**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਕਤਲ ਕੇਸ ਵਿਚ ਕਿਸੇ ਵੀ ਮੁਲਜ਼ਮ ਨੂੰ ਅਦਾਲਤ ਵਿਚ ਪੇਸ਼ ਨਾ ਕੀਤੇ ਜਾਣ ਤੋਂ ਬਾਅਦ ਮਾਨਸਾ ਦੇ ਚੀਫ ਜੁਡੀਸ਼ੀਅਲ ਮੈਜਿਸਟਰੇਟ (ਸੀ.ਜੇ.ਐਮ.) ਨੇ ਜੇਲ੍ਹ ਪ੍ਰਸ਼ਾਸਨ ਨੂੰ 28 ਜੂਨ ਨੂੰ ਸਾਰੇ ਮੁਲਜ਼ਮਾਂ ਨੂੰ ਨਿੱਜੀ ਤੌਰ 'ਤੇ ਜਾਂ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਹਨ। ਮੂਸੇਵਾਲਾ ਦੀ ਪਿਛਲੇ ਸਾਲ 29 ਮਈ ਨੂੰ ਮਾਨਸਾ ਨੇੜਲੇ ਪਿੰਡ ਜਵਾਹਰਕੇ ਵਿਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਮਾਨਸਾ ਦੀ ਸੀ.ਜੇ.ਐਮ. ਸੁਰਭੀ ਪਰਾਸ਼ਰ ਨੇ ਹੁਕਮ ਜਾਰੀ ਕਰਦਿਆਂ ਕਿਹਾ ਕਿ ਮੌਜੂਦਾ ਕੇਸ ਵਿਚ ਹਿਰਾਸਤ ਵਿਚ ਲਏ ਸਾਰੇ ਮੁਲਜ਼ਮਾਂ ਨੂੰ ਜੇਲ੍ਹ ਪ੍ਰਸ਼ਾਸਨ ਵੱਲੋਂ ਪੇਸ਼ ਨਹੀਂ ਕੀਤਾ ਗਿਆ ਹੈ। ਇਨ੍ਹਾਂ ਮੁਲਜ਼ਮਾਂ ਦੇ ਵਾਰੰਟ 28 ਜੂਨ ਲਈ ਦੁਬਾਰਾ ਜਾਰੀ ਕੀਤੇ ਜਾਣ ਅਤੇ ਜੇਲ੍ਹਾਂ ਦੇ ਸੁਪਰਡੈਂਟਾਂ ਨੂੰ ਇਨ੍ਹਾਂ ਮੁਲਜ਼ਮਾਂ ਨੂੰ ਸਰੀਰਕ ਜਾਂ ਵਰਚੁਅਲ ਮੋਡ ਰਾਹੀਂ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਜਾਣ। ਇਸ ਮਾਮਲੇ ਦੀ ਸੁਣਵਾਈ ਦੌਰਾਨ ਕਿਸੇ ਵੀ ਮੁਲਜ਼ਮ ਨੂੰ ਅਦਾਲਤ



'ਚ ਪੇਸ਼ ਨਾ ਕੀਤੇ ਜਾਣ 'ਤੇ ਅਦਾਲਤ ਨੇ ਜੇਲ੍ਹ ਅਧਿਕਾਰੀਆਂ ਨੂੰ ਅਗਲੀ ਸੁਣਵਾਈ 'ਤੇ ਪੇਸ਼ ਕਰਨ ਲਈ ਸਖ਼ਤੀ ਨਾਲ ਕਿਹਾ ਹੈ।

ਇਸ ਕਤਲ ਕੇਸ ਵਿਚ ਬਣੀ ਸਿਟ ਨੇ ਗੈਂਗਸਟਰਾਂ ਲਾਰੈਂਸ ਬਿਸ਼ਨੋਈ, ਗੋਲਡੀ ਬਰਾੜ ਅਤੇ ਜੱਗੂ ਭਗਵਾਨਪੁਰੀਆ ਸਣੇ 31 ਮੁਲਜ਼ਮਾਂ ਵਿਰੁੱਧ ਦੋ ਚਾਰਜਸ਼ੀਟਾਂ ਦਾਇਰ ਕੀਤੀਆਂ ਹਨ, ਜਿਸ ਵਿਚ ਦਾਅਵਾ ਕੀਤਾ ਗਿਆ ਹੈ ਕਿ ਇਹ ਕਤਲ ਬਿਸ਼ਨੋਈ ਅਤੇ ਬੰਬੀਹਾ ਗੈਂਗ ਦਰਮਿਆਨ ਬਦਲੇ ਦੀ ਹੱਤਿਆ ਦੀ ਲੜੀ ਦਾ ਹਿੱਸਾ ਸੀ।

ਪੁਲਿਸ ਨੇ ਕੁੱਲ 31 ਮੁਲਜ਼ਮਾਂ ਵਿਚੋਂ 25 ਨੂੰ ਗ੍ਰਿਫ਼ਤਾਰ ਕਰ ਲਿਆ ਹੈ ਪਰ ਇਨ੍ਹਾਂ ਵਿਚੋਂ ਦੋ ਮਨਦੀਪ ਸਿੰਘ ਅਤੇ ਮਨਮੋਹਨ ਸਿੰਘ ਜ਼ਿਲ੍ਹਾ ਤਰਨ ਤਾਰਨ ਦੀ ਗੋਇੰਦਵਾਲ ਜੇਲ੍ਹ ਵਿਚ ਝੜਪ ਦੌਰਾਨ ਮਾਰੇ ਗਏ ਹਨ। ਇਸ ਤੋਂ ਇਲਾਵਾ ਗੋਲਡੀ ਬਰਾੜ, ਲਿਪਿਨ ਨਹਿਰਾ, ਅਨਮੋਲ ਬਿਸ਼ਨੋਈ, ਲਾਰੈਂਸ ਬਿਸ਼ਨੋਈ ਦਾ ਭਰਾ ਅਤੇ ਉਸ ਦਾ ਭਤੀਜਾ ਸਚਿਨ ਬਿਸ਼ਨੋਈ ਥਾਪਨ ਵਿਦੇਸ਼ ਬੈਠੇ ਹਨ।

## ਮੁਲਜ਼ਮਾਂ ਨੂੰ ਇਕੋ ਸਮੇਂ ਪੇਸ਼ ਕਰਨਾ ਵੱਡੀ ਚੁਣੌਤੀ

**ਚੰਡੀਗੜ੍ਹ:** ਪੰਜਾਬ ਪੁਲਿਸ ਵੱਲੋਂ ਮੂਸੇਵਾਲਾ ਕਤਲ ਕਾਂਡ ਵਿਚ ਚਾਰਜਸ਼ੀਟ ਦਾਇਰ ਕੀਤੇ 9 ਮਹੀਨੇ ਤੋਂ ਵੱਧ ਦਾ ਸਮਾਂ ਬੀਤ ਚੁੱਕਾ ਹੈ, ਪਰ ਅਦਾਲਤ ਨੇ ਅਜੇ ਤੱਕ ਮੁਲਜ਼ਮਾਂ ਖ਼ਿਲਾਫ਼ ਦੋਸ਼ ਤੈਅ ਨਹੀਂ ਕੀਤੇ ਹਨ, ਕਿਉਂਕਿ ਇਨ੍ਹਾਂ ਸਾਰਿਆਂ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਇਕੋ ਸਮੇਂ ਪੇਸ਼ ਕਰਨਾ ਅਧਿਕਾਰੀਆਂ ਲਈ ਇਕ ਚੁਣੌਤੀ ਹੈ। ਹੁਣ ਤੱਕ ਇਕ ਹੀ ਦਿਨ ਛੇ ਤੋਂ ਵੱਧ ਮੁਲਜ਼ਮਾਂ ਨੂੰ ਅਦਾਲਤ ਵਿਚ ਪੇਸ਼ ਨਹੀਂ ਕੀਤਾ ਗਿਆ ਅਤੇ ਇੱਥੋਂ ਤੱਕ ਕਿ ਪਿਛਲੀਆਂ ਚਾਰ ਸੁਣਵਾਈਆਂ ਵਿਚੋਂ ਤਿੰਨ ਵਾਰ ਕੋਈ ਵੀ ਮੁਲਜ਼ਮ ਅਦਾਲਤ ਵਿੱਚ ਹਾਜ਼ਰ ਨਾ ਹੋਇਆ। ਮੁੱਖ ਮੁਲਜ਼ਮਾਂ ਵਿਚੋਂ ਇਕ ਲਾਰੈਂਸ ਬਿਸ਼ਨੋਈ ਨੂੰ 27 ਸੁਣਵਾਈਆਂ ਵਿਚ ਸਿਰਫ਼ ਇਕ ਵਾਰ ਵੀਡੀਓ ਕਾਨਫਰੰਸਿੰਗ ਰਾਹੀਂ ਅਦਾਲਤ ਵਿਚ ਪੇਸ਼ ਕੀਤਾ ਗਿਆ ਹੈ।

# ਭਰਤਇੰਦਰ ਚਾਹਲ ਆਖਰਕਾਰ ਵਿਜੀਲੈਂਸ ਸਾਹਮਣੇ ਪੇਸ਼ ਹੋਏ

**ਦੇਵੀਗੜ੍ਹ:** ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਮੀਡੀਆ ਸਲਾਹਕਾਰ ਰਹੇ ਭਰਤਇੰਦਰ ਸਿੰਘ ਚਾਹਲ ਆਖਰ ਪਟਿਆਲਾ ਵਿਚ ਵਿਜੀਲੈਂਸ ਕੋਲ ਪੇਸ਼ ਹੋਏ। ਉਹ ਵਿਜੀਲੈਂਸ ਦਫਤਰ ਸਵੇਰੇ ਗਿਆਰਾਂ ਵਜੇ ਪੁੱਜੇ ਤੇ ਦੇਰ ਸ਼ਾਮ ਤੱਕ ਪੁੱਛ-ਪੜਤਾਲ ਜਾਰੀ ਸੀ। ਆਮਦਨ ਤੋਂ ਵੱਧ ਜਾਇਦਾਦ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਚਾਹਲ ਦੀ ਅਗਾਊਂ ਜ਼ਮਾਨਤ ਅਰਜ਼ੀ ਰੱਦ ਹੋ ਚੁੱਕੀ ਹੈ ਤੇ ਇਸ ਸਬੰਧੀ ਕਾਰਵਾਈ ਵਿਜੀਲੈਂਸ ਦੀ ਜਾਂਚ ਪੜਤਾਲ ਮੁਕੰਮਲ ਹੋਣ 'ਤੇ ਹੀ ਹੋਵੇਗੀ।

ਭਰਤਇੰਦਰ ਸਿੰਘ ਚਾਹਲ ਜਦੋਂ ਵਿਜੀਲੈਂਸ ਦੀ ਲੰਬੀ ਪੁੱਛ-ਪੜਤਾਲ ਤੋਂ ਬਾਹਰ ਆਏ ਤਾਂ ਉਨ੍ਹਾਂ ਨੇ ਮੀਡੀਆ ਦੇ ਕਿਸੇ ਵੀ ਸਵਾਲ ਦਾ ਜਵਾਬ ਦੇਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਦੇ ਵਕੀਲ ਅਵਨੀਤ ਸਿੰਘ ਨੇ ਕਿਹਾ ਕਿ ਵਿਜੀਲੈਂਸ ਅਧਿਕਾਰੀਆਂ ਨੇ ਜੋ ਸਵਾਲ ਪੁੱਛੇ ਉਨ੍ਹਾਂ ਦੇ ਤਸੱਲੀਬਖ਼ਸ਼ ਜਵਾਬ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਅੱਗੇ ਵੀ ਵਿਜੀਲੈਂਸ ਨੂੰ ਪੂਰਾ ਸਹਿਯੋਗ ਕੀਤਾ ਜਾਵੇਗਾ। ਵਕੀਲ ਨੇ ਕਿਹਾ ਕਿ ਭਰਤਇੰਦਰ ਨੂੰ




30 ਜੂਨ ਨੂੰ ਮੁੜ ਸੱਦਿਆ ਗਿਆ ਹੈ। ਵਿਜੀਲੈਂਸ ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਅੱਜ ਜੋ ਵਿਜੀਲੈਂਸ ਨੇ ਸਵਾਲ ਕੀਤੇ ਉਨ੍ਹਾਂ ਦੇ ਕੇਂਦਰ ਬਿੰਦੂ ਪਟਿਆਲਾ, ਸਰਹਿੰਦ ਤੇ ਪੰਚਕੂਲਾ ਵਿਚ ਭਰਤਇੰਦਰ ਸਿੰਘ ਚਾਹਲ ਵੱਲੋਂ ਖਰੀਦੀਆਂ ਜਾਇਦਾਦਾਂ 'ਤੇ ਆਧਾਰਤ ਸੀ। ਜ਼ਿਕਰਯੋਗ ਹੈ ਕਿ ਵਿਜੀਲੈਂਸ ਦੀ ਤਕਨੀਕੀ ਟੀਮ ਨੇ ਚਾਹਲ ਦੀ ਗੈਰਮੌਜੂਦਗੀ ਵਿਚ ਹੀ ਤੇ ਐਸ.ਪੀ. ਸਤਪਾਲ ਸ਼ਰਮਾ ਦੀ ਅਗਵਾਈ ਹੇਠ ਇੱਥੇ ਜੇਲ੍ਹ ਰੋਡ ਸਥਿਤ ਉਨ੍ਹਾਂ ਦੇ ਬਹੁ-ਕਰੋੜੀ ਮਲਟੀਪਲੈਕਸ ਸ਼ਾਪਿੰਗ ਮਾਲ ਦੀ ਪੈਮਾਇਸ਼ ਕੀਤੀ ਸੀ। ਇਸੇ ਤਰ੍ਹਾਂ ਸਰਹਿੰਦ ਰੋਡ 'ਤੇ ਸਥਿਤ ਉਨ੍ਹਾਂ ਦੇ ਅਲਕਾਜ਼ਰ ਮੈਰਿਜ

# ਗੈਂਗਸਟਰ ਬਿਸ਼ਨੋਈ ਨੂੰ ਦਿੱਲੀ ਤੋਂ ਬਠਿੰਡਾ ਜੇਲ੍ਹ ਲਿਆਂਦਾ

**ਬਠਿੰਡਾ:** ਗੈਂਗਸਟਰ ਲਾਰੈਂਸ ਬਿਸ਼ਨੋਈ ਨੂੰ ਦਿੱਲੀ ਪੁਲਿਸ ਵੱਲੋਂ ਬਠਿੰਡਾ ਜੇਲ੍ਹ ਵਿਚ ਭੇਜਿਆ ਗਿਆ ਹੈ। ਪਤਾ ਲੱਗਾ ਹੈ ਕਿ ਭਾਰੀ ਸੁਰੱਖਿਆ ਹੇਠ ਇਕ ਬੱਸ ਰਾਹੀਂ ਲਾਰੈਂਸ ਨੂੰ ਇੱਥੇ ਕੇਂਦਰੀ ਜੇਲ੍ਹ ਬਠਿੰਡਾ ਲਿਆਂਦਾ ਗਿਆ। ਜੇਲ੍ਹ ਸੂਤਰਾਂ ਅਨੁਸਾਰ ਉਕਤ ਗੈਂਗਸਟਰ ਨੂੰ ਵੱਖਰੇ ਸੈੱਲ ਵਿਚ ਰੱਖਿਆ ਗਿਆ ਹੈ।

ਬਿਸ਼ਨੋਈ ਦੇ ਵਕੀਲ ਵੱਲੋਂ ਇਸ ਗੈਂਗਸਟਰ ਨੂੰ ਵਿਰੋਧੀ ਧਿਰਾਂ ਤੋਂ ਜਾਨ ਦਾ ਖ਼ਤਰਾ ਹੋਣ ਬਾਰੇ ਅਦਾਲਤ ਵਿਚ ਅਰਜ਼ੀ ਦਾਇਰ ਕੀਤੀ ਗਈ ਸੀ। ਗੌਰਤਲਬ ਹੈ ਕਿ ਲਾਰੈਂਸ ਬਿਸ਼ਨੋਈ ਨੂੰ ਦਿੱਲੀ ਪੁਲਿਸ ਬਠਿੰਡਾ ਤੋਂ ਬੀਤੀ 17 ਅਪਰੈਲ ਨੂੰ ਇਕ ਮਾਮਲੇ ਵਿਚ ਪ੍ਰੋਡਕਸ਼ਨ ਵਾਰੰਟ 'ਤੇ ਲੈ ਕੇ ਗਈ ਸੀ ਜਿਸ ਤੋਂ ਬਾਅਦ ਉਸ ਨੂੰ ਗੁਜਰਾਤ ਪੁਲਿਸ ਰਿਮਾਂਡ 'ਤੇ ਲੈ ਗਈ ਸੀ।

ਇਸ ਮਗਰੋਂ ਲਾਰੈਂਸ ਨੂੰ ਰਿਮਾਂਡ ਖ਼ਤਮ ਹੋਣ ਤੋਂ ਬਾਅਦ ਤਿਹਾੜ ਜੇਲ੍ਹ ਭੇਜਿਆ ਗਿਆ ਸੀ ਪਰ ਉਸ ਵੱਲੋਂ ਅਦਾਲਤ ਵਿਚ ਇਸ ਜੇਲ੍ਹ 'ਚ ਆਪਣੀ ਜਾਨ ਨੂੰ ਖ਼ਤਰਾ ਹੋਣ ਦਾ ਦਾਅਵਾ ਕਰਦਿਆਂ ਬਠਿੰਡਾ ਜੇਲ੍ਹ ਵਿਚ ਭੇਜਣ ਦੀ ਮੰਗ ਕੀਤੀ ਗਈ ਸੀ। ਦੱਸਣਾ ਬਣਦਾ ਹੈ ਕਿ ਪਿਛਲੇ



ਸਾਲ 29 ਮਈ ਨੂੰ ਸਿੱਧੂ ਮੂਸੇਵਾਲਾ ਦੀ ਹੱਤਿਆ ਤੋਂ ਬਾਅਦ ਲਾਰੈਂਸ ਦਾ ਨਾਮ ਸਾਹਮਣੇ ਆਇਆ ਸੀ। ਸਿੱਧੂ ਮੂਸੇਵਾਲਾ ਕਤਲ ਕਾਂਡ 'ਚ ਪੁੱਛਗਿਛ ਖ਼ਤਮ ਹੋਣ ਤੋਂ ਬਾਅਦ ਕਰੀਬ ਇਕ ਦਰਜਨ ਜ਼ਿਲ੍ਹਿਆਂ ਦੀ ਪੁਲਿਸ ਨੇ ਲਾਰੈਂਸ 'ਤੇ ਦਰਜ ਪੁਰਾਣੇ ਮਾਮਲਿਆਂ ਵਿਚ ਉਸ ਦਾ ਰਿਮਾਂਡ ਹਾਸਲ ਕੀਤਾ ਸੀ। ਇਹ ਵੀ ਦੱਸਣਾ ਬਣਦਾ ਹੈ ਕਿ ਲਾਰੈਂਸ ਵੱਲੋਂ ਬਠਿੰਡਾ ਜੇਲ੍ਹ ਵਿਚੋਂ ਇਕ ਚੈਨਲ ਨੂੰ ਦਿੱਤੀ ਇੰਟਰਵਿਊ ਕਾਰਨ ਵਿਵਾਦ ਖੜ੍ਹਾ ਹੋ ਗਿਆ ਸੀ। ਅਦਾਲਤ ਵੱਲੋਂ ਕਿਹਾ ਗਿਆ ਹੈ ਕਿ ਬਿਸ਼ਨੋਈ ਨੂੰ ਪੰਜਾਬ ਵਿਚ ਚਲਦੇ ਕੇਸਾਂ ਦੇ ਨਿਪਟਾਰੇ ਤੱਕ ਸੂਬੇ ਵਿਚ ਰੱਖਿਆ ਜਾਵੇਗਾ।

# ਇਕ ਸਾਲ 'ਚ ਸੂਬੇ ਦੇ 29,684 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ: ਭਗਵੰਤ ਮਾਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਚੰਡੀਗੜ੍ਹ ਦੇ ਸੈਕਟਰ-35 ਸਥਿਤ ਮਿਉਂਸਿਪਲ ਭਵਨ ਵਿਖੇ ਸਥਾਨਕ ਸਰਕਾਰਾਂ ਵਿਭਾਗ ਦੇ 401 ਕਲਰਕਾਂ ਅਤੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ 17 ਜੂਨੀਅਰ ਇੰਜੀਨੀਅਰਾਂ (ਜੇ.ਈ.) ਨੂੰ ਨਿਯੁਕਤੀ ਪੱਤਰ ਸੌਂਪੇ। ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਸੂਬਾ ਸਰਕਾਰ ਨੇ ਇਕ ਸਾਲ 'ਚ ਸੂਬੇ ਦੇ 29,684 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਤੇ ਅਜਿਹੀਆਂ ਹੋਰ ਬਹੁਤ ਸਾਰੀਆਂ ਨੌਕਰੀਆਂ ਲਈ ਭਰਤੀ ਪ੍ਰਕਿਰਿਆ ਚੱਲ ਰਹੀ ਹੈ।

ਸ੍ਰੀ ਮਾਨ ਨੇ ਕਿਹਾ ਕਿ ਪੁਰਾਣੀਆਂ ਸਰਕਾਰਾਂ



ਵੇਲੇ ਚਾਰ ਸਾਲਾਂ ਬਾਅਦ ਇਕ ਵਾਰ ਨੌਕਰੀ ਦਾ ਮੌਕਾ ਮਿਲਦਾ ਸੀ, ਉਹ ਵੀ ਕਿਸਮਤ ਵਾਲੇ ਨੂੰ ਹੀ ਮਿਲਦੀ ਸੀ। ਪਰ 'ਆਪ' ਸਰਕਾਰ ਵੱਲੋਂ ਰੋਜ਼ਾਨਾ ਵੱਖ-ਵੱਖ ਵਿਭਾਗਾਂ 'ਚ ਅਸਾਮੀਆਂ ਕੱਢੀ ਜਾ ਰਹੀਆਂ ਹਨ, ਜਿੱਥੇ ਮਿਹਨਤ ਕਰਨ ਵਾਲਿਆਂ ਨੂੰ ਲਾਜ਼ਮੀ ਤੌਰ 'ਤੇ ਨੌਕਰੀ ਮਿਲੇਗੀ। ਉਨ੍ਹਾਂ ਨੌਜਵਾਨਾਂ ਨੂੰ ਕਿਹਾ ਕਿ ਹੁਣ ਕਿਸਮਤ 'ਤੇ ਨਿਰਭਰ ਨਾ ਰਹਿੰਦੇ ਹੋਏ ਆਪਣੀ ਕਿਸਮਤ ਖ਼ੁਦ ਲਿਖਣ। ਸ੍ਰੀ ਮਾਨ ਨੇ ਪੁਰਾਣੇ ਆਗੂਆਂ 'ਤੇ ਵਿਅੰਗ ਕੱਸਦਿਆਂ ਕਿਹਾ ਕਿ ਇਹ ਆਗੂ ਆਪਣੇ ਕਾਰਜਕਾਲ ਦੌਰਾਨ ਕਦੇ ਵੀ ਆਪਣੇ ਆਲੀਸ਼ਾਨ ਮਹਿਲਾਂ ਤੋਂ ਬਾਹਰ ਨਹੀਂ ਆਏ ਪਰ ਹੁਣ ਉਹ ਅਮਨ ਖ਼ੁਸ਼ਹਾਲੀ ਤੇ ਤਰੱਕੀ ਦਾ ਨਵਾਂ ਦੌਰ ਸ਼ੁਰੂ ਕਰਨ ਲਈ ਪੰਜਾਬ ਦੇ ਹਰੇਕ ਕੋਨੇ-ਕੋਨੇ ਵਿੱਚ ਘੁੰਮ ਰਹੇ ਹਨ। ਮੁੱਖ ਮੰਤਰੀ ਨੇ

# ਡਾ. ਸੁਸ਼ੀਲ ਮਿੱਤਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਉਪ ਕੁਲਪਤੀ ਨਿਯੁਕਤ

**ਚੰਡੀਗੜ੍ਹ:** ਪੰਜਾਬ ਦੇ ਰਾਜਪਾਲ ਅਤੇ ਸੂਬੇ ਦੀਆਂ ਯੂਨੀਵਰਸਿਟੀਆਂ ਦੇ ਚਾਂਸਲਰ ਬਨਵਾਰੀ ਲਾਲ ਪੁਰੋਹਿਤ ਨੇ ਡਾ. ਸੁਸ਼ੀਲ ਮਿੱਤਲ ਨੂੰ ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ, ਜਲੰਧਰ ਦਾ ਵਾਈਸ ਚਾਂਸਲਰ ਨਿਯੁਕਤ ਕੀਤਾ ਹੈ। ਡਾ. ਸੁਸ਼ੀਲ ਮਿੱਤਲ ਨੂੰ ਅਹੁਦਾ ਸੰਭਾਲਣ ਦੀ ਮਿਤੀ ਤੋਂ ਤਿੰਨ ਸਾਲਾਂ ਦੀ ਮਿਆਦ ਲਈ ਨਿਯੁਕਤ ਕੀਤਾ ਗਿਆ ਹੈ। ਡਾ. ਮਿੱਤਲ ਨੇ 1986 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਕੈਮਿਸਟਰੀ ਵਿਚ ਡਾਕਟਰੇਟ ਕੀਤੀ।

ਉਹ ਇਕ ਚਾਰਟਰਡ ਕੈਮਿਸਟ (ਸੀਕੈਮ), ਰੌਇਲ ਸੁਸਾਇਟੀ ਆਫ ਕੈਮਿਸਟਰੀ (ਐਫ.ਆਰ.ਐਸ.ਸੀ.) ਲੰਡਨ (ਯੂ.ਕੇ) ਦੇ ਫੈਲੋ ਅਤੇ ਕਈ ਨਾਮਵਰ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਰਸਾਲਿਆਂ ਦੇ ਸਲਾਹਕਾਰ ਬੋਰਡ/ਸੰਪਾਦਕੀ ਬੋਰਡ ਦੇ ਮੈਂਬਰ ਵੀ ਹਨ।

ਮੌਜੂਦਾ ਸਮੇਂ ਉਹ ਐਸ.ਬੀ.ਐਸ. ਸਟੇਟ ਯੂਨੀਵਰਸਿਟੀ, ਗੁਰਦਾਸਪੁਰ (ਨਵੰਬਰ 2021 ਤੋਂ) ਦੇ ਵਾਈਸ-ਚਾਂਸਲਰ ਵਜੋਂ ਸੇਵਾ ਨਿਭਾ ਰਹੇ ਹਨ, ਜਦੋਂ ਕਿ ਇਸ ਤੋਂ ਪਹਿਲਾਂ, ਉਨ੍ਹਾਂ ਨੇ 1989 ਤੋਂ ਥਾਪਰ ਇੰਸਟੀਚਿਊਟ ਆਫ ਇੰਜੀਨੀਅਰ ਐਂਡ ਟੈਕਨਾਲੋਜੀ ਵਿਚ ਸੇਵਾਵਾਂ ਨਿਭਾਈਆਂ।

# ਮਨਰੇਗਾ ਸਕੀਮ ਨੂੰ ਹੋਰ ਅਸਰਦਾਰ ਢੰਗ ਨਾਲ ਲਾਗੂ ਕਰੇਗੀ ਪੰਜਾਬ ਸਰਕਾਰ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪੇਂਡੂ ਖੇਤਰਾਂ ਵਿਚ ਵਿਕਾਸ ਨੂੰ ਹੁਲਾਰਾ ਦੇਣ ਅਤੇ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਨ ਲਈ ਮਹਾਤਮਾ ਗਾਂਧੀ ਕੌਮੀ ਪੇਂਡੂ ਰੁਜ਼ਗਾਰ ਗਾਰੰਟੀ ਐਕਟ (ਮਨਰੇਗਾ) ਸਕੀਮ ਦੀ ਵੱਧ ਤੋਂ ਵੱਧ ਵਰਤੋਂ ਕਰਨ 'ਤੇ ਜ਼ੋਰ ਦਿੱਤਾ ਹੈ।

ਇਸ ਸਕੀਮ ਦੇ ਕੰਮਕਾਜ ਦਾ ਜਾਇਜ਼ਾ ਲੈਣ ਲਈ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਸਕੀਮ ਮਹੱਤਵਪੂਰਨ ਹੈ ਕਿਉਂਕਿ ਇਹ ਸਕੀਮ ਹਰੇਕ ਵਿੱਤੀ ਸਾਲ ਵਿਚ ਹਰੇਕ ਘਰ ਨੂੰ ਘੱਟੋ-ਘੱਟ 100 ਦਿਨਾਂ ਦਾ ਗਾਰੰਟੀਸ਼ੁਦਾ ਰੁਜ਼ਗਾਰ ਦੇ ਕੇ ਰੋਜ਼ੀ-ਰੋਟੀ ਦੀ ਸੁਰੱਖਿਆ ਦਿੰਦੀ ਹੈ। ਇਹ ਸਕੀਮ ਅਪਰੈਲ 2008 ਤੋਂ ਰਾਜ ਭਰ ਦੇ ਸਾਰੇ ਜ਼ਿਲ੍ਹਿਆਂ ਵਿਚ ਲਾਗੂ ਹੈ ਅਤੇ ਰਾਜ ਸਰਕਾਰ ਇਸ ਅਹਿਮ ਯੋਜਨਾ



ਦੇ ਬਜਟ ਨੂੰ ਦੋ ਹਜ਼ਾਰ ਕਰੋੜ ਰੁਪਏ ਤੱਕ ਵਧਾਏਗੀ।

ਮੁੱਖ ਮੰਤਰੀ ਨੇ ਇਸ ਗੱਲ 'ਤੇ ਅਫ਼ਸੋਸ ਜ਼ਾਹਰ ਕੀਤਾ ਕਿ ਸੂਬੇ ਲਈ ਮਨਰੇਗਾ ਤਹਿਤ ਅਧਿਸੂਚਿਤ ਮਜ਼ਦੂਰੀ ਦਰ 303 ਰੁਪਏ ਹੈ ਜਦਕਿ ਗੁਆਂਢੀ ਸੂਬੇ ਹਰਿਆਣਾ ਵਿਚ ਇਹ ਦਰ 357 ਰੁਪਏ ਹੈ, ਇਸ ਕਰ ਕੇ ਸੂਬਾ ਸਰਕਾਰ ਇਸ ਮੁੱਦੇ ਨੂੰ ਕੇਂਦਰ ਸਰਕਾਰ ਕੋਲ ਜ਼ੋਰਦਾਰ ਢੰਗ ਨਾਲ ਉਠਾਏਗੀ। ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ, ਕੇਂਦਰ ਸਰਕਾਰ ਨੂੰ ਇਸ ਸਕੀਮ ਤਹਿਤ ਕਾਰਪਸ ਫੰਡ ਮੁਹੱਈਆ ਕਰਵਾਉਣ ਲਈ ਵੀ ਅਪੀਲ ਕਰੇਗੀ ਤੇ ਕੇਂਦਰ ਵਲੋਂ ਦਿੱਤੇ ਦਿਹਾੜੀਆਂ ਦੇ ਬਜਟ ਵਿਚ ਵੀ ਵਾਧਾ ਕਰਨ ਦੀ ਮੰਗ ਕਰੇਗੀ ਕਿਉਂਕਿ ਸੂਬੇ ਲਈ ਸਿਰਫ਼ 250 ਲੱਖ ਦਿਹਾੜੀਆਂ ਦੇਣ ਦਾ ਟੀਚਾ ਰੱਖਿਆ ਗਿਆ ਹੈ ਜੋ ਪਿਛਲੇ ਸਾਲ ਦੀਆਂ 321 ਲੱਖ ਦਿਹਾੜੀਆਂ ਨਾਲੋਂ ਬਹੁਤ ਘੱਟ ਹੈ।

## ਸਿਹਤ ਸੰਭਾਲ ਸੰਸਥਾਵਾਂ ਵਿਸ਼ੇਸ਼ ਪ੍ਰੋਜੈਕਟ ਦਾ ਐਲਾਨ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਸਾਰੀਆਂ ਸੈਕੰਡਰੀ ਸਿਹਤ ਸੰਭਾਲ ਸੰਸਥਾਵਾਂ ਕਮਿਊਨਿਟੀ ਹੈਲਥ ਸੈਂਟਰ, ਸਬ-ਡਿਵੀਜ਼ਨਲ ਹਸਪਤਾਲ ਅਤੇ ਜ਼ਿਲ੍ਹਾ ਹਸਪਤਾਲਾਂ ਦੀ ਮਜ਼ਬੂਤੀ ਲਈ ਇਕ ਵਿਸ਼ੇਸ਼ ਪ੍ਰੋਜੈਕਟ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ ਜਿਸ ਦਾ ਇੱਕੋ-ਇੱਕ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਆਪਣੀਆਂ ਜੇਬਾਂ ਵਿਚੋਂ ਮੋਟਾ ਪੈਸਾ ਅਦਾ ਕੀਤੇ ਬਿਨਾਂ ਆਮ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਮਿਲ ਸਕਣ। ਭਗਵੰਤ ਮਾਨ ਨੇ ਕਿਹਾ ਕਿ ਇਨ੍ਹਾਂ ਕੇਂਦਰਾਂ ਨੂੰ ਅਤਿ-ਆਧੁਨਿਕ ਸਿਹਤ ਸੰਭਾਲ ਸੰਸਥਾਵਾਂ ਵਜੋਂ ਵਿਕਸਤ ਕੀਤਾ ਜਾਵੇਗਾ ਜਿੱਥੇ ਲੋਕਾਂ ਨੂੰ ਮਿਆਰੀ ਇਲਾਜ ਮਿਲੇਗਾ। ਇਨ੍ਹਾਂ ਕੇਂਦਰਾਂ ਦੇ ਆਧੁਨਿਕੀਕਰਨ ਦਾ ਖਾਕਾ ਪਹਿਲਾਂ ਹੀ ਤਿਆਰ ਕਰ ਲਿਆ ਗਿਆ ਹੈ ਜਿਸ 'ਤੇ 400 ਕਰੋੜ ਰੁਪਏ ਤੋਂ ਵੱਧ ਖ਼ਰਚ ਆਵੇਗਾ। ਪਹਿਲੇ ਪੜਾਅ ਅਧੀਨ ਜ਼ਿਲ੍ਹਾ ਹਸਪਤਾਲਾਂ, ਸਬ ਡਿਵੀਜ਼ਨਲ ਹਸਪਤਾਲਾਂ ਅਤੇ ਸੀ.ਐਚ.ਸੀ. ਨੂੰ ਪਹਿਲ ਦੇ ਆਧਾਰ 'ਤੇ ਅਪਗ੍ਰੇਡ ਕੀਤਾ ਜਾਵੇਗਾ।

# ਗਿਆਨੀ ਰਘਬੀਰ ਸਿੰਘ ਅਕਾਲ ਤਖਤ ਸਾਹਿਬ ਦੇ ਜਥੇਦਾਰ ਨਿਯੁਕਤ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਗਿਆਨੀ ਹਰਪ੍ਰੀਤ ਸਿੰਘ ਕੋਲੋਂ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਵਜੋਂ ਸੌਂਪੀਆਂ ਵਾਧੂ ਸੇਵਾਵਾਂ ਵਾਪਸ ਲੈਂਦਿਆਂ ਗਿਆਨੀ ਰਘਬੀਰ ਸਿੰਘ ਨੂੰ ਸ੍ਰੀ ਅਕਾਲ ਤਖਤ ਦਾ ਨਿਯਮਤ ਜਥੇਦਾਰ ਨਿਯੁਕਤ ਕਰ ਦਿੱਤਾ ਹੈ।

ਗਿਆਨੀ ਰਘਬੀਰ ਸਿੰਘ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਮੁੱਖ ਗ੍ਰੰਥੀ ਵਜੋਂ ਵੀ ਸੇਵਾ ਨਿਭਾਉਣਗੇ। ਇਹ ਫੈਸਲਾ ਸ਼੍ਰੋਮਣੀ ਕਮੇਟੀ ਵੱਲੋਂ ਸੱਦੀ ਗਈ ਅੰਤ੍ਰਿੰਗ ਕਮੇਟੀ ਦੀ ਹੰਗਾਮੀ ਮੀਟਿੰਗ ਵਿਚ ਲਿਆ ਗਿਆ। ਅੰਤ੍ਰਿੰਗ ਕਮੇਟੀ ਨੇ ਗਿਆਨੀ ਸੁਲਤਾਨ ਸਿੰਘ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਵਜੋਂ ਜ਼ਿੰਮੇਵਾਰੀ ਸੌਂਪੀ ਹੈ। ਉਂਜ ਗਿਆਨੀ ਹਰਪ੍ਰੀਤ ਸਿੰਘ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਵਜੋਂ ਆਪਣੀਆਂ ਸੇਵਾਵਾਂ ਜਾਰੀ ਰੱਖਣਗੇ। ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਹੋਈ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਦੌਰਾਨ ਕਈ ਵੱਡੇ ਫੈਸਲੇ ਲਏ ਗਏ ਅਤੇ ਲਗਭਗ 30 ਮਿੰਟਾਂ ਤੋਂ ਵੀ ਘੱਟ ਸਮੇਂ ਵਿਚ ਇਹ ਮੀਟਿੰਗ ਖਤਮ ਹੋ ਗਈ।



ਗਿਆਨੀ ਹਰਪ੍ਰੀਤ ਸਿੰਘ ਅਤੇ (ਸੱਜੇ) ਗਿਆਨੀ ਰਘਬਰਿ ਸਿੰਘ।

ਗਿਆਨੀ ਰਘਬੀਰ ਸਿੰਘ ਨੇ ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ ਦਾ 2017 'ਚ ਦੇਹਾਂਤ ਹੋਣ ਤੋਂ ਬਾਅਦ ਅਗਸਤ 2017 'ਚ ਬਤੌਰ ਕਾਰਜਕਾਰੀ ਜਥੇਦਾਰ ਤਖਤ ਕੇਸਗੜ੍ਹ ਸਾਹਿਬ ਦੀ ਸੇਵਾ ਸੰਭਾਲੀ ਸੀ। ਉਨ੍ਹਾਂ ਦਾ ਜਨਮ 1970 ਵਿਚ ਅੰਮ੍ਰਿਤਸਰ ਸਾਹਿਬ ਦੇ ਪਿੰਡ ਸੁਲਤਾਨ ਵਿੰਡ ਪੱਤੀ ਮਨਸੂਰ ਵਿਖੇ ਹੋਇਆ ਤੇ ਅਤੇ 1989 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਨੌਕਰੀ ਸ਼ੁਰੂ ਕੀਤੀ ਸੀ। ਗਿਆਨੀ ਰਘਬੀਰ ਸਿੰਘ ਨੇ ਅੰਮ੍ਰਿਤਸਰ 'ਚ 1992 ਤੋਂ 1995 ਤੱਕ ਬਤੌਰ ਗ੍ਰੰਥੀ ਵੱਖ-ਵੱਖ ਸਥਾਨਾਂ ਤੇ ਸੇਵਾਵਾਂ ਦਿੱਤੀਆਂ। 1995 ਵਿਚ ਉਨ੍ਹਾਂ ਨੂੰ ਅਕਾਲ ਤਖਤ ਸਾਹਿਬ ਵਿਖੇ ਪੰਜ ਪਿਆਰਾ ਨਿਯੁਕਤ ਕੀਤਾ ਗਿਆ, ਜਿੱਥੇ ਉਹ 2014 ਤੱਕ ਸੇਵਾ ਕਰਦੇ ਰਹੇ। 21 ਅਪਰੈਲ 2014 ਨੂੰ ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾਂ ਨੂੰ ਸੱਚਖੰਡ ਹਰਿਮੰਦਰ ਸਾਹਿਬ ਵਿਖੇ ਗ੍ਰੰਥੀ ਸਿੰਘ ਦੀ ਸੇਵਾ ਸੰਭਾਲੀ ਗਈ ਤੇ 2017 ਤੱਕ ਉਨ੍ਹਾਂ ਇਹ ਸੇਵਾ ਨਿਭਾਈ। ਗਿਆਨੀ ਰਘਬੀਰ ਸਿੰਘ ਨੇ ਦੇਸਾਂ ਵਿਦੇਸ਼ਾਂ ਦੀ ਸੰਗਤ ਨੂੰ ਅਕਾਲ ਤਖਤ ਸਾਹਿਬ ਅਤੇ ਗੁਰੂ ਚਰਨਾਂ ਨਾਲ ਜੋੜਨ ਲਈ ਹਮੇਸ਼ਾ ਮੋਹਰੀ ਭੂਮਿਕਾ ਨਿਭਾਈ ਹੈ। ਜ਼ਿਲ੍ਹਾ ਅੰਮ੍ਰਿਤਸਰ ਸਾਹਿਬ ਦੇ ਜੰਮਪਲ ਗਿਆਨੀ ਸੁਲਤਾਨ ਸਿੰਘ ਨੇ ਆਪਣੀਆਂ ਸੇਵਾਵਾਂ ਬਤੌਰ ਗ੍ਰੰਥੀ ਸਿੰਘ ਸ਼ੁਰੂ ਕੀਤੀਆਂ ਸਨ ਤੇ ਉਸ ਉਪਰੰਤ ਉਹ ਬਤੌਰ ਪੰਜ ਪਿਆਰਾ ਅਤੇ ਅਰਦਾਸੀਆ ਸਿੰਘ ਵੀ ਸੇਵਾਵਾਂ ਨਿਭਾਉਂਦੇ ਰਹੇ। ਸਾਲ 2021 ਤੋਂ ਉਹ ਹਰਿਮੰਦਰ ਸਾਹਿਬ ਵਿਖੇ ਬਤੌਰ ਗ੍ਰੰਥੀ ਸਿੰਘ ਸੇਵਾਵਾਂ ਨਿਭਾਅ ਰਹੇ ਸਨ।

ਮੀਟਿੰਗ ਮਗਰੋਂ ਅੰਤ੍ਰਿੰਗ ਕਮੇਟੀ ਦੇ ਫੈਸਲਿਆਂ ਦੀ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਧਾਮੀ ਨੇ ਦੱਸਿਆ ਕਿ ਗਿਆਨੀ ਹਰਪ੍ਰੀਤ ਸਿੰਘ ਨੇ ਆਪਣੀ ਇੱਛਾ ਨਾਲ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਦੀਆਂ ਵਾਧੂ ਸੇਵਾਵਾਂ ਨਿਭਾਉਣ 'ਚ ਅਸਮਰੱਥਾ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਵੱਲੋਂ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਦੀ ਥਾਂ ਪੱਕੇ ਜਥੇਦਾਰ ਦੀ ਨਿਯੁਕਤੀ ਕਰਨ ਦੀ ਲਗਾਤਾਰ ਮੰਗ ਕੀਤੀ ਜਾ ਰਹੀ ਸੀ।

ਉਨ੍ਹਾਂ ਦੱਸਿਆ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਸੁਲਤਾਨ ਸਿੰਘ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਦੀ ਸੇਵਾ ਦੇ ਨਾਲ ਹੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਬਤੌਰ ਗ੍ਰੰਥੀ ਵਜੋਂ ਆਪਣੀ ਸੇਵਾ ਜਾਰੀ ਰੱਖਣਗੇ। ਇਸ ਮੌਕੇ ਅੰਤ੍ਰਿੰਗ ਕਮੇਟੀ ਨੇ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਵਜੋਂ ਨਿਭਾਈਆਂ ਸੇਵਾਵਾਂ ਦੀ ਸ਼ਲਾਘਾ ਵੀ ਕੀਤੀ। ਪ੍ਰਧਾਨ ਨੇ ਸਪਸ਼ਟ ਕੀਤਾ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਲੁਧਿਆਣਾ ਵਾਲੇ, ਜਿਨ੍ਹਾਂ ਨੂੰ ਕਾਰਜਕਾਰੀ ਹੈੱਡ ਗ੍ਰੰਥੀ ਦੀ ਸੇਵਾ ਸੌਂਪੀ ਸੀ, ਪਹਿਲਾਂ ਵਾਂਗ ਵਧੀਕ ਹੈੱਡ ਗ੍ਰੰਥੀ ਵਜੋਂ ਸੇਵਾ ਨਿਭਾਉਣਗੇ। ਜ਼ਿਕਰਯੋਗ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਪਿਛਲੇ ਕੁਝ ਸਮੇਂ ਤੋਂ ਵਿਵਾਦਾਂ ਦੇ ਘੇਰੇ ਵਿਚ ਸਨ। ਉਹ 'ਆਪ' ਦੇ ਸੰਸਦ ਮੈਂਬਰ ਰਾਘਵ ਚੱਢਾ ਦੇ ਮੰਗਣੀ ਸਮਾਗਮ ਵਿਚ ਸ਼ਿਰਕਤ ਕਰਨ ਗਏ ਸਨ ਅਤੇ ਉਸ ਤੋਂ ਬਾਅਦ ਹੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਇਤਰਾਜ਼ ਕੀਤਾ ਜਾ ਰਿਹਾ ਸੀ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਸ਼੍ਰੋਮਣੀ ਅਕਾਲੀ ਦਲ ਨੂੰ ਹੇਠਲੇ ਪੱਧਰ 'ਤੇ ਲੋਕਾਂ ਨਾਲ ਜੁੜਨ ਅਤੇ ਪਿੰਡਾਂ ਵੱਲ ਤੁਰਨ ਦੇ ਦਿੱਤੇ ਗਏ ਸੁਝਾਅ ਵੀ ਹਜ਼ਮ ਨਹੀਂ ਹੋਏ ਸਨ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸੋਸ਼ਲ ਮੀਡੀਆ ਖਾਤੇ ਵਿਚ ਆਪਣੀਆਂ ਭਾਵਨਾਵਾਂ ਦਰਜ ਕਰਦਿਆਂ ਗੁਰੂ ਘਰ ਦਾ ਸ਼ੁਕਰਾਨਾ ਕੀਤਾ ਹੈ। ਉਨ੍ਹਾਂ ਪਰਮਾਤਮਾ ਅੱਗੇ ਅਰਦਾਸ ਕੀਤੀ ਹੈ ਕਿ ਗੁਰੂ ਮਿਹਰ ਭਰਿਆ ਹੱਥ ਬਣਾਈ ਰੱਖੇ ਅਤੇ ਪੱਤ ਬਖ਼ਸ਼ਣ। ਇਹ ਪੋਸਟ ਉਨ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਸੱਦੀ ਗਈ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਤੋਂ ਬਾਅਦ ਆਪਣੇ ਸੋਸ਼ਲ ਮੀਡੀਆ ਖਾਤੇ ਵਿਚ ਦਰਜ ਕੀਤੀ ਹੈ।

## ਗਿਆਨੀ ਹਰਪ੍ਰੀਤ ਸਿੰਘ ਨੇ ਜਥੇਦਾਰੀ ਛੱਡਣ ਦੀ ਇੱਛਾ ਪ੍ਰਗਟਾਈ ਸੀ: ਧਾਮੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਗਿਆਨੀ ਹਰਪ੍ਰੀਤ ਸਿੰਘ ਨੇ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਵਜੋਂ ਸੇਵਾਵਾਂ ਛੱਡਣ ਦੀ ਇੱਛਾ ਪ੍ਰਗਟਾਈ ਸੀ ਜਿਸ ਤੋਂ ਬਾਅਦ ਅੰਤ੍ਰਿੰਗ ਕਮੇਟੀ ਨੇ ਗਿਆਨੀ ਰਘਬੀਰ ਸਿੰਘ ਨੂੰ ਅਕਾਲ ਤਖ਼ਤ ਦਾ ਜਥੇਦਾਰ ਨਿਯੁਕਤ ਕਰਨ ਦਾ ਫੈਸਲਾ ਕੀਤਾ। ਗਿਆਨੀ ਰਘਬੀਰ ਸਿੰਘ ਨੂੰ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਦਾ ਵਾਧੂ ਚਾਰਜ ਵੀ ਸੌਂਪਿਆ ਗਿਆ ਹੈ। ਸ੍ਰੀ ਧਾਮੀ ਨੇ ਦਾਅਵਾ ਕੀਤਾ ਕਿ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਸਵੈਇੱਛਾ ਨਾਲ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਦੀਆਂ ਸੇਵਾਵਾਂ ਨੂੰ ਛੱਡਿਆ ਹੈ।

# ਸਿੱਖੀ ਦੇ ਪ੍ਰਚਾਰ ਲਈ ਜਾਗਰੂਕਤਾ ਮੁਹਿੰਮ ਚਲਾਵਾਂਗੇ: ਜਥੇਦਾਰ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਦੇ ਨਵੇਂ ਜਥੇਦਾਰ ਨਿਯੁਕਤ ਕੀਤੇ ਗਏ ਗਿਆਨੀ ਰਘਬੀਰ ਸਿੰਘ ਨੇ ਆਖਿਆ ਹੈ ਕਿ ਸਿੱਖ ਧਰਮ ਦੇ ਪ੍ਰਚਾਰ-ਪਸਾਰ ਨੂੰ ਵਧਾਉਣ ਅਤੇ ਬੇਅਦਬੀ ਮਾਮਲਿਆਂ ਨੂੰ ਰੋਕਣ ਲਈ ਉਹ ਜਾਗਰੂਕਤਾ ਮੁਹਿੰਮ ਚਲਾਉਣਗੇ। ਆਪਣੀ ਨਿਯੁਕਤੀ ਲਈ ਗੁਰੂ ਘਰ ਦਾ ਸ਼ੁਕਰਾਨਾ ਕਰਦਿਆਂ ਉਨ੍ਹਾਂ ਕਿਹਾ ਕਿ ਪ੍ਰਬੰਧਕਾਂ ਅਤੇ ਸੰਗਤ ਨੂੰ ਗੁਰੂ ਘਰ ਦੀ ਸੇਵਾ ਸੰਭਾਲ ਬਾਰੇ ਜਾਗਰੂਕ ਕੀਤਾ ਜਾਵੇਗਾ।

ਇਸੇ ਤਰ੍ਹਾਂ ਨੌਜਵਾਨ ਪੀੜ੍ਹੀ ਨੂੰ ਪਤਿਤਪੁਣੇ ਤੋਂ ਰੋਕਣ ਅਤੇ ਸਿੱਖੀ ਨਾਲ ਜੋੜਨ ਲਈ ਧਰਮ ਪ੍ਰਚਾਰ ਲਹਿਰ ਨੂੰ ਪ੍ਰਚੰਡ ਕੀਤਾ ਜਾਵੇਗਾ। ਗਿਆਨੀ ਰਘਬੀਰ ਸਿੰਘ ਅੰਮ੍ਰਿਤਸਰ ਦੇ ਪਿੰਡ ਸੁਲਤਾਨਵਿੰਡ ਦੇ ਰਹਿਣ ਵਾਲੇ ਹਨ। ਉਨ੍ਹਾਂ 1989 'ਚ ਗ੍ਰੰਥੀ ਸਿੰਘ ਵਜੋਂ ਸੇਵਾਵਾਂ ਸ਼ੁਰੂ ਕੀਤੀਆਂ ਅਤੇ 1995 ਤੱਕ ਵੱਖ-ਵੱਖ ਅਸਥਾਨਾਂ 'ਤੇ ਸੇਵਾ ਨਿਭਾਈ। ਉਨ੍ਹਾਂ 1995 ਤੋਂ ਅਪਰੈਲ 2014 ਤੱਕ ਸ੍ਰੀ ਅਕਾਲ ਤਖ਼ਤ ਵਿਖੇ ਪੰਜ ਪਿਆਰਿਆਂ 'ਚ ਸਿੰਘ ਵਜੋਂ ਸੇਵਾ ਨਿਭਾਈ।

ਉਨ੍ਹਾਂ ਨੂੰ 21 ਅਪਰੈਲ, 2014 ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਗ੍ਰੰਥੀ ਵਜੋਂ ਨਿਯੁਕਤ ਕੀਤਾ ਗਿਆ ਸੀ ਅਤੇ 24 ਅਗਸਤ, 2017 ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਕਾਰਜਕਾਰੀ ਜਥੇਦਾਰ ਦੀ ਸੇਵਾ ਸੌਂਪੀ ਗਈ ਸੀ। ਉਧਰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਨਿਯੁਕਤ ਕੀਤੇ ਗਏ ਗਿਆਨੀ ਸੁਲਤਾਨ ਸਿੰਘ ਇਸ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਵੱਜੋਂ ਸੇਵਾ ਨਿਭਾਅ ਰਹੇ ਹਨ।

ਉਨ੍ਹਾਂ 2008 ਵਿਚ ਬਤੌਰ ਗ੍ਰੰਥੀ ਸਿੰਘ ਸੇਵਾ ਸ਼ੁਰੂ ਕੀਤੀ ਸੀ ਅਤੇ 2015 ਵਿਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਅਰਦਾਸੀਏ ਵਜੋਂ ਸੇਵਾ ਸੰਭਾਲੀ ਸੀ। ਸਾਲ 2021 ਵਿਚ ਉਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਗ੍ਰੰਥੀ ਨਿਯੁਕਤ ਕੀਤਾ ਗਿਆ ਸੀ।

# ਭਗਵੰਤ ਮਾਨ ਨੇ ਮੁਹਾਲੀ ਨੂੰ ਸਮਾਰਟ ਸਿਟੀ ਪ੍ਰੋਜੈਕਟ 'ਚ ਸ਼ਾਮਲ ਕਰਨ ਦੀ ਮੰਗ ਕੀਤੀ

**ਨਵੀਂ ਦਿੱਲੀ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਮਕਾਨ ਉਸਾਰੀ ਤੇ ਵਿਕਾਸ ਬਾਰੇ ਕੇਂਦਰੀ ਮੰਤਰੀ ਹਰਦੀਪ ਪੁਰੀ ਨਾਲ ਮੁਲਾਕਾਤ ਕਰ ਕੇ ਸਮਾਰਟ ਸਿਟੀ ਪ੍ਰੋਜੈਕਟ ਵਿਚ ਐਸ.ਏ.ਐਸ. ਨਗਰ (ਮੁਹਾਲੀ) ਨੂੰ ਸ਼ਾਮਲ ਕਰਨ ਵਾਸਤੇ ਜ਼ੋਰ ਪਾਇਆ। ਮੁੱਖ ਮੰਤਰੀ ਨੇ ਇੱਥੇ ਹਰਦੀਪ ਪੁਰੀ ਨਾਲ ਉਨ੍ਹਾਂ ਦੇ ਦਫਤਰ ਵਿਚ ਮੁਲਾਕਾਤ ਕੀਤੀ ਅਤੇ ਮੁਹਾਲੀ ਨੂੰ ਸਮਾਰਟ ਸਿਟੀ ਵਜੋਂ ਵਿਕਸਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।




ਉਨ੍ਹਾਂ ਕੇਂਦਰੀ ਮੰਤਰੀ ਨੂੰ ਜਾਣੂ ਕਰਵਾਇਆ ਕਿ ਚੰਡੀਗੜ੍ਹ, ਮੁਹਾਲੀ ਅਤੇ ਪੰਚਕੂਲਾ ਟ੍ਰਾਈ ਸਿਟੀ ਦਾ ਹਿੱਸਾ ਹੋਣ ਕਰ ਕੇ ਮੁਹਾਲੀ ਸ਼ਹਿਰ ਵਿਸ਼ੇਸ਼ ਮਹੱਤਵ ਰੱਖਦਾ ਹੈ। ਪੰਜਾਬ ਸਰਕਾਰ ਦੇ ਜ਼ਿਆਦਾਤਰ ਵਿਭਾਗਾਂ ਦੇ ਮੁੱਖ ਦਫ਼ਤਰ ਵੀ ਇਸੇ ਸ਼ਹਿਰ ਵਿਚ ਹਨ।

ਉਨ੍ਹਾਂ ਕਿਹਾ ਕਿ ਜ਼ੀਰਕਪੁਰ, ਖਰੜ, ਡੇਰਾਬੱਸੀ ਅਤੇ ਕੁਰਾਲੀ ਵਿਚ ਕੌਮਾਂਤਰੀ ਹਵਾਈ ਅੱਡੇ, ਵਿਦਿਅਕ ਅਦਾਰੇ, ਟਾਊਨਸ਼ਿਪਸ ਅਤੇ ਉਦਯੋਗਾਂ ਦੀ ਸਥਾਪਨਾ ਸਬੰਧੀ ਵੱਡੇ ਪੱਧਰ 'ਤੇ ਵਿਕਾਸ ਹੋਇਆ ਹੈ। ਉਨ੍ਹਾਂ ਕਿਹਾ ਕਿ ਖੇਤਰ ਦੇ ਵਿਕਾਸ ਲਈ ਵਿਸ਼ੇਸ਼ ਫੰਡਾਂ ਦੀ ਲੋੜ ਹੈ। ਉਨ੍ਹਾਂ ਪਹਿਲਾਂ ਵਾਂਗ ਅਮਰੁਤ 1 ਦੀ ਤਰ੍ਹਾਂ ਹੀ ਅਮਰੁਤ 2.0 ਤਹਿਤ ਵੀ ਫੰਡਾਂ ਦੇ ਉਸੇ ਅਨੁਪਾਤ ਨੂੰ ਬਹਾਲ ਕਰਨ ਦੀ ਬੇਨਤੀ ਕੀਤੀ।

ਉਨ੍ਹਾਂ ਕਿਹਾ ਕਿ ਅਮਰੁਤ 1.0 ਤਹਿਤ ਇਕ ਲੱਖ ਤੋਂ 10 ਲੱਖ ਆਬਾਦੀ ਦੀ ਸ਼੍ਰੇਣੀ ਵਾਲੇ ਕਸਬਿਆਂ ਲਈ ਕੇਂਦਰ ਅਤੇ ਰਾਜ ਦਾ ਹਿੱਸਾ 50: 50 ਸੀ ਜਦੋਂ ਕਿ ਅਮਰੁਤ 2.0 ਤਹਿਤ, ਆਬਾਦੀ ਦੀ ਇਸੇ ਸ਼੍ਰੇਣੀ ਵਾਲੇ ਕਸਬਿਆਂ ਲਈ ਕੇਂਦਰ ਅਤੇ ਰਾਜ ਦਾ ਹਿੱਸਾ ਬਦਲ ਕੇ 33:67 ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਲੁਧਿਆਣਾ ਅਤੇ ਅੰਮ੍ਰਿਤਸਰ ਵਰਗੇ 10 ਲੱਖ ਤੋਂ ਵੱਧ ਆਬਾਦੀ ਵਾਲੇ ਸ਼ਹਿਰਾਂ ਲਈ ਇਹ ਅਨੁਪਾਤ 33: 67 (ਕੇਂਦਰ ਅਤੇ ਰਾਜ ਦਾ ਹਿੱਸਾ) ਸੀ ਅਤੇ ਅਮਰੁਤ 2.0 ਤਹਿਤ, ਇਹ ਅਨੁਪਾਤ ਹੁਣ 75: 25 ਹੈ। ਭਗਵੰਤ ਮਾਨ ਨੇ ਕਿਹਾ ਕਿ ਇਨ੍ਹਾਂ ਸ਼ਹਿਰਾਂ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਦੀ ਲਗਾਤਾਰ ਲੋੜ ਹੈ, ਜਿਸ ਲਈ ਪੁਰਾਣਾ ਅਨੁਪਾਤ ਹੀ ਬਹਾਲ ਕੀਤਾ ਜਾਣਾ ਚਾਹੀਦਾ ਹੈ।

# ਪੰਜਾਬ ਸਿਵਲ ਸਰਵਿਸਿਜ ਨੇਮਾਂ 'ਚ ਸੁਧਾਰ ਨਾ ਕਰਨ ਤੋਂ ਸੁਪਰੀਮ ਕੋਰਟ ਖਫਾ

**ਨਵੀਂ ਦਿੱਲੀ:** ਵੱਖ-ਵੱਖ ਅਹੁਦਿਆਂ ਮੁਤਾਬਕ ਅਧਿਕਾਰੀਆਂ ਦੇ ਰੁਤਬੇ ਨੂੰ ਕਾਇਮ ਨਾ ਰੱਖ ਸਕਣ ਵਾਲੇ ਵੇਲਾ ਵਿਹਾਅ ਚੁੱਕੇ ਕਾਨੂੰਨਾਂ 'ਚ ਸੋਧ ਨਾ ਕੀਤੇ ਜਾਣ 'ਤੇ ਸੁਪਰੀਮ ਕੋਰਟ ਨੇ ਨਾਰਾਜ਼ਗੀ ਜਤਾਈ ਹੈ। ਜਸਟਿਸ ਵਿਕਰਮ ਨਾਥ ਅਤੇ ਅਹਿਸਾਨੁਦੀਨ ਅਮਾਨਉੱਲ੍ਹਾ ਦੇ ਵੈਕੇਸ਼ਨ ਬੈਂਚ ਨੇ ਕਿਹਾ ਕਿ ਪੰਜਾਬ ਸਿਵਲ ਸਰਵਿਸਿਜ ਰੂਲਜ਼, 1934 ਸਮੇਂ ਮੁਤਾਬਕ ਤਾਲਮੇਲ ਨਹੀਂ ਬਿਠਾ ਸਕੇ ਹਨ ਅਤੇ ਸਮਾਂ ਬੀਤਣ ਨਾਲ ਉਨ੍ਹਾਂ 'ਚ ਤਰੁੱਟੀਆਂ ਪੈਦਾ ਹੋ ਗਈਆਂ ਹਨ।



ਸਾਲ 1934 ਵਿਚ ਬਣਾਏ ਗਏ ਨਿਯਮਾਂ ਤਹਿਤ ਇੰਸਪੈਕਟਰ-ਜਨਰਲ, ਡਿਪਟੀ ਇੰਸਪੈਕਟਰ-ਜਨਰਲ ਅਤੇ ਸੁਪਰਡੈਂਟ ਆਫ ਪੁਲਿਸ ਨੂੰ ਉੱਚ ਅਧਿਕਾਰੀ ਮੰਨਿਆ ਜਾਂਦਾ ਸੀ। ਬੈਂਚ ਨੇ ਕਿਹਾ ਕਿ ਉਸ ਸਮੇਂ ਦੇ ਇੰਸਪੈਕਟਰ-ਜਨਰਲ (ਜਦੋਂ ਸੇਵਾ ਨੂੰ ਇੰਪੀਰੀਅਲ/ਭਾਰਤੀ ਪੁਲਿਸ ਕਿਹਾ ਜਾਂਦਾ ਸੀ) ਰਾਜ ਪੁਲਿਸ ਦੀ ਅਗਵਾਈ ਕਰਦਾ ਸੀ, ਪਰ ਅੱਜ ਕੁਝ ਕੁ ਸੂਬਿਆਂ ਨੂੰ ਛੱਡ ਕੇ ਜ਼ਿਆਦਾਤਰ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਡਾਇਰੈਕਟਰ ਜਨਰਲ ਆਫ ਪੁਲਿਸ ਹੱਥ ਕਮਾਨ ਹੁੰਦੀ ਹੈ ਜਿਸ ਨੂੰ ਇੰਡੀਅਨ ਪੁਲਿਸ ਸਰਵਿਸ 'ਚੋਂ ਲਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇੰਸਪੈਕਟਰ-ਜਨਰਲ ਆਫ ਪੁਲਿਸ ਪ੍ਰਸ਼ਾਸਕੀ ਤੌਰ 'ਤੇ ਡੀ.ਜੀ.ਪੀ. ਅਤੇ ਏ.ਡੀ.ਜੀ.ਪੀ. ਦੇ ਰੈਂਕ ਤੋਂ ਹੇਠਾਂ ਆਉਂਦਾ ਹੈ। 'ਨਿਯਮ ਵੀ ਅਜਿਹੇ ਸਮੇਂ ਬਣਾਏ ਗਏ ਸਨ ਜਦੋਂ ਰੇਂਜਾਂ ਅਤੇ ਕਮਿਸ਼ਨਰੇਟਾਂ ਦੀ ਪ੍ਰਣਾਲੀ ਦੀ ਸਥਾਪਨਾ ਨਹੀਂ ਕੀਤੀ ਗਈ ਸੀ। ਬਿਨਾਂ ਸ਼ੱਕ ਨਿਯਮ ਸਮੇਂ ਦੇ ਨਾਲ ਤਾਲਮੇਲ ਨਹੀਂ ਬਣਾ ਸਕੇ। ਸਬੰਧਤ ਅਧਿਕਾਰੀ ਦੁਬਿਧਾ ਦੂਰ ਕਰਨ ਲਈ ਅਸਾਮੀਆਂ ਦੇ ਘੱਟੋ-ਘੱਟ ਸਹੀ ਅਧਿਕਾਰਤ ਵਰਣਨ ਦੇ ਨਾਲ ਨਿਯਮਾਂ ਨੂੰ ਅਪਡੇਟ/ਸੋਧਣ ਵਿਚ ਅਸਮਰੱਥ ਕਿਉਂ ਹਨ।' ਸਿਖਰਲੀ ਅਦਾਲਤ ਨੇ ਇਹ ਟਿੱਪਣੀ ਪੰਜਾਬ ਹਰਿਆਣਾ ਹਾਈ ਕੋਰਟ ਦੇ ਇਕ ਹੁਕਮ ਖ਼ਿਲਾਫ਼ ਇਕ ਵਿਅਕਤੀ ਵੱਲੋਂ ਦਾਇਰ ਅਪੀਲ ਨੂੰ ਖਾਰਜ ਕਰਦਿਆਂ ਕੀਤੀ।

ਹਾਈ ਕੋਰਟ ਨੇ ਹਰਿਆਣਾ ਦੇ ਡੀ.ਜੀ.ਪੀ. ਦੇ ਹੁਕਮਾਂ ਨੂੰ ਬਹਾਲ ਰੱਖਿਆ ਸੀ ਜਿਸ 'ਚ ਭ੍ਰਿਸ਼ਟਾਚਾਰ, ਹੁਕਮ ਅਦੂਲੀ ਅਤੇ ਫਰਜ਼ਾਂ ਪ੍ਰਤੀ ਲਾਪਰਵਾਹੀ ਕਾਰਨ ਸਬੰਧਤ ਵਿਅਕਤੀ ਦੀ ਸਾਲਾਨਾ ਗੁਪਤ ਰਿਪੋਰਟ ਮੁੜ ਤੋਂ ਤਿਆਰ ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ। ਸਿਖਰਲੀ ਅਦਾਲਤ ਨੇ ਕਿਹਾ ਕਿ ਡੀ.ਜੀ.ਪੀ. ਨੇ ਅਰਜ਼ੀਕਾਰ ਨੂੰ ਸਹੀ ਕਾਰਨ ਦੱਸੋ ਨੋਟਿਸ ਦਿੰਦਿਆਂ ਕਾਰਵਾਈ ਕੀਤੀ ਹੈ। ਬੈਂਚ ਨੇ ਕਿਹਾ ਕਿ ਪੁਲਿਸ ਆਦਿ ਵਰਗੀਆਂ ਸੇਵਾਵਾਂ ਵਿਚ ਕਿਸੇ ਵਿਅਕਤੀ ਲਈ ਉਸ ਦੀ ਇਮਾਨਦਾਰੀ ਅਤੇ ਆਚਰਣ ਨਾਲ ਸਬੰਧਤ ਢੁਕਵੇਂ ਵਿਹਾਰ ਦਾ ਫੈਸਲਾ ਸੀਨੀਅਰ ਅਧਿਕਾਰੀ ਵੱਲੋਂ ਕੀਤਾ ਜਾਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਿਵਲ ਸਰਵਿਸਿਜ ਰੂਲਜ਼, 1934 ਤਹਿਤ ਅਜਿਹੇ ਮੁਲਾਜ਼ਮ ਨੂੰ ਜਬਰੀ ਰਿਟਾਇਰ ਕੀਤਾ ਜਾਂਦਾ ਹੈ ਪਰ ਫੌਰੀ ਤੱਥਾਂ 'ਚ ਕੋਈ ਅਜਿਹੀ ਕਾਰਵਾਈ ਨਹੀਂ ਹੈ ਜਿਸ ਨੂੰ ਇਹ ਅਦਾਲਤ ਰੋਕਣ ਚਾਹੇਗੀ।

## ਮੁੱਖ ਮੰਤਰੀ ਦੀ ਤੁਲਨਾ ਮਹਾਰਾਜਾ ਰਣਜੀਤ ਸਿੰਘ ਨਾਲ ਕਰਨ ਦੀ ਨਿਖੇਧੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਤੁਲਨਾ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨਾਲ ਕੀਤੇ ਜਾਣ ਦੀ ਨਿਖੇਧੀ ਕੀਤੀ ਹੈ। ਸੀਨੀਅਰ ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਸਿੱਖਿਆ ਮੰਤਰੀ ਹਰਜੋਤ ਬੈਂਸ ਆਪਣੀ ਸਰਕਾਰ ਦੀ ਜਿੰਨੀ ਮਰਜ਼ੀ ਸ਼ਲਾਘਾ ਕਰਨ ਪਰ ਉਹ ਮਹਾਨ ਰਾਜੇ ਦੇ ਧਰਮ ਨਿਰਪੱਖ ਰਾਜ ਦੀ ਤੁਲਨਾ ਭਗਵੰਤ ਮਾਨ ਦੇ ਭ੍ਰਿਸ਼ਟ ਅਤੇ ਕਾਨੂੰਨ ਹੀਣਤਾ ਰਾਜ ਨਾਲ ਕਰ ਕੇ ਪੰਜਾਬੀਆਂ ਦਾ ਅਪਮਾਨ ਕਰ ਰਹੇ ਹਨ। ਡਾ. ਚੀਮਾ ਨੇ ਕਿਹਾ ਕਿ ਇਹ ਤੁਲਨਾ ਪੰਜਾਬ ਦੀ ਰਾਜਨੀਤੀ ਵਿਚ ਇਕ ਹੋਰ ਨਵੀਂ ਗਿਰਾਵਟ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਵਿਵਹਾਰ ਕਾਰਨ 'ਆਪ' ਪਾਰਟੀ ਸ਼ਰਮਸਾਰ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਆਪਣੇ ਮੰਤਰੀਆਂ ਸਮੇਤ ਭ੍ਰਿਸ਼ਟਾਚਾਰੀਆਂ ਖ਼ਿਲਾਫ਼ ਕਾਰਵਾਈ ਕਰਨ 'ਚ ਨਾਕਾਮ ਰਹੇ ਹਨ।

**Punjab Times**
**Established in 2000**
**24nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਵਿਦੇਸ਼ਾਂ 'ਚ ਖਾਲਿਸਤਾਨ ਪੱਖੀਆਂ ਦੀਆਂ ਹੱਤਿਆਵਾਂ ਦਾ ਮਾਮਲਾ ਸਵਾਲਾਂ ਦੇ ਘੇਰੇ ਵਿਚ

**ਨਵੀਂ ਦਿੱਲੀ:** ਵਿਦੇਸ਼ਾਂ ਵਿਚ ਸਰਗਰਮ ਖਾਲਿਸਤਾਨ ਪੱਖੀਆਂ ਦੀ ਇਕ ਤੋਂ ਬਾਅਦ ਇਕ ਮੌਤ ਉਤੇ ਵੱਡੇ ਸਵਾਲ ਉਠ ਰਹੇ ਹਨ। ਇਨ੍ਹਾਂ ਕਤਲਾਂ ਪਿੱਛੇ ਭਾਰਤੀਆਂ ਏਜੰਸੀਆਂ ਦਾ ਹੱਥ ਹੋਣ ਦੇ ਵੀ ਦੋਸ਼ ਲੱਗ ਰਹੇ ਹਨ। ਖਾਲਿਸਤਾਨ ਕਮਾਂਡੋ ਫੋਰਸ (ਕੇ.ਸੀ.ਐਫ.) ਦੇ ਖਾੜਕੂ ਪਰਮਜੀਤ ਸਿੰਘ ਪੰਜਵੜ ਦੀ ਪਿਛਲੇ ਮਹੀਨੇ ਪਾਕਿਸਤਾਨ ਵਿਚ ਕੁਝ ਅਣਪਛਾਤਿਆਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤਾ ਸੀ। ਇਸ ਤੋਂ ਬਾਅਦ ਖਾਲਿਸਤਾਨੀ ਹਮਾਇਤੀ ਅਵਤਾਰ ਸਿੰਘ ਪੁਰਬਾ ਉਰਫ ਖੰਡਾ ਦੀ ਬਰਮਿੰਘਮ (ਇੰਗਲੈਂਡ) ਦੇ ਇਕ ਹਸਪਤਾਲ 'ਚ ਮੌਤ ਹੋ ਗਈ। ਅਵਤਾਰ ਸਿੰਘ ਪੁਰਬਾ ਉਰਫ ਖੰਡਾ ਦੀ ਮੌਤ ਬਾਰੇ ਇਹ ਦੋਸ਼ ਵੀ ਲੱਗੇ ਸਨ ਕਿ ਉਸ ਨੂੰ ਜ਼ਹਿਰ ਦੇ ਕੇ ਮਾਰਿਆ ਗਿਆ ਹੈ।

ਹੁਣ ਕੈਨੇਡਾ ਆਧਾਰਿਤ ਖਾਲਿਸਤਾਨ ਟਾਈਗਰ ਫੋਰਸ (ਕੇ.ਟੀ.ਐਫ.) ਦੇ ਮੁਖੀ ਹਰਦੀਪ ਸਿੰਘ ਨਿੱਝਰ ਦੀ ਗੁਰਦੁਆਰੇ ਦੇ ਬਾਹਰ ਗੋਲੀਆਂ ਮਾਰ ਕੇ ਹੱਤਿਆ ਪਿੱਛੋਂ ਇਸ ਚਰਚਾ ਨੇ ਹੋਰ ਜ਼ੋਰ ਫੜ ਲਿਆ ਹੈ ਕਿ ਇਹ ਸਭ ਮਿਥ ਕੇ ਕੀਤਾ ਜਾ ਰਿਹਾ ਹੈ। ਨਿੱਝਰ ਭਾਰਤ ਵਿਚ ਅਤਿ ਲੋੜੀਂਦਿਆਂ ਵਿਚੋਂ ਇਕ ਸੀ ਤੇ ਉਸ ਦੇ ਸਿਰ 'ਤੇ ਦਸ ਲੱਖ ਰੁਪਏ ਦਾ ਇਨਾਮ ਸੀ। ਨਿੱਝਰ ਪਿੱਛੋਂ ਜਲੰਧਰ ਦੇ ਪਿੰਡ ਭਾਰਸਿੰਘਪੁਰ ਦਾ ਵਸਨੀਕ ਸੀ। ਇਸ ਹੱਤਿਆ ਪਿੱਛੋਂ ਉਥੇ ਮੌਜੂਦ ਸਿੱਖਾਂ ਨੇ ਖਾਲਿਸਤਾਨ ਪੱਖੀ ਤੇ ਭਾਰਤ ਵਿਰੋਧੀ ਨਾਅਰੇ ਲਾਏ। ਉਨ੍ਹਾਂ ਦੋਸ਼ ਲਾਏ ਕਿ ਭਾਰਤੀ ਏਜੰਸੀਆਂ ਦੇ ਇਸ਼ਾਰੇ ਉਤੇ ਵਿਦੇਸ਼ਾਂ ਵਿਚ ਸਿੱਖਾਂ ਦੀਆਂ ਹੱਤਿਆਵਾਂ ਕਰਵਾਈਆਂ ਜਾ ਰਹੀਆਂ ਹਨ।

ਗਰਮਖਿਆਲੀ ਸਮਝੇ ਜਾਂਦੇ ਨਿੱਝਰ ਨੂੰ ਖਾਲਿਸਤਾਨੀ ਸਮਰਥਕ ਗੁਰਪਤਵੰਤ ਸਿੰਘ ਪੰਨੂ ਦਾ ਨੇੜਲਾ ਸਮਝਿਆ ਜਾਂਦਾ ਸੀ। ਉਸ ਦਾ ਨਾਮ ਭਾਰਤ ਦੀ ਕਾਲੀ ਸੂਚੀ ਵਿਚ ਵੀ ਸ਼ਾਮਲ ਸੀ।





*ਖੱਬਿਓਂ: ਹਰਦੀਪ ਸਿੰਘ ਨਿੱਝਰ, ਅਵਤਾਰ ਸਿੰਘ ਖੰਡਾ, ਪਰਮਜੀਤ ਸਿੰਘ ਪੰਜਵੜ।*

ਕੈਨੇਡਾ ਵਿਚ ਉਹ ਸ਼ਾਂਤਮਈ ਜ਼ਿੰਦਗੀ ਜੀਅ ਰਿਹਾ ਸੀ। ਏਅਰ ਇੰਡੀਆ ਕਨਿਸ਼ਕ ਬੰਬ ਕਾਂਡ (1985) ਨਾਲ ਜੋੜ ਕੇ ਵੇਖੇ ਜਾਂਦੇ ਰਹੇ ਸਰੀ ਦੇ ਖਾਲਸਾ ਸਕੂਲਾਂ ਦੇ ਮਾਲਕ ਪ੍ਰਦੁਮਣ ਸਿੰਘ ਮਲਿਕ ਦੇ ਪਿਛਲੇ ਸਾਲ ਹੋਏ ਕਤਲ ਵਿਚ ਨਿੱਝਰ ਦਾ ਨਾਮ ਭਾਰਤੀ ਮੀਡੀਆ ਵੱਲੋਂ ਜੋੜਿਆ ਜਾਂਦਾ ਰਿਹਾ ਹੈ ਪਰ ਸਥਾਨਕ ਪੁਲਿਸ ਨੂੰ ਅਜਿਹਾ ਕੋਈ ਸਬੂਤ ਨਹੀਂ ਮਿਲਿਆ। ਯਾਦ ਰਹੇ ਕਿ ਵਾਰਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਖ਼ਿਲਾਫ਼ ਚਲਾਏ ਅਪਰੇਸ਼ਨ ਦੌਰਾਨ ਪੰਜਾਬ ਵਿਚ ਸਿੱਖ ਨੌਜਵਾਨਾਂ ਦੀਆਂ ਗ੍ਰਿਫਤਾਰੀਆਂ ਖ਼ਿਲਾਫ਼ ਵਿਦੇਸ਼ਾਂ ਵਿਚ ਵੱਡੇ ਪੱਧਰ ਉਤੇ ਪ੍ਰਦਰਸ਼ਨ ਹੋਏ ਸਨ। ਅਮਰੀਕਾ, ਕੈਨੇਡਾ ਅਤੇ ਲੰਡਨ ਸਣੇ ਕਈ ਦੇਸਾਂ ਵਿਚ ਭਾਰਤੀ ਹਾਈ ਕਮਿਸ਼ਨ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਇਸ ਘਟਨਾ ਤੋਂ ਬਾਅਦ ਭਾਰਤ ਨੇ ਨਵੀਂ ਦਿੱਲੀ 'ਚ ਅਮਰੀਕੀ ਦੂਤਾਵਾਸ ਕੋਲ ਸਖਤ ਵਿਰੋਧ ਦਰਜ ਕਰਵਾਇਆ ਸੀ। ਸਰਕਾਰ ਨੇ ਕੈਨੇਡਿਆਈ ਹਾਈ ਕਮਿਸ਼ਨਰ ਨੂੰ ਵੀ ਤਲਬ ਕੀਤਾ ਸੀ। ਇਨ੍ਹਾਂ ਮਾਮਲਿਆਂ ਦੀ ਜਾਂਚ ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਨੇ ਆਪਣੇ ਹੱਥ 'ਚ ਲਈ ਹੋਈ ਹੈ। ਦੱਸਿਆ ਜਾ ਰਿਹਾ ਹੈ ਕਿ ਵਿਦੇਸ਼ਾਂ ਵਿਚ ਖਾਲਿਸਤਾਨੀ ਪੱਖੀਆਂ ਦੀਆਂ ਸਰਗਰਮੀਆਂ ਖ਼ਿਲਾਫ਼ ਭਾਰਤ ਸਰਕਾਰ ਕਾਫੀ ਸਖਤ ਰੁਖ ਅਪਣਾ ਰਹੀ ਹੈ।

## ਸਹਾਇਕ ਪ੍ਰੋਫੈਸਰਾਂ ਦੀਆਂ ਅਸਾਮੀਆਂ ਦੀ ਪ੍ਰਵਾਨਗੀ

**ਚੰਡੀਗੜ੍ਹ:** ਪੰਜਾਬ ਕੈਬਨਿਟ ਨੇ 16 ਨਵੇਂ ਸਰਕਾਰੀ ਕਾਲਜਾਂ ਵਿਚ ਸਹਾਇਕ ਪ੍ਰੋਫੈਸਰਾਂ ਦੀਆਂ 320 ਅਸਾਮੀਆਂ ਸਿਰਜਣ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਹ ਕਾਲਜ 2021-22 'ਚ ਸ਼ੁਰੂ ਕੀਤੇ ਗਏ ਸਨ। ਇਨ੍ਹਾਂ ਲਈ ਲਾਇਬਰੇਰੀ ਰਿਸਟੋਰਰ ਦੀਆਂ 16 ਤੇ ਲੈਬ ਅਟੈਂਡੈਂਟਾਂ ਦੀਆਂ 64 ਅਸਾਮੀਆਂ ਕਾਇਮ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਸਰਕਾਰੀ ਕਾਲਜਾਂ ਵਿਚ 645 ਸਹਾਇਕ ਪ੍ਰੋਫੈਸਰਾਂ ਦੀ ਸਿੱਧੀ ਭਰਤੀ ਲਈ ਉਮਰ ਹੱਦ 37 ਸਾਲ ਤੋਂ 45 ਸਾਲ ਕਰਨ ਦੀ ਪ੍ਰਵਾਨਗੀ ਦੇ ਦਿੱਤੀ।

## ਜਥੇਦਾਰਾਂ ਦੀ ਨਿਯੁਕਤੀ: ਨਿਯਮ ਬਣਾਉਣ ਦਾ ਮਾਮਲਾ ਭਖਿਆ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਕਾਲ ਤਖਤ ਦੇ ਜਥੇਦਾਰ ਦੀ ਕੀਤੀ ਗਈ ਨਿਯੁਕਤੀ ਨੂੰ ਲੈ ਕੇ ਪੰਥਕ ਸਫਾਂ ਵਿਚ ਇਕ ਵਾਰ ਮੁੜ ਜਥੇਦਾਰਾਂ ਦੀ ਨਿਯੁਕਤੀ, ਸੇਵਾਮੁਕਤੀ ਅਤੇ ਕਾਰਜ ਖੇਤਰ ਦੇ ਨਿਯਮ ਬਣਾਉਣ ਦਾ ਮਾਮਲਾ ਉਭਰਿਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ਸੱਦੀ ਗਈ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਵੀ ਇਹ ਮਾਮਲਾ ਉਭਾਰਿਆ ਗਿਆ। ਮੀਟਿੰਗ ਵਿਚ ਸ਼ਾਮਲ ਅੰਤ੍ਰਿੰਗ ਕਮੇਟੀ ਮੈਂਬਰ ਭਾਈ ਗੁਰਪ੍ਰੀਤ ਸਿੰਘ ਰੰਧਾਵਾ ਅਤੇ ਜਥੇਦਾਰ ਮਲਕੀਤ ਸਿੰਘ ਚੰਗਾਲ ਨੇ ਇਸ ਮਾਮਲੇ ਵਿਚ ਆਪਣਾ ਇਤਰਾਜ਼ ਮੀਟਿੰਗ 'ਚ ਰੱਖਿਆ। ਇਸ ਬਾਰੇ ਭਾਈ ਰੰਧਾਵਾ ਨੇ ਦੱਸਿਆ ਕਿ ਉਨ੍ਹਾਂ ਮੀਟਿੰਗ ਦੌਰਾਨ ਇਹ ਮਾਮਲਾ ਪ੍ਰਬੰਧਕਾਂ ਦੇ ਕੋਲ ਰੱਖਿਆ ਹੈ। ਉਨ੍ਹਾਂ ਕਿਹਾ ਕਿ ਜਥੇਦਾਰਾਂ ਦੀ ਨਿਯੁਕਤੀ ਸਰਬ ਪ੍ਰਵਾਨਤ ਢੰਗ ਨਾਲ ਹੋਣੀ ਚਾਹੀਦੀ ਹੈ। ਜਥੇਦਾਰ ਚੰਗਾਲ ਨੇ ਦੱਸਿਆ ਕਿ ਉਨ੍ਹਾਂ ਇਸ ਮਾਮਲੇ ਵਿਚ ਆਪਣਾ ਲਿਖਤੀ ਵਿਰੋਧ ਦਰਜ ਕਰਵਾਇਆ ਹੈ। ਉਨ੍ਹਾਂ ਕਿਹਾ ਕਿ ਜਥੇਦਾਰ ਦੀ ਨਿਯੁਕਤੀ ਲਈ ਕੀ ਪੈਮਾਨੇ ਹਨ ਅਤੇ ਇਸ ਚੋਣ ਲਈ ਪ੍ਰਕਿਰਿਆ ਕੀ ਹੈ, ਉਹ ਸੰਗਤ ਲਈ ਜਨਤਕ ਕੀਤੀ ਜਾਣੀ ਚਾਹੀਦੀ ਹੈ। ਹਵਾਰਾ ਕਮੇਟੀ ਦੇ ਆਗੂ ਪ੍ਰੋਫੈਸਰ ਬਲਜਿੰਦਰ ਸਿੰਘ ਨੇ ਆਖਿਆ ਕਿ ਜਥੇਦਾਰ ਦੀ ਚੋਣ ਕਰਨ ਦਾ ਘੇਰਾ ਸਰਬੱਤ ਖਾਲਸਾ ਦੇ ਰੂਪ ਵਿਚ ਵਿਸਾਲ ਹੋਣਾ ਚਾਹੀਦਾ ਹੈ। ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਮੁਖੀ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਜਥੇਦਾਰ ਚੁਣਨ ਦਾ ਅਧਿਕਾਰ ਕਿਸੇ ਇਕ ਸੰਸਥਾ ਕੋਲ ਨਹੀਂ ਸਗੋਂ ਸਰਬੱਤ ਖਾਲਸਾ ਤੇ ਸਮੁੱਚੇ ਪੰਥ ਕੋਲ ਹੈ।

ਦਲ ਖਾਲਸਾ ਨੇ ਇਸ ਮਾਮਲੇ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਆਪ ਮੁਹਾਰੇ ਜਥੇਦਾਰ ਬਦਲਣ ਦੀ ਰਿਵਾਇਤ ਅਤੇ ਰੁਝਾਨ ਨਾਲ ਉਹ ਸਹਿਮਤ ਨਹੀਂ ਹਨ। ਜਥੇਬੰਦੀ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਨੇ ਆਖਿਆ ਕਿ ਅਕਾਲ ਤਖਤ ਦੇ ਜਥੇਦਾਰ ਨੂੰ ਬਦਲਣ ਅਤੇ ਨਿਯੁਕਤ ਕਰਨ ਵੇਲੇ ਸ਼੍ਰੋਮਣੀ ਕਮੇਟੀ ਨੇ ਪੰਥਕ ਸੰਸਥਾਵਾਂ ਅਤੇ ਸਭਾ ਸੁਸਾਇਟੀਆਂ ਨੂੰ ਭਰੋਸੇ ਵਿੱਚ ਨਹੀਂ ਲਿਆ। ਦੋ ਦਹਾਕਿਆਂ ਤੋਂ ਜਥੇਦਾਰਾਂ ਦੀ ਨਿਯੁਕਤੀ, ਸੇਵਾਮੁਕਤੀ ਅਤੇ ਕਾਰਜ ਖੇਤਰ ਬਾਰੇ ਵਿਧੀ ਵਿਧਾਨ ਬਣਾਉਣ ਦੀ ਮੰਗ ਉੱਠ ਰਹੀ ਹੈ ਪਰ ਸ਼੍ਰੋਮਣੀ ਕਮੇਟੀ ਵੱਲੋਂ ਇਸ ਮੰਗ ਨੂੰ ਅਣਡਿੱਠਾ ਕੀਤਾ ਜਾ ਰਿਹਾ ਹੈ।

## ਕਿਸਾਨਾਂ ਨੇ ਮੰਤਰੀਆਂ ਤੇ ਵਿਧਾਇਕਾਂ ਦੇ ਘਰ ਘੇਰੇ

**ਚੰਡੀਗੜ੍ਹ:** ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਅਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਵੱਲੋਂ ਸਾਂਝੇ ਤੌਰ 'ਤੇ ਪੰਜਾਬ ਭਰ ਦੇ 15 ਜ਼ਿਲ੍ਹਿਆਂ ਵਿਚ 43 ਥਾਵਾਂ 'ਤੇ ਪੰਜਾਬ ਸਰਕਾਰ ਦੇ ਮੰਤਰੀਆਂ ਤੇ ਵਿਧਾਇਕਾਂ ਦੇ ਘਰਾਂ ਅੱਗੇ ਧਰਨੇ ਦੇ ਕੇ ਮੰਗ ਪੱਤਰ ਸੌਂਪੇ ਗਏ। ਇਸ ਦੌਰਾਨ ਉਨ੍ਹਾਂ ਭਾਰਤ ਮਾਲਾ ਸੜਕ ਯੋਜਨਾ ਤਹਿਤ ਸੜਕਾਂ ਲਈ ਐਕੁਆਇਰ ਕੀਤੀ ਜਾ ਰਹੀ ਜ਼ਮੀਨ ਦਾ ਇਕਸਾਰ ਮੁਆਵਜ਼ਾ ਦੇਣ ਅਤੇ ਸਰਕਾਰ ਵੱਲੋਂ ਮੀਟਿੰਗਾਂ ਕਰ ਕੇ ਦਿੱਤੇ ਗਏ ਭਰੋਸੇ ਨੂੰ ਤੋੜ ਕੇ ਮੁਆਵਜ਼ੇ ਦੇਣ ਤੋਂ ਪਹਿਲਾਂ ਜ਼ਮੀਨ 'ਤੇ ਜਬਰੀ ਕਬਜ਼ੇ ਦੀ ਕੋਸ਼ਿਸ਼ ਬੰਦ ਕਰਨ ਦੀ ਮੰਗ ਕੀਤੀ।

# ਪੰਜਾਬ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਆਹਮੋ-ਸਾਹਮਣੇ

***(ਪਹਿਲੇ ਸਫੇ ਦੀ ਬਾਕੀ)***

ਸ਼੍ਰੋਮਣੀ ਕਮੇਟੀ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਨੂੰ ਸਿੱਖ ਗੁਰਦੁਆਰਾ ਐਕਟ-1925 ਵਿਚ ਆਪਣੇ ਪੱਧਰ 'ਤੇ ਸੋਧ ਕਰਨ ਜਾਂ ਇਸ ਵਿਚ ਕੁਝ ਵਾਧਾ ਕਰਨ ਦਾ ਕੋਈ ਅਧਿਕਾਰ ਨਹੀਂ। ਪੰਜਾਬ ਸਰਕਾਰ ਇਸ ਐਕਟ ਨਾਲ ਕੋਈ ਛੇੜ-ਛਾੜ ਨਹੀਂ ਕਰ ਸਕਦੀ। ਇਸ ਵਿਚ ਕੋਈ ਵੀ ਸੋਧ ਸਿਰਫ ਸੰਸਦ ਵੱਲੋਂ ਹੀ ਕੀਤੀ ਜਾ ਸਕਦੀ ਹੈ। ਯਾਦ ਰਹੇ ਕਿ ਇਕ ਵਾਰ ਪਹਿਲਾਂ ਕਾਂਗਰਸ ਸਰਕਾਰ ਨੇ ਵੀ ਅਜਿਹਾ ਯਤਨ ਕੀਤਾ ਸੀ ਪਰ ਫੈਸਲਾ ਵਾਪਸ ਲੈਣਾ ਪਿਆ ਸੀ। ਸ਼੍ਰੋਮਣੀ ਕਮੇਟੀ ਦਾ ਦੋਸ਼ ਹੈ ਕਿ 103 ਸਾਲ ਦੇ ਇਤਿਹਾਸ ਵਿਚ ਹੁਣ ਤੱਕ ਇਸ ਢੰਗ ਨਾਲ ਕਿਸੇ ਵੀ ਸਰਕਾਰ ਨੇ ਧਾਰਮਿਕ ਮਾਮਲਿਆਂ ਵਿਚ ਦਖਲ ਅੰਦਾਜ਼ੀ ਨਹੀਂ ਕੀਤੀ।

ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਪੰਜਾਬ ਅਸੈਂਬਲੀ ਨੂੰ ਐਕਟ ਵਿਚ ਸੋਧ ਦਾ ਕੋਈ ਅਧਿਕਾਰ ਨਹੀਂ ਹੈ। ਸੀਨੀਅਰ ਵਕੀਲ ਐੱਚ.ਐੱਸ. ਫੂਲਕਾ ਨੇ ਆਖਿਆ ਹੈ ਕਿ ਪੰਜਾਬ ਅਸੈਂਬਲੀ ਤੇ ਸਰਕਾਰ ਨੂੰ ਸੰਵਿਧਾਨ ਤਹਿਤ ਸਿੱਖ ਗੁਰਦੁਆਰਾ ਐਕਟ ਵਿਚ ਸੋਧ ਕਰਨ ਦਾ ਕੋਈ ਹੱਕ ਨਹੀਂ ਹੈ। ਪੰਜਾਬ ਪੁਨਰਗਠਨ ਐਕਟ-1966 ਇਸ ਬਾਰੇ ਸਪਸ਼ਟ ਹੈ।

ਇਸ ਐਕਟ ਦੀ ਧਾਰਾ 72 ਅਧੀਨ ਸਿੱਖ ਗੁਰਦੁਆਰਾ ਐਕਟ 1925 'ਅੰਤਰ-ਰਾਜੀ ਸੰਸਥਾ ਸੰਗਠਿਤ' ਦੀ ਪਰਿਭਾਸ਼ਾ ਅਧੀਨ ਆਉਂਦਾ ਹੈ। ਹਰਿਆਣਾ ਸਰਕਾਰ ਨੇ 2014 ਵਿਚ ਹਰਿਆਣਾ ਸਿੱਖ ਗੁਰਦੁਆਰਾ (ਪ੍ਰਬੰਧਨ) ਐਕਟ ਪਾਸ ਕੀਤਾ ਸੀ। ਸੁਪਰੀਮ ਕੋਰਟ ਨੇ ਹਾਲਾਂਕਿ ਫੈਸਲਾ ਦਿੱਤਾ ਸੀ ਕਿ ਹਰਿਆਣਾ ਨੂੰ ਆਪਣੇ ਅਧਿਕਾਰ ਖੇਤਰ ਸਿੱਖਾਂ ਲਈ ਸੰਸਥਾ ਬਣਾਉਣ ਦਾ ਅਧਿਕਾਰ ਹੈ ਪਰ ਇਸ ਦਾ ਇਹ ਮਤਲਬ ਨਹੀਂ ਕਿ ਹਰਿਆਣਾ ਨੇ ਸਿੱਖ ਗੁਰਦੁਆਰਾ ਐਕਟ-1925 ਵਿਚ ਸੋਧ ਕੀਤੀ। ਉਨ੍ਹਾਂ ਆਪਣਾ ਕਾਨੂੰਨ ਬਣਾਇਆ। ਹਾਲਾਂ ਕਿ ਪੰਜਾਬ ਸਰਕਾਰ ਦਾ ਤਰਕ ਹੈ ਕਿ ਸੁਪਰੀਮ ਕੋਰਟ ਨੇ ਆਪਣੇ 2014 ਦੇ ਫੈਸਲੇ ਵਿਚ ਸਪੱਸ਼ਟ ਕੀਤਾ ਹੈ ਕਿ ਇਹ ਅੰਤਰ-ਰਾਜੀ ਐਕਟ ਨਹੀਂ ਹੈ, ਸਗੋਂ ਇਕ ਰਾਜ ਐਕਟ ਹੈ। ਸਿੱਖ ਗੁਰਦੁਆਰਾ ਐਕਟ 1925 'ਚ ਗੁਰਬਾਣੀ ਦੇ ਪ੍ਰਸਾਰਨ ਜਾਂ ਸਿੱਧੇ ਪ੍ਰਸਾਰਨ ਬਾਰੇ ਕੋਈ ਸ਼ਬਦ ਨਹੀਂ ਹੈ। ਮੁੱਖ ਮੰਤਰੀ ਭਗਵੰਤ ਮਾਨ ਦਾ ਕਹਿਣਾ ਹੈ ਕਿ ਇਸ ਬਿੱਲ ਦਾ ਉਦੇਸ਼ ਪਵਿੱਤਰ ਗੁਰਬਾਣੀ ਦੇ ਪ੍ਰਸਾਰਨ ਦੇ ਅਧਿਕਾਰ 'ਤੇ ਇਕ ਵਿਸ਼ੇਸ਼ ਪਰਿਵਾਰ ਦੇ ਬੇਲੋੜੇ ਕੰਟਰੋਲ ਤੋਂ ਮੁਕਤ ਕਰਨਾ ਹੈ। ਭਗਵੰਤ ਮਾਨ ਨੇ ਸਵਾਲ ਕੀਤਾ ਕਿ ਸਰਬ-ਸਾਂਝੀ ਗੁਰਬਾਣੀ ਦੇ ਇਹ ਅਧਿਕਾਰ ਕਿਸੇ ਵੀ ਚੈਨਲ ਨੂੰ ਕਿਵੇਂ ਦਿੱਤੇ ਜਾ ਸਕਦੇ ਹਨ?

ਇਸ ਐਕਟ ਵਿਚ ਇਹ ਵਿਵਸਥਾ ਹੋਵੇਗੀ ਕਿ ਮਹਾਨ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਦੇ ਪਾਸਾਰ ਲਈ ਬੋਰਡ (ਸ਼੍ਰੋਮਣੀ ਕਮੇਟੀ) ਦਾ ਫਰਜ਼ ਸ੍ਰੀ ਹਰਿਮੰਦਰ ਸਾਹਿਬ ਤੋਂ ਪਵਿੱਤਰ ਗੁਰਬਾਣੀ ਦਾ ਲਾਈਵ ਪ੍ਰਸਾਰਨ (ਆਡੀਓ ਜਾਂ ਆਡੀਓ ਦੇ ਨਾਲ-ਨਾਲ ਵੀਡੀਓ) ਸਾਰੇ ਮੀਡੀਆ ਘਰਾਣਿਆਂ, ਆਊਟਲੈੱਟਜ਼, ਪਲੇਟਫਾਰਮ, ਚੈਨਲਾਂ ਆਦਿ ਜੋ ਵੀ ਚਾਹੁੰਦਾ ਹੋਵੇ, ਨੂੰ ਮੁਹੱਈਆ ਕਰਵਾਉਣ ਦਾ ਹੋਵੇਗਾ। ਇਸ ਐਕਟ ਵਿਚ ਇਹ ਵਿਵਸਥਾ ਵੀ ਹੋਵੇਗੀ ਕਿ ਪ੍ਰਸਾਰਨ ਦੌਰਾਨ ਕਿਸੇ ਵੀ ਕੀਮਤ ਉਤੇ ਇਸ਼ਤਿਹਾਰਬਾਜ਼ੀ, ਵਪਾਰੀਕਰਨ ਨਾ ਹੋਵੇ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿਲੋਂ
ਡਾ. ਇਨਕਲਾਬੀ ਥਾਂਦੀ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਦਾਲੀਵਾਲ

# ਪੜ੍ਹਾਈ ਲਈ ਕੈਨੇਡਾ ਪੁੱਜੇ ਵਿਦਿਆਰਥੀਆਂ ਨੂੰ ਹੀ ਮਿਲੇਗੀ ਰਾਹਤ

**ਵੈਨਕੂਵਰ:** ਕੈਨੇਡਾ ਦੇ ਆਵਾਸ ਮੰਤਰੀ ਸ਼ੌਨ ਫਰੇਜਰ ਨੇ ਡਿਪੋਰਟ ਹੋਣ ਦੇ ਖਤਰੇ ਦਾ ਸਾਹਮਣਾ ਕਰ ਰਹੇ ਭਾਰਤੀ ਵਿਦਿਆਰਥੀਆਂ ਦੇ ਮਾਮਲੇ 'ਚ ਮੀਡੀਆ ਰਿਪੋਰਟਾਂ 'ਤੇ ਪ੍ਰਤੀਕਿਰਿਆ ਦਿੰਦਿਆਂ ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਸਮੁੱਚੇ ਵਿਦਿਆਰਥੀਆਂ ਦੇ ਭਵਿੱਖ ਬਾਰੇ ਫਿਲਹਾਲ ਕੋਈ ਭਰੋਸਾ ਨਹੀਂ ਦਿੱਤਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਨਿਕਾਲੇ ਦੇ ਠੱਪੇ ਵਾਲੇ (ਡਿਪੋਰਟੇਸ਼ਨ) ਵਿਦਿਆਰਥੀਆਂ ਦੀਆਂ ਫਾਈਲਾਂ ਦੀ ਵਿਅਕਤੀਗਤ ਪੱਧਰ ਉਤੇ ਜਾਂਚ ਕਰ ਕੇ ਇਸ ਸਬੰਧੀ ਫੈਸਲਾ ਕੀਤਾ ਜਾਵੇਗਾ, ਜੋ ਹਰੇਕ ਲਈ ਵੱਖ-ਵੱਖ ਹੋ ਸਕਦਾ ਹੈ।




ਆਵਾਸ ਮੰਤਰੀ ਨੇ ਕਿਹਾ ਕਿ ਅਜਿਹੇ ਵਿਦਿਆਰਥੀ ਜੋ ਜ਼ਿਆਦਾਤਰ ਭਾਰਤ ਤੋਂ ਹਨ, ਨੂੰ ਸੁਣਵਾਈ ਦਾ ਮੌਕਾ ਦੇ ਕੇ ਇਹ ਪਤਾ ਲਾਇਆ ਜਾਵੇਗਾ ਕਿ ਉਹ ਪੀੜਤ ਹਨ ਜਾਂ ਉਨ੍ਹਾਂ ਨੂੰ ਇਸ ਧੋਖਾਧੜੀ ਬਾਰੇ ਜਾਣਕਾਰੀ ਸੀ। ਉਨ੍ਹਾਂ ਕਿਹਾ ਕਿ ਜਿਹੜੇ ਵਿਦਿਆਰਥੀ ਪੜ੍ਹਾਈ ਦੇ ਉਦੇਸ਼ ਨਾਲ ਕੈਨੇਡਾ ਵਿਚ ਹਨ, ਉਨ੍ਹਾਂ ਨੂੰ ਪੀੜਤ ਮੰਨ ਕੇ ਵਿਚਾਰਿਆ ਜਾਏਗਾ, ਪਰ ਜਿਹੜੇ ਪੜ੍ਹਾਈ ਦੇ ਪਰਦੇ 'ਚ ਸਥਾਈ ਰਿਹਾਇਸ਼ (ਪੀ.ਆਰ.) ਦੇ ਇਰਾਦੇ ਨਾਲ ਆਏ ਹਨ, ਉਨ੍ਹਾਂ ਨੂੰ ਹਰ ਹਾਲਤ ਵਾਪਸ ਭੇਜਿਆ ਜਾਏਗਾ। ਮੰਤਰੀ ਨੇ ਕਿਹਾ ਕਿ ਕੈਨੇਡਾ ਸਰਹੱਦੀ ਸੁਰੱਖਿਆ ਏਜੰਸੀ (ਸੀ.ਬੀ.ਐਸ.ਏ.) ਦੇ ਅਫਸਰਾਂ ਨੂੰ ਇਸ ਬਾਰੇ ਨਿਰਦੇਸ਼ ਦਿੱਤੇ ਗਏ ਹਨ, ਹਰੇਕ ਵਿਦਿਆਰਥੀ ਦੀ ਸੁਣਵਾਈ ਕਰ ਕੇ ਸੱਚਾਈ ਪਰਖਣ ਤੋਂ ਬਾਅਦ ਹੀ ਅਗਲੀ ਕਾਰਵਾਈ ਕੀਤੀ ਜਾਵੇਗੀ। ਮੰਤਰੀ ਨੇ ਕਿਹਾ ਕਿ ਹਰੇਕ ਕੇਸ ਦਾ ਵਿਸ਼ਲੇਸ਼ਣ ਕੀਤੇ ਜਾਣ ਤੱਕ 'ਅੰਤਰਿਮ ਮਿਆਦ' ਲਈ ਵਿਦਿਆਰਥੀਆਂ ਦਾ ਦੇਸ ਨਿਕਾਲਾ ਫਿਲਹਾਲ ਰੋਕਿਆ ਜਾ ਰਿਹਾ ਹੈ। ਜਾਂਚ ਲਈ ਆਈ.ਆਰ.ਸੀ.ਸੀ. ਤੇ ਸੀ.ਬੀ.ਐਸ.ਏ. ਦੇ ਸੀਨੀਅਰ ਅਧਿਕਾਰੀਆਂ ਦੀ ਇਕ 'ਟਾਸਕ ਫੋਰਸ' ਬਣਾਈ ਜਾ ਰਹੀ ਹੈ ਮੰਤਰੀ ਫਰੇਜਰ ਨੇ ਕਿਹਾ ਕਿ ਜਿਹੜਾ ਵਿਦਿਆਰਥੀ ਕੈਨੇਡਾ ਅਸਲ 'ਚ ਪੜ੍ਹਾਈ ਕਰਨ ਦੇ ਹੀ ਇਰਾਦੇ ਨਾਲ ਆਇਆ ਸੀ, ਤੇ ਉਸ ਨੂੰ ਧੋਖਾਧੜੀ ਵਾਲੇ ਦਸਤਾਵੇਜ਼ਾਂ ਬਾਰੇ ਜਾਣਕਾਰੀ ਨਹੀਂ ਸੀ, ਉਸ ਨੂੰ ਅਸਥਾਈ ਵਸਨੀਕ ਪਰਮਿਟ (ਟੈਂਪਰੇਰੀ ਰੈਜੀਡੈਂਟ ਪਰਮਿਟ) ਜਾਰੀ ਕਰਨ ਲਈ ਹਦਾਇਤਾਂ ਦਿੱਤੀਆਂ ਗਈਆਂ ਹਨ। ਦੱਸਣਯੋਗ ਹੈ ਕਿ ਇਹ ਸਾਰੇ ਵਿਦਿਆਰਥੀ ਜਲੰਧਰ ਅਧਾਰਿਤ ਏਜੰਟ ਬ੍ਰਿਜੇਸ਼ ਮਿਸ਼ਰਾ ਵੱਲੋਂ 2018-19 ਤੇ 2020 'ਚ ਕਥਿਤ ਜਾਅਲੀ ਦਸਤਾਵੇਜ਼ਾਂ ਦੇ ਅਧਾਰ 'ਤੇ ਵੀਜ਼ਾ ਲਗਵਾ ਕੇ ਭੇਜੇ ਗਏ ਸਨ, ਜਿਨ੍ਹਾਂ ਜਦ ਪੱਕੇ ਹੋਣ ਲਈ ਫਾਈਲਾਂ ਭਰੀਆਂ ਤਾਂ ਇਸ ਧੋਖਾਧੜੀ ਦਾ ਖੁਲਾਸਾ ਹੋਇਆ ਹੈ। ਜਾਣਕਾਰੀ ਅਨੁਸਾਰ ਬ੍ਰਿਜੇਸ਼ ਮਿਸ਼ਰਾ ਦਫਤਰ ਬੰਦ ਕਰਕੇ ਰੂਪੋਸ਼ ਹੋ ਚੁੱਕਾ ਹੈ। ਅਜਿਹੇ ਵਿਦਿਆਰਥੀਆਂ ਦੀ ਗਿਣਤੀ 600-700 ਦੇ ਵਿਚਾਲੇ ਹੈ, ਉਨ੍ਹਾਂ ਸਿਰ ਕਈ ਮਹੀਨਿਆਂ ਤੋਂ ਦੇਸ਼ ਨਿਕਾਲੇ ਦੀ ਤਲਵਾਰ ਲਟਕ ਰਹੀ ਹੈ ਤੇ ਉਹ ਆਪਣੀ ਮਸੂਮੀਅਤ ਦੀ ਗੁਹਾਰ ਲਗਾ ਰਹੇ ਹਨ। ਉਨ੍ਹਾਂ ਟਰਾਂਟੋ ਏਅਰਪੋਰਟ ਰੋਡ ਉਤੇ ਕਈ ਦਿਨਾਂ ਤੋਂ ਧਰਨਾ ਵੀ ਲਾਇਆ ਹੋਇਆ ਹੈ। ਐਨ.ਡੀ.ਪੀ. ਸੰਸਦ ਮੈਂਬਰ ਜੈਨੀ ਕਵਾਨ ਦੇ ਸਵਾਲ ਦਾ ਜਵਾਬ ਦਿੰਦਿਆਂ ਆਵਾਸ ਮੰਤਰੀ ਸ਼ੌਨ ਫਰੇਜਰ ਨੇ ਸਪੱਸ਼ਟ ਕੀਤਾ ਕਿ ਪੀੜਤਾਂ ਤੇ ਧੋਖਾਧੜੀ ਕਰਨ ਵਾਲਿਆਂ ਦਾ ਨਿਖੇੜਾ ਹੀ ਮਸਲੇ ਦਾ ਸਹੀ ਹੱਲ ਹੈ। ਸੀ.ਬੀ.ਐਸ.ਏ. ਨਾਲ ਸਬੰਧਤ ਅਧਿਕਾਰੀ ਨੇ ਪਛਾਣ ਨਸ਼ਰ ਨਾ ਕਰਨ ਦੀ ਸ਼ਰਤ ਉਤੇ ਦੱਸਿਆ ਕਿ ਉਹ ਹਰੇਕ ਵਿਦਿਆਰਥੀ ਦੀ ਫਾਈਲ ਦੀ ਬਾਰੀਕੀ ਨਾਲ ਜਾਂਚ ਕਰ ਕੇ ਇਹ ਨਿਸ਼ਚਿਤ ਕਰਨਗੇ ਕਿ ਵਿਦਿਆਰਥੀ ਦਾ ਕੈਨੇਡਾ ਆਉਣ ਦਾ ਅਸਲ ਮਕਸਦ ਕੀ ਸੀ। ਉਨ੍ਹਾਂ ਦਾ ਇੱਥੇ ਪਹੁੰਚਣ ਤੋਂ ਬਾਅਦ ਵਾਲਾ ਰਿਕਾਰਡ ਵੀ ਚੈੱਕ ਕੀਤਾ ਜਾਵੇਗਾ ਤੇ ਆਖਰੀ ਫੈਸਲਾ ਪੀੜਤਾਂ ਅਤੇ ਧੋਖਾਧੜੀ ਕਰਨ ਵਾਲਿਆਂ ਦੇ ਨਿਖੇੜੇ ਉਤੇ ਨਿਰਭਰ ਕਰੇਗਾ।

## ਬਰਤਾਨੀਆ 'ਚ ਪਰਵਾਸੀਆਂ ਖਿਲਾਫ ਵੱਡੀ ਕਾਰਵਾਈ

**ਲੰਡਨ:** ਗੈਰ-ਕਾਨੂੰਨੀ ਪਰਵਾਸੀਆਂ ਵਿਰੁੱਧ ਵੱਡੀ ਕਾਰਵਾਈ ਕਰਦੇ ਹੋਏ ਬਰਤਾਨੀਆ ਐਨਫੋਰਸਮੈਂਟ ਅਫਸਰਾਂ ਨੇ 20 ਤੋਂ ਵੱਧ ਦੇਸਾਂ ਦੇ 105 ਵਿਦੇਸ਼ੀ ਨਾਗਰਿਕਾਂ ਨੂੰ ਗ੍ਰਿਫਤਾਰ ਕੀਤਾ ਹੈ, ਜੋ ਦੇਸ ਵਿਚ ਗੈਰ-ਕਾਨੂੰਨੀ ਤੌਰ ਉਤੇ ਕੰਮ ਕਰ ਰਹੇ ਸਨ। ਦੇਸ ਵਿਆਪੀ ਕਾਰਵਾਈ ਵਿਚ 300 ਤੋਂ ਵੱਧ ਇਮੀਗ੍ਰੇਸ਼ਨ ਅਫਸਰਾਂ ਨੇ ਇਕ ਦਿਨ ਵਿਚ ਵੱਖ-ਵੱਖ ਥਾਵਾਂ 'ਤੇ ਛਾਪੇ ਮਾਰੇ।

# ਗ੍ਰੀਨ ਕਾਰਡ ਉਡੀਕ ਰਹੇ ਪਰਵਾਸੀਆਂ ਨੂੰ ਵੱਡੀ ਰਾਹਤ

**ਵਾਸ਼ਿੰਗਟਨ:** ਬਾਇਡਨ ਪ੍ਰਸ਼ਾਸਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਾਮੀ ਫੇਰੀ ਤੋਂ ਪਹਿਲਾਂ ਅਮਰੀਕਾ ਵਿਚ ਕੰਮ ਕਰਨ ਤੇ ਠਹਿਰਾਅ ਲਈ ਗ੍ਰੀਨ ਕਾਰਡਾਂ ਦੀ ਉਡੀਕ ਕਰ ਰਹੇ ਪਰਵਾਸੀਆਂ ਨੂੰ ਯੋਗਤਾ ਨੇਮਾਂ ਵਿਚ ਛੋਟ ਦਿੱਤੀ ਹੈ। ਅਮਰੀਕੀ ਸਿਟੀਜਨਸ਼ਿਪ ਤੇ ਇਮੀਗ੍ਰੇਸ਼ਨ ਸਰਵਸਿਜ (ਯੂ.ਐਸ.ਸੀ.ਆਈ.ਐਸ.) ਨੇ ਯੋਗਤਾ ਮਾਪਦੰਡਾਂ ਵਿਚ ਛੋਟ ਸਬੰਧੀ ਪਾਲਿਸੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ।



ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਤੇ ਪ੍ਰਥਮ ਮਹਿਲਾ ਜਿਲ ਬਾਇਡਨ ਦੇ ਸੱਦੇ 'ਤੇ ਪ੍ਰਧਾਨ ਮੰਤਰੀ ਮੋਦੀ 21 ਤੋਂ 24 ਜੂਨ ਲਈ ਅਮਰੀਕਾ ਦੇ ਸਰਕਾਰੀ ਦੌਰੇ 'ਤੇ ਹਨ। ਗ੍ਰੀਨ ਕਾਰਡ, ਜਿਸ ਨੂੰ ਅਧਿਕਾਰਤ ਤੌਰ 'ਤੇ ਸਥਾਈ ਰੈਜੀਡੈਂਟ ਕਾਰਡ ਵੀ ਕਿਹਾ ਜਾਂਦਾ ਹੈ, ਅਮਰੀਕਾ ਆਉਣ ਵਾਲੇ ਪਰਵਾਸੀਆਂ ਨੂੰ ਜਾਰੀ ਕੀਤਾ ਜਾਂਦਾ ਦਸਤਾਵੇਜ਼ ਹੈ, ਜੋ ਮੁਲਕ ਵਿਚ ਸਥਾਈ ਤੌਰ ਉਤੇ ਰਹਿਣ ਦੀ ਅਧਿਕਾਰਤ ਗਾਰੰਟੀ ਹੈ। ਅਮਰੀਕਾ ਦਾ ਪਰਵਾਸ ਕਾਨੂੰਨ ਹਰ ਸਾਲ ਅੰਦਾਜ਼ਨ 1,40,000 ਰੁਜ਼ਗਾਰ ਅਧਾਰਿਤ ਗ੍ਰੀਨ ਕਾਰਡ ਜਾਰੀ ਕਰਨ ਦੀ ਪ੍ਰਵਾਨਗੀ ਦਿੰਦਾ ਹੈ। ਹਾਲਾਂਕਿ ਇਨ੍ਹਾਂ ਗ੍ਰੀਨ ਕਾਰਡਾਂ ਵਿਚੋਂ ਸੱਤ ਫੀਸਦ ਹੀ ਕਿਸੇ ਇਕ ਮੁਲਕ ਦੇ ਵਿਅਕਤੀ ਵਿਸ਼ੇਸ਼ ਨੂੰ ਜਾਰੀ ਕੀਤੇ ਜਾ ਸਕਦੇ ਹਨ। ਫਾਊਂਡੇਸ਼ਨ ਆਫ ਇੰਡੀਆ ਤੇ ਇੰਡੀਅਨ ਡਾਇਸਪੋਰਾ ਸਟੱਡੀਜ (ਐਫ.ਆਈ.ਆਈ.ਡੀ.ਐੱਸ.) ਨੇ ਯੋਗਤਾ ਮਾਪਦੰਡਾਂ 'ਚ ਛੋਟ ਲਈ ਯੂ.ਐਸ.ਸੀ.ਆਈ.ਐਸ. ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਪੇਸ਼ਕਦਮੀ ਨਾਲ ਵੱਡੀ ਗਿਣਤੀ ਭਾਰਤੀ ਆਈ.ਟੀ. ਪੇਸ਼ੇਵਰਾਂ ਨੂੰ ਮਦਦ ਮਿਲੇਗੀ।

## ਪੰਜਾਬੀ ਨੌਜਵਾਨ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ

**ਕਰਤਾਰਪੁਰ:** ਇਥੋਂ ਦੇ ਮੁਹੱਲਾ ਚੰਦਨ ਨਗਰ ਵਿਚ ਉਸ ਵਕਤ ਮਾਹੌਲ ਗਮਗੀਨ ਹੋ ਗਿਆ, ਜਦੋਂ ਅਮਰੀਕਾ ਦੇ ਸ਼ਹਿਰ ਵਸ਼ਿੰਗਟਨ ਵਿਚ 27 ਸਾਲਾ ਨੌਜਵਾਨ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋਣ ਦਾ ਸਮਾਚਾਰ ਪਹੁੰਚਿਆ। ਸਤਵਿੰਦਰ ਸਿੰਘ ਅਰਜਨ ਤਿੰਨ ਸਾਲ ਪਹਿਲਾਂ ਆਪਣੇ ਭਰਾ ਕੋਲ ਅਮਰੀਕਾ ਪਹੁੰਚਿਆ ਸੀ। ਸਤਵਿੰਦਰ ਸਿੰਘ ਦੇ ਪਿਤਾ ਕੁਲਦੀਪ ਸਿੰਘ ਦੀ ਮੌਤ ਹੋ ਚੁੱਕੀ ਹੈ ਤੇ ਘਰ ਵਿਚ ਇਕੱਲੀ ਮਾਤਾ ਸਰਬਜੀਤ ਕੌਰ ਰਹਿ ਰਹੀ ਸੀ।

# ਯੂਕੇ: ਜਬਰ ਜਨਾਹ ਦੇ ਦੋਸ਼ ਹੇਠ ਦੋ ਭਾਰਤੀਆਂ ਨੂੰ ਕੈਦ

**ਲੰਡਨ:** ਮਾਲਿਸ਼ ਪਾਰਲਰ ਵਿਚ ਨੌਕਰੀ ਦੇਣ ਦਾ ਝਾਂਸਾ ਦੇ ਕੇ ਲੜਕੀ ਨਾਲ ਜਬਰ ਜਨਾਹ ਕਰਨ ਦੇ ਦੋਸ਼ ਹੇਠ ਭਾਰਤੀ ਮੂਲ ਦੇ 50 ਸਾਲਾ ਵਿਅਕਤੀ ਨੂੰ 18 ਸਾਲ ਕੈਦ ਦੀ ਸਜਾ ਸੁਣਾਈ ਗਈ ਹੈ। ਇਹ ਸਜਾ ਸਕਾਟਲੈਂਡ ਯਾਰਡ ਦੀ ਜਾਂਚ ਦੇ ਆਧਾਰ 'ਤੇ ਹੋਈ ਹੈ।

ਵੁੱਡ ਗਰੀਨ ਕਰਾਊਨ ਕੋਰਟ ਵੱਲੋਂ ਰਘੂ ਸਿੰਗਾਮਨੇਨੀ ਨੂੰ ਚਾਰ ਔਰਤਾਂ ਦੇ ਜਿਨਸੀ ਸ਼ੋਸ਼ਣ ਤੇ ਜਬਰ ਜਨਾਹ ਲਈ ਦੋਸ਼ੀ ਕਰਾਰ ਦਿੰਦਿਆਂ ਉਸ ਨੂੰ ਸਜਾ ਸੁਣਾਈ ਗਈ। ਸਿੰਗਾਮਨੇਨੀ ਵੱਲੋਂ ਮਾਲਿਸ਼ ਕਰਨ ਵਾਲੇ ਦੋ ਪਾਰਲਰ ਚਲਾਏ ਜਾ ਰਹੇ ਸਨ। ਮੈਟਰੋਪੋਲਿਟਨ ਪੁਲਿਸ ਮੁਤਾਬਕ ਉਹ ਨੌਕਰੀਆਂ ਵਾਲੇ ਐਪ 'ਤੇ ਇਸ਼ਤਿਹਾਰ ਦਿੰਦਾ ਸੀ ਅਤੇ ਔਰਤਾਂ ਨੂੰ ਨੌਕਰੀਆਂ ਦੇਣ ਦੇ ਬਹਾਨੇ ਬੁਲਾ ਕੇ ਉਨ੍ਹਾਂ ਦਾ ਜਿਨਸੀ ਸ਼ੋਸ਼ਣ ਕਰਦਾ ਸੀ। ਮਾਮਲੇ ਦੀ ਜਾਂਚ ਕਰਨ ਵਾਲੇ ਕਾਂਸਟੇਬਲ ਹੁਸੈਨ ਸੇਯਮ ਨੇ ਦੱਸਿਆ ਕਿ ਇਸ ਵਿਅਕਤੀ ਨੇ ਬਹੁਤ ਸਾਰੀਆਂ ਔਰਤਾਂ ਨੂੰ ਨੌਕਰੀ ਦਾ ਲਾਲਚ ਦਿੱਤਾ ਗਿਆ ਸੀ, ਮਗਰੋਂ ਉਨ੍ਹਾਂ ਨੂੰ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਬਣਾਇਆ ਗਿਆ ਸੀ। ਇਕ ਹੋਰ ਮਾਮਲੇ ਵਿਚ ਭਾਰਤੀ ਮੂਲ ਦੇ 20 ਸਾਲਾਂ ਵਿਦਿਆਰਥੀ ਨੂੰ ਸ਼ਰਾਬੀ ਔਰਤ ਨਾਲ ਜਬਰ ਜਨਾਹ ਦੇ ਦੋਸ਼ ਹੇਠ ਛੇ ਸਾਲਾਂ ਤੋਂ ਉਪਰ ਸਜਾ ਸੁਣਾਈ ਗਈ ਹੈ। ਸੀ.ਸੀ.ਟੀ.ਵੀ. ਫੁਟੇਜ ਵਿਚ ਪ੍ਰੀਤ ਵਿਕਾਲ ਕਾਰਡਿਫ ਸਿਟੀ ਸੈਂਟਰ 'ਚ ਸ਼ਰਾਬੀ ਔਰਤ ਨੂੰ ਚੁੱਕ ਕੇ ਲਿਜਾਂਦਾ ਦਿਖਾਈ ਦੇ ਰਿਹਾ ਹੈ। ਸਾਊਥ ਵੇਲਜ ਪੁਲਿਸ ਵੱਲੋਂ ਜਾਰੀ ਕੀਤੇ ਗਏ ਬਿਆਨ ਮੁਤਾਬਕ ਵਿਕਾਲ ਨੇ ਜਬਰ ਜਨਾਹ ਦੀ ਗੱਲ ਕਬੂਲ ਕੀਤੀ ਅਤੇ ਉਸ ਨੂੰ ਛੇ ਸਾਲ ਤੇ ਨੌਂ ਮਹੀਨਿਆਂ ਦੀ ਕੈਦ ਦੀ ਸਜਾ ਸੁਣਾਈ ਗਈ।

# ਪਾੜ੍ਹੇ ਕਾਲਜਾਂ ਦੀ ਥਾਂ ਆਈਲਟਸ ਕੇਂਦਰਾਂ ਵੱਲ

**ਚੰਡੀਗੜ੍ਹ:** ਪੰਜਾਬ 'ਚ ਇਕ ਪਾਸੇ ਜਿੱਥੇ 'ਆਈਲਟਸ' ਕੇਂਦਰਾਂ ਅੱਗੇ ਕਤਾਰਾਂ ਲੰਮੀਆਂ ਹੁੰਦੀਆਂ ਜਾ ਰਹੀਆਂ ਹਨ, ਉਥੇ ਦੂਜੇ ਪਾਸੇ ਕਾਲਜਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਲਗਾਤਾਰ ਘਟਦੀ ਜਾ ਰਹੀ ਹੈ। ਇਸ ਫਰਕ ਤੇ ਵਿਦੇਸ਼ ਜਾਣ ਦੀ ਵਧਦੀ ਖਾਹਿਸ਼ ਨੇ ਕਈ ਕਾਲਜਾਂ ਨੂੰ ਲਗਭਗ ਖਾਲੀ ਹੀ ਕਰ ਦਿੱਤਾ ਹੈ। ਕਾਲਜ ਛੱਡਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿਚ ਪਿਛਲੇ 5-6 ਸਾਲਾਂ ਵਿਚ 15 ਤੋਂ 40 ਪ੍ਰਤੀਸ਼ਤ ਦਾ ਵਾਧਾ ਦੇਖਿਆ ਗਿਆ ਹੈ। ਮਾਸਟਰਜ਼ (ਐਮ.ਏ.) ਪੱਧਰ ਦੇ ਕੋਰਸਾਂ ਵਿਚ ਦਾਖਲਾ ਲੈਣ ਦੇ ਚਾਹਵਾਨ ਐਨੇ ਘੱਟ ਹਨ ਕਿ ਕਈ ਕਾਲਜਾਂ ਨੂੰ ਇਹ ਕਲਾਸਾਂ ਬੰਦ ਕਰਨੀਆਂ ਪਈਆਂ ਹਨ। ਮਿਸਾਲ ਵਜੋਂ ਨਕੋਦਰ ਦਾ ਗੁਰੂ ਨਾਨਕ ਨੈਸ਼ਨਲ ਕਾਲਜ, ਜੋ ਕਿ 1969 ਤੋਂ ਚੱਲ ਰਿਹਾ ਹੈ, ਵਿਚ ਵਿਦਿਆਰਥੀਆਂ ਦੀ ਗਿਣਤੀ ਇਸ ਵੇਲੇ ਕਰੀਬ 500 ਹੈ, ਜੋ ਕਿ ਕਿਸੇ ਵੇਲੇ 1500 ਤੋਂ ਵੱਧ ਹੁੰਦੀ ਸੀ। ਪਿਛਲੇ ਸਾਲ 250 ਵਿਦਿਆਰਥੀਆਂ ਨੇ ਗ੍ਰੈਜੂਏਸ਼ਨ ਕੋਰਸਾਂ ਲਈ ਪਹਿਲੇ ਸਾਲ ਵਿਚ ਦਾਖਲਾ ਲਿਆ ਸੀ। ਜਦਕਿ ਦੂਜੇ ਸਾਲ ਵਿਚ ਇਹ ਗਿਣਤੀ 125 ਰਹਿ ਗਈ।

## ਪੰਜਾਬ 'ਚ ਪਾਬੰਦੀਸ਼ੁਦਾ 170 ਭਰਤੀ ਏਜੰਟ ਸਰਗਰਮ

**ਨਵੀਂ ਦਿੱਲੀ:** ਪੰਜਾਬ ਤੋਂ ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਪੰਜਾਬ ਵਿਚ ਪਾਬੰਦੀਸ਼ੁਦਾ ਏਜੰਟਾਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ। ਰਾਜ ਸਭਾ ਮੈਂਬਰ ਨੇ ਪੰਜਾਬ ਦੇ ਡੀ.ਜੀ.ਪੀ. ਨੂੰ ਅਪੀਲ ਕੀਤੀ ਹੈ ਕਿ ਜਿਨ੍ਹਾਂ ਏਜੰਟਾਂ 'ਤੇ ਭਾਰਤ ਸਰਕਾਰ ਨੇ ਪਹਿਲਾਂ ਹੀ ਪਾਬੰਦੀ ਲਾਈ ਹੋਈ ਹੈ, ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ।

ਸ੍ਰੀ ਸਾਹਨੀ ਨੇ ਕਿਹਾ ਕਿ ਉਨ੍ਹਾਂ ਨੇ ਗ਼ੈਰਕਾਨੂੰਨੀ ਭਰਤੀ ਕਰਨ ਵਾਲੇ ਏਜੰਟਾਂ ਦੀ ਪੂਰੀ ਸੂਚੀ ਡਾਇਰੈਕਟਰ ਜਨਰਲ ਆਫ਼ ਪੁਲਿਸ ਗੌਰਵ ਯਾਦਵ ਨੂੰ ਭੇਜ ਦਿੱਤੀ ਹੈ। ਸੂਚੀ ਵਿਚ ਸਾਰੇ 170 ਪਾਬੰਦੀਸ਼ੁਦਾ ਭਰਤੀ ਏਜੰਟਾਂ ਦੀ ਜਾਣਕਾਰੀ ਸਣੇ ਸਬੰਧਤ ਪਤੇ ਅਤੇ ਫੋਨ ਨੰਬਰ ਵੀ ਸ਼ਾਮਲ ਕੀਤੇ ਗਏ ਹਨ। ਉਹ ਪੰਜਾਬ ਪੁਲਿਸ ਦੀ ਉਸ ਕਾਰਵਾਈ ਤੋਂ ਬਹੁਤ ਪ੍ਰਭਾਵਿਤ ਹਨ, ਜਿਸ ਹੇਠ ਸਪੈਸ਼ਲ ਟਾਸਕ ਫੋਰਸ 'ਸਾਡੀ ਪਹਿਲਕਦਮੀ ਮਿਸ਼ਨ ਹੋਪ ਤਹਿਤ' ਓਮਾਨ ਤੋਂ ਵਾਪਸ ਆਉਣ ਵਾਲੀਆਂ ਲੜਕੀਆਂ ਨਾਲ ਧੋਖਾਧੜੀ ਕਰਨ ਵਾਲੇ ਬੇਈਮਾਨ ਏਜੰਟਾਂ ਨੂੰ ਗ੍ਰਿਫਤਾਰ ਕਰ ਰਹੀ ਹੈ। ਸ੍ਰੀ ਸਾਹਨੀ ਨੇ ਖੁਲਾਸਾ ਕੀਤਾ ਹੈ ਕਿ ਵਿਦੇਸ਼ ਮੰਤਰਾਲੇ ਨੇ ਵੀ ਗੈਰ-ਕਾਨੂੰਨੀ ਭਰਤੀ ਏਜੰਟਾਂ ਦੀ ਸੂਚੀ ਜਾਰੀ ਕੀਤੀ ਹੈ।

# ਕੇਂਦਰ ਵੱਲੋਂ ਸਾਂਝੇ ਸਿਵਲ ਕੋਡ ਬਾਰੇ ਚਰਚਾ ਉਤੇ ਉਠੇ ਸਵਾਲ

**ਸ੍ਰੀ ਆਨੰਦਪੁਰ ਸਾਹਿਬ:** ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਸਾਂਝੇ ਸਿਵਲ ਕੋਡ ਬਾਰੇ ਚਰਚਾ ਸ਼ੁਰੂ ਕੀਤੀ ਜਾਣੀ ਮੰਦਭਾਗੀ ਹੈ। ਉਨ੍ਹਾਂ ਕਿਹਾ, ''ਸਾਡਾ ਦੇਸ਼ ਬਹੁਧਰਮੀ, ਬਹੁਭਾਸ਼ਾਈ ਦੇਸ਼ ਹੈ ਅਤੇ ਇੱਥੇ ਵੱਖ-ਵੱਖ ਖਿੱਤਿਆਂ ਦੇ ਲੋਕ ਰਹਿੰਦੇ ਹਨ। ਜਦੋਂ ਸਾਡਾ ਸੰਵਿਧਾਨ ਬਣਿਆ ਸੀ, ਉਦੋਂ ਹੀ ਇਸ ਨੂੰ ਸੂਬਿਆਂ 'ਤੇ ਛੱਡ ਦਿੱਤਾ ਗਿਆ ਸੀ ਤਾਂ ਜੋ ਸੂਬੇ ਆਪਣੇ ਰੀਤੀ ਰਿਵਾਜਾਂ ਮੁਤਾਬਕ ਕਾਨੂੰਨ ਬਣਾ ਸਕਣ, ਇਸ ਲਈ ਕੇਂਦਰ ਨੂੰ ਚਾਹੀਦਾ ਹੈ ਕਿ ਇਸ ਬੇਲੋੜੀ ਚਰਚਾ ਨੂੰ ਨਾ ਛੇੜੇ ਕਿਉਂਕਿ ਇਸ ਤੋਂ ਬਿਨਾਂ ਹੀ ਦੇਸ਼ ਵਧੀਆ ਚੱਲ ਰਿਹਾ ਹੈ।''




ਉਹ ਇੱਥੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰ ਰਹੇ ਸਨ। ਆਗੂਆਂ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪਬੰਧਕ ਕਮੇਟੀ ਨੇ ਆਪਣੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਤਖਤਾਂ ਦੇ ਜਥੇਦਾਰਾਂ ਦੀ ਨਿਯੁਕਤੀ ਕੀਤੀ ਹੈ ਜਿਸ ਦਾ ਸ਼੍ਰੋਮਣੀ ਅਕਾਲੀ ਦਲ ਨੇ ਨਿੱਘਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਹਰਜਿੰਦਰ ਸਿੰਘ ਧਾਮੀ ਅਤੇ ਸਮੁੱਚੀ ਕਾਰਜਕਾਰਨੀ ਨੇ ਸਿੱਖ ਪੰਥ ਦੀਆਂ ਭਾਵਨਾਵਾਂ ਦੇ ਅਨੁਕੂਲ ਫੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਲੰਬਾ ਸਮਾਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਬਤੌਰ ਜਥੇਦਾਰ ਸੇਵਾ ਨਿਭਾਈ ਹੈ ਜਿਨ੍ਹਾਂ ਨੂੰ ਹੁਣ ਸ੍ਰੀ ਅਕਾਲ ਤਖਤ ਦਾ ਜਥੇਦਾਰ ਨਿਯੁਕਤ ਕੀਤਾ ਗਿਆ ਹੈ। ਗਿਆਨੀ ਹਰਪ੍ਰੀਤ ਸਿੰਘ ਦੇ 'ਆਪ' ਆਗੂ ਰਾਘਵ ਚੱਢਾ ਦੇ ਘਰ ਜਾਣ ਸਬੰਧੀ ਸਵਾਲ 'ਤੇ ਡਾ. ਚੀਮਾ ਨੇ ਕਿਹਾ ਕਿ ਕੁੱਝ ਲੋਕਾਂ ਦਾ ਕੰਮ ਹੀ ਵਿਰੋਧ ਕਰਨਾ ਹੁੰਦਾ ਹੈ ਅਤੇ ਉਹ ਚੰਗੇ ਕੰਮਾਂ ਨੂੰ ਵੀ ਵਿਰੋਧ ਵਜੋਂ ਦੇਖਦੇ ਹਨ।

# ਕੁਆਲਾਲੰਪੁਰ-ਅੰਮ੍ਰਿਤਸਰ ਸਿੱਧੀ ਹਵਾਈ ਉਡਾਣ ਮੁੜ ਸ਼ੁਰੂ ਹੋਵੇਗੀ

**ਅੰਮ੍ਰਿਤਸਰ:** ਸਾਲ 2020 ਵਿਚ ਕੋਰੋਨਾ ਕਾਲ ਵੇਲੇ ਬੰਦ ਹੋਈ ਮਲੇਸ਼ੀਆ ਦੀ ਹਵਾਈ ਕੰਪਨੀ ਏਅਰ ਏਸ਼ੀਆ ਐਕਸ ਦੀ ਕੁਆਲਾਲੰਪੁਰ-ਅੰਮ੍ਰਿਤਸਰ ਵਿਚਾਲੇ ਚੱਲਦੀ ਸਿੱਧੀ ਹਵਾਈ ਉਡਾਣ ਹੁਣ 3 ਸਤੰਬਰ ਤੋਂ ਮੁੜ ਸ਼ੁਰੂ ਹੋਵੇਗੀ। ਜਥੇਬੰਦੀ ਫਲਾਈ ਅੰਮ੍ਰਿਤਸਰ ਇਨੀਸ਼ਿਏਟਿਵ ਦੇ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਏਅਰ ਏਸ਼ੀਆ ਐਕਸ ਹਵਾਈ ਕੰਪਨੀ ਆਪਣੀ ਉਡਾਣ ਹੁਣ ਮੁੜ ਹਫਤੇ ਵਿਚ ਚਾਰ ਦਿਨ ਮਲੇਸ਼ੀਆ ਦੇ ਕੁਆਲਾਲੰਪੁਰ ਹਵਾਈ ਅੱਡੇ ਤੋਂ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਲਈ ਸ਼ੁਰੂ ਕਰੇਗੀ। ਇਸ ਉਡਾਣ ਦੇ ਸ਼ੁਰੂ ਹੋਣ ਨਾਲ



ਅੰਮ੍ਰਿਤਸਰ ਤੋਂ ਕੁਆਲਾਲੰਪੁਰ ਰਸਤੇ ਆਸਟਰੇਲੀਆ ਦੇ ਸ਼ਹਿਰ ਮੈਲਬਰਨ, ਸਿਡਨੀ, ਪਰਥ ਆਦਿ ਜਾਣ ਦੇ ਚਾਹਵਾਨ ਪੰਜਾਬੀ ਭਾਈਚਾਰੇ ਨੂੰ ਵੱਡੀ ਰਾਹਤ ਮਿਲੇਗੀ। ਇਹ ਉਡਾਣ ਸੋਮਵਾਰ ਅਤੇ ਐਤਵਾਰ ਵਾਲੇ ਦਿਨ ਕੁਆਲਾਲੰਪੁਰ ਤੋਂ ਸਵੇਰੇ ਚੱਲੇਗੀ ਜਦੋਂਕਿ ਬੁੱਧਵਾਰ ਅਤੇ ਸ਼ੁੱਕਰਵਾਰ ਵਾਲੇ ਦਿਨ ਇਹ ਉਡਾਣ ਸ਼ਾਮ ਨੂੰ ਰਵਾਨਾ ਹੋਵੇਗੀ।

# ਸ਼ਹੀਦ ਸ਼ਾਂਤੀ ਰੱਖਿਅਕਾਂ ਦੀ ਯਾਦ 'ਚ ਯੂ.ਐੱਨ. ਹੈੱਡਕੁਆਰਟਰ 'ਚ ਬਣੇਗੀ ਕੰਧ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਆਮ ਸਭਾ (ਯੂ.ਐਨ.ਜੀ.ਏ.) ਨੇ ਸ਼ਹੀਦ ਹੋਏ ਸ਼ਾਂਤੀ ਰੱਖਿਅਕਾਂ ਦੇ ਸਨਮਾਨ 'ਚ ਸੰਯੁਕਤ ਰਾਸ਼ਟਰ ਹੈੱਡਕੁਆਰਟਰ 'ਚ ਇਕ ਯਾਦਗਾਰੀ ਕੰਧ ਸਥਾਪਤ ਕਰਨ ਲਈ ਭਾਰਤ ਵੱਲੋਂ ਲਿਆਂਦੇ ਗਏ ਮਤੇ ਦਾ ਖਰੜਾ ਸਰਬ ਸੰਮਤੀ ਨਾਲ ਸਵੀਕਾਰ ਕਰ ਲਿਆ ਗਿਆ ਹੈ।

ਸੰਯੁਕਤ ਰਾਸ਼ਟਰ 'ਚ ਭਾਰਤ ਦੀ ਸਥਾਈ ਪ੍ਰਤੀਨਿਧ ਰੁਚਿਰਾ ਕੰਬੋਜ ਨੇ ਯੂ.ਐਨ.ਜੀ.ਏ. 'ਚ 'ਸੰਯੁਕਤ ਰਾਸ਼ਟਰ ਦੇ ਸ਼ਹੀਦ ਸ਼ਾਂਤੀ ਸੈਨਿਕਾਂ ਲਈ ਯਾਦਗਾਰੀ ਕੰਧ' ਸਬੰਧੀ ਮਤੇ ਦਾ ਖਰੜਾ ਪੇਸ਼ ਕੀਤਾ। ਆਲਮੀ ਸੰਸਥਾ ਦੇ ਤਕਰੀਬਨ 190 ਮੈਂਬਰ ਮੁਲਕਾਂ ਵੱਲੋਂ ਇਹ ਮਤਾ ਅਜਿਹੇ ਸਮੇਂ ਪਾਸ ਕੀਤਾ ਗਿਆ ਹੈ। ਮਤਾ ਪੇਸ਼ ਕਰਦਿਆਂ ਕੰਬੋਜ ਨੇ ਕਿਹਾ ਕਿ ਯਾਦਗਾਰੀ ਕੰਧ ਇਸ ਗੱਲ ਦਾ ਸਬੂਤ ਹੋਵੇਗੀ ਕਿ ਸੰਯੁਕਤ ਰਾਸ਼ਟਰ ਆਪਣੀਆਂ ਸ਼ਾਂਤੀ ਮੁਹਿੰਮਾਂ ਨੂੰ ਕਿੰਨਾ ਮਹੱਤਵ ਦਿੰਦਾ ਹੈ। ਇਹ ਯਾਦਗਾਰੀ ਕੰਧ ਲੋਕਾਂ ਨੂੰ ਨਾ ਸਿਰਫ ਸ਼ਹੀਦਾਂ ਦੀ ਕੁਰਬਾਨੀ ਯਾਦ ਦਿਵਾਏਗੀ ਬਲਕਿ ਉਨ੍ਹਾਂ ਦੇ ਫੈਸਲਿਆਂ ਲਈ ਚੁਕਾਈ ਕੀਮਤ ਵੀ ਯਾਦ ਕਰਵਾਏਗੀ। ਭਾਰਤ ਸੰਯੁਕਤ ਰਾਸ਼ਟਰ ਦੀਆਂ ਸ਼ਾਂਤੀ ਮੁਹਿੰਮ 'ਚ ਤੀਜਾ ਸਭ ਤੋਂ ਵੱਧ ਯੋਗਦਾਨ ਪਾਉਣ ਵਾਲਾ ਮੁਲਕ ਹੈ। ਭਾਰਤ ਦੇ ਛੇ ਹਜ਼ਾਰ ਤੋਂ ਵੱਧ ਜਵਾਨ ਤੇ ਪੁਲਿਸ ਕਰਮੀ ਸ਼ਾਂਤੀ ਮੁਹਿੰਮਾਂ ਦਾ ਹਿੱਸਾ ਹਨ। ਇਨ੍ਹਾਂ ਮੁਹਿੰਮਾਂ ਦੌਰਾਨ ਹੁਣ ਤੱਕ 177 ਭਾਰਤੀ ਸ਼ਾਂਤੀ ਰੱਖਿਅਕ ਸ਼ਹੀਦ ਹੋ ਚੁੱਕੇ ਹਨ ਤੇ ਸ਼ਹੀਦ ਸ਼ਾਂਤੀ ਰੱਖਿਅਕਾਂ ਦੀ ਇਹ ਗਿਣਤੀ ਕਿਸੇ ਵੀ ਹੋਰ ਮੁਲਕ ਨਾਲੋਂ ਵੱਧ ਹੈ।

# ਭਾਜਪਾ ਵੱਲੋਂ ਪੰਜਾਬ 'ਚ ਨਸ਼ਿਆਂ ਖਿਲਾਫ ਮੁਹਿੰਮ ਛੇੜਨ ਦੀ ਤਿਆਰੀ

**ਚੰਡੀਗੜ੍ਹ:** ਭਾਜਪਾ ਪੰਜਾਬ ਵਿਚ ਨਸ਼ਿਆਂ ਖਿਲਾਫ਼ ਯਾਤਰਾ ਸਤੰਬਰ ਮਹੀਨੇ ਸ਼ੁਰੂ ਕਰ ਸਕਦੀ ਹੈ। ਇਹ ਯਾਤਰਾ ਪੰਜਾਬ ਦੇ ਹਰ ਵਿਧਾਨ ਸਭਾ ਹਲਕੇ 'ਚੋਂ ਗੁਜ਼ਰੇਗੀ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਇਸ ਯਾਤਰਾ ਬਾਰੇ ਪਹਿਲਾਂ ਹੀ ਰੂਪਰੇਖਾ ਉਲੀਕ ਚੁੱਕੇ ਸਨ ਪਰ 'ਵਾਰਿਸ ਪੰਜਾਬ ਦੇ' ਆਗੂ ਅੰਮ੍ਰਿਤਪਾਲ ਸਿੰਘ ਦਾ ਮਾਮਲਾ ਉੱਠਣ ਕਰਕੇ ਭਾਜਪਾ ਨੂੰ ਇਹ ਯਾਤਰਾ ਮੁਲਤਵੀ ਕਰਨੀ ਪਈ ਸੀ।

ਸੂਤਰਾਂ ਅਨੁਸਾਰ ਭਾਜਪਾ ਹੁਣ ਇਹ ਯਾਤਰਾ ਸਤੰਬਰ ਮਹੀਨੇ ਸ਼ੁਰੂ ਕਰਨ ਦੀ ਤਿਆਰੀ ਕਰ ਰਹੀ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਗੁਰਦਾਸਪੁਰ ਦੌਰੇ ਦੌਰਾਨ ਨਸ਼ਿਆਂ ਖਿਲਾਫ ਮੁਹਿੰਮ ਦਾ ਐਲਾਨ ਵੀ ਕੀਤਾ ਹੈ। ਉਨ੍ਹਾਂ ਕਿਹਾ ਕਿ ਉਹ ਨਸ਼ਿਆਂ ਖਿਲਾਫ਼ ਮੁਹਿੰਮ ਨੂੰ ਪੰਜਾਬ ਦੇ ਹਰ ਘਰ ਤੱਕ ਲੈ ਕੇ ਜਾਣਗੇ। ਸ਼ਾਹ ਨੇ ਕਿਹਾ ਕਿ ਅੰਮ੍ਰਿਤਸਰ ਵਿਚ ਇਕ ਮਹੀਨੇ ਦੇ ਅੰਦਰ-ਅੰਦਰ ਨਾਰਕੋਟਿਕਸ ਕੰਟਰੋਲ ਬਿਊਰੋ ਦਾ ਦਫਤਰ ਖੋਲ੍ਹਿਆ ਜਾਵੇਗਾ। ਜਾਣਕਾਰੀ ਅਨੁਸਾਰ ਆਗਾਮੀ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਇੱਥੇ ਸਿਆਸੀ ਪਿੜ ਭਖਾਉਣਾ ਚਾਹੁੰਦੀ ਹੈ।



ਪੰਜਾਬ ਵਿਚ ਇਸ ਵੇਲੇ ਝੋਨੇ ਦੀ ਲੁਆਈ ਦਾ ਕੰਮ ਚੱਲ ਰਿਹਾ ਹੈ ਅਤੇ ਜੁਲਾਈ ਦੇ ਪਹਿਲੇ ਹਫਤੇ ਤੱਕ ਲੁਆਈ ਦਾ ਕੰਮ ਖਤਮ ਹੋਣ ਦੀ ਸੰਭਾਵਨਾ ਹੈ।

ਭਾਜਪਾ ਆਗੂਆਂ ਅਨੁਸਾਰ ਜਦੋਂ ਸੂਬੇ ਵਿਚ ਖੇਤੀ ਰੁਝੇਵੇਂ ਘੱਟ ਹੋਣਗੇ, ਉਦੋਂ ਹੀ ਇਸ ਮੁਹਿੰਮ ਦੀ ਸ਼ੁਰੂਆਤ ਕੀਤੀ ਜਾਵੇਗੀ। ਭਾਜਪਾ ਵੱਲੋਂ ਇਸ ਨੂੰ ਸਮਾਜਿਕ ਮੁਹਿੰਮ ਵਜੋਂ ਪੇਸ਼ ਕੀਤਾ ਜਾਵੇਗਾ ਅਤੇ ਨਸ਼ਿਆਂ ਦੇ ਪੰਜਾਬ 'ਚ ਪ੍ਰਕੋਪ ਬਾਰੇ ਇਕ ਕਿਤਾਬਚਾ ਵੀ ਛਾਪਿਆ ਜਾਵੇਗਾ। ਸਿਆਸੀ ਹਲਕਿਆਂ ਅਨੁਸਾਰ ਭਾਜਪਾ ਇਸ ਯਾਤਰਾ ਬਹਾਨੇ ਸਿਆਸੀ ਤੌਰ 'ਤੇ 'ਆਪ' ਸਰਕਾਰ ਦੀ ਘੇਰਾਬੰਦੀ ਕਰੇਗੀ। ਭਾਜਪਾ ਦੇ ਸੀਨੀਅਰ ਆਗੂ ਦਿਆਲ ਸੋਢੀ ਨੇ ਕਿਹਾ ਕਿ ਮੋਦੀ ਸਰਕਾਰ ਦੇ 9 ਵਰ੍ਹੇ ਪੂਰੇ ਹੋਣ 'ਤੇ ਪੰਜਾਬ ਦੇ ਹਰ ਲੋਕ ਸਭਾ ਹਲਕੇ ਵਿਚ ਪ੍ਰੋਗਰਾਮ ਹੋਣਗੇ। ਉਨ੍ਹਾਂ ਦੱਸਿਆ ਕਿ ਜਲਦੀ ਹੀ ਨਸ਼ਿਆਂ ਖਿਲਾਫ ਯਾਤਰਾ ਵੀ ਸ਼ੁਰੂ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਭਾਜਪਾ ਵੱਲੋਂ ਹਰ ਹਲਕੇ ਵਿਚ ਸਿਆਸੀ ਪ੍ਰਭਾਵ ਰੱਖਣ ਵਾਲੀਆਂ ਹਸਤੀਆਂ ਨਾਲ ਵੀ ਤਾਲਮੇਲ ਕਾਇਮ ਕੀਤਾ ਜਾਵੇਗਾ।

### ਮਿਸ਼ਨ-2024 ਲੋਕ ਸਭਾ ਚੋਣਾਂ ਬਾਰੇ ਚਰਚਾ

**ਮੁਹਾਲੀ:** ਭਾਜਪਾ ਦੇ ਕੌਮੀ ਪ੍ਰਧਾਨ ਜੇਪੀ ਨੱਡਾ ਨੇ ਸਿਸਵਾਂ ਫਾਰਮ ਹਾਊਸ 'ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮੁਲਾਕਾਤ ਕੀਤੀ। ਇਹ ਮੀਟਿੰਗ ਕਰੀਬ ਦੋ ਘੰਟੇ ਚੱਲੀ ਜਿਸ ਦੌਰਾਨ ਦੋਵੇਂ ਆਗੂਆਂ ਨੇ ਪੰਜਾਬ ਦੇ ਮੌਜੂਦਾ ਹਾਲਾਤ, ਪਾਰਟੀ ਦੀ ਮਜ਼ਬੂਤੀ ਅਤੇ ਮਿਸ਼ਨ-2024 ਲੋਕ ਸਭਾ ਚੋਣਾਂ ਬਾਰੇ ਚਰਚਾ ਕੀਤੀ। ਇਸ ਮੌਕੇ ਭਾਜਪਾ ਦੇ ਕੌਮੀ ਪ੍ਰਧਾਨ ਸੁਭਾਸ਼ ਸਿੰਘ, ਪਟਿਆਲਾ ਤੋਂ ਸੰਸਦ ਮੈਂਬਰ ਮਹਾਰਾਣੀ ਪਰਨੀਤ ਕੌਰ, ਜੈ ਇੰਦਰ ਕੌਰ, ਰਣਇੰਦਰ ਸਿੰਘ ਟਿੱਕੂ ਅਤੇ ਕਮਲਦੀਪ ਸਿੰਘ ਸੈਣੀ ਮੌਜੂਦ ਸਨ। ਦੋਵੇਂ ਆਗੂਆਂ ਨੇ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿਚ ਭਾਜਪਾ ਦੀਆਂ ਜੜ੍ਹਾਂ ਮਜ਼ਬੂਤ ਕਰਨ ਲਈ ਵਰਕਰਾਂ ਦੀ ਲਾਮਬੰਦੀ 'ਤੇ ਜ਼ੋਰ ਦਿੱਤਾ। ਆਗੂਆਂ ਨੇ ਸ਼ਹਿਰਾਂ ਅਤੇ ਪਿੰਡਾਂ ਦੀਆਂ ਸੱਥਾਂ ਵਿਚ ਆਮ ਲੋਕਾਂ ਨਾਲ ਨੁੱਕੜ ਮੀਟਿੰਗਾਂ ਕਰਕੇ ਕੇਂਦਰ ਸਰਕਾਰ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਦੂਰਅੰਦੇਸ਼ੀ ਨੀਤੀਆਂ ਤੋਂ ਜਾਣੂ ਕਰਵਾਉਣ ਸਮੇਤ ਵੱਧ ਤੋਂ ਵੱਧ ਲੋਕਾਂ ਨੂੰ ਭਾਜਪਾ ਨਾਲ ਜੋੜਨ ਲਈ ਚਰਚਾ ਕੀਤੀ।

### ਨਸ਼ਿਆਂ ਖਿਲਾਫ ਮੁਹਿੰਮ ਦਾ ਖਾਕਾ ਤਿਆਰ: ਅਸ਼ਵਨੀ ਸ਼ਰਮਾ

**ਚੰਡੀਗੜ੍ਹ:** ਭਾਜਪਾ ਪੰਜਾਬ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਪੰਜਾਬ ਵਿਚ ਨਸ਼ਿਆਂ ਖਿਲਾਫ਼ ਮੁਹਿੰਮ ਸ਼ੁਰੂ ਕਰਨ ਬਾਰੇ ਬਲੂ ਪ੍ਰਿੰਟ ਤਿਆਰ ਕਰ ਲਿਆ ਗਿਆ ਹੈ ਅਤੇ ਜਲਦੀ ਹੀ ਇਸ ਮੁਹਿੰਮ ਦੀ ਵਿਧੀਬੱਧ ਤਰੀਕੇ ਨਾਲ ਸ਼ੁਰੂਆਤ ਹੋਵੇਗੀ। ਉਨ੍ਹਾਂ ਦੱਸਿਆ ਕਿ ਪੰਜਾਬ ਵਿਚ ਕਿਸਾਨਾਂ ਦੇ ਖੇਤੀ ਧੰਦਿਆਂ ਤੋਂ ਥੋੜ੍ਹੇ ਵਿਹਲੇ ਹੋਣ 'ਤੇ ਇਸ ਮੁਹਿੰਮ ਦਾ ਐਲਾਨ ਕਰ ਦਿੱਤਾ ਜਾਵੇਗਾ। ਇਸ ਮੁਹਿੰਮ ਤਹਿਤ ਪੰਜਾਬ ਦੀ ਹਰ ਤਹਿਸੀਲ ਤੱਕ ਪਹੁੰਚ ਕੀਤੀ ਜਾਵੇਗੀ।

# ਸੁਖਬੀਰ ਬਾਦਲ ਦੀ ਟਿੱਪਣੀ ਦਾ ਮੁੱਖ ਮੰਤਰੀ ਵੱਲੋਂ ਮੋੜਵਾਂ ਜਵਾਬ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਉਨ੍ਹਾਂ ਵਿਰੁੱਧ ਕੀਤੀ ਗਈ ਟਿੱਪਣੀ ਦਾ ਮੋੜਵਾਂ ਜਵਾਬ ਦਿੱਤਾ ਹੈ। ਸ੍ਰੀ ਮਾਨ ਨੇ ਕਿਹਾ ਕਿ ਪੰਜਾਬ 'ਚ ਉਨ੍ਹਾਂ ਲਈ ਵਧ ਰਹੇ ਜਨਤਕ ਸਮਰਥਨ ਤੋਂ ਦੁਖੀ ਹੋ ਕੇ ਅਕਾਲੀ ਦਲ ਦੇ ਮੁਖੀ ਆਪਣਾ ਮਾਨਸਿਕ ਸੰਤੁਲਨ ਗੁਆ ਚੁੱਕੇ ਹਨ। ਇਸ ਦੇ ਨਾਲ ਹੀ ਮੁੱਖ ਮੰਤਰੀ ਭਗਵੰਤ ਮਾਨ ਨੇ ਸ੍ਰੀ ਬਾਦਲ ਦੀ ਵੀਡੀਓ ਟਵੀਟ ਕਰਦਿਆਂ ਕਿਹਾ ਕਿ ਸੁਖਬੀਰ ਬਾਕੀ ਸਾਬਕਾ ਮੁੱਖ ਮੰਤਰੀਆਂ ਨੂੰ ਤਾਂ ਸਾਹਿਬ ਕਹਿ ਰਹੇ ਹਨ ਪਰ ਉਸ (ਭਗਵੰਤ ਮਾਨ) ਨੂੰ ਪਾਗਲ ਕਹਿ ਰਹੇ ਹਨ ਪਰ ਇਹ ਪਾਗਲ ਉਨ੍ਹਾਂ (ਸੁਖਬੀਰ) ਵਾਂਗ ਪੰਜਾਬ ਨੂੰ ਲੁੱਟਦਾ ਤਾਂ ਨਹੀਂ ਹੈ। ਸ੍ਰੀ ਮਾਨ ਨੇ ਕਿਹਾ ਕਿ 'ਆਪ' ਨਾਲ ਵੱਡੀ ਗਿਣਤੀ ਲੋਕ ਜੁੜ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਉਹ ਪਾਗਲ ਹਨ ਪਰ ਘੱਟੋ-ਘੱਟ ਉਹ ਜਨਤਕ ਖਜ਼ਾਨੇ ਨੂੰ ਨਹੀਂ ਲੁੱਟ ਰਹੇ ਜਿਵੇਂ ਪੁਰਾਣੀਆਂ ਪਾਰਟੀਆਂ ਦੇ ਆਗੂ ਲੁੱਟਦੇ ਆਏ ਸਨ। ਉਨ੍ਹਾਂ ਕਿਹਾ ਕਿ ਇਨ੍ਹਾਂ ਨਕਾਰੇ ਹੋਏ ਆਗੂਆਂ ਨੂੰ ਲੋਕਾਂ ਵੱਲੋਂ ਲਾਂਭੇ ਕੀਤਾ ਜਾ ਚੁੱਕਾ ਹੈ ਤੇ ਅਜਿਹੇ ਆਗੂਆਂ ਨੂੰ ਕੁਝ ਵੀ ਕਹਿਣ ਦਾ ਨੈਤਿਕ ਅਧਿਕਾਰ ਨਹੀਂ ਹੈ। ਇਨ੍ਹਾਂ ਨੇ ਪੰਜਾਬ ਨੂੰ ਆਪਣੀ ਜਗੀਰ ਸਮਝ ਕੇ ਬੇਰਹਿਮੀ ਨਾਲ ਲੁੱਟਿਆ। ਇਸ ਤੋਂ ਨਾਰਾਜ਼ ਹੋ ਕੇ ਸੂਬੇ ਦੇ ਸੂਝਵਾਨ ਲੋਕਾਂ ਨੇ ਇਨ੍ਹਾਂ ਆਗੂਆਂ ਨੂੰ ਬੁਰੀ ਤਰ੍ਹਾਂ ਹਰਾ ਕੇ 'ਆਪ' ਦੀ ਸਰਕਾਰ ਚੁਣੀ ਹੈ।

# ਕੇਂਦਰ ਸਰਕਾਰ ਨੇ ਸਾਜ਼ਿਸ਼ ਤਹਿਤ ਪੰਜਾਬ ਦੇ ਫੰਡ ਰੋਕੇ: ਆਪ

**ਮਾਨਸਾ:** ਆਮ ਆਦਮੀ ਪਾਰਟੀ ਦੇ ਨਵੇਂ ਬਣੇ ਕਾਰਜਕਾਰੀ ਪ੍ਰਧਾਨ ਪ੍ਰਿੰਸੀਪਲ ਬੁੱਧਰਾਮ ਨੇ ਕਿਹਾ ਕਿ ਕੇਂਦਰ ਸਰਕਾਰ ਚਾਹੁੰਦੀ ਹੈ ਕਿ ਪੰਜਾਬ ਸਰਕਾਰ ਨੂੰ ਕੰਮ ਨਾ ਕਰਨ ਦਿੱਤਾ ਜਾਵੇ, ਇਸ ਲਈ ਉਸ ਵੱਲੋਂ ਪੰਜਾਬ ਨੂੰ ਬਣਦੇ ਵਿਕਾਸ ਫੰਡ ਨਹੀਂ ਦਿੱਤੇ ਜਾ ਰਹੇ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਪੰਜਾਬ ਦਾ 32 ਸੌ ਕਰੋੜ ਰੁਪਏ ਪੇਂਡੂ ਵਿਕਾਸ ਫੰਡ ਸਮੇਤ ਹੋਰ ਕਈ ਫੰਡਾਂ 'ਤੇ ਰੋਕ ਲਾਈ ਹੋਈ ਹੈ, ਜਿਸ ਕਰਕੇ ਪੰਜਾਬ ਸਰਕਾਰ ਨੂੰ ਕੇਂਦਰ ਸਰਕਾਰ ਨਾਲ ਆਪਣੇ ਹੱਕਾਂ ਦੀ ਲੜਾਈ ਲੜਨੀ ਪੈ ਰਹੀ ਹੈ।

ਉਨ੍ਹਾਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਦੇ ਇਸ਼ਾਰੇ 'ਤੇ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਪੰਜਾਬ ਸਰਕਾਰ ਨੂੰ ਪਰੇਸ਼ਾਨ ਕਰ ਰਹੇ ਹਨ ਪਰ ਇਸ ਤੋਂ ਭਗਵੰਤ ਮਾਨ ਹਕੂਮਤ ਬਿਲਕੁਲ ਨਹੀਂ ਘਬਰਾਏਗੀ। ਉਨ੍ਹਾਂ ਕਿਹਾ ਕਿ ਜੋ ਕੰਮ ਪੰਜਾਬ ਦੇ ਵਿਧਾਇਕਾਂ ਅਤੇ ਵਜ਼ੀਰਾਂ ਨੂੰ ਕਰਨੇ ਚਾਹੀਦੇ ਹਨ, ਉਹ ਕੰਮ ਹੁਣ ਰਾਜਪਾਲ ਵੱਲੋਂ ਕਰਨ ਦਾ ਨਵਾਂ ਪੈਂਤੜਾ ਸ਼ੁਰੂ ਕੀਤਾ ਗਿਆ ਹੈ ਜੋ ਸੰਵਿਧਾਨ ਦੇ ਬਿਲਕੁਲ ਉਲਟ ਹੈ। ਉਹ ਬੋਹਾ ਤੋਂ ਮਾਨਸਾ ਵਿਚ ਸੂਬਾ ਕਾਰਜਕਾਰੀ ਪ੍ਰਧਾਨ ਬਣਨ ਤੋਂ ਬਾਅਦ ਪਹਿਲੀ ਵਾਰ ਆਏ ਤੇ ਉਨ੍ਹਾਂ ਦੇ ਸਨਮਾਨ 'ਚ ਸਮਾਗਮ ਕਰਵਾਏ ਗਏ। ਸ੍ਰੀ ਬੁੱਧਰਾਮ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਲੋਕ ਸਭਾ ਚੋਣਾਂ ਲਈ ਤਿਆਰੀਆਂ ਆਰੰਭ ਕਰ ਦਿੱਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਦੀਆਂ ਲੋਕ ਸਭਾ ਚੋਣਾਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਲੜੀਆਂ ਜਾਣਗੀਆਂ ਅਤੇ ਪੰਜਾਬ ਸਰਕਾਰ ਵੱਲੋਂ ਕੀਤੇ ਹੋਏ ਚੰਗੇ ਕਾਰਜਾਂ ਦੇ ਆਧਾਰ 'ਤੇ ਹੀ ਲੋਕਾਂ ਤੋਂ ਵੋਟਾਂ ਮੰਗੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਉਲਟ ਚੋਣ ਮਨੋਰਥ ਪੱਤਰ ਵਿਚ ਕੀਤਾ ਹੋਇਆ ਇਕੱਲਾ-ਇਕੱਲਾ ਵਾਅਦਾ ਪੂਰਾ ਕੀਤਾ ਜਾਵੇਗਾ।

# ਜੰਗ-ਏ-ਆਜ਼ਾਦੀ ਯਾਦਗਾਰ 'ਚ ਭ੍ਰਿਸ਼ਟਾਚਾਰ ਕਰਨ ਵਾਲਿਆਂ ਨੂੰ ਬੇਪਰਦ ਕਰਾਂਗੇ: ਮੁੱਖ ਮੰਤਰੀ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਜੰਗ-ਏ-ਆਜ਼ਾਦੀ ਯਾਦਗਾਰ 'ਚ ਲੋਕਾਂ ਦੇ ਪੈਸੇ ਖੁਰਦ-ਬੁਰਦ ਕਰਨ ਲਈ ਜ਼ਿੰਮੇਵਾਰ ਵਿਅਕਤੀ ਨੂੰ ਬੇਪਰਦ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਕਿਹਾ, "ਵਿਜੀਲੈਂਸ ਬਿਊਰੋ ਸ਼ਹੀਦਾਂ ਦੀ ਯਾਦਗਾਰ 'ਜੰਗ-ਏ-ਅਜ਼ਾਦੀ' ਦੀ ਇਮਾਰਤ ਬਣਾਉਣ ਵਿਚ ਲੋਕਾਂ ਦੇ ਪੈਸੇ ਦੀ ਦੁਰਵਰਤੋਂ ਦੇ ਸਬੰਧ ਵਿਚ ਰਸੂਖ਼ਦਾਰ ਵਿਅਕਤੀ ਨੂੰ ਬੁਲਾ ਰਹੀ ਹੈ।"

ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੂੰ ਸਮਝ ਨਹੀਂ ਆਉਂਦੀ ਕਿ ਇਹ ਮੀਡੀਆ ਉਤੇ ਹਮਲਾ ਕਿਵੇਂ ਹੋਇਆ? ਭਗਵੰਤ ਮਾਨ ਨੇ ਕਿਹਾ ਕਿ ਇਹ ਮਾਮਲਾ ਮਹਾਨ ਸ਼ਹੀਦਾਂ ਦੇ ਨਾਂ ਉਤੇ ਬਣਾਈ ਗਈ ਯਾਦਗਾਰ ਲਈ ਵਰਤੀ 200 ਕਰੋੜ ਦੀ ਰਾਸ਼ੀ ਦੀ ਜਵਾਬਦੇਹੀ ਦਾ ਹੈ। ਉਨ੍ਹਾਂ ਕਿਹਾ ਕਿ ਕੀ ਇਹ ਪੈਸਾ ਮੀਡੀਆ ਦੇ ਨਾਮ ਉਤੇ ਜਾਰੀ ਕੀਤਾ ਗਿਆ? ਜੇਕਰ ਨਹੀਂ ਤਾਂ ਫੇਰ ਕਿਸੇ ਅਖ਼ਬਾਰ ਦਾ ਇਸ ਨਾਲ ਕੀ ਲੈਣਾ-ਦੇਣਾ? ਉਨ੍ਹਾਂ ਨੇ ਸਪਸ਼ਟ ਸ਼ਬਦਾਂ ਵਿਚ ਕਿਹਾ, "ਮੈਂ ਉਨ੍ਹਾਂ ਵਿਚੋਂ ਨਹੀਂ ਜਿਹੜੇ ਆਪਣੇ ਗੁਨਾਹਾਂ ਤੋਂ ਬਚਣ ਲਈ ਅਖ਼ਬਾਰ ਵਾਲਿਆਂ ਦੇ ਪੈਰੀਂ ਡਿੱਗਦੇ ਹਨ।" ਭਗਵੰਤ ਮਾਨ ਨੇ ਕਿਹਾ ਕਿ ਉਹ ਲੋਕਾਂ ਦੇ ਇਕ-ਇਕ ਪੈਸੇ ਦਾ ਹਿਸਾਬ ਲੈਣ ਲਈ ਜਵਾਬਦੇਹੀ ਤੈਅ ਕਰਨਗੇ।"

# ਓਲੰਪੀਅਨ ਗੁਰਬਚਨ ਸਿੰਘ ਰੰਧਾਵਾ ਵੱਲੋਂ ਅਸਤੀਫਾ

**ਚੰਡੀਗੜ੍ਹ:** ਭਾਰਤ ਦੇ ਪ੍ਰਸਿੱਧ ਅਥਲੀਟ ਅਤੇ ਦੇਸ਼ ਦੇ ਪਹਿਲੇ ਅਰਜਨ ਐਵਾਰਡੀ ਗੁਰਬਚਨ ਸਿੰਘ ਰੰਧਾਵਾ (85) ਵੱਲੋਂ ਅਥਲੈਟਿਕਸ ਫੈਡਰੇਸ਼ਨ ਆਫ ਇੰਡੀਆ ਦੀ ਚੋਣ ਕਮੇਟੀ ਦੇ ਚੇਅਰਮੈਨ ਵਜੋਂ 18 ਸਾਲ ਸੇਵਾਵਾਂ ਨਿਭਾਉਣ ਮਗਰੋਂ ਅਸਤੀਫਾ ਦੇ ਦਿੱਤਾ ਗਿਆ ਹੈ।

ਓਲੰਪੀਅਨ ਰੰਧਾਵਾ ਨੇ ਬੀਤੇ ਦਿਨੀਂ ਅਥਲੈਟਿਕਸ ਫੈਡਰੇਸ਼ਨ ਆਫ ਇੰਡੀਆ ਨੂੰ ਪੱਤਰ ਲਿਖ ਕੇ ਸਵੈ ਇੱਛਾ ਨਾਲ ਆਪਣਾ ਅਹੁਦਾ ਛੱਡਣ ਦੇ ਫੈਸਲੇ ਤੋਂ ਜਾਣੂ ਕਰਵਾਇਆ। ਸ੍ਰੀ ਰੰਧਾਵਾ ਨੇ ਆਪਣੇ ਕਾਰਜਕਾਲ ਉਤੇ ਸੰਤੁਸ਼ਟੀ ਜ਼ਾਹਿਰ ਕਰਦਿਆਂ ਵਧਦੀ ਉਮਰ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਹ ਹੁਣ ਆਪਣਾ 100 ਫੀਸਦੀ ਸਮਾਂ ਨਹੀਂ ਦੇ ਸਕਦੇ ਅਤੇ ਮੌਕਾ ਆ ਗਿਆ ਹੈ ਕਿ ਨੌਜਵਾਨ ਐਥਲੀਟਾਂ ਦੇ ਹੱਥ ਨਵੀਂ ਜ਼ਿੰਮੇਵਾਰੀ ਸੌਂਪੀ ਜਾਵੇ। ਗੁਰਬਚਨ ਸਿੰਘ ਰੰਧਾਵਾ ਦੇ ਕਾਰਜਕਾਲ ਦੌਰਾਨ ਭਾਰਤੀ ਅਥਲੈਟਿਕਸ ਨੇ ਕਈ ਮੀਲ ਪੱਥਰ ਸਥਾਪਤ ਕੀਤੇ ਹਨ।

# ਲੁਧਿਆਣਾ ਲੁੱਟ ਕਾਂਡ ਮਾਮਲੇ 'ਚ ਡਾਕੂ ਹਸੀਨਾ ਪਤੀ ਸਣੇ ਉਤਰਾਖੰਡ ਤੋਂ ਗ੍ਰਿਫਤਾਰ

**ਲੁਧਿਆਣਾ:** ਇਥੇ ਸੀ.ਐਮ.ਐਸ. ਕੰਪਨੀ ਦੇ ਦਫਤਰ 'ਚੋਂ ਸਾਢੇ 8 ਕਰੋੜ ਰੁਪਏ ਦੀ ਲੁੱਟ ਦੇ ਮਾਮਲੇ ਦੀ ਮੁੱਖ ਮੁਲਜ਼ਮ ਡਾਕੂ ਹਸੀਨਾ ਉਰਫ ਮਨਦੀਪ ਕੌਰ ਮੋਨਾ ਨੂੰ ਪੁਲਿਸ ਨੇ 7 ਦਿਨਾਂ ਮਗਰੋਂ ਗ੍ਰਿਫਤਾਰ ਕਰ ਲਿਆ ਹੈ। ਪੁਲਿਸ ਨੇ ਮਨਦੀਪ ਕੌਰ ਤੇ ਉਸ ਦੇ ਪਤੀ ਜਸਵਿੰਦਰ ਸਿੰਘ ਨੂੰ ਉਤਰਾਖੰਡ ਦੇ ਸ੍ਰੀ ਹੇਮਕੁੰਟ ਸਾਹਿਬ ਤੋਂ ਯਾਤਰਾ ਕਰ ਵਾਪਸ ਆਉਂਦੇ ਸਮੇਂ ਰਸਤੇ 'ਚੋਂ ਕਾਬੂ ਕੀਤਾ ਹੈ। ਡੀ.ਜੀ.ਪੀ. ਗੌਰਵ ਯਾਦਵ ਨੇ ਟਵੀਟ ਕਰ ਕੇ ਇਸ ਦੀ ਜਾਣਕਾਰੀ ਦਿੱਤੀ ਹੈ। ਮੁਲਜ਼ਮਾਂ ਨੇ ਤੈਅ ਕੀਤਾ ਸੀ ਕਿ ਜੇਕਰ ਉਹ ਲੁੱਟ ਕਰਨ 'ਚ ਕਾਮਯਾਬ ਹੋ ਜਾਂਦੇ ਹਨ ਤਾਂ ਉਹ ਹੇਮਕੁੰਟ ਸਾਹਿਬ, ਕੇਦਾਰਨਾਥ ਤੇ ਹਰਿਦੁਆਰ ਮੱਥਾ ਟੇਕਣ ਲਈ ਜਾਣਗੇ।



ਉਨ੍ਹਾਂ ਕਿਹਾ ਕਿ ਇਸ ਮਾਮਲੇ 'ਚ ਕਾਊਂਟਰ ਇਟੈਲੀਜੈਂਸ ਦੀ ਕਾਫੀ ਮਦਦ ਮਿਲੀ ਹੈ। ਉਸ ਤੋਂ ਵੀ ਵੱਡੀ ਮਦਦ ਲੋਕਾਂ ਦੀ ਮਿਲੀ ਹੈ, ਜਿਨ੍ਹਾਂ ਨੇ ਮੁਲਜ਼ਮਾਂ ਦੇ ਹੁਲੀਏ ਬਾਰੇ ਦੱਸਿਆ ਤੇ ਨਾਲ ਹੀ ਇਹ ਵੀ ਦੱਸਿਆ ਕਿ ਮੁਲਜ਼ਮ ਕਿਸ ਪਾਸੇ ਹੋਣਗੇ ਅਤੇ ਉਨ੍ਹਾਂ ਦਾ ਪਹਿਰਾਵਾ ਕੀ ਹੈ। ਇਸ ਮਾਮਲੇ 'ਚ ਪਹਿਲਾਂ ਤੋਂ ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਤੋਂ ਵੀ ਸਬੂਤ ਮਿਲੇ ਸਨ ਕਿ ਲੁੱਟ ਦੀ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਸਾਰਿਆਂ ਨੇ ਉਤਰਾਖੰਡ ਲਈ ਰਵਾਨਾ ਹੋਣਾ ਸੀ। ਕਿਸੇ ਨੇ ਸ੍ਰੀ ਹੇਮਕੁੰਟ ਸਾਹਿਬ ਜਾਣਾ ਸੀ, ਕਿਸੇ ਨੇ ਕੇਦਾਰਨਾਥ ਤੇ ਕਿਸੇ ਨੇ ਹਰਿਦੁਆਰ ਜਾਣਾ ਸੀ। ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਮੁਲਜ਼ਮ ਮਨਦੀਪ ਕੌਰ ਦੀ ਸਕੂਟੀ ਦੀ ਡਿੱਗੀ 'ਚੋਂ 12 ਲੱਖ ਰੁਪਏ ਅਤੇ ਉਸ ਦੇ ਪਤੀ ਦੇ ਕਬਜ਼ੇ 'ਚੋਂ 9 ਲੱਖ ਰੁਪਏ ਬਰਾਮਦ ਕੀਤੇ ਹਨ। ਹਾਲੇ ਤੱਕ ਪੁਲਿਸ ਇਸ ਮਾਮਲੇ 'ਚ 5 ਕਰੋੜ 96 ਲੱਖ ਰੁਪਏ ਬਰਾਮਦ ਕਰ ਚੁੱਕੀ ਹੈ।

### ਮੋਗਾ 'ਚ ਸਰਾਫ ਦੀ ਹੱਤਿਆ ਮਾਮਲੇ ਵਿਚ ਚਾਰ ਕਾਬੂ

**ਮੋਗਾ:** ਪੰਜਾਬ ਪੁਲਿਸ ਅਤੇ ਏ.ਜੀ.ਟੀ.ਐਫ. (ਗੈਂਗਸਟਰ ਵਿਰੋਧੀ ਟਾਸਕ ਫੋਰਸ) ਦੀਆਂ ਟੀਮਾਂ ਨੇ ਮੋਗਾ ਵਿਚ ਸਰਾਫ ਪਰਮਿੰਦਰ ਸਿੰਘ ਉਰਫ ਵਿੱਕੀ ਦੀ ਹੱਤਿਆ ਕਰਕੇ ਗਹਿਣੇ ਲੁੱਟਣ ਵਾਲੇ ਗਰੋਹ ਦੇ 4 ਮੈਂਬਰਾਂ ਨੂੰ ਕਾਬੂ ਕੀਤਾ ਹੈ। ਇਸ ਮਾਮਲੇ 'ਚ ਤਿੰਨ ਮੁਲਜ਼ਮ ਬਿਹਾਰ ਪੁਲਿਸ ਦੇ ਸਹਿਯੋਗ ਨਾਲ ਪਟਨਾ ਅਤੇ ਇਕ ਨੂੰ ਮਹਾਰਾਸ਼ਟਰ ਪੁਲਿਸ ਦੀ ਮਦਦ ਨਾਲ ਨਾਂਦੇੜ ਸਾਹਿਬ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਪੰਜਾਬ ਪੁਲਿਸ ਮੁਖੀ (ਡੀ.ਜੀ.ਪੀ.) ਗੌਰਵ ਯਾਦਵ ਨੇ ਦੱਸਿਆ ਕਿ ਪਟਨਾ ਤੋਂ ਗ੍ਰਿਫਤਾਰ ਤਿੰਨ ਮੁਲਜ਼ਮਾਂ ਦੀ ਪਛਾਣ ਰਾਜਵਿੰਦਰ ਸਿੰਘ ਉਰਫ ਮੰਗਾ ਉਰਫ ਰਾਜੂ ਵਾਸੀ ਮੋਗਾ, ਰਾਜਵੀਰ ਸਿੰਘ ਉਰਫ ਅਵਿਨਾਸ਼ ਸਿੰਘ ਵਾਸੀ ਬਿਹਾਰ ਅਤੇ ਵਰੁਣ ਜੈਜੀ ਉਰਫ ਵਾਨੂ ਵਾਸੀ ਜਲੰਧਰ ਵਜੋਂ ਹੋਈ ਹੈ। ਅੰਮ੍ਰਿਤਸਰ ਦੇ ਰਹਿਣ ਵਾਲੇ ਗੋਪੀ ਉਰਫ ਗੋਪੀ ਨੂੰ ਨਾਂਦੇੜ ਸਾਹਿਬ ਜ਼ਿਲ੍ਹੇ ਤੋਂ ਗ੍ਰਿਫਤਾਰ ਕੀਤਾ ਗਿਆ ਹੈ। 12 ਜੂਨ ਨੂੰ ਮੋਗਾ ਵਿਚ ਏਸ਼ੀਆ ਜਿਊਲਰਜ਼ ਸ਼ੋਅ ਰੂਮ ਦੇ ਮਾਲਕ ਪਰਮਿੰਦਰ ਸਿੰਘ ਉਰਫ ਵਿੱਕੀ ਦੀ ਗੋਲੀ ਮਾਰਨ ਮਗਰੋਂ ਮੁਲਜ਼ਮ ਸੋਨੇ ਦੇ ਗਹਿਣੇ ਲੁੱਟ ਕੇ ਲੈ ਗਏ ਸਨ।

# ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ 74 ਫੀਸਦ ਕਾਮੇ ਅਯੋਗ ਨਿਕਲੇ

**ਚੰਡੀਗੜ੍ਹ:** ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ 'ਚ ਕੰਮ ਕਰਦੇ 74 ਫੀਸਦੀ ਕੱਚੇ ਕਾਮੇ ਅਯੋਗ ਨਿਕਲੇ ਹਨ ਜਿਨ੍ਹਾਂ ਕੋਲ ਤੈਅ ਯੋਗਤਾ ਹੀ ਨਹੀਂ ਹੈ। ਜੇਕਰ ਗੱਲ ਵਾਟਰ ਵਰਕਸਾਂ 'ਤੇ ਲੱਗੇ ਕਾਮਿਆਂ ਦੀ ਕੀਤੀ ਜਾਵੇ ਤਾਂ ਇਨ੍ਹਾਂ ਕਾਮਿਆਂ ਦੀ ਦਰ 86 ਫੀਸਦੀ ਬਣਦੀ ਹੈ ਜੋ ਅਯੋਗ ਹਨ। ਪੰਜਾਬ ਸਰਕਾਰ ਨੇ ਜਦੋਂ ਕੱਚੇ ਕਾਮਿਆਂ ਨੂੰ ਰੈਗੂਲਰ ਕਰਨ ਲਈ ਪ੍ਰਕਿਰਿਆ ਵਿੱਢੀ ਤਾਂ ਇਹ ਤੱਥ ਉੱਭਰੇ ਕਿ ਬਹੁਗਿਣਤੀ ਕੱਚੇ ਕਾਮਿਆਂ ਕੋਲ ਲੋੜੀਂਦੀ ਵਿੱਦਿਅਕ ਯੋਗਤਾ ਹੀ ਨਹੀਂ ਹੈ। ਇਹ ਕੱਚੇ ਕਾਮੇ ਅਕਾਲੀ-ਭਾਜਪਾ ਗੱਠਜੋੜ ਅਤੇ ਕਾਂਗਰਸੀ ਰਾਜ ਦੌਰਾਨ ਭਰਤੀ ਕੀਤੇ ਗਏ ਸਨ। ਹੁਣ ਪੰਜਾਬ ਸਰਕਾਰ ਕਸੂਤੀ ਫਸ ਗਈ ਹੈ ਕਿ ਉਹ ਵਿੱਦਿਅਕ ਤੌਰ 'ਤੇ ਅਯੋਗ ਕੱਚੇ ਕਾਮਿਆਂ ਨੂੰ ਕਿਸ ਆਧਾਰ 'ਤੇ ਰੈਗੂਲਰ ਕਰੇ।

ਜਲ ਸਪਲਾਈ ਵਿਭਾਗ ਵਿਚ ਇਹ ਕੱਚੇ ਕਾਮੇ (ਆਊਟਸੋਰਸ/ਇਨਲਿਸਟਡ ਠੇਕੇਦਾਰ) ਵਰ੍ਹਾ 2001-2002 ਤੋਂ ਭਰਤੀ ਹੋਣੇ ਸ਼ੁਰੂ ਹੋਏ ਸਨ। 800 ਦੇ ਕਰੀਬ ਕੱਚੇ ਕਾਮੇ ਤਾਂ ਪਿਛਲੀ ਅਮਰਿੰਦਰ ਸਰਕਾਰ ਵੇਲੇ ਭਰਤੀ ਹੋਏ ਸਨ। ਵੱਡੀ ਗਿਣਤੀ ਵਿਚ ਕੱਚੇ ਕਾਮੇ ਅਕਾਲੀ-ਭਾਜਪਾ ਗੱਠਜੋੜ ਸਰਕਾਰ ਸਮੇਂ ਭਰਤੀ ਕੀਤੇ ਗਏ ਸਨ।




ਸੂਤਰਾਂ ਅਨੁਸਾਰ ਪੰਜਾਬ ਸਰਕਾਰ ਹੁਣ ਉਨ੍ਹਾਂ ਆਊਟਸੋਰਸ ਕੰਪਨੀਆਂ ਨੂੰ ਬਲੈਕ ਲਿਸਟ ਕਰਨ ਦੇ ਰੌਂਅ ਵਿਚ ਹੈ ਜਿਨ੍ਹਾਂ ਨੇ ਬਿਨਾਂ ਯੋਗਤਾ ਪਰਖੇ ਕਾਮੇ ਭਰਤੀ ਕੀਤੇ।

ਦੂਸਰੇ ਬੰਨ੍ਹੇ ਕੱਚੇ ਕਾਮਿਆਂ ਦੀ ਤਰਾਸਦੀ ਇਹ ਹੈ ਕਿ ਉਹ ਲੰਮਾ ਅਰਸਾ ਡਿਊਟੀ ਕਰਨ ਮਗਰੋਂ ਹੁਣ ਕਿਸ ਪਾਸੇ ਜਾਣ। ਵੇਰਵਿਆਂ ਅਨੁਸਾਰ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵਿਚ ਕੁੱਲ 4329 ਕੱਚੇ ਕਾਮੇ (ਆਊਟ ਸੋਰਸ/ਇਨਲਿਸਟਡ ਠੇਕੇਦਾਰ) ਕੰਮ ਕਰ ਰਹੇ ਹਨ। ਇਨ੍ਹਾਂ 'ਚੋਂ 3530 ਕਾਮੇ ਤਾਂ ਜਲ ਸਪਲਾਈ ਸਕੀਮਾਂ 'ਤੇ ਤਾਇਨਾਤ ਹਨ ਜਦੋਂ ਕਿ 799 ਕੱਚੇ ਕਾਮੇ ਦਫਤਰਾਂ ਵਿਚ ਕੰਮ ਕਰ ਰਹੇ ਹਨ।

ਸਰਕਾਰੀ ਰਿਪੋਰਟ ਅਨੁਸਾਰ ਦਫਤਰੀ ਕਾਮਿਆਂ ਵਿਚੋਂ 161 ਭਾਵ 20 ਫੀਸਦੀ ਅਯੋਗ ਪਾਏ ਗਏ ਹਨ ਜਦੋਂ ਕਿ ਜਲ ਸਪਲਾਈ ਸਕੀਮਾਂ 'ਤੇ ਤਾਇਨਾਤ ਕੁੱਲ 3530 ਕਾਮਿਆਂ ਵਿਚੋਂ 3039 ਕਾਮੇ ਭਾਵ 86 ਫੀਸਦੀ ਅਯੋਗ ਨਿਕਲੇ ਹਨ। ਅਧਿਕਾਰੀ ਆਖਦੇ ਹਨ ਕਿ ਜਿਸ ਅਸਾਮੀ ਵਾਸਤੇ ਆਈ.ਟੀ.ਆਈ. ਪਾਸ ਹੋਣਾ ਲਾਜ਼ਮੀ ਸੀ, ਉਸ ਅਸਾਮੀ 'ਤੇ ਅਨਪੜ੍ਹ ਵੀ ਭਰਤੀ ਕੀਤੇ ਗਏ ਹਨ। ਇਥੋਂ ਤੱਕ ਕਿ ਪਟਿਆਲਾ ਡਿਵੀਜ਼ਨ 'ਚ ਦੋ ਜੂਨੀਅਰ ਇੰਜੀਨੀਅਰ ਅਨਪੜ੍ਹ ਹੀ ਹਨ। ਵਰ੍ਹਾ 2011 ਵਿਚ ਤਤਕਾਲੀ ਸਰਕਾਰ ਨੇ ਡੇਲੀਵੇਜ ਅਤੇ ਐਡਹਾਕ ਕਾਮਿਆਂ ਨੂੰ ਰੈਗੂਲਰ ਵੀ ਕੀਤਾ ਸੀ। ਕੱਚੇ ਕਾਮਿਆਂ ਵਿਚੋਂ ਵੱਡੀ ਗਿਣਤੀ ਪੰਪ ਅਪਰੇਟਰ ਹਨ ਜੋ 2500 ਦੇ ਕਰੀਬ ਹਨ। ਰਿਪੋਰਟ ਅਨੁਸਾਰ 10 ਸਾਲ ਤੋਂ ਜ਼ਿਆਦਾ ਸਮੇਂ ਤੋਂ ਕੰਮ ਕਰਦੇ ਕੱਚੇ ਕਾਮਿਆਂ ਦਾ ਅੰਕੜਾ 2315 ਬਣਦਾ ਹੈ ਜਿਨ੍ਹਾਂ ਵਿਚ 80 ਫੀਸਦੀ ਮਤਲਬ 1868 ਅਯੋਗ ਪਾਏ ਗਏ ਹਨ। ਪੰਜ ਤੋਂ ਦਸ ਸਾਲ ਦੀ ਸਰਵਿਸ ਵਾਲੇ ਕਾਮਿਆਂ ਦੀ ਗਿਣਤੀ 1217 ਅਤੇ ਜ਼ੀਰੋ ਤੋਂ ਪੰਜ ਸਾਲ ਦੀ ਸਰਵਿਸ ਵਾਲੇ ਕੱਚੇ ਕਾਮਿਆਂ ਦਾ ਅੰਕੜਾ 797 ਬਣਦਾ ਹੈ।

### ਯੋਗਤਾ ਦਾ ਸੁਆਲ ਭਰਤੀ ਵੇਲੇ ਹੋਣਾ ਚਾਹੀਦਾ: ਮੁਲਾਜ਼ਮ

**ਚੰਡੀਗੜ੍ਹ:** ਜਲ ਸਪਲਾਈ ਮਹਿਕਮੇ ਵਿਚ ਕੱਚੇ ਕਾਮੇ ਪੰਪ ਅਪਰੇਟਰ, ਫਿਟਰ, ਫਿਟਰ ਕੁਲੀ, ਪੈਟਰੋਲ ਮੈਨ, ਵਰਕ ਮੁਨਸ਼ੀ, ਬੇਲਦਾਰ, ਚੌਕੀਦਾਰ, ਬਿੱਲ ਕਲਰਕ, ਬਿੱਲ ਡਿਸਟ੍ਰੀਬਿਊਟਰ ਅਤੇ ਲੈਜਰ ਕੀਪਰ ਆਦਿ ਦੇ ਅਹੁਦੇ 'ਤੇ ਕੰਮ ਕਰ ਰਹੇ ਹਨ। ਕੱਚੇ ਕਾਮੇ ਆਖਦੇ ਹਨ ਕਿ ਹੁਣ ਜਦੋਂ ਜ਼ਿੰਦਗੀ ਦਾ ਅਹਿਮ ਸਮਾਂ ਸਰਕਾਰੀ ਡਿਊਟੀ ਵਿਚ ਲਗਾ ਚੁੱਕੇ ਹਨ ਤਾਂ ਇੰਨੇ ਲੰਮੇ ਅਰਸੇ ਮਗਰੋਂ ਸਰਕਾਰ ਨੇ ਯੋਗਤਾ ਦਾ ਸੁਆਲ ਖੜ੍ਹਾ ਕਰ ਦਿੱਤਾ ਹੈ। ਉਨ੍ਹਾਂ ਦਾ ਤਰਕ ਹੈ ਕਿ ਭਰਤੀ ਕਰਨ ਵੇਲੇ ਯੋਗਤਾ ਦਾ ਸੁਆਲ ਹੋਣਾ ਚਾਹੀਦਾ ਹੈ।

## ਟਰੈਮ-3 ਟਰੈਕਟਰਾਂ ਦੀ ਰਜਿਸਟ੍ਰੇਸ਼ਨ ਹੁਣ 30 ਤੱਕ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਟਰੈਮ-3 ਸਟੈਂਡਰਡ ਦੇ ਟਰੈਕਟਰਾਂ ਦੀ ਰਜਿਸਟ੍ਰੇਸ਼ਨ ਕਰਾਉਣ ਲਈ 30 ਜੂਨ ਤੱਕ ਦਾ ਸਮਾਂ ਦਿੱਤਾ ਹੈ। ਇਹ ਐਲਾਨ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਆਪਣੇ ਦਫਤਰ ਵਿਚ ਟਰੈਕਟਰ ਡੀਲਰਜ਼ ਐਸੋਸੀਏਸ਼ਨ ਦੇ ਨੁਮਾਇੰਦਿਆਂ ਨਾਲ ਮੀਟਿੰਗ ਦੌਰਾਨ ਕੀਤਾ। ਟਰੈਕਟਰ ਨੂੰ ਸੂਬੇ ਦੀ ਖੇਤੀ ਆਰਥਿਕਤਾ ਦਾ ਧੁਰਾ ਮੰਨਦਿਆਂ ਸ੍ਰੀ ਭੁੱਲਰ ਨੇ ਕਿਹਾ ਕਿ ਸੂਬਾ ਸਰਕਾਰ ਕਿਸਾਨਾਂ ਦੀ ਆਮਦਨ ਵਧਾਉਣ ਦੇ ਨਾਲ-ਨਾਲ ਉਨ੍ਹਾਂ ਦੀ ਭਲਾਈ ਲਈ ਹਰ ਹੰਭਲਾ ਮਾਰਨ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਦੇ ਸੜਕੀ ਆਵਾਜਾਈ ਅਤੇ ਰਾਜਮਾਰਗ ਮੰਤਰਾਲੇ ਦੀਆਂ ਸ਼ਰਤਾਂ ਮੁਤਾਬਕ ਸੂਬੇ ਵਿਚ ਟਰੈਮ-3 ਸਟੈਂਡਰਡ ਦੇ ਟਰੈਕਟਰਾਂ ਦੀ ਰਜਿਸਟ੍ਰੇਸ਼ਨ ਬੰਦ ਸੀ, ਜਿਸ ਕਾਰਨ ਕਿਸਾਨਾਂ ਅਤੇ ਡੀਲਰਾਂ ਨੂੰ ਨੁਕਸਾਨ ਝੱਲਣਾ ਪੈ ਰਿਹਾ ਸੀ। ਕੈਬਨਿਟ ਮੰਤਰੀ ਨੇ ਕਿਹਾ ਕਿ ਹੁਣ ਕਿਸਾਨ ਤੇ ਡੀਲਰ 30 ਜੂਨ ਤੱਕ ਟਰੈਮ-3 ਸਟੈਂਡਰਡ ਦੇ ਟਰੈਕਟਰਾਂ ਦੀ ਰਜਿਸਟ੍ਰੇਸ਼ਨ ਕਰਵਾ ਸਕਣਗੇ। ਉਨ੍ਹਾਂ ਕਿਹਾ ਕਿ ਡੀਲਰ ਆਪਣੀ ਆਈ.ਡੀ. ਵਿਚੋਂ ਰਜਿਸਟ੍ਰੇਸ਼ਨ ਲਈ ਅਪਲਾਈ ਕਰ ਸਕਦੇ ਹਨ ਤੇ ਜਿੱਥੇ ਡੀਲਰ ਆਈ.ਡੀ. ਉਪਲਬਧ ਨਹੀਂ ਹੈ, ਉਥੇ ਆਰ.ਟੀ.ਏ, ਐਸ.ਡੀ.ਐਮ. ਦੀ ਆਈਡੀ ਵਿਚੋਂ ਟਰੈਕਟਰ ਦੀ ਰਜਿਸਟ੍ਰੇਸ਼ਨ ਕਰਵਾਈ ਜਾ ਸਕੇਗੀ।

## ਬੇਅਦਬੀ ਕੇਸ: ਗ੍ਰੰਥੀ ਸਿੰਘ ਨੂੰ ਧਾਰਮਿਕ ਸਜ਼ਾ

**ਜਗਰਾਉਂ:** ਪਿੰਡ ਸ਼ੇਰਪੁਰ ਕਲਾਂ ਦੇ ਗੁਰਦੁਆਰਾ ਜਗਤਸਰ ਵਿਚ 'ਚ ਕਿਸੇ ਅਣਪਛਾਤੇ ਵਿਅਕਤੀ ਵੱਲੋਂ ਗੁਰੂ ਗ੍ਰੰਥ ਸਾਹਿਬ ਦੇ ਦੋ ਸਰੂਪਾਂ ਨਾਲ ਛੇੜਛਾੜ ਕਰਦੇ ਹੋਏ ਅੰਗਾਂ ਉਪਰ ਪੈੱਨ ਚਲਾਉਣ ਦੇ ਮਾਮਲੇ 'ਚ ਸ਼੍ਰੋਮਣੀ ਕਮੇਟੀ ਨੇ ਗ੍ਰੰਥੀ ਸਿੰਘ ਨੂੰ ਧਾਰਮਿਕ ਸਜ਼ਾ ਸੁਣਾਈ ਹੈ। ਸ਼ਿਕਾਇਤ ਮਗਰੋਂ ਪੁਲਿਸ ਨੇ ਅਣਪਛਾਤੇ ਖ਼ਿਲਾਫ ਕੇਸ ਦਰਜ ਕੀਤਾ ਹੈ। ਸਾਬਕਾ ਪ੍ਰਧਾਨ ਗੁਰਮੇਲ ਸਿੰਘ ਨੇ ਦੱਸਿਆ ਕਿ ਮੇਜਰ ਸਿੰਘ ਵਾਸੀ ਭੋਲੂਵਾਲ ਰੋਡ ਬਸਤੀ ਗੋਬਿੰਦ ਨਗਰ (ਫਰੀਦਕੋਟ), ਗੁਰਦੁਆਰਾ ਜਗਤਸਰ ਸਾਹਿਬ 'ਚ ਪਿਛਲੇ ਲਗਭਗ 18/19 ਸਾਲਾਂ ਤੋਂ ਬਤੌਰ ਮੁੱਖ ਗ੍ਰੰਥੀ ਸੇਵਾਵਾਂ ਨਿਭਾਅ ਰਿਹਾ ਹੈ। ਗੁਰੂ ਘਰ 'ਚ ਵਾਪਰੀ ਬੇਅਦਬੀ ਦੀ ਘਟਨਾ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗ੍ਰੰਥੀ ਮੇਜਰ ਸਿੰਘ ਨੂੰ ਧਾਰਮਿਕ ਸਜ਼ਾ ਸੁਣਾਈ ਹੈ ਅਤੇ ਗੁਰਮੇਲ ਸਿੰਘ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀ ਖ਼ਿਲਾਫ ਕੇਸ ਦਰਜ ਕਰ ਲਿਆ ਹੈ।

## ਸਵੱਛ ਭਾਰਤ ਮਿਸ਼ਨ ਤਹਿਤ 140 ਕਰੋੜ ਰੁਪਏ ਜਾਰੀ: ਜਿੰਪਾ

**ਚੰਡੀਗੜ੍ਹ:** ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਨੂੰ ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਤਹਿਤ ਤਰਲ ਰਹਿੰਦ-ਖੂੰਹਦ ਦੇ ਪ੍ਰਬੰਧਨ ਲਈ ਕੁੱਲ 140.25 ਕਰੋੜ ਰੁਪਏ ਜਾਰੀ ਕੀਤੇ ਹਨ। ਇਸ ਰਾਸ਼ੀ ਨਾਲ ਸਾਰੇ 23 ਜ਼ਿਲ੍ਹਿਆਂ ਦੇ 2950 ਪਿੰਡਾਂ ਨੂੰ ਕਵਰ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ ਜ਼ਿਲ੍ਹੇ ਦੇ 288 ਪਿੰਡਾਂ ਨੂੰ 11.84 ਕਰੋੜ ਰੁਪਏ, ਬਰਨਾਲਾ ਦੇ 89 ਪਿੰਡਾਂ ਨੂੰ 8.66 ਕਰੋੜ ਰੁਪਏ, ਬਠਿੰਡਾ ਦੇ 226 ਪਿੰਡਾਂ ਨੂੰ 10.50 ਕਰੋੜ ਰੁਪਏ, ਫਰੀਦਕੋਟ ਦੇ 35 ਪਿੰਡਾਂ ਨੂੰ 5.28 ਕਰੋੜ ਰੁਪਏ, ਫਤਹਿਗੜ੍ਹ ਸਾਹਿਬ ਦੇ 42 ਪਿੰਡਾਂ ਨੂੰ 1.27 ਕਰੋੜ ਰੁਪਏ, ਫਾਜ਼ਿਲਕਾ ਦੇ 57 ਪਿੰਡਾਂ ਨੂੰ 6.49 ਕਰੋੜ ਰੁਪਏ, ਫਿਰੋਜ਼ਪੁਰ ਦੇ 44 ਪਿੰਡਾਂ ਨੂੰ 1.22 ਕਰੋੜ ਰੁਪਏ, ਗੁਰਦਾਸਪੁਰ ਦੇ 604 ਪਿੰਡਾਂ ਨੂੰ 10.32 ਕਰੋੜ ਰੁਪਏ ਜਾਰੀ ਕੀਤੇ ਗਏ ਹਨ।

## ਹਵਾਲਾਤੀਆਂ ਦੀ ਸਿਹਤ ਦੀ ਜਾਂਚ ਕਰਵਾਏਗੀ ਪੰਜਾਬ ਸਰਕਾਰ

**ਚੰਡੀਗੜ੍ਹ:** ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਪਟਿਆਲਾ ਦੀ ਕੇਂਦਰੀ ਜੇਲ੍ਹ ਪੁੱਜੇ ਤੇ ਉਨ੍ਹਾਂ ਸੂਬਾ ਪੱਧਰੀ ਸਮਾਗਮ ਦੌਰਾਨ ਰਾਜ ਦੀਆਂ 25 ਜੇਲ੍ਹਾਂ ਅੰਦਰ ਬੰਦੀਆਂ ਦੀ ਜਾਂਚ ਲਈ ਮਹੀਨਾ ਭਰ ਚੱਲਣ ਵਾਲੀ ਸੂਬਾ ਪੱਧਰੀ ਸਕਰੀਨਿੰਗ ਮੁਹਿੰਮ ਦਾ ਆਗਾਜ਼ ਕਰਵਾਇਆ।

ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਦੇ 3 ਕਰੋੜ ਲੋਕਾਂ ਦੀ ਸਿਹਤ ਸੰਭਾਲ ਲਈ ਵਾਅਦੇ ਪੂਰੇ ਕਰਨ ਲਈ ਕੰਮ ਕਰ ਰਹੀ ਹੈ। ਜੇਲ੍ਹ ਟ੍ਰੇਨਿੰਗ ਸਕੂਲ ਵਿਚ ਕਰਵਾਏ ਸਮਾਗਮ ਨੂੰ ਸੰਬੋਧਨ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਆਦੇਸ਼ਾਂ ਤਹਿਤ ਸੂਬੇ ਦੀਆਂ ਸਾਰੀਆਂ ਜੇਲ੍ਹਾਂ ਅੰਦਰ ਬੰਦ 30,494 ਕੈਦੀਆਂ ਤੇ ਹਵਾਲਾਤੀਆਂ ਦੀ ਸਿਹਤ ਦੀ ਜਾਂਚ ਕਰਵਾ ਕੇ ਗੁਪਤ ਰੋਗ, ਐਚ.ਆਈ.ਵੀ, ਟੀ.ਬੀ ਅਤੇ ਹੈਪੇਟਾਈਟਸ ਤੋਂ ਪੀੜਤ ਮਰੀਜ਼ਾਂ ਦਾ ਇਲਾਜ ਕਰਵਾਇਆ ਜਾਵੇਗਾ। ਇਸ ਮੌਕੇ ਏ.ਡੀ.ਜੀ.ਪੀ. ਜੇਲ੍ਹਾਂ ਅਰੁਣਪਾਲ ਸਿੰਘ ਤੇ ਸਿਹਤ ਵਿਭਾਗ ਦੇ ਵਿਸ਼ੇਸ਼ ਸਕੱਤਰ ਡਾ. ਅਡੱਪਾ ਕਾਰਥਿਕ ਵੀ ਮੌਜੂਦ ਸਨ। ਸਿਹਤ ਮੰਤਰੀ ਨੇ ਐਲਾਨ ਕੀਤਾ ਕਿ ਬੰਦੀਆਂ ਦੀ ਮਾਨਸਿਕ ਸਿਹਤ ਵਿਚ ਸੁਧਾਰ ਲਿਆਉਣ ਲਈ ਮਨੋਰੋਗਾਂ ਦੇ ਮਾਹਿਰਾਂ ਤੇ ਕਾਉਂਸਲਰਾਂ ਦੀਆਂ ਸੇਵਾਵਾਂ ਲਈਆਂ ਜਾਣਗੀਆਂ।

## ਅੰਗਰੇਜ਼ਾਂ ਵੇਲੇ ਦੇ ਕੁਝ ਕਾਨੂੰਨ ਬਦਲਣ ਦੀ ਪ੍ਰਕਿਰਿਆ ਜਾਰੀ: ਮੇਘਵਾਲ

**ਅੰਮ੍ਰਿਤਸਰ:** ਕੇਂਦਰੀ ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ ਨੇ ਇਥੇ ਦਿੱਲੀ-ਅੰਮ੍ਰਿਤਸਰ ਕਟੜਾ ਐਕਸਪ੍ਰੈਸ ਹਾਈਵੇਅ ਦੇ ਚੱਲ ਰਹੇ ਕੰਮ ਦਾ ਜਾਇਜ਼ਾ ਲਿਆ। ਭਾਜਪਾ ਦਫਤਰ 'ਚ ਮੀਡੀਆ ਨਾਲ ਗੱਲਬਾਤ ਕਰਦਿਆਂ ਕੇਂਦਰੀ ਕਾਨੂੰਨ ਮੰਤਰੀ ਨੇ ਆਖਿਆ ਕਿ ਅੰਗਰੇਜ਼ਾਂ ਵੇਲੇ ਦੇ ਬਣੇ ਕੁਝ ਕਾਨੂੰਨ ਅੱਜ ਦੇ ਸਮੇਂ 'ਚ ਢੁਕਵੇਂ ਨਹੀਂ ਜਾਪਦੇ, ਜਿਨ੍ਹਾਂ ਨੂੰ ਮੋਦੀ ਸਰਕਾਰ ਵੱਲੋਂ ਬਦਲਣ ਦੀ ਪ੍ਰਕਿਰਿਆ ਜਾਰੀ ਹੈ।

ਪਹਿਲਵਾਨ ਲੜਕੀਆਂ ਦੇ ਮਾਮਲੇ ਬਾਰੇ



ਭਾਜਪਾ ਦੀ ਚੁੱਪ ਸਬੰਧੀ ਉਨ੍ਹਾਂ ਕਿਹਾ ਕਿ ਅਦਾਲਤ 'ਚ ਚਾਰਜਸ਼ੀਟ ਪੇਸ਼ ਕਰ ਦਿੱਤੀ ਗਈ ਹੈ, ਕਾਨੂੰਨ ਆਪਣਾ ਕੰਮ ਕਰ ਰਿਹਾ ਹੈ। ਇਸ ਮੌਕੇ ਉਨ੍ਹਾਂ ਪੰਜਾਬ ਦੀ 'ਆਪ' ਸਰਕਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਪੰਜਾਬ 'ਚ ਅਮਨ-ਕਾਨੂੰਨ ਦੀ ਵਿਵਸਥਾ ਠੀਕ ਨਹੀਂ ਹੈ। ਆਗਾਮੀ ਸੰਸਦੀ ਚੋਣਾਂ ਬਾਰੇ ਉਨ੍ਹਾਂ ਕਿਹਾ ਕਿ ਪੰਜਾਬ ਭਾਜਪਾ ਇਨ੍ਹਾਂ ਚੋਣਾਂ ਲਈ ਤਿਆਰ ਹੈ। ਉਨ੍ਹਾਂ ਦਾਅਵਾ ਕੀਤਾ ਕਿ ਕੇਂਦਰ 'ਚ ਮੁੜ ਭਾਜਪਾ ਹੀ ਸੱਤਾ 'ਚ ਆਵੇਗੀ। ਦਿੱਲੀ-ਅੰਮ੍ਰਿਤਸਰ ਕਟੜਾ ਐਕਸਪ੍ਰੈਸ ਮਾਰਗ 'ਤੇ ਚੱਲ ਰਹੇ ਕੰਮ ਦਾ ਜਾਇਜ਼ਾ ਲੈਂਦਿਆਂ ਉਨ੍ਹਾਂ ਕਿਹਾ ਕਿ ਮਾਰਗ ਬਣਨ ਨਾਲ ਕਪੂਰਥਲਾ ਤੇ ਅੰਮ੍ਰਿਤਸਰ ਦਾ ਹਵਾਈ ਅੱਡਾ ਵੀ ਇਸ ਮਾਰਗ ਨਾਲ ਜੁੜੇਗਾ।

# ਦੋ ਕਿਸਾਨਾਂ ਦੀਆਂ ਧੀਆਂ ਹਵਾਈ ਫੌਜ 'ਚ ਫਲਾਇੰਗ ਅਫਸਰ ਬਣੀਆਂ

**ਚੰਡੀਗੜ੍ਹ:** ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ (ਏ.ਐਫ.ਪੀ.ਆਈ.) ਫਾਰ ਗਰਲਜ਼ ਮੁਹਾਲੀ ਦੀਆਂ ਦੋ ਸਾਬਕਾ ਵਿਦਿਆਰਥਣਾਂ ਇਵਰਾਜ ਕੌਰ ਅਤੇ ਪ੍ਰਭ ਸਿਮਰਨ ਕੌਰ ਨੂੰ ਏਅਰ ਫੋਰਸ ਅਕੈਡਮੀ, ਡੰਡੀਗਲ, ਹੈਦਰਾਬਾਦ ਤੋਂ ਟਰੇਨਿੰਗ ਮਗਰੋਂ ਭਾਰਤੀ ਹਵਾਈ ਸੈਨਾ ਵਿਚ ਫਲਾਇੰਗ ਅਫਸਰ ਵਜੋਂ ਚੁਣਿਆ ਗਿਆ ਹੈ ਜੋ ਸੰਸਥਾ, ਸੂਬੇ ਅਤੇ ਕਿਸਾਨਾਂ ਲਈ ਵੱਡੇ ਮਾਣ ਵਾਲੀ ਗੱਲ ਹੈ। ਜਾਣਕਾਰੀ ਅਨੁਸਾਰ ਫਲਾਇੰਗ ਅਫਸਰ ਇਵਰਾਜ ਕੌਰ ਫਲਾਇੰਗ ਬ੍ਰਾਂਚ ਵਿਚ ਬਤੌਰ ਹੈਲੀਕਾਪਟਰ ਪਾਇਲਟ ਜੁਆਇਨ ਕਰੇਗੀ ਜੋ ਕਿ ਜ਼ਿਲ੍ਹਾ ਰੂਪਨਗਰ ਦੇ ਅਗਾਂਹਵਧੂ ਕਿਸਾਨ ਜਸਪ੍ਰੀਤ ਸਿੰਘ ਦੀ ਧੀ ਹੈ ਜਦੋਂਕਿ ਫਲਾਇੰਗ ਅਫਸਰ ਪ੍ਰਭ ਸਿਮਰਨ ਕੌਰ ਦੇ ਪਿਤਾ ਪਰਮਜੀਤ ਸਿੰਘ ਵੀ ਗੁਰਦਾਸਪੁਰ ਜ਼ਿਲ੍ਹੇ ਦੇ ਕਿਸਾਨ ਹਨ। ਪ੍ਰਭ ਸਿਮਰਨ ਦੀ ਨਿਯੁਕਤੀ ਹਵਾਈ ਸੈਨਾ ਦੀ ਐਜੂਕੇਸ਼ਨ ਬ੍ਰਾਂਚ ਵਿਚ ਹੋਈ ਹੈ। ਪੰਜਾਬ ਦੇ ਰੁਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਅਮਨ ਅਰੋੜਾ ਨੇ ਇਨ੍ਹਾਂ ਦੋਵੇਂ ਨਵ-ਨਿਯੁਕਤ ਅਫਸਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਪੰਜਾਬ ਦੀਆਂ ਇਨ੍ਹਾਂ ਹੋਣਹਾਰ ਧੀਆਂ ਦੇ ਪਿਤਾ ਕਿਸਾਨ ਹਨ ਅਤੇ ਉਨ੍ਹਾਂ ਦੀ ਸਫਲਤਾ ਯਕੀਨੀ ਤੌਰ 'ਤੇ ਪੰਜਾਬ ਦੇ ਛੋਟੇ ਕਸਬਿਆਂ ਅਤੇ



ਪਿੰਡਾਂ ਦੇ ਬੱਚਿਆਂ ਖਾਸ ਕਰਕੇ ਲੜਕੀਆਂ ਨੂੰ ਰੱਖਿਆ ਸੇਵਾਵਾਂ ਵਿੱਚ ਕਮਿਸ਼ਨਡ ਅਫਸਰ ਬਣ ਕੇ ਦੇਸ਼ ਦੀ ਸੇਵਾ ਕਰਨ ਲਈ ਪ੍ਰੇਰਿਤ ਕਰੇਗੀ। ਜ਼ਿਕਰਯੋਗ ਹੈ ਕਿ ਮਾਈ ਭਾਗੋ ਇੰਸਟੀਚਿਊਟ ਮੁਹਾਲੀ, ਪੰਜਾਬ ਦੇ ਰੁਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਵਿਭਾਗ ਅਧੀਨ ਕਾਰਜਸ਼ੀਲ ਹੈ, ਜਿਸ ਕੋਲ ਅਤਿ-ਆਧੁਨਿਕ ਬੁਨਿਆਦੀ ਢਾਂਚੇ ਵਾਲਾ ਰਿਹਾਇਸ਼ੀ ਕੈਂਪ ਹੈ ਅਤੇ ਇਹ ਦੇਸ਼ ਵਿਚ ਆਪਣੀ ਕਿਸਮ ਦਾ ਇਕੋ ਇਕ ਕੈਂਪ ਹੈ। ਕੈਬਨਿਟ ਮੰਤਰੀ ਨੇ ਦੱਸਿਆ ਕਿ ਪੰਜਾਬ ਦੀਆਂ ਲੜਕੀਆਂ ਦੇ ਦੇਸ਼ ਦੀ ਸੇਵਾ ਲਈ ਰੱਖਿਆ ਸੇਵਾਵਾਂ 'ਚ ਜਾਣ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਨੇ ਹਾਲ ਹੀ ਵਿਚ ਮਾਈ ਭਾਗੋ ਇੰਸਟੀਚਿਊਟ ਮੁਹਾਲੀ 'ਚ ਐਨ.ਡੀ.ਏ. ਪ੍ਰੈਪਰੇਟਰੀ ਵਿੰਗ (ਲੜਕੀਆਂ) ਦੀ ਸਥਾਪਨਾ ਨੂੰ ਮਨਜ਼ੂਰੀ ਦਿੱਤੀ ਹੈ ਜਿੱਥੇ ਇਸੇ ਸਾਲ ਜੁਲਾਈ ਮਹੀਨੇ ਤੋਂ ਸਿਖਲਾਈ ਸ਼ੁਰੂ ਹੋ ਜਾਵੇਗੀ। ਮਾਈ ਭਾਗੋ ਇੰਸਟੀਚਿਊਟ ਦੇ ਡਾਇਰੈਕਟਰ ਮੇਜਰ ਜਨਰਲ (ਸੇਵਾਮੁਕਤ) ਜਸਬੀਰ ਸਿੰਘ ਸੰਧੂ ਨੇ ਸੰਸਥਾ ਦੀਆਂ ਇਨ੍ਹਾਂ ਦੋਵੇਂ ਵਿਦਿਆਰਥਣਾਂ ਦੇ ਫਲਾਇੰਗ ਅਫਸਰ ਵਜੋਂ ਚੁਣੇ ਜਾਣ 'ਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਇਹ ਪ੍ਰਾਪਤੀ ਉਨ੍ਹਾਂ ਨੂੰ ਸੂਬੇ ਦੀਆਂ ਹੋਰ ਲੜਕੀਆਂ ਨੂੰ ਹੋਰ ਹਥਿਆਰਬੰਦ ਸੈਨਾਵਾਂ ਲਈ ਪ੍ਰੀ-ਕਮਿਸ਼ਨ ਸਿਖਲਾਈ ਅਕਾਦਮੀਆਂ 'ਚ ਭੇਜਣ ਦੇ ਯਤਨਾਂ ਨੂੰ ਹੋਰ ਹੁਲਾਰਾ ਦੇਵੇਗੀ।

ਹਰਿਆਣਾ ਦੀਆਂ ਦੋ ਲੜਕੀਆਂ ਤੇ ਇਕ ਲੜਕੇ ਨੇ ਹੈਦਰਾਬਾਦ ਨੇੜਲੇ ਡੰਡੀਗਲ ਵਿਚ ਏਅਰ ਫੋਰਸ ਅਕੈਡਮੀ ਤੋਂ ਪਾਸ ਹੋ ਕੇ ਆਪਣੇ ਕੋਰਸ ਵਿਚ ਸਿਖਰਲੇ ਸਥਾਨ ਹਾਸਲ ਕੀਤੇ ਹਨ। ਰੋਹਤਕ ਦਾ ਫਲਾਇੰਗ ਅਫਸਰ ਬਣਿਆ ਨਿਤੇਸ਼ ਜਾਖੜ 211ਵੀਂ ਕੰਬਾਈਂਡ ਗਰੈਜੂਏਸ਼ਨ ਪਰੇਡ ਵਿਚ ਮੈਰਿਟ ਵਿਚ ਪਹਿਲੇ ਸਥਾਨ 'ਤੇ ਆਇਆ ਹੈ ਜਿਸ ਨੂੰ ਸਵੋਰਡ ਆਫ ਆਨਰ ਅਤੇ ਸੋਨ ਤਗਮੇ ਨਾਲ ਸਨਮਾਨਿਤ ਕੀਤਾ ਗਿਆ। ਦੂਜੇ ਪਾਸੇ ਪੰਚਕੂਲਾ ਦੀ ਰਹਿਣ ਵਾਲੀ ਮਨੀਸ਼ਾ ਯਾਦਵ ਨੂੰ ਗਰਾਊਂਡ ਡਿਊਟੀ ਰਾਸ਼ਟਰਪਤੀ ਸਨਮਾਨ ਵਿਚੋਂ ਪਹਿਲੇ ਸਥਾਨ 'ਤੇ ਰਹਿਣ ਵਜੋਂ ਰਾਸ਼ਟਰਪਤੀ ਸਨਮਾਨ ਚਿੰਨ੍ਹ ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਗੁਰੂਗ੍ਰਾਮ ਦੀ ਇਸ਼ਾਨਾ ਸਿੰਘ ਪ੍ਰਸ਼ਾਸਕੀ ਸ਼ਾਖਾ ਵਿਚ ਪਹਿਲੇ ਸਥਾਨ 'ਤੇ ਆਈ।

### ਸੁਖਬੀਰ ਵੱਲੋਂ ਹਵਾਈ ਫੌਜ 'ਚ ਕਮਿਸ਼ਨਡ ਅਫਸਰ ਵਜੋਂ ਚੁਣੇ ਗਏ ਕੈਡੇਟਾਂ ਨੂੰ ਵਧਾਈ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦੇ ਯਤਨਾਂ ਨੂੰ ਬੂਰ ਪੈਣ ਲੱਗਾ ਹੈ। ਉਨ੍ਹਾਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਵੱਲੋਂ ਸਥਾਪਤ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਅਤੇ ਮਾਈ ਭਾਗ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਦੇ 6 ਕੈਡੇਟਾਂ ਨੂੰ ਭਾਰਤੀ ਹਵਾਈ ਫੌਜ ਵਿਚ ਕਮਿਸ਼ਨਡ ਅਫਸਰ ਵਜੋਂ ਸੇਵਾਵਾਂ ਦੇਣ ਵਾਸਤੇ ਚੁਣ ਲਿਆ ਗਿਆ ਹੈ।

# ਸਰਕਾਰੀ ਨਲਾਇਕੀ: ਬਦਲਵੀਂ ਖੇਤੀ ਤੋਂ ਮੂੰਹ ਮੋੜਨ ਲੱਗੇ ਕਿਸਾਨ

**ਚੰਡੀਗੜ੍ਹ:** ਖੇਤੀਬਾੜੀ ਵਿਭਾਗ ਨੇ ਐਤਕੀਂ ਝੋਨੇ ਦੀ ਫਸਲ ਨਾਲ ਹੁੰਦੀ ਪਾਣੀ ਦੀ ਵਾਧੂ ਵਰਤੋਂ ਰੋਕਣ ਲਈ ਕਿਸਾਨਾਂ ਨੂੰ ਨਰਮੇ ਦੀ ਬਿਜਾਈ ਲਈ ਪ੍ਰੇਰਨ ਵਾਸਤੇ ਪੂਰੀ ਵਾਹ ਲਾ ਦਿੱਤੀ ਸੀ ਪਰ ਫਿਰ ਵੀ ਕਿਸਾਨਾਂ ਨੇ ਨਰਮੇ ਦੀ ਬਿਜਾਈ 'ਚ ਦਿਲਚਸਪੀ ਨਹੀਂ ਦਿਖਾਈ।



ਪੰਜਾਬ ਵਿਚ ਮੌਜੂਦਾ ਸਾਉਣੀ ਸੀਜ਼ਨ ਦੌਰਾਨ ਨਰਮੇ ਦੀ ਬਿਜਾਈ ਹੇਠਲਾ ਰਕਬਾ ਵੱਡੀ ਪੱਧਰ 'ਤੇ ਘਟ ਗਿਆ ਹੈ। ਪੰਜਾਬ ਸਰਕਾਰ ਨੇ ਐਤਕੀਂ 3 ਲੱਖ ਹੈਕਟੇਅਰ ਰਕਬੇ ਵਿਚ ਨਰਮੇ ਦੀ ਬਿਜਾਈ ਦਾ ਟੀਚਾ ਮਿਥਿਆ ਸੀ ਪਰ ਬਿਜਾਈ ਮਹਿਜ 1.75 ਲੱਖ ਹੈਕਟੇਅਰ ਵਿਚ ਹੋਈ ਹੈ। ਇਹ ਖੁਲਾਸਾ ਖੇਤੀਬਾੜੀ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨੇ ਕੀਤਾ ਹੈ। ਇਹ ਪਹਿਲੀ ਵਾਰ ਹੈ ਕਿ ਪੰਜਾਬ ਵਿਚ ਨਰਮੇ ਹੇਠਲਾ ਰਕਬਾ 2 ਲੱਖ ਹੈਕਟੇਅਰ ਤੋਂ ਵੀ ਘਟ ਗਿਆ ਹੈ। ਖੇਤੀਬਾੜੀ ਵਿਭਾਗ ਨੇ ਅਧਿਕਾਰੀਆਂ ਨੇ ਆਖਿਆ ਕਿ ਮੌਜੂਦਾ ਸਾਉਣੀ ਦੇ ਸੀਜ਼ਨ ਦੌਰਾਨ 3 ਲੱਖ ਹੈਕਟੇਅਰ ਰਕਬੇ ਵਿਚ ਨਰਮਾ ਬੀਜਣ ਦਾ ਟੀਚਾ ਮਿਥਿਆ ਸੀ ਪਰ ਨਰਮੇ ਦੀ ਬਿਜਾਈ ਮਹਿਜ 1.75 ਲੱਖ ਹੈਕਟੇਅਰ ਰਕਬੇ ਵਿਚ ਹੋਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਨਰਮੇ ਹੇਠਲਾ ਰਕਬਾ ਘਟਣ ਦਾ ਮੁੱਖ ਕਾਰਨ ਚਿੱਟੀ ਮੱਖੀ ਤੇ ਗੁਲਾਬੀ ਸੁੰਡੀ ਦਾ ਹਮਲਾ ਹੈ, ਕਿਉਂਕਿ ਪਿਛਲੇ ਦੋ ਸਾਲਾਂ ਤੋਂ ਲਗਾਤਾਰ ਚਿੱਟੀ ਮੱਖੀ ਤੇ ਗੁਲਾਬੀ ਸੁੰਡੀ ਦੇ ਹਮਲੇ ਨੇ ਨਰਮੇ ਦਾ ਵੱਡੀ ਪੱਧਰ 'ਤੇ ਨੁਕਸਾਨ ਕੀਤਾ ਹੈ, ਜਿਸ ਕਾਰਨ ਕਿਸਾਨਾਂ ਨੇ ਨਰਮੇ ਦੀ ਬਿਜਾਈ ਤੋਂ ਐਤਕੀਂ ਕਿਨਾਰਾ ਕਰ ਲਿਆ।

ਨਰਮੇ ਹੇਠਲਾ ਰਕਬਾ ਘਟਣ ਦਾ ਦੂਜਾ ਕਾਰਨ ਬਿਜਾਈ ਮੌਕੇ ਮੀਂਹ ਪੈਣਾ ਮੰਨਿਆ ਜਾ ਰਿਹਾ ਹੈ, ਕਿਉਂਕਿ ਮੀਂਹ ਕਾਰਨ ਨਰਮਾ 'ਤੇ ਕਰੰਡ ਹੋ ਜਾਂਦਾ ਹੈ, ਜਿਸ ਕਾਰਨ ਬੀਜ ਪੁੰਗਰਦਾ ਨਹੀਂ ਹੈ। ਹਾਲਾਂਕਿ ਕਿਸਾਨਾਂ ਨੇ 2500 ਹੈਕਟੇਅਰ ਰਕਬੇ ਵਿਚ ਨਰਮੇ ਦੀ ਮੁੜ ਬਿਜਾਈ ਕੀਤੀ ਸੀ ਪਰ ਮੁੜ ਪਏ ਮੀਂਹ ਨੇ ਫਿਰ ਉਨ੍ਹਾਂ ਦੀਆਂ ਆਸਾਂ 'ਤੇ ਪਾਣੀ ਫੇਰ ਦਿੱਤਾ, ਜਿਸ ਕਾਰਨ ਉਨ੍ਹਾਂ ਨੇ ਨਰਮਾ ਨਾ ਬੀਜਣ ਦਾ ਫੈਸਲਾ ਕੀਤਾ। ਖੇਤੀਬਾੜੀ ਮਹਿਕਮੇ ਦੇ ਅਧਿਕਾਰੀਆਂ ਅਨੁਸਾਰ ਜਿਹੜੇ ਕਿਸਾਨਾਂ ਨੇ ਐਤਕੀਂ ਨਰਮਾ ਨਹੀਂ ਬੀਜਿਆ ਉਹ ਬਾਸਮਤੀ ਤੇ ਝੋਨਾ ਲਾਉਣਗੇ। ਪੰਜਾਬ ਵਿੱਚ ਬਠਿੰਡਾ, ਮਾਨਸਾ, ਮੁਕਤਸਰ, ਫਾਜ਼ਿਲਕਾ, ਸੰਗਰੂਰ ਅਤੇ ਮੋਗਾ ਤੇ ਫਰੀਦਕੋਟ ਨਰਮਾ ਪੱਟੀ ਵਜੋਂ ਜਾਣੇ ਜਾਂਦੇ ਹਨ। ਸਾਲ 1990 ਵਿੱਚ ਪੰਜਾਬ ਵਿਚ ਸੱਤ ਲੱਖ ਹੈਕਟੇਅਰ ਤੋਂ ਵੱਧ ਰਕਬੇ ਵਿਚ ਨਰਮੇ ਦੀ ਬਿਜਾਈ ਹੋਈ ਸੀ ਪਰ ਪਿਛਲੇ ਕੁਝ ਸਾਲਾਂ ਵਿਚ ਨਰਮੇ ਹੇਠਲਾ ਰਕਬਾ ਲਗਾਤਾਰ ਘਟਿਆ ਹੈ। ਵੇਰਵਿਆਂ ਅਨੁਸਾਰ ਸਾਲ 2018-19 ਵਿੱਚ ਨਰਮੇ ਹੇਠਲਾ ਰਕਬਾ 2.68 ਲੱਖ ਹੈਕਟੇਅਰ ਸੀ। ਇਸ ਤੋਂ ਅਗਲੇ ਸਾਲ 2019-20 ਵਿਚ ਇਹ ਰਕਬਾ ਘੱਟ ਕੇ 2.48 ਲੱਖ ਹੈਕਟੇਅਰ ਰਹਿ ਗਿਆ। ਇਸੇ ਤਰ੍ਹਾਂ ਸਾਲ 2020-21 ਅਤੇ 2021-22 ਵਿੱਚ ਪੰਜਾਬ ਵਿਚ ਨਰਮੇ ਹੇਠਲਾ ਰਕਬਾ ਕ੍ਰਮਵਾਰ 2.52 ਅਤੇ 2.51 ਲੱਖ ਹੈਕਟੇਅਰ ਰਿਹਾ। ਅਧਿਕਾਰੀਆਂ ਨੇ ਆਖਿਆ ਕਿ ਪੰਜਾਬ ਵਿਚ ਸਾਲ 2018-19 ਵਿਚ ਨਰਮੇ ਦੀ ਬੰਪਰ ਫਸਲ ਹੋਈ ਸੀ, ਜਿਸ ਦਾ ਝਾੜ ਪ੍ਰਤੀ ਹੈਕਟੇਅਰ ਸਵਾ ਅੱਠ ਕੁਇੰਟਲ ਸੀ। ਇਸ ਤੋਂ ਅਗਲੇ ਸਾਲ 2019-20 ਵਿਚ ਇਹ ਝਾੜ ਕਰੀਬ ਸੱਤ ਕੁਇੰਟਲ ਪ੍ਰਤੀ ਹੈਕਟੇਅਰ ਰਹਿ ਗਿਆ। ਉਨ੍ਹਾਂ ਆਖਿਆ ਕਿ ਹੁਣ ਝਾੜ ਘਟ ਕੇ ਸਵਾ ਚਾਰ ਕੁਇੰਟਲ ਪ੍ਰਤੀ ਹੈਕਟੇਅਰ ਰਹਿ ਗਿਆ। ਦੂਜੇ ਪਾਸੇ ਐਤਕੀਂ ਪੰਜਾਬ ਸਰਕਾਰ ਨੇ ਨਰਮੇ ਦੀ ਬਿਜਾਈ ਲਈ ਕਿਸਾਨਾਂ ਨੂੰ ਹੱਲਾਸ਼ੇਰੀ ਦੇਣ ਲਈ ਪਹਿਲੀ ਅਪਰੈਲ ਤੋਂ ਨਹਿਰੀ ਪਾਣੀ ਵੀ ਮੁਹੱਈਆ ਕਰਵਾਇਆ ਗਿਆ ਹੈ। ਇਸ ਤੋਂ ਇਲਾਵਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਨਰਮੇ ਦੇ ਬੀਜ 'ਤੇ 33 ਫੀਸਦੀ ਸਬਸਿਡੀ ਵੀ ਦਿੱਤੀ ਜਾ ਰਹੀ ਹੈ।

## ਸਰਕਾਰ ਐਮ.ਐਸ.ਪੀ. 'ਤੇ ਮੱਕੀ ਖਰੀਦੇ: ਸੁਖਬੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੰਗ ਕੀਤੀ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਮੱਕੀ ਦੀ ਖਰੀਦ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) 2090 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਕਰਵਾਉਣ ਦੇ ਵਾਅਦੇ ਨੂੰ ਨਿਭਾਉਣ ਤਾਂ ਜੋ ਕਿਸਾਨਾਂ ਨੂੰ ਘੱਟ ਰੇਟ 'ਤੇ ਜਿਣਸ ਵੇਚਣ ਲਈ ਮਜਬੂਰ ਨਾ ਹੋਣਾ ਪਵੇ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਕਿਸਾਨਾਂ ਨੇ ਮੁੱਖ ਮੰਤਰੀ ਦੇ ਮੱਕੀ ਦੀ ਖਰੀਦ ਐਮ.ਐਸ.ਪੀ. 'ਤੇ ਕਰਨ ਦੇ ਐਲਾਨ 'ਤੇ ਭਰੋਸਾ ਕੀਤਾ ਸੀ ਪਰ ਹੁਣ ਜਿਣਸ ਖਰੀਦਣ ਵਾਲਾ ਕੋਈ ਨਹੀਂ ਹੈ। ਕਿਸਾਨ ਨਿੱਜੀ ਵਪਾਰੀਆਂ ਨੂੰ 500 ਤੋਂ 600 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਮੱਕੀ ਵੇਚਣ ਲਈ ਮਜਬੂਰ ਹਨ। ਸ੍ਰੀ ਬਾਦਲ ਨੇ ਮੰਗ ਕੀਤੀ ਹੈ ਕਿ ਮੱਕੀ ਦੀ ਸਮੁੱਚੀ ਫਸਲ ਐਮ.ਐਸ.ਪੀ. 'ਤੇ ਖਰੀਦੀ ਜਾਵੇ।

# ਪੰਜਾਬ ਸਰਕਾਰ ਲਾਰੈਂਸ ਬਿਸ਼ਨੋਈ ਦੀ ਮਦਦ ਕਰ ਰਹੀ ਹੈ: ਬਲਕੌਰ ਸਿੰਘ

**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਦੋਸ਼ ਲਾਇਆ ਕਿਹਾ ਕਿ ਪੰਜਾਬ ਸਰਕਾਰ ਲਾਰੈਂਸ ਬਿਸ਼ਨੋਈ ਦੀ ਮਦਦ ਕਰ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਹੈ ਕਿ ਲਾਰੈਂਸ ਬਿਸ਼ਨੋਈ ਦੀ ਬਠਿੰਡਾ ਜੇਲ੍ਹ 'ਚੋਂ ਜਿਵੇਂ ਪਹਿਲਾਂ ਇੰਟਰਵਿਊ ਕਰਵਾਈ ਗਈ ਸੀ, ਉਸੇ ਤਰ੍ਹਾਂ ਦੀ ਇਕ ਹੋਰ ਇੰਟਰਵਿਊ ਹੁਣ ਉਸੇ ਜੇਲ੍ਹ ਵਿਚੋਂ ਹੋ ਸਕਦੀ ਹੈ। ਉਨ੍ਹਾਂ ਲਾਰੈਂਸ ਬਿਸ਼ਨੋਈ ਦੇ ਬਠਿੰਡਾ ਜੇਲ੍ਹ 'ਚ ਆਉਣ ਦਾ ਵਿਰੋਧ ਕਰਦਿਆਂ ਕਿਹਾ ਕਿ ਭ੍ਰਿਸ਼ਟਾਚਾਰ ਵਿਰੁੱਧ ਬੋਲਣ ਵਾਲੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਗੈਂਗਸਟਰਾਂ ਵੱਲੋਂ ਪੰਜਾਬ ਵਿਚ ਮੰਗੀਆਂ ਜਾ ਰਹੀਆਂ ਫਿਰੌਤੀਆਂ ਅਤੇ ਪੰਜਾਬ ਦਾ ਪੈਸਾ ਵਿਦੇਸ਼ ਵਿਚ ਭੇਜਣਾ ਵਿਖਾਈ ਨਹੀਂ ਦਿੰਦਾ ਹੈ। ਉਹ ਪਿੰਡ ਮੂਸਾ ਵਿੱਚ ਸਿੱਧੂ ਮੂਸੇਵਾਲਾ ਦੇ ਪ੍ਰਸੰਸਕਾਂ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪੁੱਤ ਦੇ ਕਤਲ ਮਾਮਲੇ ਵਿਚ ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਦੀ 'ਸਿਟ' ਨੇ ਕੀ ਜਾਂਚ ਕੀਤੀ ਹੈ, ਇਸ ਬਾਰੇ ਅੱਜ ਤੱਕ ਉਨ੍ਹਾਂ ਨੂੰ ਕੁਝ ਨਹੀਂ ਦੱਸਿਆ ਗਿਆ ਹੈ। ਉਨ੍ਹਾਂ ਕਿਹਾ ਕਿ ਗੈਂਗਸਟਰਾਂ ਵਿਰੁੱਧ



ਪੇਸ਼ ਕੀਤੇ ਚਲਾਨ ਵਿਚ ਵੀ ਉਹੀ ਕੁਝ ਲਿਖਿਆ ਗਿਆ ਹੈ, ਜੋ ਗੋਲਡੀ ਬਰਾੜ ਨੇ ਇਕ ਇੰਟਰਵਿਊ 'ਚ ਕਬੂਲਿਆ ਸੀ। ਉਨ੍ਹਾਂ ਕਿਹਾ ਕਿ ਉਹ ਸਰਕਾਰ ਨੂੰ ਅਨੇਕਾਂ ਜ਼ਿੰਮੇਵਾਰ ਵਿਅਕਤੀਆਂ ਦੇ ਨਾਂ ਦੱਸ ਚੁੱਕੇ ਹਨ, ਪਰ ਸਰਕਾਰ ਅਤੇ 'ਸਿਟ' ਨੇ ਉਸ 'ਚ ਕੱਖ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਭਾੜੇ ਵਾਲੇ ਵਿਅਕਤੀ ਜੇਲ੍ਹਾਂ ਵਿਚ ਚਲੇ ਜਾਂਦੇ ਹਨ, ਪਰ ਉਨ੍ਹਾਂ ਨੂੰ ਚਲਾਉਣ ਵਾਲੇ ਗੈਂਗਸਟਰਾਂ ਨੂੰ ਕੁਝ ਨਹੀਂ ਹੁੰਦਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪੁੱਤ ਦੇ ਕਤਲ ਮਾਮਲੇ ਵਿਚ ਵੀ ਇਹੀ ਕੁਝ ਹੋਇਆ ਹੈ।

# ਸੰਯੁਕਤ ਰਾਸ਼ਟਰ ਨੇ ਮੋਟੇ ਅਨਾਜ ਨੂੰ ਹੁਲਾਰਾ ਦੇਣ ਲਈ ਭਾਰਤ ਦੀ ਪਿੱਠ ਥਾਪੜੀ

**ਨਵੀਂ ਦਿੱਲੀ:** ਸੰਯੁਕਤ ਰਾਸ਼ਟਰ ਖੇਤੀ ਵਿਕਾਸ ਫੰਡ ਨੇ ਮੋਟੇ ਅਨਾਜ ਨੂੰ ਹੁਲਾਰਾ ਦੇਣ ਲਈ 18 ਦੇਸ਼ਾਂ ਨੂੰ 18 ਲੱਖ ਟਨ ਕਣਕ ਬਰਾਮਦ ਕਰਨ ਲਈ ਭਾਰਤ ਦੀ ਸ਼ਲਾਘਾ ਕੀਤੀ ਹੈ। ਇਨ੍ਹਾਂ 18 ਦੇਸ਼ਾਂ ਨੂੰ ਪਿਛਲੇ ਸਾਲ ਯੂਕਰੇਨ 'ਚ ਜੰਗ ਤੋਂ ਬਾਅਦ ਅਨਾਜ ਦੀ ਵੱਡੀ ਕਮੀ ਨਾਲ ਜੂਝਣਾ ਪਿਆ ਸੀ।



ਕੌਮਾਂਤਰੀ ਖੇਤੀ ਵਿਕਾਸ ਫੰਡ ਦੇ ਪ੍ਰਧਾਨ ਅਲਵਾਰੋ ਲਾਰਿਓ ਨੇ ਕਿਹਾ ਕਿ ਭਾਰਤ ਦੀ ਜੀ20 ਪ੍ਰਧਾਨਗੀ 'ਚ ਦੁਨੀਆ ਦੀਆਂ ਖੁਰਾਕ ਪ੍ਰਣਾਲੀਆਂ ਨੂੰ ਬਦਲਣ ਦੀ ਸਮਰੱਥਾ ਹੈ। ਉਨ੍ਹਾਂ ਕਿਹਾ ਕਿ ਭਾਰਤ ਵੱਲੋਂ ਜਿਨ੍ਹਾਂ ਕੁਝ ਖੇਤਰਾਂ ਉਤੇ ਧਿਆਨ ਦਿੱਤਾ ਜਾ ਰਿਹਾ ਹੈ, ਉਹ ਸੰਯੁਕਤ ਰਾਸ਼ਟਰ ਇਕਾਈ ਦੀਆਂ ਤਰਜੀਹਾਂ ਮੁਤਾਬਕ ਹੈ। ਲਾਰਿਓ ਨੇ ਇਕ ਇੰਟਰਵਿਊ ਵਿਚ ਕਿਹਾ ਕਿ ਭਾਰਤ ਦਾ ਤਜਰਬਾ ਤੇ ਮੁਹਾਰਤ 'ਗਲੋਬਲ ਸਾਊਥ' ਵਿਚ ਦੂਜੇ ਦੇਸ਼ਾਂ ਦੀ ਖੇਤੀਬਾੜੀ ਤੇ ਪੇਂਡੂ ਵਿਕਾਸ ਵਿਚ ਵੀ ਮਦਦ ਕਰ ਸਕਦੇ ਹਨ। ਅਲਵਾਰੋ ਜੀ20 ਦੇ ਖੇਤੀ ਮੰਤਰੀਆਂ ਦੀ ਬੈਠਕ ਵਿਚ ਹਿੱਸਾ ਲੈਣ ਭਾਰਤ ਆਏ ਸਨ। ਦੱਸਣਯੋਗ ਹੈ ਕਿ ਆਈ.ਐਫ.ਏ.ਡੀ. ਸੰਯੁਕਤ ਰਾਸ਼ਟਰ ਦੀ ਇਕ ਵਿਸ਼ੇਸ਼ ਏਜੰਸੀ ਹੈ, ਜੋ ਵੱਖ-ਵੱਖ ਗਰੀਬ ਤੇ ਕਮਜ਼ੋਰ ਦੇਸ਼ਾਂ ਦੀ ਗਰੀਬੀ, ਭੁੱਖਮਰੀ ਤੇ ਭੋਜਨ ਅਸੁਰੱਖਿਆ ਵਿਚ ਲੜਨ ਨਾਲ ਮਦਦ ਕਰਦੀ ਹੈ। ਲਾਰਿਓ ਨੇ ਕਿਹਾ ਕਿ ਜਲਵਾਯੂ ਤਬਦੀਲੀ ਦੇ ਸਾਜ਼ਗਾਰ ਹੋਣ ਕਾਰਨ ਮੋਟੇ ਅਨਾਜ ਮਹੱਤਵਪੂਰਨ ਹਨ। ਆਈ.ਐਫ.ਏ.ਡੀ. ਦੇ ਪ੍ਰਧਾਨ ਨੇ ਕਿਹਾ ਕਿ ਭਾਰਤ ਸੰਸਾਰ ਦੀਆਂ ਖੁਰਾਕ ਪ੍ਰਣਾਲੀਆਂ ਨੂੰ ਬਦਲਣ ਲਈ ਆਪਣੀ ਜੀ20 ਪ੍ਰਧਾਨਗੀ ਵਿਚ ਵੱਡੀ ਭੂਮਿਕਾ ਨਿਭਾਅ ਸਕਦਾ ਹੈ।

## ਰਿਸ਼ਵਤ ਲੈਂਦਾ ਪਾਵਰਕਾਮ ਦਾ ਜੇਈ ਕਾਬੂ

**ਚੰਡੀਗੜ੍ਹ:** ਪੰਜਾਬ ਵਿਜੀਲੈਂਸ ਬਿਊਰੋ ਨੇ ਗੁਰਦਾਸਪੁਰ ਜ਼ਿਲ੍ਹੇ ਦੇ ਪਾਵਰ ਸਟੇਸ਼ਨ ਅਲੀਵਾਲ ਵਿਖੇ ਤਾਇਨਾਤ ਪੀ.ਐਸ.ਪੀ.ਸੀ.ਐਲ. ਦੇ ਜੂਨੀਅਰ ਇੰਜੀਨੀਅਰ (ਜੇ.ਈ.) ਕਿਰਪਾ ਸਿੰਘ ਨੂੰ 10,000 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਜੇਈ ਨੂੰ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਢੜਿਆਲਾ ਦੇ ਵਾਸੀ ਸੁਖਜੀਤ ਸਿੰਘ ਦੀ ਸ਼ਿਕਾਇਤ ਉਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿਖੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਜੇ.ਈ. ਨੇ ਨਵਾਂ ਟਰਾਂਸਫਾਰਮਰ ਲਗਵਾਉਣ ਬਦਲੇ ਉਸ ਕੋਲੋਂ 20,000 ਰੁਪਏ ਰਿਸ਼ਵਤ ਮੰਗੀ ਹੈ। ਸ਼ਿਕਾਇਤ ਦੀ ਮੁਢਲੀ ਜਾਂਚ ਉਪਰੰਤ ਵਿਜੀਲੈਂਸ ਬਿਊਰੋ ਅੰਮ੍ਰਿਤਸਰ ਰੇਂਜ ਦੇ ਥਾਣਾ ਦੀ ਟੀਮ ਨੇ ਜਾਲ ਵਿਛਾ ਕੇ ਜੇ.ਈ. ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜਰੀ ਵਿਚ ਸ਼ਿਕਾਇਤਕਰਤਾ ਪਾਸੋਂ ਪਹਿਲੀ ਕਿਸ਼ਤ ਵਜੋਂ 10,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ।

# ਹੇਮਕੁੰਟ ਯਾਤਰਾ: ਖਰਾਬ ਮੌਸਮ ਦੇ ਬਾਵਜੂਦ ਹੁਣ ਤੱਕ 80 ਹਜ਼ਾਰ ਸ਼ਰਧਾਲੂ ਨਤਮਸਤਕ

**ਅੰਮ੍ਰਿਤਸਰ:** ਉਤਰਾਖੰਡ ਸਥਿਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਵਿਖੇ ਲਗਾਤਾਰ ਮੌਸਮ ਖਰਾਬ ਰਹਿਣ ਅਤੇ ਬਰਫਬਾਰੀ ਹੋਣ ਦੇ ਬਾਵਜੂਦ ਇਸ ਯਾਤਰਾ ਪ੍ਰਤੀ ਸੰਗਤ ਵਿਚ ਭਾਰੀ ਉਤਸ਼ਾਹ ਹੈ। ਲਗਭਗ ਇਕ ਮਹੀਨੇ ਵਿਚ 80 ਹਜ਼ਾਰ ਤੋਂ ਵੱਧ ਸਰਧਾਲੂ ਇੱਥੇ ਮੱਥਾ ਟੇਕ ਚੁੱਕੇ ਹਨ।

ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਦੱਸਿਆ ਕਿ ਇਸ ਵਾਰ ਮੌਸਮ ਵਧੇਰੇ ਕਰਕੇ ਖਰਾਬ ਰਿਹਾ ਹੈ। ਇਸ ਦੇ ਬਾਵਜੂਦ ਸੰਗਤ 'ਚ ਇਸ ਯਾਤਰਾ ਪ੍ਰਤੀ ਉਤਸ਼ਾਹ ਵਧ ਰਿਹਾ ਹੈ। ਉਨ੍ਹਾਂ ਦੱਸਿਆ ਕਿ ਅੰਕੜਿਆਂ ਮੁਤਾਬਕ ਹੁਣ ਤੱਕ 78,706 ਸਰਧਾਲੂ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਵਿਖੇ ਨਤਮਸਤਕ ਹੋ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਦਿਨਾਂ 'ਚ ਬਰਫ ਪਿਘਲਣੀ ਸ਼ੁਰੂ ਹੋ ਗਈ ਹੈ ਅਤੇ ਯਾਤਰੂਆਂ ਵਿਚ ਯਾਤਰਾ ਪ੍ਰਤੀ ਉਤਸ਼ਾਹ ਹੋਰ ਵਧ ਰਿਹਾ ਹੈ।



ਜ਼ਿਕਰਯੋਗ ਹੈ ਕਿ ਇਹ ਯਾਤਰਾ 20 ਮਈ ਨੂੰ ਆਰੰਭ ਹੋਈ ਸੀ ਅਤੇ ਵਧੇਰੇ ਬਰਫ ਪੈਣ ਕਾਰਨ ਦੋ ਦਿਨਾਂ ਵਾਸਤੇ ਯਾਤਰਾ ਰੋਕ ਦਿੱਤੀ ਗਈ ਸੀ। ਇਸ ਦੌਰਾਨ ਬਰਫ ਖਿਸਕਣ ਕਾਰਨ ਇਕ ਸਰਧਾਲੂ ਔਰਤ ਦੀ ਬਰਫ ਹੇਠਾਂ ਆਉਣ ਕਾਰਨ ਮੌਤ ਵੀ ਹੋ ਗਈ ਸੀ।

ਗੁਰਦੁਆਰਾ ਸ੍ਰੀ ਗੋਬਿੰਦ ਘਾਟ ਦੇ ਮੈਨੇਜਰ ਭਾਈ ਸੇਵਾ ਸਿੰਘ ਨੇ ਦੱਸਿਆ ਕਿ ਹੁਣ ਵਧੇਰੇ ਮੌਸਮ ਸਾਫ ਹੈ ਪਰ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਆਲੇ-ਦੁਆਲੇ ਵਾਲੇ ਇਲਾਕੇ ਵਿਚ ਨਿੱਤ ਮੀਂਹ ਪੈ ਰਿਹਾ ਹੈ, ਜਿਸ ਕਾਰਨ ਬਰਫ ਪਿਘਲ ਰਹੀ ਹੈ। ਉਨ੍ਹਾਂ ਦੱਸਿਆ ਕਿ ਯਾਤਰਾ ਨਿਰਵਿਘਨ ਚੱਲ ਰਹੀ ਹੈ ਅਤੇ ਯਾਤਰੂਆਂ ਵਿਚ ਉਤਸ਼ਾਹ ਵਧ ਰਿਹਾ ਹੈ। ਇਨ੍ਹਾਂ ਦਿਨਾਂ ਵਿਚ ਰੋਜ਼ 3500 ਤੋਂ ਲੈ ਕੇ ਚਾਰ ਹਜ਼ਾਰ ਸਰਧਾਲੂ ਮੱਥਾ ਟੇਕਣ ਲਈ ਪੁੱਜ ਰਹੇ ਹਨ। ਜਾਣਕਾਰੀ ਅਨੁਸਾਰ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਵਿਖੇ ਨਤਮਸਤਕ ਹੋਣ ਵਾਲੇ ਸਰਧਾਲੂਆਂ ਦੀ ਗਿਣਤੀ ਸਰਕਾਰੀ ਅੰਕੜਿਆਂ ਤੋਂ ਵੱਧ ਹੈ। ਯਾਤਰਾ ਆਰੰਭ ਹੋਣ ਤੋਂ ਲੈ ਕੇ ਹੁਣ ਤੱਕ 28 ਦਿਨਾਂ 'ਚ ਲਗਭਗ 88 ਹਜ਼ਾਰ 700 ਸਰਧਾਲੂ 15 ਹਜ਼ਾਰ ਫੁੱਟ ਦੀ ਉਚਾਈ 'ਤੇ ਸੁਸ਼ੋਭਿਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਨਤਮਸਤਕ ਹੋ ਚੁੱਕੇ ਹਨ।

# ਪੰਜ ਕਿਸਾਨ ਜਥੇਬੰਦੀਆਂ ਵੱਲੋਂ ਮੋਰਚੇ ਦੀ ਤਿਆਰੀ ਲਈ ਲਾਮਬੰਦੀ

**ਚੰਡੀਗੜ੍ਹ:** ਪੰਜਾਬ ਦੀਆਂ ਪੰਜ ਕਿਸਾਨ ਜਥੇਬੰਦੀਆਂ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ), ਕੁੱਲ ਹਿੰਦ ਕਿਸਾਨ ਫੈਡਰੇਸ਼ਨ, ਕਿਸਾਨ ਸੰਘਰਸ਼ ਕਮੇਟੀ, ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਅਤੇ ਭਾਰਤੀ ਕਿਸਾਨ ਯੂਨੀਅਨ (ਮਾਨਸਾ) ਨੇ ਪਾਣੀ ਦੇ ਗੰਭੀਰ ਸੰਕਟ, ਵਾਤਾਵਰਨ ਪ੍ਰਦੂਸ਼ਣ ਅਤੇ ਰਾਜ ਦੇ ਸੰਘੀ ਢਾਂਚੇ 'ਤੇ ਹਮਲੇ ਦੀ ਸਮੱਸਿਆ ਨੂੰ ਲੈ ਕੇ ਸ਼ੁਰੂ ਕੀਤੇ ਜਾਣ ਵਾਲੇ ਮੋਰਚੇ ਦੀ ਤਿਆਰੀ ਲਈ ਮੀਟਿੰਗ ਕੀਤੀ। ਮੀਟਿੰਗ ਵਿਚ ਪੰਜ ਯੂਨੀਅਨਾਂ ਦੇ ਸੂਬਾਈ, ਜ਼ਿਲ੍ਹਾ ਤੇ ਬਲਾਕ ਪ੍ਰਧਾਨਾਂ ਤੇ ਸਕੱਤਰਾਂ ਨੇ ਸ਼ਮੂਲੀਅਤ ਕੀਤੀ।



ਜਥੇਬੰਦੀਆਂ ਨੇ ਪੰਜਾਬ ਅਤੇ ਕੇਂਦਰ ਸਰਕਾਰਾਂ ਨੂੰ ਲੰਮੇ ਸਮੇਂ ਤੋਂ ਚੱਲ ਰਹੇ ਵਿਵਾਦ ਅਤੇ ਪਾਣੀ ਦੀ ਗਲਤ ਵੰਡ ਦੇ ਹੱਲ ਲਈ ਨੋਟਿਸ ਅਤੇ ਚਿਤਾਵਨੀ ਦੇਣ ਲਈ 5 ਅਗਸਤ ਨੂੰ ਗੁਰਦੁਆਰਾ ਅੰਬ ਸਾਹਿਬ, ਮੁਹਾਲੀ ਵਿਚ ਰੈਲੀ ਕਰਨ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਧਰਤੀ ਹੇਠਲਾ ਪਾਣੀ ਅਗਲੇ ਕੁਝ ਸਾਲਾਂ ਵਿਚ ਸੁੱਕਣ ਜਾ ਰਿਹਾ ਹੈ ਜਦੋਂ ਕਿ ਸਰਕਾਰਾਂ ਦੇ ਗਲਤ ਫੈਸਲਿਆਂ ਕਾਰਨ ਬਹੁਤਾ ਦਰਿਆਈ ਪਾਣੀ ਗੈਰ ਰਿਪੇਰੀਅਨ ਰਾਜਾਂ ਨੂੰ ਵਹਿ ਰਿਹਾ ਹੈ। ਰੈਲੀ ਦੀ ਤਿਆਰੀ ਲਈ ਜਥੇਬੰਦੀਆਂ ਵਲੋਂ ਲੋਕਾਂ ਨੂੰ ਲਾਮਬੰਦ ਕਰਨ ਲਈ ਸੂਬੇ ਭਰ ਵਿਚ ਕਾਨਫਰੰਸਾਂ ਕੀਤੀਆਂ ਜਾਣਗੀਆਂ ਜਿਸ ਤਹਿਤ 17 ਜੁਲਾਈ ਨੂੰ ਅਬੋਹਰ, 18 ਜੁਲਾਈ ਨੂੰ ਖਡੂਰ ਸਾਹਿਬ, 19 ਜੁਲਾਈ ਨੂੰ ਜਲੰਧਰ, 20 ਜੁਲਾਈ ਨੂੰ ਗੁਰਦਾਸਪੁਰ, 22 ਜੁਲਾਈ ਨੂੰ ਰੋਪੜ, 23 ਜੁਲਾਈ ਨੂੰ ਖੰਨਾ, 25 ਜੁਲਾਈ ਨੂੰ ਪਟਿਆਲਾ, 26 ਜੁਲਾਈ ਨੂੰ ਬਰਨਾਲਾ, 28 ਜੁਲਾਈ ਨੂੰ ਵਜੀਦਪੁਰ ਅਤੇ 29 ਜੁਲਾਈ ਨੂੰ ਸੰਗਰੂਰ ਵਿਚ ਕਾਨਫਰੰਸਾਂ ਕੀਤੀਆਂ ਜਾਣਗੀਆਂ। ਇਸ ਤੋਂ ਬਾਅਦ 5 ਅਗਸਤ ਦੀ ਰੈਲੀ ਹੋਵੇਗੀ।

## ਸਰਕਾਰ ਤੇਲ ਕੀਮਤਾਂ 'ਚ ਵਾਧਾ ਵਾਪਸ ਲਵੇ: ਉਗਰਾਹਾਂ

**ਚੰਡੀਗੜ੍ਹ:** ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਨੇ ਪੰਜਾਬ ਸਰਕਾਰ ਵੱਲੋਂ ਡੀਜ਼ਲ-ਪੈਟਰੋਲ ਦੀਆਂ ਕੀਮਤਾਂ ਵਿਚ ਕੀਤੇ ਗਏ ਵਾਧੇ ਦੀ ਨਿਖੇਧੀ ਕਰਦਿਆਂ ਇਹ ਵਾਧਾ ਤੁਰਤ ਵਾਪਸ ਲੈਣ ਦੀ ਮੰਗ ਕੀਤੀ ਹੈ। ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਆਖਿਆ ਕਿ ਗੁਆਂਢੀ ਸੂਬਿਆਂ ਦੇ ਮੁਕਾਬਲੇ ਪਹਿਲਾਂ ਹੀ ਉੱਚੇ ਰੇਟਾਂ ਅਤੇ ਕੌਮਾਂਤਰੀ ਮੰਡੀ ਵਿਚ ਕੱਚੇ ਤੇਲ ਦੀਆਂ ਕੀਮਤਾਂ ਬੀਤੇ ਸਾਲਾਂ ਦੇ ਮੁਕਾਬਲੇ ਕਾਫੀ ਘੱਟ ਹੋਣ ਦੇ ਬਾਵਜੂਦ ਕੀਤਾ ਗਿਆ ਇਹ ਫੈਸਲਾ ਨਾਜਾਇਜ਼ ਹੈ।

# ਹਿਮਾਚਲ ਪ੍ਰਦੇਸ਼ ਨੂੰ ਪਾਣੀ ਦੇਣ ਦੇ ਕੇਂਦਰ ਸਰਕਾਰ ਫੈਸਲੇ ਦਾ ਵਿਰੋਧ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਿੰਜਾਈ ਸਕੀਮਾਂ ਵਾਸਤੇ ਹਿਮਾਚਲ ਪ੍ਰਦੇਸ਼ ਨੂੰ ਪਾਣੀ ਦੇਣ ਲਈ ਕੋਈ ਇਤਰਾਜ਼ ਨਹੀਂ ਸਰਟੀਫਿਕੇਟ (ਐਨ.ਓ.ਸੀ.) ਦੀਆਂ ਸ਼ਰਤਾਂ ਵਿਚ ਦਿੱਤੀ ਛੋਟ ਦੇ ਕੇਂਦਰ ਸਰਕਾਰ ਦੇ 'ਇਕਤਰਫਾ ਫੈਸਲੇ' ਦਾ ਵਿਰੋਧ ਕੀਤਾ ਹੈ।



ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਬੀ.ਬੀ.ਐਮ.ਬੀ. ਵੱਲੋਂ ਹਿਮਾਚਲ ਨੂੰ ਪਾਣੀ ਦੇਣ ਦੇ ਫੈਸਲੇ ਦਾ ਵਿਰੋਧ ਕੀਤਾ ਹੈ। ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਬੀ.ਬੀ.ਐਮ.ਬੀ. ਦੇ ਚੇਅਰਮੈਨ ਨੂੰ ਇਸ ਸਬੰਧੀ ਹਦਾਇਤਾਂ ਜਾਰੀ ਕੀਤੇ ਜਾਣਾ ਮੰਦਭਾਗਾ ਹੈ। ਉਨ੍ਹਾਂ ਕਿਹਾ ਕਿ ਪਾਣੀ ਦੀ ਵੰਡ ਦਾ ਮਸਲਾ ਅੰਤਰਰਾਜੀ ਵਿਵਾਦ ਹੈ ਅਤੇ ਸੂਬੇ ਪਾਣੀਆਂ ਦੀ ਵੰਡ ਬਾਰੇ ਇਕਪਾਸੜ ਹਦਾਇਤਾਂ ਜਾਰੀ ਨਹੀਂ ਕਰ ਸਕਦੇ। ਮੁੱਖ ਮੰਤਰੀ ਮੁਤਾਬਕ ਹਿਮਾਚਲ ਨੂੰ ਪਾਣੀ ਦੇਣ ਦਾ ਫੈਸਲਾ ਗ਼ੈਰਵਾਜ਼ਬ, ਅਧਾਰਹੀਣ ਤੇ ਪੰਜਾਬ ਨਾਲ ਵੱਡਾ ਧੱਕਾ ਹੈ ਕਿਉਂਕਿ ਪਾਣੀਆਂ ਬਾਰੇ ਸਮਝੌਤੇ ਅਨੁਸਾਰ ਹਿਮਾਚਲ ਨੂੰ ਸਤਲੁਜ ਤੇ ਬਿਆਸ ਦਰਿਆਵਾਂ 'ਚੋਂ ਪਾਣੀ ਦੇਣ ਦੀ ਕੋਈ ਲੋੜ ਨਹੀਂ ਹੈ।

ਮੁੱਖ ਮੰਤਰੀ ਨੇ ਕਿਹਾ ਕਿ 15 ਮਈ ਨੂੰ ਜਾਰੀ ਇਨ੍ਹਾਂ ਹੁਕਮਾਂ ਵਿਚ ਕੇਂਦਰ ਸਰਕਾਰ ਨੇ ਬੀ.ਬੀ.ਐਮ.ਬੀ. ਦੇ ਚੇਅਰਮੈਨ ਨੂੰ ਆਦੇਸ਼ ਦਿੱਤਾ ਸੀ ਕਿ ਐਨ.ਓ.ਸੀ. ਦੇਣ ਦੀ ਮੌਜੂਦਾ ਵਿਵਸਥਾ ਨੂੰ ਇਸ ਸ਼ਰਤ 'ਤੇ ਖਤਮ ਕਰ ਦਿੱਤਾ ਜਾਵੇ ਕਿ ਹਿਮਾਚਲ ਪ੍ਰਦੇਸ਼ ਸਰਕਾਰ ਨੂੰ ਸੁਪਰੀਮ ਕੋਰਟ ਵੱਲੋਂ ਬਿਜਲੀ ਲਈ ਤੈਅ ਕੀਤੇ 7.19 ਫੀਸਦੀ ਹਿੱਸੇ ਤੋਂ ਘੱਟ ਕੁੱਲ ਪਾਣੀ ਲੈਣਾ ਹੋਵੇਗਾ। ਸ੍ਰੀ ਮਾਨ ਨੇ ਕਿਹਾ ਕਿ ਬੀ.ਬੀ.ਐਮ.ਬੀ. ਪਾਣੀ ਦੀ ਸਪਲਾਈ, ਸਿੰਜਾਈ ਪ੍ਰੋਜੈਕਟਾਂ ਲਈ ਹਿਮਾਚਲ ਪ੍ਰਦੇਸ਼ ਵੱਲੋਂ ਪਾਣੀ ਲੈਣ ਵਾਸਤੇ ਸਿਰਫ ਤਕਨੀਕੀ ਸੰਭਾਵਨਾ ਦਾ ਅਧਿਐਨ ਕਰੇਗਾ। ਇਸ ਵਿਚ ਬੀ.ਬੀ.ਐਮ.ਬੀ. ਦਾ ਇੰਜੀਨੀਅਰਿੰਗ ਢਾਂਚਾ ਸ਼ਾਮਲ ਹੈ ਤੇ ਇਸ ਦੇ ਪ੍ਰਾਪਤ ਹੋਣ ਤੋਂ 60 ਦਿਨਾਂ ਦੇ ਅੰਦਰ ਲੋੜੀਂਦੀਆਂ ਤਕਨੀਕੀ ਲੋੜਾਂ ਹਿਮਾਚਲ ਪ੍ਰਦੇਸ਼ ਨੂੰ ਦੱਸੀਆਂ ਜਾਣਗੀਆਂ।

ਮੁੱਖ ਮੰਤਰੀ ਨੇ ਕਿਹਾ ਕਿ ਬੀ.ਬੀ.ਐਮ.ਬੀ. ਦਾ ਗਠਨ ਪੰਜਾਬ ਪੁਨਰਗਠਨ ਐਕਟ-1966 ਦੀ ਧਾਰਾ 79(1) ਤਹਿਤ ਕੀਤਾ ਗਿਆ ਹੈ। ਇਹ ਬੋਰਡ ਸਿਰਫ ਡੈਮ ਅਤੇ ਨੰਗਲ ਹਾਈਡਲ ਚੈਨਲ ਤੇ ਰੋਪੜ, ਹਰੀਕੇ ਤੇ ਫਿਰੋਜ਼ਪੁਰ ਵਿਚ ਇਰੀਗੇਸ਼ਨ ਹੈੱਡਵਰਕਸ ਦੇ ਪ੍ਰਸ਼ਾਸਕੀ ਕਾਰਜ, ਸਾਂਭ-ਸੰਭਾਲ ਤੇ ਸੰਚਾਲਨ ਕਰ ਸਕਦਾ ਹੈ। ਬੋਰਡ ਭਾਈਵਾਲ ਸੂਬਿਆਂ ਤੋਂ ਇਲਾਵਾ ਕਿਸੇ ਵੀ ਹੋਰ ਸੂਬੇ ਨੂੰ ਪਾਣੀ ਦੇਣ ਲਈ ਅਧਿਕਾਰਤ ਨਹੀਂ ਹੈ। ਹਿਮਾਚਲ ਪ੍ਰਦੇਸ਼ ਭਾਈਵਾਲ ਸੂਬਾ ਨਹੀਂ ਹੈ।

ਉਨ੍ਹਾਂ ਕਿਹਾ ਕਿ ਸਤਲੁਜ, ਰਾਵੀ ਤੇ ਬਿਆਸ ਦਰਿਆਵਾਂ ਦੇ ਪਾਣੀਆਂ 'ਚੋਂ ਪੰਜਾਬ, ਹਰਿਆਣਾ, ਜੰਮੂ-ਕਸ਼ਮੀਰ ਤੇ ਰਾਜਸਥਾਨ ਨੂੰ ਵੱਖ-ਵੱਖ ਸਮਝੌਤਿਆਂ ਰਾਹੀਂ ਵੰਡ ਨਿਰਧਾਰਤ ਕੀਤੀ ਗਈ ਹੈ। ਹਿਮਾਚਲ ਪ੍ਰਦੇਸ਼ ਇਨ੍ਹਾਂ ਦਰਿਆਵਾਂ ਦੇ ਪਾਣੀ 'ਤੇ ਕੋਈ ਦਾਅਵਾ ਨਹੀਂ ਕਰ ਸਕਦਾ। ਮੁੱਖ ਮੰਤਰੀ ਨੇ ਕਿਹਾ ਕਿ ਸੰਵਿਧਾਨ ਦੀ ਸੂਬਾਈ ਸੂਚੀ-2 ਦੇ ਇੰਦਰਾਜ 17 ਅਧੀਨ ਪਾਣੀ ਸੂਬਿਆਂ ਦਾ ਮਸਲਾ ਹੈ ਤੇ ਦਰਿਆਈ ਪਾਣੀਆਂ ਦੇ ਅਧਿਕਾਰ ਨਿਰਧਾਰਿਤ ਜਾਂ ਫੈਸਲਾ ਕਰਨ ਦਾ ਹੱਕ ਸੰਵਿਧਾਨ ਦੀ ਧਾਰਾ 262 ਅਧੀਨ ਬਣੇ ਦਰਿਆਈ ਪਾਣੀਆਂ ਬਾਰੇ ਅੰਤਰਰਾਜੀ ਵਿਵਾਦਾਂ ਬਾਰੇ ਐਕਟ 1956 ਦੀ ਤਜਵੀਜ਼ ਮੁਤਾਬਕ ਕੇਂਦਰ ਸਰਕਾਰ ਵੱਲੋਂ ਸੂਬਾ ਸਰਕਾਰ ਦੀ ਸ਼ਿਕਾਇਤ 'ਤੇ ਬਣਾਏ ਜਾਣ ਵਾਲੇ ਟ੍ਰਿਬਿਊਨਲ ਦੇ ਅਧਿਕਾਰ ਖੇਤਰ 'ਚ ਹੋਵੇਗਾ। ਮੁੱਖ ਮੰਤਰੀ ਨੇ ਅਫ਼ਸੋਸ ਜਤਾਇਆ ਕਿ ਕੇਂਦਰ ਸਰਕਾਰ ਨੇ ਹਦਾਇਤਾਂ ਵਿਚ ਸਿੰਜਾਈ ਸਕੀਮਾਂ ਨੂੰ ਵੀ ਸ਼ਾਮਲ ਕਰ ਲਿਆ ਹੈ।

## ਇਕਤਰਫਾ ਫੈਸਲੇ 'ਤੇ ਮੁੜ ਵਿਚਾਰ ਹੋਵੇ: ਮਾਨ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਯਾਦ ਦਿਵਾਇਆ ਕਿ ਪਿਛਲੇ ਸਾਲਾਂ ਦੌਰਾਨ ਬੀ.ਬੀ.ਐਮ.ਬੀ. ਨੇ 16 ਮੌਕਿਆਂ 'ਤੇ ਹਿਮਾਚਲ ਪ੍ਰਦੇਸ਼ ਨੂੰ ਪਾਣੀ ਛੱਡਣ ਦੀ ਪ੍ਰਵਾਨਗੀ ਦਿੱਤੀ। ਉਨ੍ਹਾਂ ਕਿਹਾ ਕਿ ਜਦੋਂ ਦਰਿਆਵਾਂ ਵਿਚੋਂ ਪਾਣੀ ਘਟ ਰਿਹਾ ਹੈ ਤੇ ਪੰਜਾਬ, ਹਰਿਆਣਾ ਤੇ ਰਾਜਸਥਾਨ ਵਰਗੇ ਭਾਈਵਾਲ ਸੂਬੇ ਪਾਣੀ ਵਧਾਉਣ ਦੀ ਲਗਾਤਾਰ ਮੰਗ ਕਰ ਰਹੇ ਹਨ ਤਾਂ ਅਜਿਹੇ 'ਚ ਭਾਰਤ ਸਰਕਾਰ ਨੂੰ ਇਸ ਇਕਤਰਫ਼ਾ ਫੈਸਲੇ 'ਤੇ ਮੁੜ ਵਿਚਾਰ ਕਰਨ ਅਤੇ ਇਸ ਨੂੰ ਵਾਪਸ ਲੈਣਾ ਚਾਹੀਦਾ ਹੈ।

# ਅਮਰੀਕਾ ਤੇ ਕੈਨੇਡਾ 'ਚ ਭਾਰਤੀ ਮਿਸ਼ਨਾਂ 'ਤੇ ਹਮਲੇ ਦੀ ਜਾਂਚ ਐਨ.ਆਈ.ਏ. ਹਵਾਲੇ

**ਨਵੀਂ ਦਿੱਲੀ:** ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਨੇ ਅਮਰੀਕਾ ਤੇ ਕੈਨੇਡਾ 'ਚ ਮਾਰਚ ਮਹੀਨੇ ਭਾਰਤੀ ਮਿਸ਼ਨਾਂ ਉਤੇ ਖਾਲਿਸਤਾਨ ਦੇ ਹਮਾਇਤੀਆਂ ਵੱਲੋਂ ਕੀਤੇ ਗਏ ਹਮਲਿਆਂ ਦੀ ਜਾਂਚ ਆਪਣੇ ਹੱਥ 'ਚ ਲੈ ਲਈ ਹੈ। ਇਸ ਤੋਂ ਪਹਿਲਾਂ ਇਸ ਸਾਲ ਮਾਰਚ 'ਚ ਲੰਡਨ ਸਥਿਤ ਭਾਰਤੀ ਹਾਈ ਕਮਿਸ਼ਨ ਦੇ ਬਾਹਰ ਹੋਏ ਹਿੰਸਕ ਮੁਜ਼ਾਹਰਿਆਂ ਤੇ ਭੰਨਤੋੜ ਦੀ ਕੋਸ਼ਿਸ਼ ਕੀਤੇ ਜਾਣ ਦੀਆਂ ਘਟਨਾਵਾਂ ਦੀ ਜਾਂਚ ਵੀ ਐਨ.ਆਈ.ਏ. ਨੂੰ ਸੌਂਪੀ ਗਈ ਸੀ। ਸੂਤਰਾਂ ਨੇ ਦੱਸਿਆ ਕਿ ਦਿੱਲੀ ਪੁਲਿਸ ਦੇ ਵਿਸ਼ੇਸ਼ ਸੈੱਲ ਨੇ ਮਾਰਚ 'ਚ ਹੋਏ ਹਮਲਿਆਂ ਦੇ ਸਿਲਸਿਲੇ 'ਚ ਯੂ.ਏ.ਪੀ.ਏ. ਤਹਿਤ ਕੇਸ ਦਰਜ ਕੀਤੇ ਸੀ। ਉਨ੍ਹਾਂ ਦੱਸਿਆ ਕਿ ਅਮਰੀਕਾ ਤੇ ਕੈਨੇਡਾ 'ਚ ਹੋਏ ਹਮਲਿਆਂ ਦੀ ਜਾਂਚ ਹੁਣ ਐਨ.ਆਈ.ਏ. ਹਵਾਲੇ ਕਰ ਦਿੱਤੀ ਗਈ ਹੈ।




ਖਾਲਿਸਤਾਨ ਹਮਾਇਤੀਆਂ ਦੇ ਗਰੁੱਪ ਨੇ ਅਮਰੀਕਾ ਦੇ ਸਾਂ ਫਰਾਂਸਿਸਕੋ ਸਥਿਤ ਭਾਰਤੀ ਕੌਂਸਲੇਟ 'ਤੇ ਹਮਲਾ ਕੀਤਾ ਤੇ ਉਸ ਨੂੰ ਨੁਕਸਾਨ ਪਹੁੰਚਾਇਆ। ਪ੍ਰਦਰਸ਼ਨਕਾਰੀਆਂ ਨੇ ਆਰਜ਼ੀ ਸੁਰੱਖਿਆ ਰੋਕਾਂ ਤੋੜ ਕੇ ਕੌਂਸਲੇਟ 'ਚ ਖਾਲਿਸਤਾਨੀ ਝੰਡੇ ਲਗਾ ਦਿੱਤੇ। ਦੂਤਾਵਾਸ ਕਰਮੀਆਂ ਨੇ ਹਾਲਾਂਕਿ ਬਾਅਦ ਵਿਚ ਇਹ ਝੰਡੇ ਹਟਾ ਦਿੱਤੇ। ਇਸ ਘਟਨਾ ਤੋਂ ਬਾਅਦ ਭਾਰਤ ਨੇ ਨਵੀਂ ਦਿੱਲੀ 'ਚ ਅਮਰੀਕੀ ਦੂਤਾਵਾਸ ਕੋਲ ਸਖਤ ਵਿਰੋਧ ਦਰਜ ਕਰਵਾਇਆ ਸੀ। ਸਰਕਾਰ ਨੇ ਕੈਨੇਡਿਆਈ ਹਾਈ ਕਮਿਸ਼ਨਰ ਨੂੰ ਵੀ ਤਲਬ ਕੀਤਾ ਤੇ ਭਾਰਤੀ ਕੂਟਨੀਤਕ ਮਿਸ਼ਨ ਨੂੰ ਨਿਸ਼ਾਨਾ ਬਣਾਏ ਜਾਣ ਨੂੰ ਲੈ ਕੇ ਆਪਣੀ ਚਿੰਤਾ ਤੋਂ ਜਾਣੂ ਕਰਾਇਆ ਸੀ।

# ਅਮਿਤ ਸ਼ਾਹ ਨੇ ਪੰਜਾਬ 'ਚ ਅਮਨ-ਕਾਨੂੰਨ ਦੀ ਸਥਿਤੀ ਉਤੇ ਚੁੱਕੇ ਸਵਾਲ

**ਗੁਰਦਾਸਪੁਰ:** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਪੰਜਾਬ 'ਚ ਅਮਨ-ਕਾਨੂੰਨ ਦੀ ਸਥਿਤੀ ਠੀਕ ਨਹੀਂ ਹੈ ਪਰ ਮੁੱਖ ਮੰਤਰੀ ਭਗਵੰਤ ਮਾਨ ਕੋਲ ਇਸ ਲਈ ਸਮਾਂ ਹੀ ਨਹੀਂ ਅਤੇ ਉਨ੍ਹਾਂ ਦਾ ਇਕੋ-ਇਕ ਕੰਮ ਅਰਵਿੰਦ ਕੇਜਰੀਵਾਲ ਦੇ ਦੇਸ਼ ਪੱਧਰੀ ਦੌਰੇ ਲਈ ਸਰਕਾਰੀ ਜਹਾਜ਼ ਮੁਹੱਈਆ ਕਰਾਉਣਾ ਹੈ। ਉਹ ਪੰਜਾਬ ਦੇ ਸਰਹੱਦੀ ਜ਼ਿਲ੍ਹੇ ਗੁਰਦਾਸਪੁਰ 'ਚ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਇਸ ਤੋਂ ਬਾਅਦ ਹਰਿਆਣਾ ਦੇ ਸਿਰਸਾ 'ਚ ਰੈਲੀ ਨੂੰ ਸੰਬੋਧਨ ਕਰਦਿਆਂ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਕਾਂਗਰਸ ਨੂੰ ਨਿਸ਼ਾਨੇ 'ਤੇ ਲਿਆ।



ਉਨ੍ਹਾਂ ਕੇਂਦਰ ਦੀ ਮੋਦੀ ਸਰਕਾਰ ਦੇ ਨੌਂ ਸਾਲਾਂ ਦੇ ਕਾਰਜਕਾਲ ਦੀਆਂ ਪ੍ਰਾਪਤੀਆਂ ਲੋਕਾਂ ਤੱਕ ਪਹੁੰਚਾਉਣ ਲਈ ਇੱਥੋਂ ਦੀ ਦਾਣਾ ਮੰਡੀ 'ਚ ਕੀਤੀ ਰੈਲੀ ਨੂੰ ਸੰਬੋਧਨ ਕਰਦਿਆਂ ਸ਼ਾਹ ਨੇ ਕਿਹਾ ਕਿ ਪੰਜਾਬ ਦੀ 'ਆਪ' ਸਰਕਾਰ ਨੂੰ ਸੂਬੇ ਦੇ ਲੋਕਾਂ ਦੀਆਂ ਸਮੱਸਿਆਵਾਂ ਨਾਲ ਕੋਈ ਸਰੋਕਾਰ ਨਹੀਂ ਹੈ। ਉਨ੍ਹਾਂ ਕਿਹਾ, 'ਮੁੱਖ ਮੰਤਰੀ ਸਾਰੇ ਦੇਸ਼ 'ਚ ਘੁੰਮ ਰਹੇ ਹਨ। ਜੇਕਰ ਉਹ ਖੁਦ ਜਾਂਦੇ ਤਾਂ ਗੱਲ ਸਮਝ 'ਚ ਆਉਂਦੀ ਸੀ ਪਰ ਉਹ ਕੇਜਰੀਵਾਲ ਦੇ ਪਾਇਲਟ ਬਣੇ ਹੋਏ ਹਨ।' ਉਨ੍ਹਾਂ ਕਿਹਾ, 'ਮੈਂ ਆਪਣੀ ਸਾਰੀ ਜ਼ਿੰਦਗੀ ਵਿਚ 'ਆਪ' ਦੀ ਅਗਵਾਈ ਵਾਲੀ ਅਜਿਹੀ ਸਰਕਾਰ ਨਹੀਂ ਦੇਖੀ ਜੋ ਫੋਕੇ ਵਾਅਦੇ ਕਰਦੀ ਹੋਵੇ।' ਉਨ੍ਹਾਂ ਕਿਹਾ ਕਿ ਭਗਵੰਤ ਮਾਨ ਦਾ ਪੂਰਾ ਸਮਾਂ ਦੌਰਿਆਂ 'ਚ ਲੰਘ ਜਾਂਦਾ ਹੈ ਅਤੇ ਇਸ ਕਾਰਨ ਪੰਜਾਬ 'ਚ ਅਮਨ-ਕਾਨੂੰਨ ਦੀ ਸਥਿਤੀ ਵਿਗੜਦੀ ਜਾ ਰਹੀ ਹੈ।

ਸ਼ਾਹ ਨੇ ਕਿਹਾ ਕਿ ਲੋਕ ਇੱਥੇ ਸੁਰੱਖਿਅਤ ਨਹੀਂ ਹਨ। ਉਨ੍ਹਾਂ ਸਰਕਾਰ 'ਤੇ ਪੰਜਾਬ ਦਾ ਪੈਸਾ ਹੋਰਨਾਂ ਸੂਬਿਆਂ 'ਚ ਇਸ਼ਤਿਹਾਰਬਾਜ਼ੀ 'ਤੇ ਖਰਚਣ ਦਾ ਦੋਸ਼ ਵੀ ਲਾਇਆ। ਉਨ੍ਹਾਂ ਕਿਹਾ ਕਿ ਪੰਜਾਬ 'ਚ ਜਿੱਥੇ ਨਸ਼ੀਲੇ ਪਦਾਰਥਾਂ ਦਾ ਕਾਰੋਬਾਰ ਵਧ ਰਿਹਾ ਹੈ, ਉਥੇ ਹੀ ਮੁੱਖ ਮੰਤਰੀ ਕੋਲ ਇਸ ਲਈ ਜਾਂ ਕਿਸਾਨਾਂ ਦੀ ਪਰੇਸ਼ਾਨੀ ਸੁਣਨ ਲਈ ਸਮਾਂ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਅਜੇ ਤੱਕ ਮਹਿਲਾਵਾਂ ਨੂੰ ਇਕ ਹਜ਼ਾਰ ਰੁਪਏ ਦੇਣ ਦਾ ਵਾਅਦਾ ਪੂਰਾ ਨਹੀਂ ਕੀਤਾ। ਉਨ੍ਹਾਂ ਮੋਦੀ ਸਰਕਾਰ ਦੀਆਂ ਨੌਂ ਸਾਲਾਂ ਦੀਆਂ ਪ੍ਰਾਪਤੀਆਂ ਗਿਣਾਉਂਦਿਆਂ ਕਿਹਾ ਕਿ ਭਾਰਤ ਹੁਣ ਵਿਕਾਸ ਇੰਜਣ ਵਜੋਂ ਜਾਣਿਆ ਜਾਵੇਗਾ। ਨਸ਼ਿਆਂ ਦੇ ਮੁੱਦੇ 'ਤੇ ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ ਦੇਸ਼ 'ਚੋਂ ਇਹ ਬੁਰਾਈ ਖਤਮ ਕਰਨ ਦਾ ਫੈਸਲਾ ਕੀਤਾ ਹੈ ਅਤੇ ਬਹੁਤ ਜਲਦੀ ਹੀ ਪੰਜਾਬ 'ਚ ਨਸ਼ਿਆਂ ਦਾ ਕਾਰੋਬਾਰ ਬੰਦ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਇਕ ਮਹੀਨੇ ਅੰਦਰ ਅੰਮ੍ਰਿਤਸਰ 'ਚ ਨਸ਼ਾ ਕੰਟਰੋਲ ਬਿਊਰੋ ਦਾ ਦਫਤਰ ਖੋਲ੍ਹਿਆ ਜਾਵੇਗਾ ਤੇ ਭਾਜਪਾ ਆਗੂ ਪੰਜਾਬ ਭਰ 'ਚ ਜਾ ਕੇ ਲੋਕਾਂ ਨੂੰ ਨਸ਼ਿਆਂ ਖਿਲਾਫ ਜਾਗਰੂਕ ਕਰਨਗੇ। ਉਨ੍ਹਾਂ ਲੋਕਾਂ ਨੂੰ 2024 ਦੀਆਂ ਲੋਕ ਸਭਾ ਚੋਣਾਂ 'ਚ ਭਾਜਪਾ ਨੂੰ ਮੁੜ ਜਿਤਾਉਣ ਦੀ ਅਪੀਲ ਕੀਤੀ। ਰੈਲੀ 'ਚ ਕੇਂਦਰੀ ਮੰਤਰੀ ਗਜੇਂਦਰ ਸ਼ੇਖਾਵਤ, ਅਰਜੁਨ ਰਾਮ ਮੇਘਵਾਲ ਤੇ ਹੋਰ ਭਾਜਪਾ ਆਗੂ ਹਾਜਰ ਸਨ।

# ਕੈਨੇਡਾ ਦੀ ਆਬਾਦੀ ਚਾਰ ਕਰੋੜ ਤੋਂ ਪਾਰ

**ਵੈਨਕੂਵਰ:** ਕੈਨੇਡਾ ਦੀ ਆਬਾਦੀ 16 ਜੂਨ ਨੂੰ ਚਾਰ ਕਰੋੜ ਦਾ ਅੰਕੜਾ ਪਾਰ ਕਰ ਗਈ ਹੈ। ਅੰਕੜਾ ਵਿਭਾਗ ਅਨੁਸਾਰ ਇਕ ਸਾਲ ਦੌਰਾਨ ਵਿਦੇਸ਼ਾਂ ਤੋਂ ਆ ਕੇ ਵੱਸੇ ਲੋਕਾਂ ਕਾਰਨ 2022 ਵਿਚ ਆਬਾਦੀ 'ਚ ਰਿਕਾਰਡ ਸਾਢੇ ਦਸ ਲੱਖ (10,50,111) ਦਾ ਵਾਧਾ ਦਰਜ ਕੀਤਾ ਗਿਆ। ਇਸ ਤੋਂ ਪਹਿਲਾਂ ਦੂਜੀ ਵਿਸ਼ਵ ਜੰਗ ਮਗਰੋਂ ਵੱਧ ਬੱਚੇ ਪੈਦਾ ਕਰਨ ਦੀ ਲਹਿਰ ਤਹਿਤ 1957 ਵਿਚ ਦੇਸ਼ 'ਚ ਆਬਾਦੀ ਦੇ ਵਾਧੇ ਦਾ ਰਿਕਾਰਡ ਦਰਜ ਕੀਤਾ ਗਿਆ ਸੀ। ਅੰਕੜਾ ਵਿਭਾਗ ਦੇ ਮੁਖੀ ਅਨਿਲ ਅਰੋੜਾ ਨੇ ਕਿਹਾ ਕਿ ਕੈਨੇਡਾ ਦੇ ਇਤਿਹਾਸ ਵਿਚ ਮੀਲ ਪੱਥਰ ਬਣਿਆ ਇਹ ਅੰਕੜਾ ਅਨੁਮਾਨ ਤੋਂ ਪੰਜ ਮਿੰਟ ਪਹਿਲਾਂ ਪੂਰਾ ਹੋ ਗਿਆ। ਉਨ੍ਹਾਂ ਦੱਸਿਆ ਕਿ ਇਹ ਅਨੁਮਾਨ ਸੀ ਕਿ ਚਾਰ ਕਰੋੜ ਆਬਾਦੀ ਦਾ ਅੰਕੜਾ 16 ਜੂਨ ਨੂੰ ਬਾਅਦ ਦੁਪਹਿਰ ਤਿੰਨ ਵਜੇ ਹਾਸਲ ਹੋਵੇਗਾ, ਜੋ ਕਿ ਉਸ ਤੋਂ ਪੰਜ ਮਿੰਟ ਪਹਿਲਾਂ ਹੀ ਪੂਰਾ ਹੋ ਗਿਆ। ਉਨ੍ਹਾਂ ਕਿਹਾ ਕਿ ਜੇਕਰ ਆਬਾਦੀ 'ਚ ਵਾਧੇ ਦਾ ਇਹੀ ਰੁਝਾਨ ਰਿਹਾ ਤਾਂ ਅਗਲੇ 20 ਸਾਲਾਂ ਦੌਰਾਨ ਕੈਨੇਡਾ ਦੀ ਆਬਾਦੀ ਪੰਜ ਕਰੋੜ ਤੋਂ ਟੱਪ ਜਾਵੇਗੀ। ਅੰਕੜਾ ਵਿਭਾਗ ਅਨੁਸਾਰ 2016 ਤੋਂ 2021 ਦੇ ਪੰਜ ਸਾਲਾਂ ਦੌਰਾਨ ਸਥਾਈ ਵਾਧਾ ਸਿਰਫ 9.4 ਫੀਸਦ ਹੋਇਆ, ਜਦ ਕਿ ਇਸੇ ਸਮੇਂ ਦੌਰਾਨ 5.3 ਫੀਸਦੀ ਵਾਧਾ ਪਰਵਾਸੀਆਂ ਕਾਰਨ ਹੋਇਆ।

# ਨੇਪਾਲ: ਕਾਠਮੰਡੂ 'ਚ ਆਦਿਪੁਰਸ਼ ਸਣੇ ਸਾਰੀਆਂ ਹਿੰਦੀ ਫਿਲਮਾਂ 'ਤੇ ਪਾਬੰਦੀ

**ਕਾਠਮੰਡੂ:** ਨੇਪਾਲ ਦੀ ਰਾਜਧਾਨੀ ਕਾਠਮੰਡੂ ਅਤੇ ਸੈਰ-ਸਪਾਟਾ ਇਲਾਕੇ ਪੋਖਰਾ ਵਿਚ 'ਆਦਿਪੁਰਸ਼' ਸਣੇ ਸਾਰੀਆਂ ਭਾਰਤੀ ਹਿੰਦੀ ਫਿਲਮਾਂ 'ਤੇ ਪਾਬੰਦੀ ਲਾ ਦਿੱਤੀ ਗਈ। 'ਆਦਿਪੁਰਸ਼' ਵਿਚ ਸੀਤਾ ਨੂੰ ਭਾਰਤ ਦੀ ਧੀ ਕਿਹਾ ਗਿਆ ਹੈ ਤੇ ਇਸ ਤੋਂ ਲੋਕ ਨਾਰਾਜ਼ ਹਨ। ਕਾਠਮੰਡੂ ਦੇ 17 ਹਾਲਾਂ ਵਿਚ ਪੁਲਿਸ ਮੁਲਾਜ਼ਮਾਂ ਨੂੰ ਤਾਇਨਾਤ ਕੀਤਾ ਗਿਆ। ਕਾਠਮੰਡੂ ਦੇ ਮੇਅਰ ਬਲੇਂਦਰ ਸਾਹ ਨੇ ਕਿਹਾ ਕਿ ਉਦੋਂ ਤੱਕ ਕੋਈ ਵੀ ਹਿੰਦੀ ਫਿਲਮ ਨਹੀਂ ਚੱਲਣ ਦਿੱਤੀ ਜਾਵੇਗੀ ਜਦੋਂ ਤੱਕ 'ਆਦਿਪੁਰਸ਼' ਵਿਚ 'ਜਾਨਕੀ ਭਾਰਤ ਦੀ ਧੀ ਹੈ' ਡਾਇਲਾਗ ਹਟਾਇਆ ਨਹੀਂ ਜਾਂਦਾ।

# ਮਨੀਪੁਰ: ਹਿੰਸਕ ਭੀੜ ਵੱਲੋਂ ਭਾਜਪਾ ਆਗੂਆਂ ਦੇ ਘਰ ਸਾੜਨ ਦੀ ਕੋਸ਼ਿਸ਼

**ਇੰਫਾਲ:** ਮਨੀਪੁਰ ਦੇ ਇੰਫਾਲ ਵਿਚ ਭਾਜਪਾ ਆਗੂਆਂ ਦੇ ਘਰਾਂ ਨੂੰ ਸਾੜਨ ਦੀ ਕੋਸ਼ਿਸ਼ ਕੀਤੀ ਗਈ ਹੈ। ਸੁਰੱਖਿਆ ਬਲਾਂ ਨਾਲ ਭੀੜ ਦੇ ਹੋਏ ਹਿੰਸਕ ਟਕਰਾਅ ਵਿਚ ਦੋ ਨਾਗਰਿਕ ਜ਼ਖਮੀ ਵੀ ਹੋਏ ਹਨ। ਵੱਖ-ਵੱਖ ਘਟਨਾਵਾਂ 'ਚ ਬਿਸ਼ਨੂਪੁਰ ਜ਼ਿਲ੍ਹੇ ਦੇ ਕਵਾਕਤਾ ਵਿਚ ਆਟੋਮੈਟਿਕ ਰਾਈਫਲ ਨਾਲ ਗੋਲੀਬਾਰੀ ਕੀਤੀ ਗਈ ਹੈ। ਚੂਰਾਚਾਂਦਪੁਰ ਜ਼ਿਲ੍ਹੇ ਦੇ ਕੰਗਵਈ ਵਿਚ ਵੀ ਪੂਰੀ ਰਾਤ ਫਾਇਰਿੰਗ ਹੋਈ ਹੈ। ਇੰਫਾਲ ਵੈਸਟ ਪੁਲਿਸ ਥਾਣੇ ਦੇ ਇਰਿੰਗਬਾਮ ਤੋਂ ਹਥਿਆਰ ਲੁੱਟਣ ਦੀ ਕੋਸ਼ਿਸ਼ ਵੀ ਕੀਤੀ ਗਈ ਹੈ। ਹਾਲਾਂਕਿ ਕੋਈ ਹਥਿਆਰ ਚੋਰੀ ਨਹੀਂ ਹੋਇਆ। ਇਸੇ ਦੌਰਾਨ ਫੌਜ, ਅਸਾਮ ਰਾਈਫਲਜ਼ ਤੇ ਮਨੀਪੁਰ ਰੈਪਿਡ ਐਕਸ਼ਨ ਫੋਰਸ ਨੇ ਦੰਗਾਕਾਰੀਆਂ ਨੂੰ ਇਕੱਠੇ ਹੋਣ ਤੋਂ ਰੋਕਣ ਲਈ ਰਾਜਧਾਨੀ ਇੰਫਾਲ ਵਿਚ ਅੱਧੀ ਰਾਤ ਤੱਕ ਮਾਰਚ ਵੀ ਕੀਤਾ। ਰਿਪੋਰਟਾਂ ਮੁਤਾਬਕ ਕਰੀਬ 1000 ਵਿਅਕਤੀਆਂ ਦੀ ਭੀੜ ਨੇ ਇਸ ਦੌਰਾਨ ਇਮਾਰਤਾਂ ਨੂੰ ਸਾੜਨ ਦੀ ਕੋਸ਼ਿਸ਼ ਕੀਤੀ। ਰੈਪਿਡ ਐਕਸ਼ਨ ਫੋਰਸ ਨੂੰ ਭੀੜ ਨੂੰ ਖਿੰਡਾਉਣ ਲਈ ਅੱਥਰੂ ਗੈਸ ਤੇ ਰਬੜ ਦੀਆਂ ਗੋਲੀਆਂ ਦੀ ਵਰਤੋਂ ਕਰਨੀ ਪਈ। ਇਕ ਹੋਰ ਭੀੜ ਨੇ ਵਿਧਾਇਕ ਬਿਸਵਜੀਤ ਦੇ ਘਰ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕੀਤੀ ਪਰ ਬਲਾਂ ਨੇ ਇਸ ਨੂੰ ਖਿੰਡਾ ਦਿੱਤਾ। ਇਸ ਤੋਂ ਇਲਾਵਾ ਇਕ ਹੋਰ ਭੀੜ ਨੇ ਅੱਧੀ ਰਾਤ ਤੋਂ ਬਾਅਦ ਭਾਜਪਾ ਦੇ ਦਫਤਰ ਨੂੰ ਘੇਰ ਲਿਆ ਪਰ ਫੌਜ ਨੇ ਉਨ੍ਹਾਂ ਨੂੰ ਖਿੰਡਾ ਦਿੱਤਾ। ਇਸੇ ਤਰ੍ਹਾਂ ਲੋਕਾਂ ਦੇ ਇਕ ਹੋਰ ਗਰੁੱਪ ਨੇ ਭਾਜਪਾ (ਮਹਿਲਾ ਵਿੰਗ) ਦੀ ਪ੍ਰਧਾਨ ਸ਼ਾਰਦਾ ਦੇਵੀ ਦੇ ਘਰ ਦੀ ਭੰਨ-ਤੋੜ ਦੀ ਕੋਸ਼ਿਸ਼ ਕੀਤੀ। ਇਹ ਘਟਨਾ ਅੱਧੀ ਰਾਤ ਨੂੰ ਇੰਫਾਲ ਦੇ ਪੋਰਮਪੇਟ ਕੋਲ ਵਾਪਰੀ। ਪਰ ਸੁਰੱਖਿਆ ਬਲਾਂ ਨੇ ਨੌਜਵਾਨਾਂ ਨੂੰ ਖਿੰਡਾ ਦਿੱਤਾ। ਅਧਿਕਾਰੀਆਂ ਮੁਤਾਬਕ ਇਸ ਤੋਂ ਪਹਿਲਾਂ ਦਿਨ ਵਿਚ ਵੀ ਕਈ ਭੀੜਾਂ ਨੇ ਇੰਫਾਲ ਕਸਬੇ ਵਿਚ ਸੜਕਾਂ ਜਾਮ ਕਰ ਦਿੱਤੀਆਂ ਤੇ ਜਾਇਦਾਦਾਂ ਨੂੰ ਅੱਗ ਲਾ ਦਿੱਤੀ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਕੇਂਦਰੀ ਮੰਤਰੀ ਆਰ.ਕੇ. ਰੰਜਨ ਸਿੰਘ ਦੇ ਘਰ ਉਤੇ ਵੀ ਹਮਲਾ ਕੀਤਾ ਗਿਆ ਸੀ ਤੇ ਇਸ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕੀਤੀ ਗਈ ਸੀ। ਹਾਲਾਂਕਿ ਸੁਰੱਖਿਆ ਕਰਮੀਆਂ ਤੇ ਫਾਇਰ ਬ੍ਰਿਗੇਡ ਨੇ ਕੇਂਦਰੀ ਮੰਤਰੀ ਦੇ ਘਰ ਨੂੰ ਸੁਆਹ ਹੋਣ ਤੋਂ ਬਚਾ ਲਿਆ। ਦੱਸ ਦਈਏ ਕਿ ਮਨੀਪੁਰ ਵਿਚ ਮੈਤੇਈ ਤੇ ਕੁਕੀ ਭਾਈਚਾਰਿਆਂ ਵਿਚਾਲੇ ਹੋਈ ਨਸਲੀ ਹਿੰਸਾ ਵਿਚ ਹੁਣ ਤੱਕ 100 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਕਰੀਬ ਮਹੀਨੇ ਤੋਂ ਹਿੰਸਾ ਬੇਰੋਕ ਜਾਰੀ ਹੈ। ਰਾਜ ਸਰਕਾਰ ਨੇ 11 ਜ਼ਿਲ੍ਹਿਆਂ ਵਿਚ ਕਰਫਿਊ ਲਾਇਆ ਹੈ। ਇਸ ਦੇ ਨਾਲ ਹੀ ਅਫਵਾਹਾਂ ਨੂੰ ਫੈਲਣ ਤੋਂ ਰੋਕਣ ਲਈ ਇੰਟਰਨੈੱਟ ਉਤੇ ਪਾਬੰਦੀ ਵੀ ਲਾਈ ਗਈ ਹੈ।




## ਵਿਰੋਧੀ ਧਿਰਾਂ ਨੇ ਮੋਦੀ ਦੀ ਚੁੱਪ 'ਤੇ ਚੁੱਕ ਸਵਾਲ

**ਨਵੀਂ ਦਿੱਲੀ:** ਮਨੀਪੁਰ ਵਿਚ ਬੇਰੋਕ ਹਿੰਸਾ ਦੇ ਮਾਮਲੇ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਚੁੱਪ ਉਤੇ ਵਿਰੋਧੀ ਧਿਰਾਂ ਨੇ ਸਵਾਲ ਉਠਾਏ ਹਨ। ਕਾਂਗਰਸ ਨੇ 10 ਵਿਰੋਧੀ ਧਿਰਾਂ ਨਾਲ ਬਿਆਨ ਜਾਰੀ ਕਰਦਿਆਂ ਕਿਹਾ ਕਿ ਉਹ ਇਸ ਮੁੱਦੇ ਉਤੇ ਡੂੰਘਾਈ ਨਾਲ ਚਰਚਾ ਲਈ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਦਾ ਸਮਾਂ ਮਿਲਣ ਦੀ ਉਡੀਕ ਕਰ ਰਹੇ ਹਨ। ਕਾਂਗਰਸ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਕਾਂਗਰਸ, ਜੇਡੀ (ਯੂ), ਸੀ.ਪੀ.ਆਈ, ਸੀ.ਪੀ.ਐਮ, ਟੀ.ਐਮ.ਸੀ, 'ਆਪ', ਆਲ ਇੰਡੀਆ ਫਾਰਵਰਡ ਬਲਾਕ, ਸ਼ਿਵ ਸੈਨਾ (ਯੂ.ਬੀ.ਟੀ.), ਐਨ.ਸੀ.ਪੀ. ਤੇ ਰੈਵੋਲਿਊਸ਼ਨਰੀ ਸੋਸ਼ਲਿਸਟ ਪਾਰਟੀ ਨੇ ਪ੍ਰਧਾਨ ਮੰਤਰੀ ਤੋਂ ਮੁਲਾਕਾਤ ਲਈ ਸਮਾਂ ਮੰਗਿਆ ਹੈ। ਉਨ੍ਹਾਂ ਕਿਹਾ ਕਿ ਹਾਲੇ ਤੱਕ ਕੋਈ ਜਵਾਬ ਨਹੀਂ ਆਇਆ ਹੈ।

ਪੰਜਾਬ ਟਾਈਮਜ਼

*ਸ਼ਨਿਚਰਵਾਰ, 24 ਜੂਨ, 2023*

# ਲੀਹੋਂ ਲਹਿੰਦੀ ਸਿਆਸਤ

ਪੰਜਾਬ ਵਿਧਾਨ ਸਭਾ ਨੇ ਦੋ ਦਿਨਾ ਵਿਸ਼ੇਸ਼ ਇਜਲਾਸ ਦੇ ਆਖਰੀ ਦਿਨ ਸਿੱਖ ਗੁਰਦੁਆਰਾ (ਸੋਧ) ਬਿੱਲ-2023 ਉੱਤੇ ਮੋਹਰ ਲਾ ਦਿੱਤੀ। ਇਸ ਬਿੱਲ ਦੇ ਕਾਨੂੰਨ ਦਾ ਰੂਪ ਲੈਣ ਨਾਲ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਦਾ ਮੁਫ਼ਤ ਪ੍ਰਸਾਰਨ ਯਕੀਨੀ ਬਣ ਗਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਇਹ ਬਿੱਲ ਸਦਨ ਵਿਚ ਪੇਸ਼ ਕੀਤਾ ਜਿਸ ਬਾਰੇ ਸਦਨ ਵਿਚ ਬਹਿਸ ਵੀ ਹੋਈ। ਫਿਰ ਇਹ ਬਿੱਲ ਬਿਨਾ ਕਿਸੇ ਰੌਲੇ-ਰੱਪੇ ਤੋਂ ਭਾਰੀ ਬਹੁਮਤ ਨਾਲ ਪਾਸ ਕਰ ਦਿੱਤਾ ਗਿਆ। ਸ਼੍ਰੋਮਣੀ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਨੇ ਇਸ ਬਿੱਲ ਦਾ ਵਿਰੋਧ ਕੀਤਾ; ਭਾਜਪਾ ਤੇ ਕਾਂਗਰਸ ਦੇ ਮੈਂਬਰ ਬਿੱਲ ਪੇਸ਼ ਕਰਨ ਮੌਕੇ ਗੈਰ-ਹਾਜ਼ਰ ਰਹੇ।ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇਸਿੱਖ ਗੁਰਦੁਆਰਾ ਐਕਟ ਵਿਚ ਸੋਧ ਨੂੰ ਲੈ ਕੇ 'ਆਪ' ਸਰਕਾਰ 'ਤੇ ਨਿਸ਼ਾਨਾ ਸਾਧਿਆ ਹੋਇਆ ਹੈ ਅਤੇ ਸਰਕਾਰ ਦੇ ਇਸ ਕਦਮ ਨੂੰ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖਲਅੰਦਾਜ਼ੀ ਕਰਾਰ ਦਿੱਤਾ ਹੈ। ਉਧਰ, ਮੁੱਖ ਮੰਤਰੀ ਨੇ ਇਸ ਬਿੱਲ 'ਤੇ ਬਹਿਸ ਦੌਰਾਨ ਪੰਜਾਬ ਸਰਕਾਰ ਦੀ ਇਸ ਸੋਧ ਬਿੱਲ ਪਿਛਲੀ ਮਨਸ਼ਾ ਅਤੇ ਸੁਪਰੀਮ ਕੋਰਟ ਦੇ ਹਵਾਲੇ ਨਾਲ ਕਾਨੂੰਨੀ ਨੁਕਤੇ ਸਦਨ ਵਿਚ ਰੱਖੇ।

ਯਾਦ ਰਹੇ ਕਿ ਸ਼੍ਰੋਮਣੀ ਕਮੇਟੀ ਦਾ ਗੁਰਬਾਣੀ ਦੇ ਪ੍ਰਸਾਰਨ ਨੂੰ ਲੈ ਕੇ ਪੀ.ਟੀ.ਸੀ. ਚੈਨਲ ਕੀਤਾ ਇਕਰਾਰ 21 ਜੁਲਾਈ ਨੂੰ ਖ਼ਤਮ ਹੋ ਰਿਹਾ ਹੈ।ਮੁੱਖ ਮੰਤਰੀ ਨੇ ਕਿਹਾ ਕਿ ਉਹ ਨਿਮਾਣੇ ਸਿੱਖ ਵਜੋਂ ਗੁਰਬਾਣੀ ਨੂੰ ਵਿਸ਼ਵ ਭਰ ਤੱਕ ਪਹੁੰਚਾਉਣ ਲਈ ਆਪਣਾ ਫ਼ਰਜ਼ ਨਿਭਾਅ ਰਹੇ ਹਨ ਅਤੇ ਇਹ ਬਿੱਲ ਕਿਸੇ ਵੀ ਪੱਖੋਂ ਧਾਰਮਿਕ ਮਾਮਲਿਆਂ ਵਿਚ ਦਖਲਅੰਦਾਜ਼ੀ ਨਹੀਂ। ਗੁਰਬਾਣੀ ਦਾ ਸਿੱਧਾ ਪ੍ਰਸਾਰਨ ਕਰਨ ਲਈ ਸਿੱਖ ਗੁਰਦੁਆਰਾ ਐਕਟ-1925 ਵਿਚ ਧਾਰਾ 125 ਤੋਂ ਬਾਅਦ ਧਾਰਾ 125-ਏ ਦਰਜ ਕੀਤੀ ਜਾਵੇਗੀ। ਗੁਰਬਾਣੀ ਦੇ ਪ੍ਰਸਾਰਨ ਲਈ ਬੋਰਡ ਸ਼੍ਰੋਮਣੀ ਕਮੇਟੀ ਦਾ ਫ਼ਰਜ਼ ਸ੍ਰੀ ਹਰਿਮੰਦਰ ਸਾਹਿਬ ਤੋਂ ਪਵਿੱਤਰ ਗੁਰਬਾਣੀ ਦਾ ਸਿੱਧਾ ਪ੍ਰਸਾਰਨ (ਆਡੀਓ ਜਾਂ ਆਡੀਓ ਦੇ ਨਾਲ-ਨਾਲ ਵੀਡੀਓ) ਸਾਰੇ ਮੀਡੀਆ ਘਰਾਣਿਆਂ, ਆਊਟਲੈੱਟਜ਼, ਪਲੈਟਫਾਰਮਾਂ, ਚੈਨਲਾਂ ਆਦਿ ਜੋ ਵੀ ਚਾਹੁੰਦਾ ਹੋਵੇ, ਨੂੰ ਮੁਹੱਈਆ ਕਰਵਾਉਣ ਦਾ ਹੋਵੇਗਾ।ਮੁੱਖ ਮੰਤਰੀ ਮੁਤਾਬਿਕ ਸ਼੍ਰੋਮਣੀ ਕਮੇਟੀ ਨੇ ਇੱਕ ਪਰਿਵਾਰ ਦੇ ਪ੍ਰਭਾਵ ਹੇਠ ਪਿਛਲੇ 11 ਸਾਲਾਂ ਤੋਂ ਗੁਰਬਾਣੀ ਪ੍ਰਸਾਰਨ ਦੇ ਅਧਿਕਾਰ ਇੱਕ ਚੈਨਲ ਨੂੰ ਦਿੱਤੇ ਹੋਏ ਹਨ। ਇਸ ਅਧਿਕਾਰ ਨੂੰ ਇਕ ਪਰਿਵਾਰ ਦੇ ਕੰਟਰੋਲ ਤੋਂ ਮੁਕਤ ਕਰਨਾ ਸੋਧ ਬਿੱਲ ਦਾ ਮੰਤਵ ਹੈ। ਕਰੀਬ ਸਾਲ ਪਹਿਲਾਂ ਅਕਾਲ ਤਖ਼ਤ ਦੇ ਜਥੇਦਾਰ ਨੇ ਸ਼੍ਰੋਮਣੀ ਕਮੇਟੀ ਨੂੰ ਆਪਣਾ ਚੈਨਲ ਸ਼ੁਰੂ ਕਰਨ ਦੇ ਹੁਕਮ ਦਿੱਤੇ ਸਨ ਪਰ ਅੱਜ ਤੱਕ ਇਨ੍ਹਾਂ ਹੁਕਮਾਂ 'ਤੇ ਅਮਲ ਨਹੀਂ ਹੋਇਆ।ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿਸੂਬਾ ਸਰਕਾਰ ਇਹ ਸੋਧ ਕਰਨ ਲਈ ਸਮਰੱਥ ਹੈ ਕਿਉਂਕਿ ਸੁਪਰੀਮ ਕੋਰਟ ਪਹਿਲਾਂ ਹੀ ਫ਼ੈਸਲਾ ਦੇ ਚੁੱਕੀ ਹੈ ਕਿ ਇਹ ਐਕਟ ਅੰਤਰ-ਰਾਜੀ ਐਕਟ ਨਹੀਂ। ਇਸੇ ਦੌਰਾਨ ਪੰਜਾਬ ਵਿਧਾਨ ਸਭਾ ਨੇ ਸੂਬਾਈ ਯੂਨੀਵਰਸਿਟੀਆਂ ਦੇ ਚਾਂਸਲਰ ਦਾ ਅਹੁਦਾ ਰਾਜਪਾਲ ਦੀ ਥਾਂ ਮੁੱਖ ਮੰਤਰੀ ਨੂੰ ਦੇਣ ਲਈ ਪੰਜਾਬ ਯੂਨੀਵਰਸਿਟੀ ਲਾਅਜ਼ (ਸੋਧ) ਬਿੱਲ-2023 ਸਰਬਸੰਮਤੀ ਨਾਲ ਪਾਸ ਕਰ ਦਿੱਤਾ।

ਮੁੱਖ ਮੰਤਰੀ ਭਗਵੰਤ ਮਾਨ ਭਾਵੇਂ ਜੋ ਮਰਜ਼ੀ ਦਾਅਵੇ ਕਰੀ ਜਾਣ ਪਰ ਹਕੀਕਤ ਇਹ ਹੈ ਕਿ ਜਿਸ ਢੰਗ ਨਾਲ ਇਹ ਸੋਧ ਕੀਤੀ ਗਈ ਹੈ, ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੀ ਖੁਦਮੁਖਤਾਰ ਸੰਸਥਾ ਦੇ ਹੱਕ ਖੋਹਣ ਦੇ ਬਰਾਬਰ ਹੈ। ਇਹ ਠੀਕ ਹੈ ਕਿ ਸ਼੍ਰੋਮਣੀ ਕਮੇਟੀ ਇਕ ਖਾਸ ਪਰਿਵਾਰ ਨੂੰ ਮਾਇਕ ਲਾਭ ਦੇਣ ਲਈ ਪ੍ਰਸਾਰਨ ਦੇ ਅਧਿਕਾਰ ਇਕ ਖਾਸ ਚੈਨਲ ਨੂੰ ਦਿੰਦੀ ਰਹੀ ਹੈ ਪਰ ਇਸ ਦਾ ਭਾਵ ਇਹ ਨਹੀਂ ਕਿ ਸ਼੍ਰੋਮਣੀ ਕਮੇਟੀ ਤੋਂ ਇਹ ਅਧਿਕਾਰ ਹੀ ਖੋਹ ਲਿਆ ਜਾਵੇ। ਇਸ ਮਸਲੇ ਨੂੰ ਕੇਂਦਰ ਵਿਚਲੀ ਮੋਦੀ ਸਰਕਾਰ ਦੀਆਂ ਨੀਤੀਆਂ ਦੀ ਰੌਸ਼ਨੀ ਵਿਚ ਦੇਖਣ ਦੀ ਜ਼ਰੂਰਤ ਹੈ। ਮੋਦੀ ਸਰਕਾਰ ਹਰ ਸੰਸਥਾ ਨੂੰ ਆਪਣੇ ਅਧੀਨ ਕਰਨ ਦੇ ਰਾਹ ਤੁਰੀ ਹੋਈ ਹੈ। ਕੇਂਦਰੀ ਪੱਧਰ ਦੀਆਂ ਸਾਰੀਆਂ ਸੰਸਥਾਵਾਂ 'ਤੇ ਇਹ ਤਕਰੀਬਨ ਕਬਜ਼ਾ ਕਰ ਹੀ ਚੁੱਕੀ ਹੈ, ਹੁਣ ਇਸ ਨੇ ਆਪਣਾ ਰੁਖ ਸੂਬਿਆਂ ਵੱਲ ਕਰ ਲਿਆ ਜਾਪਦਾ ਹੈ। ਇਉਂ ਭਗਵੰਤ ਮਾਨ ਸਰਕਾਰ ਇਕ ਤਰ੍ਹਾਂ ਨਾਲ ਸਿੱਧੇ ਜਾਂ ਅਸਿੱਧੇ ਰੂਪ ਵਿਚ ਮੋਦੀ ਸਰਕਾਰ ਵਾਲਾ ਤਾਕਤਾਂ ਦੇ ਕੇਂਦਰੀਕਰਨ ਵਾਲਾ ਰਾਹ ਹੀ ਅਖਤਿਆਰ ਕਰ ਰਹੀ ਹੈ।ਸ਼ਾਇਦ ਇਸੇ ਕਰ ਕੇ ਅਜੇ ਤੱਕ ਇਸ ਮਸਲੇ ਬਾਰੇ ਕੇਂਦਰ ਸਰਕਾਰ ਵੱਲੋਂ ਕੋਈ ਬਿਆਨ ਨਹੀਂ ਆਇਆ ਹੈ।

ਦੂਜੇ ਬੰਨੇ ਵੱਖ-ਵੱਖ ਮਸਲਿਆਂ ਬਾਰੇ ਪੰਜਾਬ ਸਰਕਾਰ ਅਜਿਹੀ ਪਹੁੰਚ ਅਪਣਾ ਰਹੀ ਹੈ ਜੋ ਦੇਖਣ ਨੂੰ ਤਾਂ ਲੋਕ ਪੱਖੀ ਜਾਪਦੇ ਹਨ ਪਰ ਇਨ੍ਹਾਂ ਦੀ ਤਾਸੀਰ ਕੇਂਦਰੀਕਰਨ ਵਾਲੀ ਹੀ ਹੈ। ਇਹੀ ਨਹੀਂ, ਕੁਝ ਮਸਲਿਆਂ ਬਾਰੇ ਪੰਜਾਬ ਸਰਕਾਰ ਕੇਂਦਰ ਸਰਕਾਰ ਦੇ ਵਿਰੋਧ ਵਿਚ ਖੜ੍ਹੀ ਦਿਸਦੀ ਹੈ ਜਿਵੇਂ ਪੰਜਾਬ ਦੇ ਦਿਹਾਤੀ ਵਿਕਾਸ ਫੰਡ ਰੋਕਣ ਦਾ ਹੀ ਮਸਲਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਵਿਧਾਨ ਸਭਾ ਵਿਚ ਦਿਹਾਤੀ ਵਿਕਾਸ ਫੰਡ (ਆਰ.ਡੀ.ਐਫ.) ਰੋਕੇ ਜਾਣ ਦੇ ਮੁੱਦੇ 'ਤੇ ਕੇਂਦਰ ਦੀ ਭਾਜਪਾ ਹਕੂਮਤ ਨੂੰ ਚਿਤਾਵਨੀ ਦਿੱਤੀ ਹੈ ਕਿ ਜੇ ਕੇਂਦਰ ਸਰਕਾਰ ਨੇ ਦਸ ਦਿਨਾਂ ਅੰਦਰ ਪੇਂਡੂ ਵਿਕਾਸ ਫ਼ੰਡਾਂ ਦੀ 3622 ਕਰੋੜ ਰੁਪਏ ਦੀ ਰਾਸ਼ੀ ਜਾਰੀ ਨਾ ਕੀਤੀ ਤਾਂ ਪੰਜਾਬ ਸਰਕਾਰ ਪਹਿਲੀ ਜੁਲਾਈ ਨੂੰ ਸੁਪਰੀਮ ਕੋਰਟ ਦਾ ਰੁਖ਼ ਕਰੇਗੀ। ਵਿਧਾਨ ਸਭਾ ਵਿਚ ਸਰਬਸੰਮਤੀ ਨਾਲ ਇਸ ਮੁੱਦੇ 'ਤੇ ਕੇਂਦਰੀ ਹਕੂਮਤ ਖਿਲਾਫ ਨਿੰਦਾ ਮਤਾ ਪਾਸ ਕੀਤਾ ਗਿਆ। ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਸਦਨ ਵਿਚ ਕੇਂਦਰ ਖਿਲਾਫ ਮਤਾ ਪੇਸ਼ ਕੀਤਾ ਅਤੇ ਫੰਡ ਰੋਕੇ ਜਾਣ ਨਾਲ ਅਸਰਅੰਦਾਜ਼ ਹੋਏ ਪੇਂਡੂ ਵਿਕਾਸ ਕੰਮਾਂ ਬਾਰੇ ਚਰਚਾ ਕੀਤੀ।ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਸੂਬਿਆਂ ਦੀਆਂ ਗੈਰ-ਭਾਜਪਾ ਸ਼ਾਸਿਤ ਸਰਕਾਰਾਂ ਨੂੰ ਤੰਗ ਪ੍ਰੇਸ਼ਾਨ ਕਰਨ ਵਾਸਤੇ ਫੰਡ ਰੋਕ ਰਹੀ ਹੈ। ਦੂਜੇ ਪਾਸੇ ਇਹ ਗੁਰਬਾਣੀ ਪ੍ਰਸਾਰਨ ਵਰਗੇ ਬਹੁਤ ਅਹਿਮ ਮਸਲੇ 'ਤੇ ਕੇਂਦਰ ਸਰਕਾਰ ਦੀ ਪੈੜਾਂ ਵਿਚ ਪੈੜਾਂ ਬਣਾ ਰਹੀ ਹੈ। ਪੰਜਾਬ ਦੇ ਲੋਕਾਂ ਨੂੰ ਇਨ੍ਹਾਂ ਮਸਲਿਆਂ ਨੂੰ ਸਹੀ ਪ੍ਰਸੰਗ ਵਿਚ ਸਮਝ ਕੇ ਪੰਜਾਬ ਅਤੇ ਕੇਂਦਰ ਸਰਕਾਰਾਂ ਨੂੰ ਘੇਰਨ ਦੀ ਰਣਨੀਤੀ ਘੜਨੀ ਚਾਹੀਦੀ ਹੈ ਅਤੇ ਸੰਘਰਸ਼ ਦੇ ਰਾਹ ਪੈਣਾ ਚਾਹੀਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਸਰਬਉੱਚ ਕੌਣ ?

ਹਰਿਕ ਸਾਲ 'ਸਮੁੰਦਰੀ ਹਾਲ' ਅੰਦਰ, ਮੈਂਬਰ ਸੱਦ ਬਹਾਵੇ ਉਹ ਕੌਣ ਹੋਇਆ?
'ਗੋਡੀਂ ਹੱਥ' ਲਗਵਾਇ ਕੇ ਆਖ ਦੇਵੇ, ਲਏ 'ਸਾਰੇ ਅਧਿਕਾਰ' ਉਹ ਕੌਣ ਹੋਇਆ?
ਹੈ ਸੀ 'ਦਲ' ਜੋ ਕਿਰਤੀਆਂ ਲਾਲੋਆਂ ਦਾ, 'ਭਾਗੋ' ਬੈਠਾ ਸਿਰ ਚੜ੍ਹਕੇ ਸੋ ਕੌਣ ਹੋਇਆ?
ਜੋ 'ਨਕਾਰਿਆ' ਅਤੇ 'ਦੁਰਕਾਰਿਆ' ਵੀ, ਬਣਿਆ ਬੈਠਾ 'ਭਰਦਾਨ ਜੀ' ਕੌਣ ਹੋਇਆ?
ਤਖਤ ਸਾਹਿਬ ਸਿਰਮੌਰ ਵੀ ਬਖਸ਼ਿਆ ਨਾ, 'ਹੁਕਮਨਾਮੇ' ਕਢਵਾਏ ਉਹ ਕੌਣ ਹੋਇਆ?
ਜਦ ਵੀ ਦਿਲ ਕਰੇ 'ਲਾਵੇ' ਤੇ 'ਲਾਹ' ਦੇਵੇ, 'ਸਰਬ-ਉੱਚ' ਫਿਰ ਦੱਸੋ ਜੀ ਕੌਣ ਹੋਇਆ?

# ਜਥੇਦਾਰਾਂ ਤੇ ਐਸ.ਜੀ.ਪੀ.ਸੀ. ਪ੍ਰਧਾਨ ਦੀ ਨਿਯੁਕਤੀ 'ਚ ਸਿਆਸੀ ਦਖਲ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਵੱਲੋਂ ਮਹਿਜ਼ 72 ਘੰਟੇ ਦੇ ਨੋਟਿਸ 'ਤੇ ਕਾਹਲੀ-ਕਾਹਲੀ ਸੱਦੀ ਅੰਤ੍ਰਿਗ ਕਮੇਟੀ ਮੀਟਿੰਗ 'ਚ ਅਕਾਲ ਤਖਤ ਸਾਹਿਬ ਦੇ ਪਿਛਲੇ ਲੱਗਭੱਗ ਪੌਣੇ ਪੰਜ ਸਾਲ ਤੋਂ ਕਾਰਜਕਾਰੀ ਜਥੇਦਾਰ ਚੱਲੇ ਆ ਰਹੇ ਗਿਆਨੀ ਹਰਪ੍ਰੀਤ ਸਿੰਘ ਦੀ ਥਾਂ ਗਿਆਨੀ ਰਘਬੀਰ ਸਿੰਘ ਨੂੰ ਅਕਾਲ ਤਖਤ ਸਾਹਿਬ ਦਾ ਨਵਾਂ ਜਥੇਦਾਰ ਬਣਾ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਗਿਆਨੀ ਸੁਲਤਾਨ ਸਿੰਘ ਦੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਵਜੋਂ ਵੀ ਨਿਯੁਕਤੀ ਕੀਤੀ ਗਈ ਹੈ ਜਦਕਿ ਗਿਆਨੀ ਹਰਪ੍ਰੀਤ ਸਿੰਘ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਵਜੋਂ ਸੇਵਾਵਾਂ ਜਾਰੀ ਰੱਖਣਗੇ।

ਭਾਵੇਂ ਗਿਆਨੀ ਹਰਪ੍ਰੀਤ ਸਿੰਘ ਨੇ ਇਹਨਾਂ ਪੌਣੇ ਪੰਜ ਸਾਲਾਂ ਦੌਰਾਨ ਮੁੱਖ ਰੂਪ ਵਿਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਦਾ ਹੀ ਪੱਖ ਪੂਰਿਆ ਹੈ ਪਰ ਪਿਛਲੇ ਸਮੇਂ ਇੱਕਾ-ਦੁੱਕਾ ਮੌਕਿਆਂ 'ਤੇ ਉਹਨਾਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਦੀ ਕੀਤੀ ਅਲੋਚਨਾ ਅਤੇ ਬਾਦਲ ਪਰਿਵਾਰ ਤੋਂ ਅਲੱਗ ਦਿਸਣ ਦੀ ਕੋਸ਼ਿਸ਼ ਉਹਨਾਂ ਦੀ ਰੁਖਸਤੀ ਦਾ ਕਾਰਨ ਬਣੀ ਹੈ।



ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com

ਇਹ ਨਿਯੁਕਤੀਆਂ ਐਸ.ਜੀ.ਪੀ.ਸੀ. ਪ੍ਰਧਾਨ ਵੱਲੋਂ ਕੀਤੀਆਂ ਗਈਆਂ ਹਨ ਤੇ ਐਸ.ਜੀ.ਪੀ.ਸੀ. ਪ੍ਰਧਾਨ ਦੀ ਨਿਯੁਕਤੀ ਸਭ ਨੂੰ ਪਤਾ ਹੈ ਕਿ ਬਾਦਲ ਪਰਿਵਾਰ ਵੱਲੋਂ ਕੀਤੀ ਗਈ ਹੈ; ਇਸ ਲਈ ਇਹ ਕਹਿਣਾ ਕੋਈ ਅਤਿ-ਕਥਨੀ ਨਹੀਂ ਹੋਵੇਗੀ ਕਿ ਆਮ ਸਿੱਖਾਂ ਦੀ ਰਾਇ ਤੋਂ ਬਗੈਰ ਹੀ ਬਾਦਲ ਪਰਿਵਾਰ ਮਨਮਰਜ਼ੀ ਨਾਲ ਜਥੇਦਾਰਾਂ ਅਤੇ ਐਸ.ਜੀ.ਪੀ.ਸੀ. ਵਿਚ ਨਿਯੁਕਤੀਆਂ ਕਰ ਰਿਹਾ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਐਸ.ਜੀ.ਪੀ.ਸੀ. ਚੋਣਾਂ ਤੋਂ ਪਹਿਲਾਂ ਕਾਰਜਕਾਰੀ ਜਥੇਦਾਰ ਸਾਹਿਬ ਦੀ ਬਦਲੀ ਨਾਲ ਐਸ.ਜੀ.ਪੀ.ਸੀ. 'ਤੇ ਕਾਬਜ਼ ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਬਾਗੀ ਅਕਾਲੀ ਆਗੂਆਂ ਨੂੰ ਸਖਤ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ।

ਸਾਡੇ ਲਈ ਇਹ ਚਰਚਾ ਇਸ ਕਰ ਕੇ ਅਹਿਮ ਹੈ ਕਿਉਂਕਿ ਅੱਜ ਦੇਸ਼ ਦੀ ਸੱਤਾ 'ਤੇ ਕਾਬਜ਼ ਭਾਜਪਾ ਦੇਸ਼ ਵਿਚ ਫਿਰਕੂ ਪਾੜਾ ਵਧਾ ਰਹੀ ਹੈ। ਹਿੰਦੂਤਵੀ ਫਾਸ਼ੀਵਾਦ ਨੂੰ ਉਭਾਰ ਕੇ ਦੇਸ਼ ਦੀਆਂ ਧਾਰਮਿਕ ਘੱਟ-ਗਿਣਤੀਆਂ ਖਾਸਕਰ ਮੁਸਲਿਮ ਭਾਈਚਾਰੇ ਨੂੰ ਨਪੀੜਿਆ ਜਾ ਰਿਹਾ ਹੈ। ਇਸ ਸੂਰਤ ਵਿਚ ਸਿੱਖ ਭਾਈਚਾਰਾ ਅਤੇ ਅਕਾਲ ਤਖਤ ਸਾਹਿਬ ਦਾ ਜਥੇਦਾਰ ਅਹਿਮ ਭੂਮਿਕਾ ਅਦਾ ਕਰ ਸਕਦਾ ਸੀ ਪਰ ਅਜਿਹਾ ਨਹੀਂ ਹੋ ਰਿਹਾ। ਗਿਆਨੀ ਹਰਪ੍ਰੀਤ ਸਿੰਘ ਨੇ ਕੇਂਦਰ ਸਰਕਾਰ ਵੱਲੋਂ ਲਿਆਂਦੇ ਸੀ.ਏ.ਏ. ਖਿਲਾਫ਼ ਮੁਸਲਮਾਨਾਂ ਦੇ ਸੰਘਰਸ਼ ਦੀ ਹਮਾਇਤ ਜ਼ਰੂਰ ਕੀਤੀ ਸੀ ਪਰ ਉਹ ਧਾਰਮਿਕ ਘੱਟ-ਗਿਣਤੀ ਭਾਈਚਾਰੇ ਖਿ਼ਲਾਫ ਕੇਂਦਰ ਸਰਕਾਰ ਵੱਲੋਂ ਵਿੱਢੀ ਮੁਹਿੰਮ ਦਾ ਪਰਦਾਚਾਕ ਨਹੀਂ ਕਰ ਸਕੇ।

ਸਿੱਖਾਂ ਦੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਵੱਲੋਂ 1606 ਵਿਚ ਜਦ ਤੋਂ ਅਕਾਲ ਤਖਤ ਸਾਹਿਬ ਦੀ ਸਥਾਪਨਾ ਕੀਤੀ ਗਈ ਹੈ, ਤਦ ਤੋਂ ਅਕਾਲ ਤਖਤ ਸਾਹਿਬ 'ਤੇ ਸਿੱਖਾਂ ਦੇ ਸਿਆਸੀ ਅਤੇ ਸਮਾਜਿਕ ਮਸਲਿਆਂ ਦੀ ਚਰਚਾ ਹੁੰਦੀ ਰਹੀ ਹੈ। ਕਿਸੇ ਸਮੇਂ ਅਕਾਲ ਤਖਤ ਸਾਹਿਬ ਹਕੂਮਤਾਂ ਦੇ ਜਬਰ ਖਿਲਾਫ ਲੋਕਾਂ ਨੂੰ ਲਾਮਬੰਦ ਕਰਦਾ ਰਿਹਾ ਹੈ। ਭਾਈ ਮਨੀ ਸਿੰਘ ਵਰਗੇ ਜਥੇਦਾਰਾਂ ਨੇ ਉਸ ਸਮੇਂ ਦੀ 'ਸੱਤਾ' ਨੂੰ ਵੰਗਾਰਿਆ ਸੀ ਤੇ ਕੁਰਬਾਨੀ ਦਿੱਤੀ ਸੀ ਪਰ ਮੌਜੂਦਾ ਦੌਰ ਵਿਚ ਇਸ ਅਹੁਦੇ ਦੀ ਮਰਿਆਦਾ ਵਿਚ ਇਹ 'ਬਦਲਾਅ' ਆ ਗਿਆ ਹੈ ਕਿ ਹੁਣ 'ਸੱਤਾ' ਜਥੇਦਾਰ ਸਾਹਿਬ ਨੂੰ ਸਰਕਾਰੀ ਸੁਰੱਖਿਆ ਪ੍ਰਦਾਨ ਕਰਦੀ ਹੈ।

ਕਿਸੇ ਸਮੇਂ ਜਥੇਦਾਰ ਸਾਹਿਬ ਦੀ ਨਿਯੁਕਤੀ ਸਿੱਖਾਂ ਦਾ ਸਮੂਹਿਕ ਇਕੱਠ 'ਸਰਬੱਤ ਖਾਲਸਾ' ਬੁਲਾ ਕੇ ਕੀਤੀ ਜਾਂਦੀ ਸੀ ਪਰ ਹੁਣ ਇਹ ਐਸ.ਜੀ.ਪੀ.ਸੀ. 'ਤੇ ਕਾਬਜ਼ ਧਿਰ ਵੱਲੋਂ ਕੀਤੀ ਜਾਂਦੀ ਹੈ। ਪਿਛਲੇ ਸਮੇਂ ਤੋਂ ਜਥੇਦਾਰ ਦੀ ਨਿਯੁਕਤੀ ਪ੍ਰਕਿਰਿਆ ਨੂੰ ਪਾਰਦਰਸ਼ੀ ਬਣਾਉਣ ਖਾਤਰ ਕੋਈ ਠੋਸ ਵਿਧੀ-ਵਿਧਾਨ ਬਣਾਉਣ ਦੀ ਮੰਗ ਉੱਠਦੀ ਆ ਰਹੀ ਹੈ।

ਅਕਾਲ ਤਖਤ ਸਾਹਿਬ ਦੇ ਜਥੇਦਾਰ ਅਤੇ ਐਸ.ਜੀ.ਪੀ.ਸੀ. ਪ੍ਰਧਾਨ ਦੀ ਨਿਯੁਕਤੀ ਬਾਰੇ ਕਿਹਾ ਜਾਂਦਾ ਹੈ ਕਿ ਇਹ ਬਾਦਲ ਪਰਿਵਾਰ ਦੀ 'ਮਿਹਰਬਾਨੀ' ਨਾਲ ਹੁੰਦਾ ਹੈ ਪਰ ਹਮੇਸ਼ਾ ਤੋਂ ਇਸ ਤਰ੍ਹਾਂ ਨਹੀਂ ਚੱਲਿਆ ਆ ਰਿਹਾ। ਇਸ ਦੀ ਸ਼ੁਰੂਆਤ 1995-96 ਵਿਚ ਹੋਈ ਜਦ ਪ੍ਰਕਾਸ਼ ਸਿੰਘ ਬਾਦਲ ਅਕਾਲੀ ਦਲ ਦੇ ਪ੍ਰਧਾਨ ਬਣੇ ਅਤੇ ਇਤਫਾਕ ਨਾਲ ਉਸੇ ਸਮੇਂ ਕੇਂਦਰ ਵਿਚ ਭਾਰਤੀ ਜਨਤਾ ਪਾਰਟੀ ਦਾ ਵੱਡੀ ਜਿੱਤ ਨਾਲ ਪਹਿਲੀ ਵਾਰ ਉਭਾਰ ਹੋਇਆ। ਪੂਰੇ ਦੇਸ਼ ਵਿਚੋਂ ਸ਼੍ਰੋਮਣੀ ਅਕਾਲੀ ਦਲ ਪਹਿਲੀ ਅਜਿਹੀ ਪਾਰਟੀ ਸੀ ਜਿਸ ਨੇ ਭਾਜਪਾ ਨੂੰ ਬਿਨਾ ਸ਼ਰਤ ਹਮਾਇਤ ਦਿੱਤੀ।

ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਕੀਤੇ ਇਸ ਫੈਸਲੇ ਨੇ ਅਕਾਲੀ ਦਲ ਦਾ ਰੁਖ ਹੀ ਬਦਲ ਕੇ ਰੱਖ ਦਿੱਤਾ ਤੇ ਦੇਸ਼ ਦੀ ਅਹਿਮ ਧਾਰਮਿਕ ਘੱਟ-ਗਿਣਤੀ ਦੀ ਨੁਮਾਇੰਦਾ ਵੱਡੀ ਖੇਤਰੀ ਪਾਰਟੀ ਦਾ ਫਿਰਕੂ ਪਾਰਟੀ ਦੇ ਹੱਕ ਵਿਚ ਖੜ੍ਹਨ ਦੇ ਫੈਸਲੇ ਨੇ ਮੋੜਾ ਪਾਇਆ। ਫਰਵਰੀ 1997 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਅਕਾਲੀ-ਭਾਜਪਾ ਨੇ ਸਾਂਝੀਆਂ ਲੜੀਆਂ ਤੇ ਸਰਕਾਰ ਬਣਾਈ। ਪ੍ਰਕਾਸ਼ ਸਿੰਘ ਬਾਦਲ ਨੇ ਸ਼੍ਰੋਮਣੀ ਕਮੇਟੀ ਵਿਚ ਬਹੁਗਿਣਤੀ ਦੇ ਸਹਾਰੇ 1973 ਤੋਂ ਪ੍ਰਧਾਨ ਚਲੇ ਆ ਰਹੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਐਸ.ਜੀ.ਪੀ.ਸੀ. ਦੀ ਪ੍ਰਧਾਨਗੀ ਅਤੇ ਭਾਈ ਰਣਜੀਤ ਸਿੰਘ ਨੂੰ ਅਕਾਲ ਤਖ਼ਤ ਦੀ ਜਥੇਦਾਰੀ ਤੋਂ ਬਰਖ਼ਾਸਤ ਕਰ ਦਿੱਤਾ।

ਭਾਵੇਂ ਅਕਾਲੀ ਦਲ ਵਿਚ ਵਾਪਸ ਆਉਣ 'ਤੇ ਜਥੇਦਾਰ ਟੌਹੜਾ ਮੁੜ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤਾਂ ਬਣਾ ਦਿੱਤੇ ਪਰ ਤਦ ਤੱਕ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਕਮੇਟੀ ਅਤੇ ਤਖ਼ਤਾਂ ਦੇ ਜਥੇਦਾਰ ਸਾਹਿਬ ਪੂਰੀ ਤਰ੍ਹਾਂ ਬਾਦਲ ਦੇ 'ਕਬਜ਼ੇ' ਵਿਚ ਆ ਚੁੱਕੇ ਸਨ। ਪ੍ਰਕਾਸ਼ ਸਿੰਘ ਬਾਦਲ ਨੇ ਪ੍ਰਧਾਨ ਬਣਨ ਉਪਰੰਤ ਅਕਾਲੀ ਦਲ ਦੀ ਪੰਥਕ ਸਿਆਸਤ ਨੂੰ ਪਰਿਵਾਰਵਾਦ ਦੀ ਭੇਂਟ ਚਾੜ੍ਹ ਦਿੱਤਾ। ਐਸ.ਜੀ.ਪੀ.ਸੀ. 'ਤੇ ਕਾਬਜ਼ ਹੋਣ ਬਾਅਦ ਬਾਦਲ ਦਲ ਤਾਂ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਪ੍ਰਸਾਰਨ ਦੇ ਅਧਿਕਾਰ ਨਿੱਜੀ ਚੈਨਲ ਨੂੰ ਦੇ ਕੇ ਨਿੱਜੀ ਫਾਇਦੇ ਲੈਣ ਵੱਲ ਵਧੇ।

100 ਸਾਲ ਪੁਰਾਣੀ ਸੰਸਥਾਂ ਐਸ.ਜੀ.ਪੀ.ਸੀ. ਦੀ ਹੋਂਦ ਹੀ ਅੰਗਰੇਜ਼ ਹਕੂਮਤ ਖਿਲਾਫ ਜੱਦੋ-ਜਹਿਦ ਵਿਚੋਂ ਹੋਈ ਸੀ। 19ਵੀਂ ਸਦੀ ਵਿਚ ਇਤਿਹਾਸਕ ਸਿੰਘ ਸਭਾ ਲਹਿਰ ਤੇ 20ਵੀਂ ਸਦੀ ਵਿਚ ਗੁਰਦੁਆਰਿਆਂ ਨੂੰ ਅੰਗਰੇਜ਼ ਹਕੂਮਤ ਦੇ ਪਿੱਠੂ ਮਹੰਤਾਂ ਤੋਂ ਆਜ਼ਾਦ ਕਰਵਾਉਣ ਲਈ ਸੰਘਰਸ਼ ਨੇ ਐਸ.ਜੀ.ਪੀ.ਸੀ. ਦੀ ਹੋਂਦ ਵਾਸਤੇ ਰਾਹ ਪੱਧਰਾ ਕੀਤਾ ਸੀ। ਬੇਸ਼ੱਕ ਗੁਰਦੁਆਰਾ ਸੁਧਾਰ ਲਹਿਰ ਵੱਡਾ ਜਨ-ਅੰਦੋਲਨ ਸੀ ਜਿਸ ਨੇ ਹਕੂਮਤ ਦੀ ਸਰਪ੍ਰਸਤੀ ਵਾਲੀ ਅਮੀਰ ਲੀਡਰਸ਼ਿਪ ਨੂੰ ਪਾਸੇ ਕਰ ਕੇ ਕੁਰਬਾਨੀ ਵਾਲੀ ਲੀਡਰਸ਼ਿਪ ਸਥਾਪਤ ਕੀਤੀ ਸੀ ਲੇਕਿਨ ਅੱਜ ਫਿਰ ਐਸ.ਜੀ.ਪੀ.ਸੀ. 'ਤੇ ਬਾਦਲ ਪਰਿਵਾਰ ਵਰਗੇ ਅਮੀਰ ਘਰਾਣੇ ਦੀ ਸਰਪ੍ਰਸਤੀ ਵਾਲੀ ਲੀਡਰਸ਼ਿਪ ਚੱਲ ਰਹੀ ਹੈ।

2018 ਵਿਚ ਗਿਆਨੀ ਹਰਪ੍ਰੀਤ ਸਿੰਘ ਨੂੰ ਜਦ ਅਕਾਲ ਤਖਤ ਸਾਹਿਬ ਦਾ ਕਾਰਜਕਾਰੀ ਜਥੇਦਾਰ ਲਾਇਆ ਗਿਆ ਸੀ, ਉਸ ਸਮੇਂ ਉਹ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਨ। ਉਸ ਸਮੇਂ ਸਿੱਖ ਭਾਈਚਾਰੇ ਵਿਚ ਬਾਦਲਾਂ ਅਤੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਖਿਲਾਫ ਰੋਸ ਸੀ ਕਿਉਂਕਿ ਗੁਰਬਚਨ ਸਿੰਘ ਦੇ ਕਾਰਜਕਾਲ ਦੌਰਾਨ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਮੁਆਫ਼ੀ ਦਿੱਤੀ ਗਈ ਸੀ। ਇਹ ਉਹੀ ਵੇਲਾ ਸੀ ਜਦੋਂ ਬਾਦਲਾਂ ਨੇ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਦੀ ਦੁਰਵਰਤੋਂ ਕਰ ਕੇ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਮੁਆਫ਼ੀ ਦੁਆਈ ਸੀ।

ਸੋ, ਉਸ ਸਮੇਂ ਗਿਆਨੀ ਹਰਪ੍ਰੀਤ ਸਿੰਘ ਦੀ ਨਿਯੁਕਤੀ ਨੂੰ ਬਾਦਲਾਂ ਨੇ ਸੰਕਟ ਮੋਚਨ ਵਜੋਂ ਲਿਆ ਸੀ। ਕਰੀਬ ਢਾਈ ਦਹਾਕੇ ਪਹਿਲਾਂ ਐਸ.ਜੀ.ਪੀ.ਸੀ. 'ਚ ਪ੍ਰਚਾਰਕ ਵਜੋਂ ਭਰਤੀ ਹੋਏ ਗਿਆਨੀ ਹਰਪ੍ਰੀਤ ਸਿੰਘ ਬਾਦਲ ਪਰਿਵਾਰ ਦੇ ਕਾਫੀ ਨੇੜੇ ਰਹੇ ਹਨ ਪਰ ਪਿਛਲੇ ਕੁਝ ਸਮੇਂ ਤੋਂ ਉਹਨਾਂ ਆਪਣੇ ਆਪ ਨੂੰ ਬਾਦਲ ਪਰਿਵਾਰ ਤੋਂ ਕੁਝ-ਕੁਝ ਅਲੱਗ ਤੌਰ 'ਤੇ ਪੇਸ਼ ਕਰਨਾ ਸ਼ੁਰੂ ਕਰ ਦਿੱਤਾ ਸੀ।

ਗਿਆਨੀ ਹਰਪ੍ਰੀਤ ਸਿੰਘ ਨੇ ਕਈ ਮਸਲਿਆਂ 'ਤੇ ਬੜ੍ਹਕ ਤਾਂ ਮਾਰੀ ਪਰ ਬਾਅਦ ਵਿਚ ਉਹ ਮਸਲੇ 'ਤੇ ਡਟ ਨਹੀਂ ਸਕੇ ਜਿਵੇਂ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ਖਿਲਾਫ ਸਰਕਾਰ ਵੱਲੋਂ ਲਗਾਏ ਸਖਤ ਕਾਨੂੰਨ ਐਨ.ਐਸ.ਏ. ਖਿਲਾਫ ਉਹ 27 ਮਾਰਚ ਨੂੰ ਅਕਾਲ ਤਖ਼ਤ ਸਾਹਿਬ ਉੱਤੇ ਹੋਏ ਪੰਥਕ ਇਕੱਠ ਦੌਰਾਨ ਗ੍ਰਿਫਤਾਰ ਨੌਜਵਾਨਾਂ ਦੀ ਰਿਹਾਈ ਲਈ ਪੰਜਾਬ ਸਰਕਾਰ ਨੂੰ 24 ਘੰਟੇ ਦਾ ਅਲਟੀਮੇਟਮ ਜ਼ਰੂਰ ਦਿੰਦੇ ਹਨ ਪਰ ਬਾਅਦ ਵਿਚ ਇਸ ਮਸਲੇ ਨੂੰ ਹੱਲ ਤੱਕ ਨਹੀਂ ਲਿਜਾ ਸਕੇ; ਉਲਟਾ 'ਆਪ' ਸਰਕਾਰ ਦੇ ਕਰਤਾ-ਧਰਤਾ ਰਾਜ ਸਭਾ ਮੈਂਬਰ ਰਾਘਵ ਚੱਢਾ ਅਤੇ ਫਿਲਮ ਅਦਾਕਾਰਾ ਪਰਨੀਤੀ ਚੋਪੜਾ ਦੀ ਮੰਗਣੀ 'ਤੇ ਚਲੇ ਗਏ।

ਇਸ ਤੋਂ ਪਹਿਲਾਂ ਜਥੇਦਾਰ ਗਿਆਮਨੀ ਹਰਪ੍ਰੀਤ ਸਿੰਘ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਮੁੰਡੇ ਦੇ ਵਿਆਹ ਵਿਚ ਸ਼ਾਮਲ ਹੋਏ ਸਨ।

'ਆਪ' ਸਰਕਾਰ ਵੱਲੋਂ ਜਥੇਦਾਰ ਸਾਹਿਬ ਦੀ ਸੁਰੱਖਿਆ ਘਟਾਉਣ 'ਤੇ ਵੀ ਜਥੇਦਾਰ ਸਾਹਿਬ ਨੇ ਔਖ ਜ਼ਾਹਿਰ ਕਰਦਿਆਂ ਬਾਕੀ ਅਧਿਕਾਰੀਆਂ ਨੂੰ ਵੀ ਵਾਪਸ ਕਰਨ ਲਈ ਸਵੈ-ਇੱਛਾ ਨਾਲ ਕਿਹਾ ਸੀ ਪਰ ਸਵਾਲ ਇਹ ਬਣਦਾ ਸੀ ਕਿ ਐਸ.ਜੀ.ਪੀ.ਸੀ. ਕੋਲ ਖੁਦ ਦੀ ਟਾਸਕ ਫੋਰਸ ਹੈ ਤਾਂ ਸਰਕਾਰੀ ਸੁਰੱਖਿਆ ਛਤਰੀ ਲਈ ਹੀ ਕਿਉਂ ਗਈ ਸੀ? ਪਿਛਲੇ ਦਿਨੀਂ ਬਲਵੰਤ ਸਿੰਘ ਰਾਜੋਆਣਾ ਦੀ ਭੈਣ ਕਮਲਦੀਪ ਕੌਰ ਨੇ ਵੀ ਸੋਸ਼ਲ ਮੀਡੀਆ ਪੋਸਟ ਜ਼ਰੀਏ ਲਿਖਿਆ ਸੀ ਕਿ "ਜੇਕਰ ਅਸੀਂ ਕੌਮ ਲਈ ਇਨਸਾਫ ਮੰਗਣਾ ਹੀ ਨਹੀਂ ਹੈ ਤਾਂ ਹੁਕਮਰਾਨਾ ਦੀਆਂ ਵਿਆਹ ਸ਼ਾਦੀਆਂ ਵਿਚ ਜਾ ਕੇ ਲੱਡੂ ਖਾਉ, ਭੰਗੜੇ ਪਾਉ, ਜ਼ੈੱਡ ਸੁਰੱਖਿਆ ਲੈ ਕੇ ਆਨੰਦ ਲਵੋ।"

ਜਥੇਦਾਰ ਸਾਹਿਬ ਨੂੰ ਕੁਝ ਦਿਨ ਪਹਿਲਾਂ ਹੀ ਪਤਾ ਲੱਗ ਗਿਆ ਹੋਵੇਗਾ ਕਿ ਸੁਖਬੀਰ ਸਿੰਘ ਬਾਦਲ ਉਨ੍ਹਾਂ ਦੀ ਥਾਂ ਨਵੀਂ ਨਿਯੁਕਤੀ ਕਰ ਰਹੇ ਹਨ; ਇਸ ਸੂਰਤ ਵਿਚ ਜਥੇਦਾਰ ਸਾਹਿਬ ਕੋਲ ਦੋ ਰਸਤੇ ਸਨ: ਪਹਿਲਾ ਇਹ ਕਿ ਉਹ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਸਬੰਧੀ ਦਿੱਤੇ ਆਪਣੇ ਬਿਆਨਾਂ 'ਤੇ ਅੜ ਜਾਂਦੇ ਅਤੇ ਬਾਦਲ ਪਰਿਵਾਰ ਖਿਲਾਫ ਖੁੱਲ੍ਹ ਕੇ ਬਗਾਵਤ ਦਾ ਰਸਤਾ ਅਖਤਿਆਰ ਕਰਦੇ ਪਰ ਇਸ ਹਾਲਤ ਵਿਚ ਐਸ.ਜੀ.ਪੀ.ਸੀ. ਉਹਨਾਂ ਤੋਂ ਤਖਤ ਸ੍ਰੀ ਦਮਦਮਾ ਸਾਹਿਬ ਦੀ ਜਥੇਦਾਰੀ ਵੀ ਵਾਪਸ ਲੈ ਸਕਦੀ ਸੀ; ਦੂਜਾ ਰਸਤਾ ਇਹ ਸੀ ਕਿ ਉਹ ਚੁੱਪ ਸਹਿਮਤੀ ਨਾਲ ਤਖਤ ਸ੍ਰੀ ਦਮਦਮਾ ਸਾਹਿਬ ਦੀ ਜਥੇਦਾਰੀ ਬਰਕਰਾਰ ਰੱਖਦੇ। ਉਨ੍ਹਾਂ ਦੂਜਾ ਰਸਤਾ ਚੁਣਿਆ ਹੈ।

# ਔਰਤ ਅੰਦੋਲਨ ਲਈ ਚਿਤਾਵਨੀ ਹੈ ਬ੍ਰਿਜ ਭੂਸ਼ਣ ਕੇਸ

***ਔਰਤ ਪਹਿਲਵਾਨਾਂ ਦੇ ਜਿਨਸੀ ਸ਼ੋਸ਼ਣ ਕੇਸ ਦੀ ਮੌਜੂਦਾ ਸਥਿਤੀ ਅਤੇ ਔਰਤ ਅੰਦੋਲਨ ਲਈ ਪੈਦਾ ਹੋਈ ਚੁਣੌਤੀ ਬਾਰੇ ਸੀਮਾ ਆਜ਼ਾਦ ਨੇ ਮਹੱਤਵਪੂਰਨ ਟਿੱਪਣੀ ਕੀਤੀ ਹੈ। ਸੀਮਾ ਆਜ਼ਾਦ ਔਰਤ ਅੰਦੋਲਨ ਦੀ ਉੱਘੀ ਕਾਰਕੁਨ, ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ ਦੀ ਸਕੱਤਰ ਅਤੇ 'ਦਸਤਕ ਨਈ ਸਮੇ ਕੀ' ਨਾਂ ਦੇ ਦੋਮਾਸਿਕ ਰਸਾਲੇ ਦੀ ਸੰਪਾਦਕ ਹੈ। ਖ਼ੁਫ਼ੀਆ ਏਜੰਸੀਆਂ ਵੱਲੋਂ ਇਜ਼ਰਾਈਲੀ ਜਾਸੂਸੀ ਸਾਫ਼ਟਵੇਅਰ ਪੈਗਾਸਸ ਰਾਹੀਂ ਭਾਰਤ ਦੀਆਂ ਜਿਨ੍ਹਾਂ 24 ਸ਼ਖ਼ਸੀਅਤਾਂ ਦੀ ਨਿੱਜਤਾ ਵਿਚ ਸੰਨ੍ਹ ਲਗਾਉਣ ਦਾ ਖ਼ੁਲਾਸਾ ਹੋਇਆ, ਉਨ੍ਹਾਂ ਵਿਚ ਸੀਮਾ ਆਜ਼ਾਦ ਵੀ ਸੀ। ਸੀਮਾ ਆਜ਼ਾਦ ਅਤੇ ਉਸ ਦੇ ਪਤੀ ਨੂੰ 2012 'ਚ ਹੱਕਾਂ ਦੀ ਪਹਿਰੇਦਾਰੀ ਬਦਲੇ ਭਾਰਤੀ ਸਟੇਟ ਵਿਰੁੱਧ ਯੁੱਧ ਛੇੜਨ ਦੇ ਝੂਠੇ ਕੇਸ 'ਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ ਅਤੇ ਉਸ ਨੂੰ ਕਈ ਸਾਲ ਬਿਨਾ ਕੋਈ ਜੁਰਮ ਕੀਤੇ ਜੇਲ੍ਹ ਵਿਚ ਰਹਿਣਾ ਪਿਆ। ਉਸ ਦਾ ਟਿੱਪਣੀ ਦਾ ਅਨੁਵਾਦ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। ਇਹ ਉਚੇਚਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।***

ਔਰਤ ਪਹਿਲਵਾਨਾਂ ਦੇ ਜਿਨਸੀ ਸ਼ੋਸ਼ਣ ਮਾਮਲੇ 'ਚ ਦਿੱਲੀ ਪੁਲਿਸ ਵੱਲੋਂ 15 ਜੂਨ ਨੂੰ ਪੋਕਸੋ (ਜਿਨਸੀ ਅਪਰਾਧਾਂ ਤੋਂ ਬੱਚਿਆਂ ਦੀ ਸੁਰੱਖਿਆ ਲਈ ਕਾਨੂੰਨ) ਹਟਾ ਕੇ ਜੋ ਚਾਰਜਸ਼ੀਟ ਦਾਇਰ ਕੀਤੀ ਗਈ, ਇਹ ਹੈਰਾਨੀਜਨਕ ਜਾਂ ਅਚਾਨਕ ਨਹੀਂ ਹੈ। ਇਸ ਮਾਮਲੇ ਦੇ ਸ਼ੁਰੂ ਤੋਂ ਹੀ ਭਾਜਪਾ ਸਰਕਾਰ ਆਪਣੇ ਸੰਸਦ ਮੈਂਬਰ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੂੰ ਬਚਾਉਣ ਦੀ ਖੁੱਲ੍ਹੇਆਮ ਕੋਸ਼ਿਸ਼ ਕਰ ਰਹੀ ਸੀ, ਇਸ ਲਈ ਇਹੀ ਕੁਝ ਹੋਣਾ ਸੀ ਜੋ ਹੋਇਆ ਹੈ।

ਹਾਲਾਂਕਿ ਅਜੇ ਇਹ ਨਹੀਂ ਕਿਹਾ ਜਾ ਸਕਦਾ ਕਿ ਬ੍ਰਿਜ ਭੂਸ਼ਣ ਪੋਕਸੋ ਦੇ ਦੋਸ਼ਾਂ ਤੋਂ ਬਰੀ ਹੋ ਗਿਆ ਹੈ; ਹਾਲ ਦੀ ਘੜੀ ਦਿੱਲੀ ਪੁਲਿਸ ਨੇ ਪੋਕਸੋ ਹਟਾਉਣ ਨੂੰ ਲੈ ਕੇ ਅਦਾਲਤ 'ਚ ਅਰਜ਼ੀ ਦਿੱਤੀ ਹੈ ਜਿਸ ਦੀ ਅਗਲੀ ਸੁਣਵਾਈ 4 ਜੁਲਾਈ ਨੂੰ ਹੋਣੀ ਹੈ। ਦਰਅਸਲ, ਇਸ ਵਕਤ ਅਦਾਲਤ ਵਿਚ ਧਾਰਾ 164 ਤਹਿਤ ਨਾਬਾਲਗ ਲੜਕੀ ਦੇ ਦੋ ਬਿਆਨ ਮੌਜੂਦ ਹਨ, ਇਕ ਬ੍ਰਿਜ ਭੂਸ਼ਣ ਉੱਪਰ ਦੋਸ਼ ਲਗਾਉਣ ਵਾਲਾ ਅਤੇ ਦੂਜਾ ਉਸ ਨੂੰ ਵਾਪਸ ਲੈਣ ਵਾਲਾ। ਇਨ੍ਹਾਂ ਦੋਨਾਂ ਬਿਆਨਾਂ ਨੂੰ ਇਕੱਠਿਆਂ ਲੈ ਕੇ ਪੋਕਸੋ ਦਾ ਕੇਸ ਅੱਗੇ ਤੁਰੇਗਾ, ਜਾਂ ਮਹਿਜ਼ ਦੂਜੇ ਬਿਆਨ ਨੂੰ ਪ੍ਰਮੁੱਖਤਾ ਨਾਲ ਲੈ ਕੇ ਇਸ ਨੂੰ ਰੱਦ ਕਰ ਦਿੱਤਾ ਜਾਵੇਗਾ, ਇਹ ਫ਼ੈਸਲਾ ਹੁਣ ਅਦਾਲਤ ਨੇ ਕਰਨਾ ਹੈ।



**ਸੀਮਾ ਆਜ਼ਾਦ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਸਰਕਾਰ ਦੀ ਜੋ ਮਨਸ਼ਾ ਸੀ, ਉਹ ਦਿੱਲੀ ਪੁਲਿਸ ਨੇ ਪੂਰੀ ਕਰ ਦਿੱਤੀ ਹੈ। ਹੁਣ ਇਹ ਦੇਖਣਾ ਹੋਵੇਗਾ ਕਿ ਅਦਾਲਤ 'ਚ ਬੈਠੇ ਜੱਜ ਇਸ ਨੂੰ ਕਿਵੇਂ ਦੇਖਦੇ ਹਨ। ਮਨੁੱਖੀ ਅਧਿਕਾਰ ਕਾਰਕੁਨ ਅਤੇ ਉੱਘੀ ਵਕੀਲ ਵਰਿੰਦਾ ਗਰੋਵਰ ਦਾ ਕਹਿਣਾ ਹੈ ਕਿ 164 ਦਾ ਦੂਜਾ ਬਿਆਨ ਪੋਕਸੋ ਨੂੰ ਹਟਾਉਣ ਲਈ ਕੋਈ ਵਾਜਬ ਆਧਾਰ ਨਹੀਂ ਹੈ, ਇਸ ਨਾਲ ਬਸ ਮੁਕੱਦਮਾ ਕਮਜ਼ੋਰ ਹੁੰਦਾ ਹੈ। ਔਰਤ ਅੰਦੋਲਨ ਨਾਲ ਜੁੜੇ ਸਮੂਹ ਅਤੇ ਵਕੀਲ 4 ਜੁਲਾਈ ਨੂੰ ਪੁਲਿਸ ਦੀ ਅਰਜ਼ੀ 'ਤੇ ਬਹਿਸ ਕਰਨ ਲਈ ਸਿਰ ਜੋੜ ਕੇ ਬੈਠੇ ਹਨ ਪਰ ਅਸੀਂ ਜਾਣਦੇ ਹਾਂ ਕਿ ਇਹ ਸਭ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਜੱਜ ਸਰਕਾਰੀ ਦਬਾਅ ਨੂੰ ਕਿੰਨਾ ਕੁ ਝੱਲਦੇ ਹਨ।

ਸੱਚ ਤਾਂ ਇਹ ਹੈ ਕਿ ਭਾਜਪਾ ਸਰਕਾਰ ਦੀ ਪੁਲਿਸ, ਦੋਸ਼ੀ ਨੂੰ ਬਚਾਉਣ ਲਈ ਜਿੰਨਾ ਖੁੱਲ੍ਹ ਕੇ ਸਾਹਮਣੀ ਆਈ ਹੈ, ਉਸ ਵਿਚ ਬਾਲਗ ਔਰਤ ਪਹਿਲਵਾਨਾਂ ਦੇ ਦੋਸ਼ਾਂ ਦੇ ਆਧਾਰ 'ਤੇ ਦੋਸ਼ੀ ਉੱਪਰ ਇੰਡੀਅਨ ਪੀਨਲ ਕੋਡ ਦੀ ਧਾਰਾ 354, 354 ਏ, 354 ਡੀ ਅਤੇ 506 ਦਾ ਦੋਸ਼ ਲੱਗ ਜਾਣਾ ਵੀ ਜਿੱਤ ਹੀ ਹੈ। ਇਹ ਉਨ੍ਹਾਂ ਦੇ ਲਗਾਤਾਰ ਅੰਦੋਲਨ, ਇਸ ਦੇ ਮੁਲਕ-ਵਿਆਪੀ ਪ੍ਰਭਾਵ ਅਤੇ ਕੌਮਾਂਤਰੀ ਦਬਾਅ ਦਾ ਨਤੀਜਾ ਹੈ ਜਿਸ ਕਾਰਨ ਸਰਕਾਰ ਨੂੰ ਥੋੜ੍ਹਾ ਝੁਕਣਾ ਤਾਂ ਪਿਆ; ਨਹੀਂ ਤਾਂ ਇੰਨਾ ਕੁਝ ਵੀ ਨਹੀਂ ਸੀ ਹੋਣਾ ਅਤੇ ਬ੍ਰਿਜ ਭੂਸ਼ਣ ਅੱਜ ਵੀ ਕੁਸ਼ਤੀ ਸੰਘ ਵਿਚ ਕੁੜੀਆਂ ਨਾਲ ਖਿਲਵਾੜ ਕਰ ਰਿਹਾ ਹੁੰਦਾ। ਕੁੜੀਆਂ ਦੇ ਅੰਦੋਲਨ ਨੇ ਬ੍ਰਿਜ ਭੂਸ਼ਣ ਅਤੇ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਦੀ ਰਾਤਾਂ ਦੀ ਨੀਂਦ ਉਡਾ ਦਿੱਤੀ ਸੀ। ਇਹੀ ਕਾਰਨ ਹੈ ਕਿ ਪੋਕਸੋ ਹਟਾਏ ਜਾਣ ਨਾਲ ਹੀ ਸਾਰਿਆਂ ਨੇ ਸੁੱਖ ਦਾ ਸਾਹ ਲਿਆ ਹੈ। ਬ੍ਰਿਜ ਭੂਸ਼ਣ ਦੇ ਹੱਕ ਵਿਚ ਖੜ੍ਹੇ ਸਾਧੂ-ਸੰਤਾਂ ਨੂੰ ਵੀ ਸਿਰਫ਼ ਪੋਕਸੋ ਦੀ ਸਮੱਸਿਆ ਹੀ ਸੀ।

ਖ਼ਬਰ ਇਹ ਵੀ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ 21 ਜੂਨ ਤੋਂ ਸ਼ੁਰੂ ਹੋਣ ਵਾਲੀ ਆਪਣੀ ਅਮਰੀਕਾ ਫੇਰੀ ਨੂੰ ਲੈ ਕੇ ਡਰਿਆ ਹੋਇਆ ਸੀ ਕਿ ਕਿਤੇ ਇਸ ਮਾਮਲੇ ਕਾਰਨ ਉਸ ਨੂੰ ਕੌਮਾਂਤਰੀ ਪੱਧਰ 'ਤੇ ਬੇਇੱਜ਼ਤੀ ਦਾ ਸਾਹਮਣਾ ਨਾ ਕਰਨਾ ਪਵੇ। ਇਸ ਲਈ ਉਸ ਦੇ ਜਾਣ ਤੋਂ ਪਹਿਲਾਂ ਕੋਈ ਵਿਚਕਾਰਲਾ ਰਾਹ ਲੱਭ ਕੇ ਇਸ ਮਾਮਲੇ ਨੂੰ ਨਜਿੱਠਣਾ ਜ਼ਰੂਰੀ ਸੀ। ਇਸ ਵਿਚਕਾਰਲੇ ਰਾਹ ਕਾਰਨ ਹੀ ਹੁਣ ਬ੍ਰਿਜ ਭੂਸ਼ਣ ਦੇ ਖ਼ਿਲਾਫ਼ ਕੇਸ ਦਰਜ ਵੀ ਹੋ ਗਿਆ ਅਤੇ ਉਸ ਨੂੰ ਜੇਲ੍ਹ ਵੀ ਨਹੀਂ ਜਾਣਾ ਪਵੇਗਾ। ਚਾਹੇ ਪ੍ਰਧਾਨ ਮੰਤਰੀ ਨੇ ਆਪਣਾ ਅਕਸ ਠੀਕ ਕਰਨ ਲਈ ਇਹ ਵਿਚਕਾਰਲਾ ਰਾਹ ਕੱਢ ਲਿਆ ਹੈ ਪਰ ਜਿਸ ਤਰੀਕੇ ਨਾਲ ਬ੍ਰਿਜ ਭੂਸ਼ਣ ਉਪਰੋਂ ਪੋਕਸੋ ਦਾ ਦੋਸ਼ ਹਟਾਇਆ ਗਿਆ, ਉਹ ਲੋਕਤੰਤਰ ਦੇ ਕਤਲ ਤੋਂ ਘੱਟ ਨਹੀਂ ਹੈ।




ਪੂਰੇ ਮੁਲਕ ਨੇ ਦੇਖਿਆ ਕਿ ਪੋਕਸੋ ਤਹਿਤ ਕੇਸ ਦਰਜ ਹੋਣ ਤੋਂ ਬਾਅਦ ਵੀ ਬ੍ਰਿਜ ਭੂਸ਼ਣ ਨੂੰ ਪੀੜਤਾਂ ਅਤੇ ਗਵਾਹਾਂ ਨੂੰ ਧਮਕਾਉਣ ਤੇ ਲਾਲਚ ਦੇਣ ਲਈ ਖੁੱਲ੍ਹਾ ਛੱਡ ਦਿੱਤਾ ਗਿਆ ਸੀ, ਪੂਰੇ ਮੁਲਕ ਨੇ ਪੀੜਤ ਪਹਿਲਵਾਨਾਂ ਅਤੇ ਮੈਡਲ ਦੇ ਅਪਮਾਨ ਵਾਲਾ ਬਿਆਨ ਸੁਣਿਆ, ਉਸ ਨੂੰ ਅਸਿੱਧੀਆਂ ਧਮਕੀਆਂ ਦਿੰਦੇ ਸੁਣਿਆ। ਪੂਰੇ ਮੁਲਕ ਨੇ ਸੁਣਿਆ ਕਿ ਨਾਬਾਲਗ ਕੁੜੀ ਦੇ ਪਿਤਾ ਨੇ ਆਪਣਾ ਬਿਆਨ ਬਦਲਣ ਤੋਂ ਬਾਅਦ ਕਿਹਾ ਕਿ 'ਉਨ੍ਹਾਂ ਨੂੰ ਖ਼ਤਰਾ ਹੈ, ਇਸ ਲਈ ਉਹ ਇਸ ਮਾਮਲੇ ਨੂੰ ਇੱਥੇ ਹੀ ਖ਼ਤਮ ਕਰਨਾ ਚਾਹੁੰਦੇ ਹਨ' ਪਰ ਸੈਂਗੋਲ ਹੱਥ 'ਚ ਚੁੱਕੀ ਖੜ੍ਹਾ ਪ੍ਰਧਾਨ ਮੰਤਰੀ, ਨਵੀਂ ਸੰਸਦ ਵਿਚ ਬਿਰਾਜਮਾਨ ਗ੍ਰਹਿ ਮੰਤਰੀ, ਉਸ ਦੇ ਅਧੀਨ ਕੰਮ ਕਰਨ ਵਾਲੀ ਪੁਲਿਸ ਅਤੇ ਨਿਆਂਪਾਲਿਕਾ ਤੱਕ ਹਰ ਕੋਈ ਅਜਿਹਾ ਹੁੰਦਾ ਦੇਖਦਾ ਰਿਹਾ। ਕੋਈ ਨਾਬਾਲਗ ਕੁੜੀ ਅਤੇ ਉਸ ਦੇ ਪਿਤਾ ਨੂੰ ਹੌਸਲਾ ਦੇਣ ਲਈ ਅੱਗੇ ਨਹੀਂ ਆਇਆ ਕਿ ਉਹ ਉਨ੍ਹਾਂ ਦੇ ਨਾਲ ਖੜ੍ਹੇ ਹਨ। ਉਨ੍ਹਾਂ ਦੇ ਨਾਲ ਕੋਈ ਖੜ੍ਹਾ ਸੀ ਤਾਂ ਉਹ ਸੀ ਅੰਦੋਲਨਕਾਰੀਆਂ ਦਾ ਇਕ ਸਮੂਹ ਜਿਸ ਦੀ ਤਾਕਤ ਉੱਪਰ ਉਹ ਭਰੋਸਾ ਨਹੀਂ ਕਰ ਸਕੇ।

ਦੁਨੀਆ ਨੇ ਦੇਖਿਆ ਕਿ ਭਾਰਤ ਵਿਚ ਲੋਕਤੰਤਰ ਦੀਆਂ ਸਾਰੀਆਂ ਸੰਸਥਾਵਾਂ ਉੱਪਰ ਜਿਨਸੀ ਸ਼ੋਸ਼ਣ ਦਾ ਦੋਸ਼ੀ ਹਾਵੀ ਹੋ ਗਿਆ। ਕੁੜੀਆਂ ਦੇ ਤਮਗੇ ਨੂੰ 15 ਰੁਪਏ ਦਾ ਦੱਸਣ ਵਾਲੇ ਬਾਹੂਬਲੀ ਭਾਜਪਾ ਦੇ ਸੰਸਦ ਮੈਂਬਰ ਨੂੰ ਉਸ ਖੇਡ ਮੰਤਰੀ (ਅਨੁਰਾਗ ਠਾਕੁਰ) ਨੇ ਬਚਾਇਆ ਜਿਸ ਨੇ ਸ਼ਾਹੀਨ ਬਾਗ਼ ਮੋਰਚੇ ਨੂੰ ਖਿੰਡਾਉਣ ਲਈ "ਗੋਲੀ ਮਾਰੋ ਸਾਲੋਂ ਕੋ" ਦਾ ਨਾਅਰਾ ਦਿੱਤਾ ਸੀ, ਤੇ ਗੋਲੀ ਪੂਰੇ ਔਰਤ ਭਾਈਚਾਰੇ ਨੂੰ ਜਾ ਕੇ ਲੱਗੀ। ਇਸ ਘਟਨਾ ਨੇ ਇਕ ਵਾਰ ਫਿਰ ਸਾਬਤ ਕਰ ਦਿੱਤਾ ਕਿ ਕਾਨੂੰਨ ਆਪਣਾ ਕੰਮ ਨਹੀਂ ਕਰਦਾ ਸਗੋਂ ਕਾਨੂੰਨ ਦਾ ਰਾਜ-ਦੰਡ (ਸੈਂਗੋਲ) ਜਿਸ ਦੇ ਹੱਥ ਵਿਚ ਹੁੰਦਾ ਹੈ, ਕੰਮ ਉਹ ਕਰਦਾ ਹੈ।

ਇਹ ਸਾਰਾ ਮਾਮਲਾ ਜਮਹੂਰੀਅਤ ਦੀ ਖ਼ਵਾਇਸ਼ ਰੱਖਣ ਵਾਲੇ ਸਮੂਹਾਂ, ਖ਼ਾਸ ਕਰ ਕੇ ਔਰਤ ਅੰਦੋਲਨ ਲਈ ਚਿਤਾਵਨੀ ਹੈ। ਮੁਲਕ ਵਿਚ ਔਰਤ ਲਈ ਸਾਜ਼ਗਾਰ ਮਾਹੌਲ ਬਣਾਉਣ ਅਤੇ ਕਾਨੂੰਨ ਬਣਵਾਉਣ ਵਿਚ ਔਰਤ ਅੰਦੋਲਨਾਂ ਨੇ ਬਹੁਤ ਯੋਗਦਾਨ ਪਾਇਆ ਹੈ ਪਰ ਇਹ ਸਾਰਾ ਮਾਮਲਾ ਪਿਛਲੇ ਸਾਰੇ ਕੰਮਾਂ ਨੂੰ ਉਲਟਾਉਂਦਾ ਨਜ਼ਰ ਆ ਰਿਹਾ ਹੈ।

ਦਿੱਲੀ ਪੁਲਿਸ ਨੇ ਤਮਗਾ ਜੇਤੂ ਲੜਕੀਆਂ ਦੇ ਜਿਨਸੀ ਸ਼ੋਸ਼ਣ ਦੇ ਇਸ ਮਾਮਲੇ ਨੂੰ ਜਿਸ ਦੁਸ਼ਮਣੀ ਭਰੇ ਢੰਗ ਨਾਲ ਨਜਿੱਠਿਆ, ਇਹ ਹੁਣ ਤੱਕ ਬਣੇ ਸਾਰੇ ਕਾਨੂੰਨਾਂ ਨੂੰ ਉਲਟਾਉਣ ਅਤੇ ਉਨ੍ਹਾਂ ਦੀਆਂ ਧੱਜੀਆਂ ਉਡਾਉਣ ਵਾਲੇ ਤਰੀਕੇ ਹਨ। ਇਹ ਕਾਨੂੰਨ ਦੀ ਉਲੰਘਣਾ ਹੈ ਕਿ ਭਾਰਤੀ ਕੁਸ਼ਤੀ ਫੈਡਰੇਸ਼ਨ ਨੇ ਅਜਿਹੇ ਮਾਮਲਿਆਂ ਨਾਲ ਨਜਿੱਠਣ ਲਈ ਅੰਦਰੂਨੀ ਸ਼ਿਕਾਇਤ ਸੈੱਲ ਬਣਾਇਆ ਹੀ ਨਹੀਂ ਗਿਆ। ਇਸ ਦੇ ਲਈ 12 ਸਾਲ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਰਹੇ ਬ੍ਰਿਜ ਭੂਸ਼ਣ ਨੂੰ ਵੀ ਕਟਹਿਰੇ ਵਿਚ ਖੜ੍ਹਾ ਕਰਨਾ ਚਾਹੀਦਾ ਸੀ। ਬੇਸ਼ੱਕ ਅਸੀਂ ਜਿਨਸੀ ਸ਼ੋਸ਼ਣ ਦੇ ਦੋਸ਼ੀ ਤੋਂ ਇਹ ਉਮੀਦ ਨਹੀਂ ਕਰ ਸਕਦੇ ਪਰ ਅਜਿਹਾ ਨਾ ਕਰਨ 'ਤੇ ਵੀ ਉਸ ਨੂੰ ਸਜ਼ਾ ਦੇਣਾ ਕਾਨੂੰਨੀ ਪ੍ਰਕਿਰਿਆ ਹੈ ਜਿਸ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ। ਪਹਿਲਵਾਨਾਂ ਦੀ ਸ਼ਿਕਾਇਤ ਤੋਂ ਬਾਅਦ ਕੁਸ਼ਤੀ ਫੈਡਰੇਸ਼ਨ ਨੇ ਮਾਮਲੇ ਨੂੰ ਦਬਾਉਣ ਲਈ ਕਾਨੂੰਨ ਦੀ ਪ੍ਰਵਾਹ ਨਾ ਕਰਦਿਆਂ ਮਨਮਾਨੇ ਢੰਗ ਨਾਲ ਇਹ ਸੈੱਲ ਬਣਾ ਲਿਆ ਜਿਸ ਦੀ ਰਿਪੋਰਟ ਕਦੇ ਵੀ ਜਨਤਕ ਨਹੀਂ ਕੀਤੀ ਗਈ।

ਭੰਵਰੀ ਦੇਵੀ ਬਲਾਤਕਾਰ ਮਾਮਲੇ ਤੋਂ ਬਾਅਦ ਕੰਮ ਵਾਲੀ ਥਾਂ 'ਤੇ ਜਿਨਸੀ ਸ਼ੋਸ਼ਣ ਨੂੰ ਰੋਕਣ ਲਈ ਪੂਰੇ ਮੁਲਕ ਵਿਚ ਔਰਤਾਂ ਦਾ ਅੰਦੋਲਨ ਚੱਲਿਆ ਸੀ। ਇਸ ਤੋਂ ਬਾਅਦ ਸੁਪਰੀਮ ਕੋਰਟ ਵੱਲੋਂ 'ਵਿਸ਼ਾਖਾ ਦਿਸ਼ਾ-ਨਿਰਦੇਸ਼' ਜਾਰੀ ਕੀਤੇ ਗਏ ਜਿਨ੍ਹਾਂ ਵਿਚ ਕਿਹਾ ਗਿਆ ਕਿ ਹਰ ਸੰਸਥਾ ਵਿਚ 'ਔਰਤਾਂ ਦੀਆਂ ਸ਼ਿਕਾਇਤਾਂ ਸੁਣਨ ਲਈ ਸੈੱਲ' ਬਣਾਉਣਾ ਲਾਜ਼ਮੀ ਹੈ। ਇਸ ਤੋਂ ਬਾਅਦ 'ਪੋਸ਼' ਯਾਨੀ 'ਪ੍ਰੀਵੈਂਸ਼ਨ ਆਫ ਵਰਕਪਲੇਸ ਹਰਾਸਮੈਂਟ ਐਕਟ' ਨੇ ਕੰਮ ਵਾਲੀ ਥਾਂ 'ਤੇ ਜਿਨਸੀ ਸ਼ੋਸ਼ਣ ਨੂੰ ਬਿਹਤਰ ਤਰੀਕੇ ਨਾਲ ਪਰਿਭਾਸ਼ਿਤ ਕਰਦੇ ਹੋਏ ਔਰਤ ਦੀ ਪ੍ਰਧਾਨਗੀ ਹੇਠ 'ਆਈ.ਸੀ.ਸੀ.' ਯਾਨੀ 'ਇੰਟਰਨਲ ਕੰਪਲੇਂਟ ਸੈੱਲ' ਬਣਾਉਣਾ ਲਾਜ਼ਮੀ ਕਰ ਦਿੱਤਾ। ਪੌਸ਼ ਐਕਟ ਤਹਿਤ ਆਈ.ਸੀ.ਸੀ. ਨਾ ਬਣਾਉਣ ਅਤੇ ਇਸ ਦੀਆਂ ਹੋਰ ਵਿਵਸਥਾਵਾਂ ਨੂੰ ਲਾਗੂ ਨਾ ਕਰਨ 'ਤੇ ਮੁਖੀ ਵਿਅਕਤੀ ਨੂੰ 50,000 ਰੁਪਏ ਜੁਰਮਾਨਾ ਲਗਾਏ ਜਾਣ ਦੀ ਵਿਵਸਥਾ ਹੈ। ਆਖ਼ਿਰ ਇਹ ਦੰਡ ਬ੍ਰਿਜ ਭੂਸ਼ਣ ਅਤੇ ਫੈਡਰੇਸ਼ਨ ਦੇ ਹੋਰ ਸਬੰਧਿਤ ਮੈਂਬਰਾਂ ਉੱਪਰ ਕਿਉਂ ਨਾ ਲਗਾਇਆ ਜਾਵੇ? ਇਹ ਸਵਾਲ ਤਾਂ ਹੁਣ ਬਹੁਤ ਪਿੱਛੇ ਰਹਿ ਗਿਆ ਹੈ।

ਇਹ ਸਮਾਜ ਲਈ ਸ਼ਰਮ ਦੀ ਗੱਲ ਹੈ ਕਿ ਇੰਨੇ ਸੰਗੀਨ ਸਮਾਜੀ ਜੁਰਮ ਦੇ ਖ਼ਿਲਾਫ਼ ਪੁਲਿਸ ਨੇ ਐੱਫ.ਆਈ.ਆਰ. ਦਰਜ ਕਰਨ ਤੋਂ ਇਨਕਾਰ ਕਰ ਦਿੱਤਾ, ਇਸ ਦੇ ਲਈ ਸੁਪਰੀਮ ਕੋਰਟ ਤੋਂ ਆਦੇਸ਼ ਜਾਰੀ ਕਰਵਾਉਣਾ ਪਿਆ।

ਇਸ ਸ਼ਰਮਨਾਕ ਕਾਰੇ ਤੋਂ ਬਾਅਦ ਵੀ ਸ਼ਰਮ ਨਾ ਕਰਦੇ ਹੋਏ ਦੋਸ਼ੀ ਨੂੰ ਖੁੱਲ੍ਹਾ ਛੱਡ ਕੇ ਜੁਰਮ ਦੇ ਸਾਰੇ ਤੱਥਾਂ-ਸਬੂਤਾਂ ਨੂੰ ਨਸ਼ਟ ਕਰਨ ਅਤੇ ਗਵਾਹਾਂ ਨੂੰ ਡਰਾਉਣ ਦਾ ਮੌਕਾ ਦਿੱਤਾ ਗਿਆ। ਦੋਸ਼ੀ ਸੋਸ਼ਲ ਮੀਡੀਆ ਉੱਪਰ ਵਾਰ-ਵਾਰ ਆ ਕੇ ਆਪਣੀ ਬਾਹੂਬਲੀ ਸ਼ਖ਼ਸੀਅਤ ਦੀ ਨੁਮਾਇਸ਼ ਲਗਾ ਕੇ ਪੀੜਤਾਂ 'ਚ ਡਰ ਪੈਦਾ ਕਰਦਾ ਰਿਹਾ। ਉਸ ਨੇ ਪਹਿਲਾਂ ਨਾਬਾਲਗ ਕੁੜੀ ਦੇ ਤਾਊ ਨੂੰ ਦਬਾਅ ਹੇਠ ਲਿਆ ਜਾਂ 'ਖ਼ਰੀਦ' ਲਿਆ! ਪਰ ਕੁੜੀ ਦੇ ਪਿਤਾ ਫਿਰ ਵੀ ਡਟ ਕੇ ਖੜ੍ਹੇ ਰਹੇ ਤਾਂ 28 ਮਈ ਨੂੰ ਪਹਿਲਵਾਨਾਂ ਨੂੰ ਜੰਤਰ-ਮੰਤਰ ਉੱਪਰ ਘੜੀਸ ਕੇ ਅਤੇ ਉਨ੍ਹਾਂ ਉੱਪਰ ਐੱਫ.ਆਈ.ਆਰ. ਦਰਜ ਕਰਵਾ ਕੇ ਸਰਕਾਰ ਨੇ ਖ਼ੁਦ ਬ੍ਰਿਜ ਭੂਸ਼ਣ ਦਾ ਕੰਮ ਸੌਖਾ ਕੀਤਾ। ਸੇਵਾਮੁਕਤ ਆਈ.ਪੀ.ਐੱਸ. ਅਧਿਕਾਰੀ ਰਾਕੇਸ਼ ਅਸਥਾਨਾ ਨੇ ਪਹਿਲਵਾਨਾਂ ਨੂੰ ਗੋਲੀ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ ਪਰ ਸਰਕਾਰ ਅਤੇ ਇਸ ਦੇ ਸਾਰੇ ਵਿਭਾਗ ਪੀੜਤ ਪਹਿਲਵਾਨਾਂ ਦੇ ਵਿਰੁੱਧ ਖੜ੍ਹੇ ਰਹੇ। ਪੋਕਸੋ ਹਟਾਉਣ ਜਾਂ ਉਸ ਨੂੰ ਕਮਜ਼ੋਰ ਕੀਤੇ ਜਾਣ ਦੇ ਇਸ ਪਿਛੋਕੜ ਨੂੰ ਬਿਲਕੁਲ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ।

ਕਾਨੂੰਨ ਦੀ ਉਲੰਘਣਾ ਕਰਦੇ ਹੋਏ ਪੀੜਤ ਲੜਕੀਆਂ ਨੂੰ ਇਸ ਤੋਂ ਵੀ ਜ਼ਿਆਦਾ ਜ਼ਲੀਲ ਉਦੋਂ ਕੀਤਾ ਗਿਆ ਜਦੋਂ ਉਨ੍ਹਾਂ ਨੂੰ ਕਤਲ ਦੇ ਮਾਮਲੇ ਵਾਂਗ 'ਕ੍ਰਾਈਮ ਸੀਨ' 'ਤੇ ਲਿਜਾਇਆ ਗਿਆ ਅਤੇ 'ਸੀਨ' ਨੂੰ ਬਣਾ ਕੇ ਦਿਖਾਉਣ ਲਈ ਕਿਹਾ ਗਿਆ। ਦੁੱਖ ਦੀ ਗੱਲ ਇਹ ਹੈ ਕਿ ਮੀਡੀਆ ਇਸ ਸਭ ਕਾਸੇ ਦੀ ਸਿਰਫ਼ ਰਿਪੋਰਟਿੰਗ ਕਰਦਾ ਰਿਹਾ, ਕਿਸੇ ਨੇ ਇਹ ਸਵਾਲ ਨਹੀਂ ਕੀਤਾ ਕਿ ਪੀੜਤ ਲੜਕੀ ਨੂੰ ਦੁਬਾਰਾ ਉਸੇ ਸੰਤਾਪ ਵਿਚੋਂ ਲੰਘਾਉਣ ਵਾਲੀਆਂ ਇਹ ਕਾਰਵਾਈਆਂ ਕਿਉਂ ਕੀਤੀਆਂ ਜਾ ਰਹੀਆਂ ਹਨ, ਇਹ ਕਿਸ ਕਾਨੂੰਨ ਤਹਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਤੋਂ ਵੀਡੀਓ ਸਬੂਤ ਮੰਗੇ ਗਏ, ਡਕੈਤੀ-ਕਤਲ ਵਰਗੇ ਦੋਸ਼ਾਂ ਵਾਂਗ ਲੋਕਾਂ ਦੇ ਬਿਆਨ ਲਏ ਗਏ ਕਿ 'ਕੀ ਉਨ੍ਹਾਂ ਨੇ ਇਹ ਜਿਨਸੀ ਸ਼ੋਸ਼ਣ ਹੁੰਦਾ ਦੇਖਿਆ?' ਜਦਕਿ ਇਹ ਖੁੱਲ੍ਹਾ ਤੱਥ ਹੈ ਕਿ ਅਜਿਹੇ ਜੁਰਮ ਦੀ ਚਸ਼ਮਦੀਦ ਗਵਾਹ ਸਿਰਫ਼ ਪੀੜਤ ਔਰਤ ਹੀ ਹੁੰਦੀ ਹੈ। ਅਜਿਹੀਆਂ ਸ਼ਿਕਾਇਤਾਂ ਦਾ ਸਬੂਤ ਮੰਗਣ ਸਮੇਂ ਸਮਾਜ ਦੀ ਹਕੀਕਤ ਨੂੰ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ। ਇਸ ਮੁਲਕ ਵਿਚ ਕੁੜੀਆਂ ਦੀ ਮਾਨਸਿਕ ਤਿਆਰੀ ਜਿਸ ਤਰੀਕੇ ਨਾਲ ਕਰਾਈ ਜਾਂਦੀ ਹੈ, ਉਸ ਕਾਰਨ ਕੋਈ ਵੀ ਕੁੜੀ ਅਜਿਹੀ ਘਟਨਾ ਕਿਸੇ ਨੂੰ ਦੱਸ ਵੀ ਨਹੀਂ ਸਕਦੀ। ਇਸ ਮਾਨਸਿਕਤਾ ਨੂੰ ਤੋੜਦਿਆਂ ਜੇਕਰ ਕੋਈ ਔਰਤ ਇਸ ਵਿਰੁੱਧ ਸ਼ਿਕਾਇਤ ਦਰਜ ਕਰਵਾਉਂਦੀ ਹੈ ਤਾਂ ਇਸ ਨੂੰ ਹੀ ਉਸ ਜੁਰਮ ਦਾ ਵੱਡਾ ਸਬੂਤ ਮੰਨਿਆ ਜਾਣਾ ਚਾਹੀਦਾ ਹੈ।


ਪਰ ਇੱਥੇ ਤਾਂ ਨਿਆਂ ਦੇ ਪੂਰੇ ਸਿਧਾਂਤ ਨੂੰ ਹੀ ਉਲਟਾ ਦਿੱਤਾ ਗਿਆ ਹੈ ਜਿਸ ਵਿਚ ਪੀੜਤ ਨੂੰ ਹੀ ਇਹ ਸਾਬਤ ਕਰਨਾ ਪੈਣਾ ਹੈ ਕਿ ਉਸ ਨਾਲ ਧੱਕਾ ਹੋਇਆ ਹੈ। ਸਟੇਟ ਜਾਬਰ ਦੇ ਨਾਲ ਖੜ੍ਹਾ ਹੈ ਜਦੋਂ ਕਿ ਜਮਹੂਰੀ ਨਿਆਂ ਦੇ ਸਿਧਾਂਤ ਅਨੁਸਾਰ ਅਜਿਹੇ ਜੁਰਮਾਂ ਨੂੰ ਸਮਾਜਿਕ ਜੁਰਮ ਮੰਨਦੇ ਹੋਏ ਸਟੇਟ ਨੂੰ ਪੀੜਤ ਦੀ ਤਰਫ਼ੋਂ ਇਸ ਮੁਕੱਦਮੇ ਦੀ ਪੈਰਵੀ ਕਰਨੀ ਚਾਹੀਦੀ ਹੈ। ਮੁਜਰਿਮ ਦੇ ਪੱਖ 'ਚ ਖੜ੍ਹ ਕੇ ਇਸ ਸਰਕਾਰ ਨੇ ਫਿਰ ਸਾਬਤ ਕਰ ਦਿੱਤਾ ਹੈ ਕਿ ਇਹ ਕਿਸੇ ਜਮਹੂਰੀ ਕਦਰਾਂ-ਕੀਮਤਾਂ ਦੀ ਬਜਾਇ ਜਗੀਰੂ ਮਨੂੰਵਾਦੀ ਕਦਰਾਂ-ਕੀਮਤਾਂ ਵਾਲੀ ਸਰਕਾਰ ਹੈ।

ਮੈਡਲ ਜੇਤੂ ਪਹਿਲਵਾਨਾਂ ਦੇ ਇਸ ਪੂਰੇ ਮਾਮਲੇ 'ਚ ਸਰਕਾਰ-ਪੁਲਿਸ ਵੱਲੋਂ ਜੋ ਅਮਲ ਅਪਣਾਇਆ ਗਿਆ ਹੈ, ਉਨ੍ਹਾਂ ਹੱਕਾਂ ਨੂੰ ਉਲਟਾਉਣ ਵਰਗਾ ਹੈ ਜੋ ਔਰਤਾਂ ਦੇ ਅੰਦੋਲਨ ਨਾਲ ਹਾਸਲ ਕੀਤੇ ਗਏ। ਸਬੂਤ ਇਕੱਠੇ ਕਰਨ ਦੇ ਨਾਂ 'ਤੇ ਜਿਸ ਤਰ੍ਹਾਂ ਪੀੜਤਾਂ ਨੂੰ ਮੁੜ ਜਿਨਸੀ ਹਿੰਸਾ ਦੇ ਅਨੁਭਵ ਵਿਚੋਂ ਗੁਜ਼ਰਨ ਲਈ ਮਜਬੂਰ ਕੀਤਾ ਗਿਆ, ਉਹ ਆਪਣੇ ਆਪ ਨੂੰ ਲੋਕਤੰਤਰ ਕਹਾਉਣ ਵਾਲੇ ਮੁਲਕ ਲਈ ਸ਼ਰਮਨਾਕ ਹੈ ਪਰ ਅਜਿਹਾ ਹੁੰਦਾ ਰਿਹਾ ਅਤੇ ਖੁੱਲ੍ਹੇਆਮ ਹੁੰਦਾ ਰਿਹਾ। ਇਹ ਗੱਲ ਵੀ ਨਹੀਂ ਹੈ ਕਿ ਜਿਨਸੀ ਸ਼ੋਸ਼ਣ ਦੇ ਦੋਸ਼ੀਆਂ ਨੂੰ ਬਚਾਉਣ ਦਾ ਕੰਮ ਸਰਕਾਰ ਪਹਿਲੀ ਵਾਰ ਕਰ ਰਹੀ ਹੈ, ਇਸ ਦੀ ਤਾਂ ਬਹੁਤ ਲੰਮੀ ਸੂਚੀ ਹੈ ਪਰ ਸਰਕਾਰ ਅਤੇ ਉਸ ਦੀ ਮਸ਼ੀਨਰੀ ਨੇ ਇਸ ਮਾਮਲੇ ਨਾਲ ਜਿਸ ਤਰੀਕੇ ਨਾਲ 'ਨਜਿੱਠਿਆ', ਉਹ ਇਸ ਮੁਲਕ ਦੇ ਲੰਮੇ ਔਰਤ ਅੰਦੋਲਨ ਦੀਆਂ ਪ੍ਰਾਪਤੀਆਂ ਉੱਪਰ ਵੱਡੀ ਸੱਟ ਹੈ। ਇਸ ਲਈ ਇਹ ਸਾਰਾ ਕੇਸ ਇਸ ਮੁਲਕ ਦੀਆਂ ਔਰਤਾਂ ਅਤੇ ਔਰਤਾਂ ਦੇ ਅੰਦੋਲਨ ਲਈ ਚਿਤਾਵਨੀ ਹੈ। ਜਮਹੂਰੀ ਲਹਿਰਾਂ ਰਾਹੀਂ ਹਾਸਲ ਕੀਤੇ ਹੱਕਾਂ ਉੱਪਰ ਚਲਾਏ ਜਾ ਰਹੇ ਬੁਲਡੋਜ਼ਰ ਦੀ ਆਵਾਜ਼ ਸਾਫ਼ ਸਾਫ਼ ਸੁਣਾਈ ਦੇ ਰਹੀ ਹੈ। ਇਸ ਕੇਸ ਨੇ ਇਹ ਵੀ ਚੰਗੀ ਤਰ੍ਹਾਂ ਸਮਝਾ ਦਿੱਤਾ ਹੈ ਕਿ ਉਹ ਭਾਵੇਂ ਕਿੰਨੀ ਵੀ ਮਸ਼ਹੂਰ ਕਿਉਂ ਨਾ ਹੋਵੇ, ਜੇ ਉਹ ਔਰਤ ਹੈ ਤਾਂ ਉਹ ਇਸ ਜਗੀਰੂ ਸੱਤਾ ਦੇ ਨਿਸ਼ਾਨੇ 'ਤੇ ਹੈ। ਇਸ ਔਰਤ ਵਿਰੋਧੀ ਮਾਹੌਲ ਨੂੰ ਬਦਲਣ ਲਈ ਮੁਲਕ ਵਿਚ ਮਜ਼ਬੂਤ ਔਰਤ ਅੰਦੋਲਨ ਦੀ ਜ਼ਰੂਰਤ ਹੈ, ਇਹ ਅੰਦੋਲਨ ਸਿਰਫ਼ ਔਰਤਾਂ ਨੂੰ ਹੀ ਨਹੀਂ ਸਗੋਂ ਮੁਲਕ ਨੂੰ ਲੋਕਤੰਤਰੀ ਬਣਾਏਗਾ।

*ਲਾਹੌਰ ਦੇ ਜੰਮੇ ਪ੍ਰੋ. ਇਸ਼ਤਿਆਕ ਅਹਿਮਦ ਸਵੀਡਨ ਦੀ ਸਟੌਕਹੋਮ ਯੂਨੀਵਰਸਿਟੀ ਵਿਚ ਪੜ੍ਹਾਉਂਦੇ ਰਹੇ ਹਨ। ਉਨ੍ਹਾਂ ਦੀ ਖੋਜ ਦਾ ਕੰਮ ਸਟੇਟ/ਰਿਆਸਤ ਦੇ ਖ਼ਾਸੇ ਨੂੰ ਸਮਝਣ ਨਾਲ ਜੁੜਿਆ ਹੈ। ਉਹ 1947 ਦੀ ਵੰਡ ਨੂੰ ਸਟੇਟ/ਰਿਆਸਤ ਦੇ ਖ਼ਾਸੇ ਦੇ ਹਵਾਲੇ ਨਾਲ ਸਮਝਦੇ ਹਨ ਅਤੇ ਇਸੇ ਦੇ ਆਲੇ-ਦੁਆਲੇ ਸਮਾਜਿਕ-ਧਾਰਮਿਕ ਤਾਣੇ-ਬਾਣੇ, ਦਸਤਾਵੇਜ਼ਾਂ, ਗਵਾਹੀਆਂ ਅਤੇ ਸਬੂਤਾਂ ਦਾ ਜਮ੍ਹਾਂ-ਜੋੜ ਕਰਦੇ ਹਨ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਐਜੂਕੇਸ਼ਨਲ ਮਲਟੀਮੀਡੀਆ ਰਿਸਰਚ ਸੈਂਟਰ ਦੇ ਡਾਇਰੈਕਟਰ ਦਲਜੀਤ ਅਮੀ ਨੇ ਪ੍ਰੋ. ਇਸ਼ਤਿਆਕ ਅਹਿਮਦ ਨਾਲ ਮੁਲਾਕਾਤ ਕੀਤੀ ਅਤੇ ਸੰਨ ਸੰਤਾਲੀ ਵਿਚ ਪੰਜਾਬ ਦੀ ਵੰਡ ਦੇ ਵੱਖ-ਵੱਖ ਪਹਿਲੂਆਂ ਬਾਰੇ ਵਿਚਾਰ-ਚਰਚਾ ਕੀਤੀ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ।*

# ਪੰਜਾਬ ਦੀ ਵੰਡ: ਬੇਵਿਸਾਹੀ ਵਾਲੇ ਵਕਤਾਂ ਦੀ ਦਾਸਤਾਂ

*ਪੰਜਾਬੀ ਮੂਲ ਦੇ ਵਿਦਵਾਨਾਂ ਦੀ ਪਹਿਲੀ ਕਤਾਰ ਵਿਚ ਪ੍ਰੋ. ਇਸ਼ਤਿਆਕ ਅਹਿਮਦ ਦਾ ਨਾਮ ਉਨ੍ਹਾਂ ਦੀਆਂ ਕਿਤਾਬਾਂ ਦੀ ਬਦੌਲਤ ਦਰਜ ਹੋਇਆ ਹੈ। ਲਾਹੌਰ ਦੇ ਜੰਮੇ ਇਸ਼ਤਿਆਕ ਅਹਿਮਦ ਸਟੌਕਹੋਮ ਯੂਨੀਵਰਸਿਟੀ, ਸਵੀਡਨ ਵਿਚ ਪੜ੍ਹਦੇ-ਪੜ੍ਹਾਉਂਦੇ ਰਹੇ ਹਨ। ਉਨ੍ਹਾਂ ਦੀ ਖੋਜ ਦਾ ਕੰਮ ਸਟੇਟ/ਰਿਆਸਤ ਦੇ ਖ਼ਾਸੇ ਨੂੰ ਸਮਝਣ ਨਾਲ ਜੁੜਿਆ ਹੈ। ਉਹ 1947 ਦੀ ਵੰਡ ਨੂੰ ਸਟੇਟ/ਰਿਆਸਤ ਦੇ ਖ਼ਾਸੇ ਦੇ ਹਵਾਲੇ ਨਾਲ ਸਮਝਦੇ ਹਨ ਅਤੇ ਇਸੇ ਦੇ ਆਲੇ-ਦੁਆਲੇ ਸਮਾਜਿਕ-ਧਾਰਮਿਕ ਤਾਣੇ-ਬਾਣੇ, ਦਸਤਾਵੇਜ਼ਾਂ, ਗਵਾਹੀਆਂ ਅਤੇ ਸਬੂਤਾਂ ਦਾ ਜਮ੍ਹਾਂ-ਜੋੜ ਕਰਦੇ ਹਨ। ਲੋਕਾਂ ਦੀ ਜ਼ੁਬਾਨੀ, ਉਨ੍ਹਾਂ ਦੇ ਹੱਡੀਂ ਹੰਢਾਏ ਤਜਰਬੇ ਇਕੱਠੇ ਕਰਨ ਤੋਂ*



**ਦਲਜੀਤ ਅਮੀ**
**ਫੋਨ: +91-72919-77145**

*ਬਾਅਦ ਉਹ ਬਿਆਨੀਆ ਤਿਆਰ ਕਰਦੇ ਹਨ ਅਤੇ ਆਪਣੀ ਦਲੀਲ ਰਮਜ਼ਾਂ ਸਮੇਤ ਪੁਰਜ਼ੋਰ ਢੰਗ ਨਾਲ ਪੇਸ਼ ਕਰਦੇ ਹਨ। ਪਿਛਲੇ ਦਿਨੀਂ ਉਹ ਚੜ੍ਹਦੇ ਪੰਜਾਬ ਦੇ ਦੌਰੇ 'ਤੇ ਸਨ। ਇਸ ਦੌਰਾਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਉਨ੍ਹਾਂ ਨਾਲ ਮੁਲਾਕਾਤ ਹੋਈ ਜਿਸ ਵਿਚ ਉਨ੍ਹਾਂ ਦੀ ਕਿਤਾਬ 'ਪੰਜਾਬ: ਖ਼ੂਨ-ਖ਼ਰਾਬਾ, ਵੰਡਿਆ ਅਤੇ ਸਫ਼ਾਇਆ' ਬਾਰੇ ਗੱਲ ਹੋਈ:*

**ਤੁਹਾਡੀ ਕਿਤਾਬ ਦਾ ਨਾਮ 'ਪੰਜਾਬ: ਖ਼ੂਨ-ਖ਼ਰਾਬਾ, ਵੰਡਿਆ ਅਤੇ ਸਫ਼ਾਇਆ' ਹੈ। ਇਹ ਕਿਸੇ ਤਰਤੀਬ ਦਾ ਬਿਆਨੀਆ ਹੈ ਜਾਂ ਕੁਝ ਹੋਰ?**

- ਇਹ ਪੰਜਾਬ ਦੀ ਵੰਡ ਦੀ ਤਰਤੀਬ ਹੈ। ਪਹਿਲਾਂ ਪੰਜਾਬ ਵਿਚ ਖ਼ੂਨ-ਖ਼ਰਾਬਾ ਹੋਇਆ ਜਿਸ ਵਿਚ ਵਿਉਂਤਬੰਦੀ ਨਾਲ ਲੋਕ ਮਾਰੇ ਗਏ। ਪਿੰਡਾਂ ਦੇ ਪਿੰਡ ਉਜਾੜੇ ਗਏ। ਖ਼ੌਫ਼ਜ਼ਦਾ ਲੋਕਾਂ ਵਿਚ ਬੇਵਿਸਾਹੀ ਪੈਦਾ ਹੋਈ। ਹਮਲੇ ਦੀ ਮਾਰ ਵਿਚ ਆਏ ਲੋਕਾਂ ਉੱਤੇ ਬਦਲੇ ਦੀ ਸੁਰ ਭਾਰੂ ਹੋਈ। ਇਹ ਬਦਅਮਨੀ ਅਤੇ ਬਦਇਤਫ਼ਾਕੀ ਅੱਗ ਵਾਂਗ ਫੈਲੀ। ਇਹੋ ਬਦਅਮਨੀ ਅਤੇ ਬਦਇਤਫ਼ਾਕੀ ਧਰਮ ਦੀ ਬੁਨਿਆਦ ਉੱਤੇ ਸਫ਼ਾਇਆ ਮੁਹਿੰਮ ਬਣ ਗਈ ਜਿਸ ਦੀ ਪਿੱਠ ਉੱਤੇ ਸਟੇਟ/ਰਿਆਸਤ ਦੇ ਬੇਕਿਰਕ ਜ਼ੋਰ ਦਾ ਥਾਪੜਾ ਸੀ।

**ਇਨ੍ਹਾਂ ਤਿੰਨਾਂ ਪੜਾਵਾਂ ਦੀ ਤਰਤੀਬ ਵਿਚ ਫ਼ੈਸਲਾਕੁਨ ਮੋੜ ਕਿੱਥੇ ਆਉਂਦੇ ਹਨ?**

- ਵੰਡ ਦੀ ਮੰਗ ਅਤੇ ਇਸ ਨੂੰ ਰੱਦ ਕਰਨ ਵਾਲੀਆਂ ਧਿਰਾਂ ਮੂੰਹ-ਜ਼ੋਰ ਸਨ। ਵੰਡ ਦੀ ਹਮਾਇਤ ਕਰਨ ਵਾਲੀਆਂ ਧਿਰਾਂ ਦਾ ਆਪਣੀ ਮੰਗ ਉੱਤੇ ਜ਼ੋਰ ਦੇਣ ਲਈ ਖ਼ੂਨ-ਖ਼ਰਾਬੇ 'ਤੇ ਉਤਰ ਆਉਣਾ ਉਨ੍ਹਾਂ ਦੀ ਸਿਆਸਤ ਦਾ ਹਿੱਸਾ ਸੀ। ਇਸੇ ਖ਼ੂਨ-ਖ਼ਰਾਬੇ ਨਾਲ ਅੱਗੇ ਮੰਗ ਜਾਇਜ਼ ਬਣਨੀ ਸੀ। ਇਸ ਮੰਗ ਦੇ ਪੱਖ ਵਿਚ ਆਪਣੇ ਹਮਾਇਤੀਆਂ ਦੇ ਨਾਲ-ਨਾਲ ਵਿਰੋਧੀਆਂ ਦੀ ਤਾਕਤ ਜੁੜਨੀ ਸੀ। ਖ਼ੌਫ਼ ਨੇ ਮਜ਼ਹਬੀ ਪਾਲਾਬੰਦੀ ਤੇਜ਼ ਕਰਨੀ ਸੀ। ਇਸੇ ਰੁਝਾਨ ਦਾ ਅਗਲਾ ਪੜਾਅ ਰੈੱਡਕਲਿਫ ਲਾਈਨ ਦਾ ਨਕਸ਼ਾ ਸੀ। ਸਿਆਸੀ ਕਾਵਾਂਰੌਲੀ ਦੇ ਹਵਾਲੇ ਨਾਲ ਆਵਾਮ ਦੇ ਮਨਾਂ ਵਿਚ ਖ਼ਿਆਲੀ ਨਕਸ਼ੇ ਬਣੇ ਤਾਂ ਰੈੱਡਕਲਿਫ ਦੇ ਨਕਸ਼ੇ ਸਾਹਮਣੇ ਬੇਮਾਇਨਾ ਹੋ ਗਏ। ਨਵੇਂ ਨਕਸ਼ੇ ਦੀ ਹਕੀਕਤ ਲੋਕਾਂ ਦੇ ਪਿੰਡਿਆਂ ਉੱਤੇ ਜਬਰ ਦੀ ਬੋਲੀ ਵਿਚ ਉੱਕਰੀ ਜਾਣੀ ਸੀ। ਇਸ ਤੋਂ ਬਾਅਦ ਨਵੇਂ ਨਕਸ਼ੇ ਦੇ ਹਵਾਲੇ ਨਾਲ ਬੇਹਿਸਾਬ ਜਬਰ ਵਰਤਿਆ। ਮਜ਼ਹਬੀ ਜਬਰ ਦੇ ਸ਼ੋਰ ਵਿਚ ਹਰ ਸਾਂਝ ਅਤੇ ਦਲੀਲ ਕਮਜ਼ੋਰ ਪੈਣੀ ਹੀ ਸੀ।

## ਇਤਿਹਾਸ ਦੀਆਂ ਪਰਤਾਂ ਫਰੋਲਦਿਆਂ


**ਇਸ ਮਾਹੌਲ ਵਿਚ ਤੁਸੀਂ ਸਟੇਟ/ਰਿਆਸਤ ਦੇ ਖ਼ਾਸੇ ਦਾ ਬਿਆਨੀਆ ਦਿੱਤਾ ਹੈ ਕਿ ਜਬਰ ਸਟੇਟ/ਰਿਆਸਤ ਦੀ ਪਿੱਠ ਉੱਤੇ ਸਵਾਰ ਸੀ, ਜ਼ਰਾ ਸਮਝਾਓ?**

- ਅਸੀਂ ਸਟੇਟ/ਰਿਆਸਤ ਦੇ ਖ਼ਾਸੇ ਨਾਲ ਹੀ ਇਸ ਦੀਆਂ ਜ਼ਿੰਮੇਵਾਰੀਆਂ ਦਾ ਬਿਆਨੀਆ ਤਿਆਰ ਕਰਦੇ ਹਾਂ। ਥੌਮਸ ਹੌਬਸ ਕੁਦਰਤ ਦੀ ਸਟੇਟ/ਰਿਆਸਤ ਤੋਂ ਸਮਾਜਿਕ ਕਰਾਰਨਾਮਿਆਂ ਦੀ ਸਟੇਟ/ਰਿਆਸਤ ਨੂੰ ਵੱਖਰਾ ਕਰਦੇ ਤੇ ਇਸ ਦਾ ਬਿਆਨੀਆ ਤਿਆਰ ਕਰਦੇ ਹਨ। ਕੁਦਰਤ ਦੀ ਸਟੇਟ/ਰਿਆਸਤ ਵਿਚ ਜਬਰ ਦੀ ਸਰਦਾਰੀ ਹੈ ਅਤੇ ਤਕੜੇ ਦਾ ਸੱਤੀਂ ਵੀਹੀਂ ਸੌ ਹੈ। ਹੁਕਮਰਾਨ ਦੀ ਮਰਜ਼ੀ ਹੀ ਹੁਕਮ ਹੈ। ਸਮਾਜਿਕ ਕਰਾਰਨਾਮਿਆਂ ਦੀ ਬੁਨਿਆਦ ਉੱਤੇ ਬਣੀ ਸਟੇਟ/ਰਿਆਸਤ ਵਿਚ ਕਾਇਦੇ-ਕਾਨੂੰਨ ਦੀ ਸਰਦਾਰੀ ਹੈ ਅਤੇ ਦੋ ਧਿਰਾਂ ਦੇ ਕਲੇਸ਼ ਵਿਚ ਇਸ ਦਾ ਕੰਮ ਨਿਰਪੱਖ ਹੋ ਕੇ ਫ਼ੈਸਲਾ ਜਾਂ ਦਖ਼ਲਅੰਦਾਜ਼ੀ ਕਰਨਾ ਹੈ। ਕਾਨੂੰਨ ਦੀ ਸਰਦਾਰੀ ਵਿਚ ਸਟੇਟ/ਰਿਆਸਤ ਦਾ ਹੁਕਮ ਲਾਗੂ ਕਰਨ ਵਾਲਾ ਇੰਤਜ਼ਾਮੀਆ ਕਿਸੇ ਦੀ ਧਿਰ ਨਹੀਂ ਬਣਦਾ।

ਜਦੋਂ 1947 ਵਿਚ ਵੰਡ ਦਾ ਅਮਲ ਨਕਸ਼ੇ ਵਜੋਂ ਸਾਹਮਣੇ ਆਇਆ ਤਾਂ ਦੋਵੇਂ ਪਾਸੇ ਰਿਆਸਤ ਦਾ ਇਹ ਖ਼ਾਸਾ ਮਨਫ਼ੀ ਹੋ ਗਿਆ। ਫ਼ਿਰਕੂ ਨਫ਼ਰਤ ਦੇ ਸ਼ੋਰ-ਸ਼ਰਾਬੇ ਹੇਠ ਸਫ਼ਾਇਆ ਮੁਹਿੰਮਾਂ ਵਿਚ ਜਬਰ ਵਰਤਾਉਣ ਦਾ ਕੰਮ ਪੁਲਿਸ, ਫ਼ੌਜ, ਬਦਮਾਸ਼ ਅਤੇ ਮੌਕਾਪ੍ਰਸਤ ਮਿਲ ਕੇ ਕਰਦੇ ਸਨ। ਫ਼ੌਜ ਵਿਚੋਂ ਨਾਮ ਕਟਵਾ ਕੇ ਪਰਤੇ ਬਹੁਤ ਸਾਰੇ ਫ਼ੌਜੀ ਹਥਿਆਰ ਨਾਲ ਲੈ ਆਏ ਸਨ। ਗੁੰਡਿਆਂ, ਬਦਮਾਸ਼ਾਂ ਅਤੇ ਮੁਖ਼ਬਰਾਂ ਦਾ ਪੂਰਾ ਲਾਣਾ ਮਜ਼ਹਬਾਂ ਦਾ ਲਸ਼ਕਰ ਬਣ ਗਿਆ ਅਤੇ ਸਟੇਟ/ਰਿਆਸਤ ਦਾ ਸਮਾਜਿਕ ਕਰਾਰਨਾਮਿਆਂ ਵਾਲਾ ਖ਼ਾਸਾ ਛਿੱਕੇ ਟੰਗਿਆ ਗਿਆ। ਸਫ਼ਾਇਆ ਮੁਹਿੰਮਾਂ ਰਿਆਸਤ ਦੀ ਸਰਗਰਮ ਸ਼ਮੂਲੀਅਤ ਤੋਂ ਬਿਨਾ ਨਹੀਂ ਹੋ ਸਕਦੀਆਂ ਸਨ। ਮੈਂ ਇਸੇ ਲਈ ਨਸਲਕੁਸ਼ੀ (ਜੈਨੋਸਾਇਡ) ਅਤੇ ਸਫ਼ਾਏ (ਕਲੀਂਜ਼ਿੰਗ) ਵਿਚ ਨਿਖੇੜਾ ਕੀਤਾ ਹੈ। ਇਹ ਸਫ਼ਾਇਆ ਸੀ।

**ਇਸ ਨਿਖੇੜੇ ਨਾਲ ਕੀ ਫ਼ਰਕ ਪੈਂਦਾ ਹੈ, ਦੋਵਾਂ ਵਿਚ ਜਬਰ ਅਤੇ ਤਸ਼ੱਦਦ ਹੀ ਵਰਤਣਾ ਹੈ?**

- ਸਮਝਣ ਪੱਖੋਂ ਫ਼ਰਕ ਪੈਂਦਾ ਹੈ। ਨਸਲਕੁਸ਼ੀ ਵਿਚ ਦੁਸ਼ਮਣ ਕਰਾਰ ਦਿੱਤੇ ਬੰਦੇ ਦਾ ਕਤਲ ਹੋਣਾ ਲਾਜ਼ਮੀ ਹੈ। ਸਫ਼ਾਇਆ ਬੁਨਿਆਦੀ ਤੌਰ ਉੱਤੇ ਕਿਸੇ ਧਰਤੀ ਜਾਂ ਇਲਾਕੇ ਨੂੰ 'ਪਵਿੱਤਰ' ਕਰਨ ਦੀ ਮੁਹਿੰਮ ਹੈ। ਇਸ ਵਿਚ ਇਲਾਕੇ ਉੱਤੇ ਕਬਜ਼ਾ ਕਰਨਾ ਅਤੇ ਅਣਚਾਹੇ ਬੰਦੇ ਨੂੰ ਬਾਹਰ ਕੱਢਣਾ ਜ਼ਰੂਰੀ ਹੈ। ਧਰਮ ਦੇ ਆਧਾਰ ਉੱਤੇ ਇਲਾਕੇ ਉੱਤੇ ਮੱਲ ਮਾਰਨੀ ਅਤੇ ਇਸੇ ਕਾਰਨ ਬੇਗਾਨਾ ਕਰਾਰ ਦਿੱਤੇ ਗਏ ਬੰਦੇ ਨੂੰ ਉਜਾੜਨਾ ਮਜ਼ਹਬੀ ਜ਼ਿੰਮੇਵਾਰੀ ਬਣ ਜਾਂਦੀ ਹੈ। ਪੰਜਾਬ ਵਿਚ ਇਹੋ ਹੋਇਆ। ਨਫ਼ਰਤ ਅਤੇ ਧਰਮ ਦੀ ਮਿੱਸ ਦਾ ਨਸ਼ਾ ਸੀ ਕਿ ਮਨੁੱਖ ਪਾਗ਼ਲ ਹੀ ਹੋ ਗਿਆ। ਦੋਵਾਂ ਪਾਸੇ ਸਟੇਟ/ਰਿਆਸਤ ਇਨ੍ਹਾਂ ਸਫ਼ਾਇਆ ਮੁਹਿੰਮਾਂ ਦਾ ਹਿੱਸਾ ਸੀ।





*ਪ੍ਰੋ. ਇਸ਼ਤਿਆਕ ਅਹਿਮਦ ਅਤੇ (ਸੱਜੇ) ਸੰਤਾਲੀ ਦੀ ਵੰਡ ਵੇਲੇ ਦੀ ਇਕ ਤਸਵੀਰ।*

**ਸਫ਼ਾਇਆ ਮੁਹਿੰਮ ਵਿਚ ਕਿਸੇ ਨੂੰ ਮਾਰਨ ਦੀ ਨੌਬਤ ਕਦੋਂ ਆਉਂਦੀ ਹੈ ਅਤੇ ਪੰਜਾਬ ਵਿਚ ਇਹ ਕਦੋਂ ਆਈ?**

- ਇੱਕੋ ਵੇਲੇ ਕਈ ਕੁਝ ਚੱਲ ਰਿਹਾ ਹੁੰਦਾ ਹੈ। ਲੋਕਾਂ ਦੇ ਆਪਣੇ ਮੁਫ਼ਾਦ ਰੋਜ਼ਾਨਾ ਵਿਹਾਰ ਅਤੇ ਰਸਮ-ਲਿਹਾਜ਼ ਵਿਚ ਕੱਜੇ ਰਹਿੰਦੇ ਹਨ। ਅਜਿਹੇ ਵੇਲੇ ਸੰਗ-ਸ਼ਰਮ ਪਾਸੇ ਅਤੇ ਨਫ਼ਰਤ ਮੂੰਹ-ਜ਼ੋਰ ਹੋ ਜਾਂਦੀ ਹੈ। ਕੁਝ ਮੌਕਾਪ੍ਰਸਤੀ ਅਤੇ ਕੁਝ ਲੁੱਟ-ਮਾਰ ਦਾ ਇਰਾਦਾ ਸ਼ਾਮਿਲ ਰਹਿੰਦਾ ਹੈ। ਸਫ਼ਾਇਆ ਮੁਹਿੰਮ ਵਿਚ ਬੰਦੇ ਨੂੰ ਭਜਾਉਣਾ ਹੁੰਦਾ ਹੈ ਪਰ ਇਸ ਕੰਮ ਨੂੰ ਅੰਜਾਮ ਦੇਣ ਵਿਚ ਕਤਲ ਕਰਨ ਤੋਂ ਗੁਰੇਜ਼ ਨਹੀਂ ਕੀਤਾ ਜਾਂਦਾ। ਹੁਣ ਧਰਮ ਦੇ ਨਾਮ ਉੱਤੇ ਇਲਾਕਾ ਪਾਕ ਕਰ ਰਹੇ ਹੋ ਤਾਂ ਬਲਾਤਕਾਰੀ ਦੂਜੇ ਧਰਮ ਦੀਆਂ ਬੀਬੀਆਂ ਨਾਲ ਜ਼ਬਰਦਸਤੀ ਕਰਨ ਨੂੰ ਵੀ ਮਜ਼ਹਬੀ ਕੰਮ ਕਰਾਰ ਦਿੰਦਾ ਹੈ ਅਤੇ ਉਸ ਨੂੰ ਸ਼ਰਮਸਾਰ ਕਰਨ ਵਾਲਾ ਸਮਾਜ ਪਹਿਲਾਂ ਹੀ ਨਿਤਾਣਾ ਹੋਇਆ ਨਿਢਾਲ ਪਿਆ ਹੈ। ਇਹ ਸੁਆਲ ਅਹਿਮ ਹੈ ਕਿ ਵਹਿਸ਼ੀ ਬੰਦਾ ਦੂਜਿਆਂ ਦੀਆਂ ਔਰਤਾਂ ਨਾਲ ਜ਼ਬਰਦਸਤੀ ਕਰ ਰਿਹਾ ਹੈ ਅਤੇ ਬੱਚਿਆਂ ਨੂੰ ਨੇਜ਼ਿਆਂ ਉੱਤੇ ਟੰਗ ਕੇ ਆਪਣੇ ਧਰਮ ਦਾ ਪਰਚਮ ਲਹਿਰਾ ਰਿਹਾ ਹੈ। ਇਹ ਸੁਆਲ ਹੋਰ ਵੀ ਅਹਿਮ ਹੈ ਕਿ ਵਹਿਸ਼ੀ ਮਨੁੱਖ ਸਿਰਫ਼ ਦੂਜਿਆਂ ਉੱਤੇ ਵਹਿਸ਼ਤ ਨਹੀਂ ਵਰਤਾ ਰਿਹਾ ਸੀ ਸਗੋਂ ਆਪਣੇ ਹੀ ਸਮਾਜ ਦੇ ਇਖ਼ਲਾਕ ਨੂੰ ਛਿੱਕੇ ਟੰਗ ਰਿਹਾ ਸੀ। ਬਦਕਾਰੀਆਂ-ਬਦਫੈਲੀਆਂ ਕਰਨ ਵਾਲਾ ਬੰਦਾ ਆਪਣੇ ਕਾਰਿਆਂ ਨੂੰ ਮਜ਼ਹਬ ਦੇ ਲਿਬਾਸ ਹੇਠ ਬਹਾਦਰੀ ਵਜੋਂ ਪੇਸ਼ ਕਰ ਰਿਹਾ ਸੀ।

> ***ਜਦੋਂ 1947 ਵਿਚ ਵੰਡ ਦਾ ਅਮਲ ਨਕਸ਼ੇ ਵਜੋਂ ਸਾਹਮਣੇ ਆਇਆ ਤਾਂ ਦੋਵੇਂ ਪਾਸੇ ਰਿਆਸਤ ਦਾ ਇਹ ਖ਼ਾਸਾ ਮਨਫ਼ੀ ਹੋ ਗਿਆ। ਫ਼ਿਰਕੂ ਨਫ਼ਰਤ ਦੇ ਸ਼ੋਰ-ਸ਼ਰਾਬੇ ਹੇਠ ਸਫ਼ਾਇਆ ਮੁਹਿੰਮਾਂ ਵਿਚ ਜਬਰ ਵਰਤਾਉਣ ਦਾ ਕੰਮ ਪੁਲਿਸ, ਫ਼ੌਜ, ਬਦਮਾਸ਼ ਅਤੇ ਮੌਕਾਪ੍ਰਸਤ ਮਿਲ ਕੇ ਕਰਦੇ ਸਨ। ਫ਼ੌਜ ਵਿਚੋਂ ਨਾਮ ਕਟਵਾ ਕੇ ਪਰਤੇ ਬਹੁਤ ਸਾਰੇ ਫ਼ੌਜੀ ਹਥਿਆਰ ਨਾਲ ਲੈ ਆਏ ਸਨ। ਗੁੰਡਿਆਂ, ਬਦਮਾਸ਼ਾਂ ਅਤੇ ਮੁਖ਼ਬਰਾਂ ਦਾ ਪੂਰਾ ਲਾਣਾ ਮਜ਼ਹਬਾਂ ਦਾ ਲਸ਼ਕਰ ਬਣ ਗਿਆ ਅਤੇ ਸਟੇਟ/ਰਿਆਸਤ ਦਾ ਸਮਾਜਿਕ ਕਰਾਰਨਾਮਿਆਂ ਵਾਲਾ ਖ਼ਾਸਾ ਛਿੱਕੇ ਟੰਗਿਆ ਗਿਆ। ਸਫ਼ਾਇਆ ਮੁਹਿੰਮਾਂ ਰਿਆਸਤ ਦੀ ਸਰਗਰਮ ਸ਼ਮੂਲੀਅਤ ਤੋਂ ਬਿਨਾ ਨਹੀਂ ਹੋ ਸਕਦੀਆਂ ਸਨ।***

**ਤੁਸੀਂ ਇਸ ਰੁਝਾਨ ਨੂੰ ਸਮਝਣ ਲਈ ਕੀ ਵਿਧੀ ਅਪਣਾਈ ਹੈ?**

- ਪਹਿਲਾਂ ਜ਼ਿਆਦਾਤਰ ਲਿਖਤਾਂ ਦੀ ਬੁਨਿਆਦ ਦਸਤਾਵੇਜ਼, ਚਿੱਠੀਆਂ, ਰਿਪੋਰਟਾਂ ਅਤੇ ਆਗੂਆਂ ਦੀਆਂ ਤਕਰੀਰਾਂ ਬਣਦੀਆਂ ਸਨ। ਬਾਅਦ ਵਿਚ ਇੰਡੀਆ ਦੀਆਂ ਨਾਰੀ ਵਿਦਵਾਨਾਂ ਨੇ ਹੱਡੀਂ-ਹੰਢਾਏ ਤਜਰਬੇ ਨੂੰ ਸਬੂਤ ਵਜੋਂ ਪੇਸ਼ ਕਰਨ ਦਾ ਕੰਮ ਕੀਤਾ। ਉਰਵਸ਼ੀ ਬੁਤਾਲੀਆ, ਰੀਤੂ ਮੈਨਨ ਅਤੇ ਕਮਲਾ ਭਸੀਨ ਦਾ ਕੰਮ ਲਾਸਾਨੀ ਹੈ। ਮੈਂ ਆਪਣੀ ਖੋਜ ਦੌਰਾਨ ਉਸ ਵੇਲੇ ਦਾ ਤਜਰਬਾ ਆਪਣੇ ਹੱਡੀਂ ਹੰਢਾਉਣ ਵਾਲੇ ਲੋਕਾਂ ਨਾਲ ਮੁਲਾਕਾਤਾਂ ਕੀਤੀਆਂ। ਇਸ ਨਾਲ ਜਬਰ ਦੀਆਂ ਕਹਾਣੀਆਂ ਅਤੇ ਜਬਰ ਦੇ ਦੌਰ ਵਿਚ ਪਿਆਰ ਦੀਆਂ ਕਹਾਣੀਆਂ ਵੀ ਸਾਹਮਣੇ ਆਈਆਂ। ਅਕਾਦਮਿਕ ਲੇਖਣੀ ਵਿਚ ਜ਼ੁਬਾਨੀ ਗਵਾਹੀਆਂ ਦੀ ਅਹਿਮੀਅਤ ਹੁਣ ਬਿਹਤਰ ਰੂਪ 'ਚ ਸਾਹਮਣੇ ਆ ਰਹੀ ਹੈ।

**ਜ਼ੁਬਾਨੀ ਗਵਾਹੀਆਂ ਦਰਜ ਕਰਨ ਵੇਲੇ ਕੀ ਇਹਤਿਆਤ ਦੀ ਲੋੜ ਪੈਂਦੀ ਹੈ? ਇਹ ਮੰਨਿਆ ਜਾਂਦਾ ਹੈ ਕਿ ਹੱਡੀਂ ਹੰਢਾਏ ਤਜਰਬੇ ਦਾ ਬਿਆਨ ਪੀੜ ਤੇ ਸਦਮੇ ਵਿਚੋਂ ਨਿਕਲਦਾ ਹੈ ਅਤੇ ਇਸ ਵਿਚ ਵਾਧਾ-ਘਾਟਾ ਹੋਣ ਦੀ ਗੁੰਜਾਇਸ਼ ਰਹਿੰਦੀ ਹੈ। ਦੂਜਾ ਇਹ ਵੀ ਮਾਇਨੇ ਰੱਖਦਾ ਹੈ ਕਿ ਸੁਣਾਉਣ ਵਾਲਾ ਕਦੋਂ ਅਤੇ ਕਿਸ ਮਾਹੌਲ ਵਿਚ ਕਿਸ ਨੂੰ ਸੁਣਾ ਰਿਹਾ ਹੈ। ਇੱਕੋ ਬੰਦੇ ਦਾ ਬਿਆਨ ਵੱਖ-ਵੱਖ ਹਾਲਾਤ ਵਿਚ ਵੱਖ-ਵੱਖ ਹੋਣ ਦੀ ਗੁੰਜਾਇਸ਼ ਰਹਿੰਦੀ ਹੈ। ਤੁਸੀਂ ਇਹ ਮਾਮਲਾ ਕਿਵੇਂ ਨਜਿੱਠਿਆ?**

- ਇਹ ਬਹੁਤ ਅਹਿਮ ਮਸਲਾ ਹੈ। ਮੈਂ ਇੱਕੋ ਵੇਲੇ ਕਈ ਤਰੀਕੇ ਇਸਤੇਮਾਲ ਕੀਤੇ। ਜਦੋਂ ਮੇਰੇ ਸਾਹਮਣੇ ਕੋਈ ਗੱਲ ਸੁਣਾਉਂਦਾ ਜਾਂ ਸੁਣਾਉਂਦੀ ਹੈ ਤਾਂ ਮੈਂ ਆਪਣੀ ਸਮਝ ਰਾਹੀਂ ਅੰਦਾਜ਼ਾ ਲਗਾਉਂਦਾ ਹਾਂ ਕਿ ਉਸ ਦੇ ਬਿਆਨੀਏ ਵਿਚ ਕਿੰਨਾ ਕੁ ਹੇਰ-ਫੇਰ ਹੋ ਸਕਦਾ ਹੈ। ਆਮ ਬੰਦਾ ਤਾਰੀਖ਼ ਅਤੇ ਗਿਣਤੀ ਦਾ ਸਹੀ ਅੰਦਾਜ਼ਾ ਕਈ ਵਾਰ ਨਹੀਂ ਦੱਸ ਪਾਉਂਦਾ। ਇਸੇ ਤਰ੍ਹਾਂ ਜਦੋਂ ਬੰਦਾ ਸਦਮੇ ਵਿਚੋਂ ਨਿਕਲਦਾ ਹੈ ਤਾਂ ਉਸ ਦੇ ਬਿਆਨੀਏ ਦਾ ਤਵਾਜ਼ਨ ਡੋਲ ਜਾਣਾ ਸੁਭਾਵਿਕ ਹੈ। ਇਸ ਮਾਮਲੇ ਵਿਚ ਮੈਂ ਤਸਦੀਕ ਕਰਨ ਲਈ ਗੁੰਜਾਇਸ਼ ਮੁਤਾਬਿਕ ਕੰਮ ਕੀਤਾ। ਕਈ ਵਾਰ ਇੱਕੋ ਵਾਰਦਾਤ ਦਾ ਬਿਆਨੀਆ ਦੋ ਬੰਦਿਆਂ ਤੋਂ ਮਿਲ ਗਿਆ ਜਿਸ ਨਾਲ ਤਸਦੀਕ ਹੋ ਗਈ। ਕਈ ਵਾਰ ਕਿਸੇ ਬੰਦੇ ਦੀ ਜ਼ੁਬਾਨੀ ਸੁਣੀਆਂ ਘਟਨਾਵਾਂ ਦਾ ਜ਼ਿਕਰ ਅਖ਼ਬਾਰਾਂ ਵਿਚ ਮਿਲ ਗਿਆ। ਕਈ ਵਾਰ ਦੋ ਵੱਖ-ਵੱਖ ਥਾਵਾਂ ਤੋਂ ਇੱਕੋ ਜਿਹੀ ਤਫ਼ਸੀਲ ਮਿਲ ਗਈ। ਇਸ ਨਾਲ ਉਸ ਦੌਰ ਦੀ ਤਰਤੀਬ ਸਾਹਮਣੇ ਆਉਣ ਲੱਗੀ। ਇਹ ਕੰਮ ਕਰਦਿਆਂ ਦੋ ਪੱਖ ਅਹਿਮ ਹਨ, ਇੱਕ ਪਾਸੇ ਬਾਰੀਕ ਤਫ਼ਸੀਲ ਅਤੇ ਦੂਜੇ ਪਾਸੇ ਵਡੇਰਾ ਰੁਝਾਨ। ਵੱਖਰੀਆਂ ਜਾਪਦੀਆਂ ਘਟਨਾਵਾਂ ਅਤੇ ਰੁਝਾਨ ਦੀਆਂ ਪਰਤਾਂ ਨੂੰ ਜੋੜ ਕੇ ਦੇਖਣ ਨਾਲ ਹੀ ਕੁਝ ਸਮਝ ਆਉਂਦਾ ਹੈ।

**ਉਸ ਵੇਲੇ ਦੇ ਕੌਮਾਂਤਰੀ ਮਾਹੌਲ ਦੀਆਂ ਤੰਦਾਂ ਵੀ ਤਾਂ ਵੰਡ ਨਾਲ ਜੁੜੀਆਂ ਹੋਈਆਂ ਸਨ?**

- ਬਰਤਾਨੀਆ ਦੀ ਸਮਝ ਸੀ ਕਿ ਸੋਵੀਅਤ ਰੂਸ ਦੇ ਕਮਿਊਨਿਸਟ ਪਸਾਰੇ ਨੂੰ ਰੋਕਣ ਲਈ ਗ਼ਰੀਬ ਖਿੱਤੇ ਵਿਚ ਇਸਲਾਮੀ ਸਟੇਟ/ਰਿਆਸਤ ਹੋਣੀ ਲਾਜ਼ਮੀ ਸੀ ਜੋ ਨਾਸਤਿਕਾਂ/ਕਾਫ਼ਰਾਂ ਦੇ ਮੁਲਕ ਨਾਲ ਭੁੱਖ ਸਹਾਰ ਕੇ ਵੀ (ਆਵਾਮ ਦੀ ਭੁੱਖ-ਤੋੜ ਦਰਕਿਨਾਰ ਕਰ ਕੇ ਵੀ) ਧਰਮ ਦੇ ਨਾਮ ਉੱਤੇ ਲੜ ਸਕਦੀ ਹੋਵੇ। ਇਸੇ ਤਰ੍ਹਾਂ ਅਮਰੀਕਾ ਦਾ ਬਰਤਾਨੀਆ ਉੱਤੇ ਇੰਡੀਆ ਨੂੰ ਆਜ਼ਾਦ ਕਰਨ ਦਾ ਦਬਾਅ ਸੀ। ਇਨ੍ਹਾਂ ਸਾਰੀਆਂ ਤੰਦਾਂ ਦਾ ਸਿਆਸੀ ਧਿਰਾਂ ਦੇ ਤਾਣੇ-ਬਾਣੇ ਨਾਲ ਪੇਚੀਦਾ ਰਾਬਤਾ ਬਣਦਾ ਸੀ ਜੋ ਪਿੰਡ ਵਿਚ ਗ਼ਰੀਬੀ ਕਾਰਨ ਬੇਚੈਨ ਬੈਠੇ ਮੁਜ਼ਾਰੇ ਦੀ ਜ਼ਮੀਨ ਹਾਸਲ ਕਰਨ ਦੀ ਸੱਧਰ ਤੱਕ ਫੈਲਿਆ ਹੋਇਆ ਸੀ। ਇਸੇ ਪੇਚੀਦਗੀ ਵਿਚੋਂ ਪੰਜਾਬ ਤਜਰਬੇ ਦਾ ਅਖਾੜਾ ਬਣਿਆ ਸੀ।

**ਸਭ ਤੋਂ ਵੱਡਾ ਨੁਕਸਾਨ ਕਿਸ ਰੂਪ 'ਚ ਦਰਜ ਹੋਇਆ?**

- ਹਰ ਸਮਾਜ ਵਿਚ ਕਲੇਸ਼ ਹੁੰਦਾ ਹੈ। ਨਾ ਹਰ ਰੋਜ਼ ਜੱਫੀਆਂ ਪੈਂਦੀਆਂ ਹਨ ਅਤੇ ਨਾ ਹੀ ਕਤਲ ਹੁੰਦੇ ਹਨ ਪਰ ਹਿੰਦੂਆਂ, ਮੁਸਲਮਾਨਾਂ, ਸਿੱਖਾਂ, ਇਸਾਈਆਂ ਅਤੇ ਨਾਸਤਿਕਾਂ ਦੇ ਸਾਂਝੇ ਪੰਜਾਬ ਵਿਚ 1947 ਦੀ ਵੰਡ ਅਜਿਹਾ ਮੀਲ ਪੱਥਰ ਹੈ ਜੋ ਇਨ੍ਹਾਂ ਦੇ ਇੱਕ ਛੱਤ ਹੇਠ ਪੰਜਾਬੀਆਂ ਵਜੋਂ ਇਕੱਠੇ ਰਹਿਣ ਦੀ ਬਰਕਤ ਉੱਤੇ ਕਾਟਾ ਫੇਰਦੀ ਹੈ।

**ਇਤਿਹਾਸ ਕਦੇ ਵੀ ਮੋੜ ਮੁੜ ਸਕਦਾ ਹੈ, ਹੁਣ ਇਕੱਠ ਦੀ ਕੀ ਗੁੰਜਾਇਸ਼ ਹੈ?**

- ਮੁਲਕ ਕਿੰਨੇ ਵੀ ਹੋਣ ਪਰ ਦੁਸ਼ਮਣੀ ਹੋਣੀ ਜ਼ਰੂਰੀ ਨਹੀਂ। ਸਾਡੇ ਮੁਲਕਾਂ ਨੇ ਆਪਣਾ ਸੱਤਿਆਨਾਸ ਕਰ ਲਿਆ ਹੈ। ਹੁਣ ਇਨ੍ਹਾਂ ਦੀ ਬਿਹਤਰੀ ਆਪਸੀ ਤਾਲਮੇਲ, ਵੀਜ਼ੇ ਸੁਖਾਲੇ ਕਰਨ ਅਤੇ ਵਪਾਰ ਵਧਾਉਣ ਵਿਚ ਹੈ। ਵਿਦਵਾਨਾਂ ਨੂੰ ਤਰੱਕੀ ਅਤੇ ਚੰਗੇ ਭਵਿੱਖ ਦੀ ਬਾਤ ਪਾਉਣੀ ਚਾਹੀਦੀ ਹੈ। ਇਤਿਹਾਸ ਤੋਂ ਮਿਲੇ ਸਬਕ ਯਾਦ ਰੱਖਣੇ ਚਾਹੀਦੇ ਹਨ।

# ਸੈਕਰਾਮੈਂਟੋ ਪੀ.ਸੀ.ਐਸ. ਵਲੋਂ 33ਵੇਂ ਸੱਭਿਆਚਾਰਕ ਮੇਲੇ ਦੀਆਂ ਤਿਆਰੀਆਂ ਮੁਕੰਮਲ

**ਸੈਕਰਾਮੈਂਟੋ:** ਲੰਘੀ 17 ਜੂਨ ਨੂੰ ਰਸ਼ਪਾਲ ਫਰਵਾਲਾ ਦੇ ਗ੍ਰਹਿ ਵਿਖੇ ਜਰਨੈਲ ਸਿੰਘ (ਸਰਪੰਚ) ਦੀ ਪ੍ਰਧਾਨਗੀ ਹੇਠ ਹੋਈ ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋਂ ਦੇ ਸਮੂਹ ਮੈਂਬਰਾਂ ਦੀ ਇਕੱਤਰਤਾ ਵਿਚ 24 ਜੂਨ ਸ਼ਨਿਚਰਵਾਰ ਨੂੰ ਰੋਇਲ ਈਵੈਂਟ ਹਾਲ 7323 Home leisure Plaza #6Sacramento CA 95823 ਵਿਚ ਹੋਣ ਵਾਲੇ ਮੇਲੇ ਦੇ ਪ੍ਰਬੰਧਾਂ ਦੀ ਤਿਆਰੀ ਦੀ ਰੂਪ-ਰੇਖਾ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ।

ਇਸ ਸੰਸਥਾ ਵਲੋਂ ਕਰਵਾਏ ਜਾ ਰਹੇ ਮੇਲੇ ਦਾ ਮੁੱਖ ਉਦੇਸ਼ ਆਉਣ ਵਾਲੀਆਂ ਪੀੜ੍ਹੀਆਂ ਨੂੰ ਪੰਜਾਬੀ ਸੱਭਿਆਚਾਰ ਨਾਲ ਜੋੜੀ ਰੱਖਣ ਤੋਂ ਇਲਾਵਾ ਇਸ ਦੀ ਮਹੱਤਤਾ ਤੋਂ ਜਾਣੂ ਕਰਵਾਉਣਾ ਵੀ ਹੈ ਤਾਂ ਕਿ ਵਿਦੇਸ਼ਾਂ ਵਿਚ ਆਪਣੀ ਪਛਾਣ ਨੂੰ ਕਾਇਮ ਰੱਖ ਸਕੀਏ।

ਸ. ਰਸ਼ਪਾਲ ਸਿੰਘ ਫਰਵਾਲਾ ਨੇ ਦੱਸਿਆ ਕਿ ਪਿਛਲੇ ਸਾਲਾਂ ਵਾਂਗ ਇਸ ਮੇਲੇ ਵਿਚ ਵੱਖ ਵੱਖ ਟੀਮਾਂ ਵਲੋਂ ਗਿੱਧਾ, ਭੰਗੜਾ, ਸਕਿੱਟ, ਹਾਸਰਸ ਤੇ ਹੋਰ ਆਈਟਮਾਂ ਪੇਸ਼ ਕੀਤੀਆਂ ਜਾਣਗੀਆਂ। ਉਨ੍ਹਾਂ ਸਮੂਹ ਪਰਿਵਾਰਾਂ ਨੂੰ ਬੇਨਤੀ ਕੀਤੀ ਕਿ ਹੁੰਮ ਹੁਮਾ ਕੇ ਮੇਲੇ ਵਿਚ ਪੁੱਜ ਕੇ ਇਸ ਦੀ ਰੌਣਕ ਵਧਾਉਣ। ਉਨ੍ਹਾਂ ਨੇ ਮੀਟਿੰਗ ਵਿਚ ਆਏ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ। ਮੀਟਿੰਗ ਵਿਚ ਤੀਰਥ ਸਹੋਤਾ, ਪਰਮਜੀਤ ਢਿੱਲੋਂ, ਜਸਵੰਤ ਸ਼ਾਦ, ਕਮਲ ਬੰਗਾ, ਸੁਰਿੰਦਰ ਬਿੰਦਰਾ, ਬਖਸ਼ੀਸ਼ ਗਿੱਲ, ਬਲਵੰਤ ਸਿੰਘ, ਰਾਜਿੰਦਰ ਪਾਲ ਸਿੰਘ, ਮਾਧੋ ਚਾਹਲ, ਜਰਨੈਲ ਮੰਡੇਰ, ਪਵਿੱਤਰ ਨਾਹਲ, ਜਰਨੈਲ ਸਰਪੰਚ, ਰੁਪਿੰਦਰ ਸਿੰਘ ਨੇ ਹਿੱਸਾ ਲਿਆ।



*-ਰਸ਼ਪਾਲ ਸਿੰਘ ਫਰਵਾਲਾ*
*916-880-0531*

## ਟੈਲਬੋਟ ਸਟਰੀਟ ਆਰਟ ਮੇਲੇ ਵਿਚ 250 ਤੋਂ ਵੱਧ ਨਾਮਵਰ ਕਲਾਕਾਰਾਂ ਨੇ ਲਿਆ ਹਿੱਸਾ

**ਇੰਡੀਅਨਐਪਲਿਸ:** 17 ਅਤੇ 18 ਜੂਨ ਨੂੰ ਇਤਿਹਾਸਕ ਹੇਰੋਨ- ਵਿਖੇ ਦੋ ਰੋਜ਼ਾ ਟੈਲਬੋਟ ਸਟਰੀਟ ਆਰਟ ਮੇਲੇ ਵਿਚ 250 ਤੋਂ ਵੱਧ ਨਾਮਵਰ ਕਲਾਕਾਰਾਂ ਨੇ 2ਡੀ, 3ਡੀ ਮਿਕਸਡ ਮੀਡੀਆ, ਮਿੱਟੀ, ਫਾਈਬਰ, ਗਲਾਸ, ਗਹਿਣੇ, ਧਾਤੂ, ਫੋਟੋਗ੍ਰਾਫੀ, ਮੂਰਤੀ ਅਤੇ ਲੱਕੜ ਵਿਚ ਆਪਣੀਆਂ ਵਿਲੱਖਣ ਰਚਨਾਵਾਂ ਦਾ ਪ੍ਰਦਰਸ਼ਨ ਕੀਤਾ। 60,000 ਤੋਂ ਵੱਧ ਕਲਾ ਪ੍ਰੇਮੀਆਂ ਨੇ ਟੈਲਬੋਟ ਸਟਰੀਟ ਆਰਟ ਮੇਲੇ ਦਾ ਦੌਰਾ ਕੀਤਾ। ਸਾਰੀਆਂ ਸ਼੍ਰੇਣੀਆਂ ਵਿਚ ਬੈਸਟ ਆਫ ਸ਼ੋਅ ਅਤੇ ਬੈਸਟ ਆਫ ਮੀਡੀਅਮ ਲਈ ਨਕਦ ਇਨਾਮ ਰੱਖੇ ਗਏ ਸਨ। ਕੁੱਲ $7,500 ਦੇ ਇਨਾਮ ਵੰਡੇ ਗਏ। ਟੈਲਬੋਟ ਸਟ੍ਰੀਟ ਆਰਟ ਫੇਅਰ ਸੰਯੁਕਤ ਰਾਜ ਅਮਰੀਕਾ ਵਿਚ ਚੋਟੀ ਦੇ ਕਲਾ ਪ੍ਰਦਰਸ਼ਨਾਂ ਵਿਚੋਂ ਇਕ ਹੈ ਅਤੇ ਇਹ ਕੇਂਦਰੀ ਇੰਡੀਆਨਾ ਵਿਚ ਸਭ ਤੋਂ ਪੁਰਾਣਾ ਕਲਾ ਮੇਲਾ ਹੈ। ਰਿਕਾਰਡ 51ਵੀਂ ਵਾਰ ਟੈਲਬੋਟ ਸਟ੍ਰੀਟ ਆਰਟ ਮੇਲੇ ਵਿਚ ਹਿੱਸਾ ਲੈਂਦੇ ਹੋਏ, ਪ੍ਰਸਿੱਧ ਕਲਾਕਾਰ, ਕੇਪੀ ਸਿੰਘ (ਕੇਪੀ ਸਿੰਘ ਡਿਜ਼ਾਈਨਜ਼ ਬੂਥ ਨੰਬਰ 29) ਨੇ ਕਿਹਾ, "ਕਲਾ ਮੇਲਾ ਪਿਛਲੇ ਸਾਲਾਂ ਵਿਚ ਆਕਾਰ ਅਤੇ ਕੱਦ ਵਿਚ ਵਧਦਾ ਵੇਖਣਾ ਅਤੇ ਇਸ ਲੋਕ-ਅਨੁਕੂਲ ਅਤੇ ਬਿਨਾਂ ਦਾਖਲਾ-ਫ਼ੀਸ ਕਲਾ ਮੇਲੇ ਵਿਚ ਆਪਣੀ ਕਲਾਕਾਰੀ ਦਾ ਪ੍ਰਦਰਸ਼ਨ ਕਰਨਾ ਖੁਸ਼ੀ ਦੀ ਗੱਲ ਹੈ। ਦੇਸ਼ ਭਰ ਦੇ ਕਲਾਕਾਰਾਂ ਅਤੇ ਸ਼ਿਲਪਕਾਰਾਂ ਦੁਆਰਾ ਬਣਾਈ ਗਈ ਹਰ ਤਰ੍ਹਾਂ ਦੀ ਕਲਾ ਅਤੇ ਸ਼ਿਲਪਕਾਰੀ ਦੀ ਆਪਣੀ ਅਲੱਗ ਹੀ ਵਿਲੱਖਣਤਾ ਹੈ। ਇਸ ਗਲੀ ਤੋਂ ਆਰਟ ਵਰਕ ਜਰਮਨੀ, ਫਰਾਂਸ, ਭਾਰਤ ਅਤੇ ਕਈ ਹੋਰ ਦੇਸ਼ਾਂ ਵਿਚ ਗਈ ਹੈ।"


T B F
THE BAINS FIRM



Manpreet S. Bains

Personal Injury and Wrongful Death Attorneys

Case Results*

$10 MILLION
Motorcycle vs. Truck Collision


$8 MILLION
Wrongful Death

$5.25 MILLION
Traumatic Brain Injury

$1.1 MILLION
Burn Injury

$1.1 MILLION
Pedestrian vs. Motor Vehicle Collision

*Past Performance Not a Guarantee of Future Results



WILLIAM E. WEISS
Of Counsel


Offices in San Francisco and Union City

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com



Homeopathicvibes

Harminder Singh Gill
Homeopathic Consultant and Practitioner



D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com
We sell and ship homeopathic remedies through out North America.



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY
ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ
DPF Cleaning ਅਤੇ Baking
ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ
ਨਵੀਂ ਲੋਕੇਸ਼ਨ STOCKTON ਵਿਚ
HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

### ਨਿਰਵਿਘਨ ਪ੍ਰਕਾਸ਼ਨ ਦੇ 24ਵੇਂ ਸਾਲ 'ਚ (ਪਹਿਲੀ ਜਨਵਰੀ 2000-2023)

## ਪੰਜਾਬ ਟਾਈਮਜ਼ ਦੇ ਬਾਨੀ ਸੰਪਾਦਕ ਸ. ਅਮੋਲਕ ਸਿੰਘ ਜੰਮੂ ਅਤੇ ਉਨ੍ਹਾਂ ਦੇ ਸਹਿਯੋਗੀ ਸਾਥੀਆਂ ਨੂੰ ਸਮਰਪਿਤ ਪੰਜਾਬ ਟਾਈਮਜ਼ ਦੀ 24ਵੀਂ ਵਰ੍ਹੇਗੰਢ


# 'ਪੰਜਾਬ ਟਾਈਮਜ਼ ਨਾਈਟ'


**8 ਜੁਲਾਈ 2023 ਸਨਿਚਰਵਾਰ ਸ਼ਾਮੀ 6:30 ਵਜੇ**

**Atlantis Banquets**
1273 N. Rand Road,
Arlington Heights, IL 60004


ਪ੍ਰੋ. ਜੋਗਿੰਦਰ ਸਿੰਘ ਰਮਦੇਵ


ਸ. ਅਮੋਲਕ ਸਿੰਘ ਜੰਮੂ


ਅਯੁਧਿਆ ਸਲਵਾਨ


ਸਵਰਨਜੀਤ ਸਿੰਘ ਢਿਲੋਂ


ਗੁਰਿੰਦਰ ਸਿੰਘ ਗਿੱਲ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ


ਜਸਵੀਰ ਕੌਰ ਢਿਲੋਂ


ਡਾ. ਇਨਕਲਾਬੀ ਥਾਂਦੀ


ਡਾ. ਨਵਦੀਪ ਕੌਰ ਸੰਧੂ


ਬਲਵਿੰਦਰ ਕੌਰ (ਨਿੱਕੀ) ਸੇਖੋਂ


ਅਮੋਲਕ ਸਿੰਘ ਗਾਖਲ


ਡਾ. ਗੁਰਦਿਆਲ ਸਿੰਘ ਬਸਰਾਨ


ਹਰਦਿਆਲ ਸਿੰਘ ਦਿਓਲ


ਹਰਜੀਤ ਸਿੰਘ ਸਾਹੀ


ਜਗਦੀਸ਼ਰ ਸਿੰਘ ਕਲੇਰ


ਗੁਰਚਰਨ ਸਿੰਘ ਗਰੇਵਾਲ


ਡਾ. ਹਰਗੁਰਮੁਖਪਾਲ ਸਿੰਘ


ਡਾ. ਤੇਜਿੰਦਰ ਸਿੰਘ ਮੰਡੇਰ


ਦਰਸ਼ਨ ਸਿੰਘ ਗਰੇਵਾਲ


ਦਰਸ਼ਨ ਸਿੰਘ ਦਰੜ


ਰਾਜਿੰਦਰ ਸਿੰਘ ਬੈਂਸ


ਜੱਸੀ ਗਿੱਲ


ਜੈਦੇਵ ਸਿੰਘ ਭੱਠਲ


ਪਰਮਿੰਦਰ ਸਿੰਘ ਵਾਲੀਆ


ਸਰਵਣ ਸਿੰਘ ਟਿਵਾਣਾ


ਮਨਦੀਪ ਸਿੰਘ ਭੂਰਾ


ਰਘਬੀਰ ਸਿੰਘ ਘੁੰਨ


ਅਵਤਾਰ ਸਿੰਘ ਸਪਰਿੰਗਫੀਲਡ


ਗੁਲਜ਼ਾਰ ਸਿੰਘ ਮੁਲਤਾਨੀ


ਗੁਰਵੀਰ ਸਿੰਘ ਗਿੱਲ


ਜਸਕਰਨ ਸਿੰਘ ਧਾਲੀਵਾਲ

**ਪੰਜਾਬ ਟਾਈਮਜ਼**
**ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ**
**Published simultaneously from Chicago, California & New York.**
Ph: 847-359-0746
*e-mail: punjabtimes1@gmail.com, website: www.punjabtimesusa.com*

# PUNJAB TIMES NIGHT 2023

## ਵਿਸ਼ੇਸ਼ ਮਹਿਮਾਨ


ਮੇਜਰ ਗੁਰਚਰਨ ਸਿੰਘ ਝੱਜ
(ਗੈਸਟ ਆਫ ਆਨਰ )


ਵਰਿਆਮ ਸਿੰਘ ਸੰਧੂ
(ਮੁੱਖ ਬੁਲਾਰਾ)


ਦਰਸ਼ਨ ਸਿੰਘ ਧਾਲੀਵਾਲ
(ਚੀਫ਼ ਗੈਸਟ)

## ਪਹੁੰਚ ਰਹੀਆਂ ਮੁੱਖ ਸ਼ਖਸੀਅਤਾਂ



ਲਾਜ ਨੀਲਮ ਸੈਣੀ
(ਸ਼ਾਇਰਾ)


ਜਗਜੀਤ ਨੌਸ਼ਹਿਰਵੀ
(ਸਾਹਿਤਕਾਰ)


ਸੁਖਦੇਵ ਸਾਹਿਲ
(ਕਲਾਸੀਕਲ ਗਾਇਕ)


ਓਂਕਾਰਪ੍ਰੀਤ ਸਿੰਘ
(ਸ਼ਇਰ)


ਕੁਲਵਿੰਦਰ
(ਸ਼ਾਇਰ)


ਕੁਲਵਿੰਦਰ ਖਹਿਰਾ
(ਸ਼ਇਰ)


ਰਵਿੰਦਰ ਸਹਿਰਾਅ
(ਸ਼ਇਰ)


ਅਸ਼ੋਕ ਭੌਰਾ
(ਲੇਖਕ)

## ਵਿਸ਼ੇਸ਼ ਸਹਿਯੋਗੀ


ਡਾ. ਹਰਜਿੰਦਰ ਸਿੰਘ ਖਹਿਰਾ


ਜੈਰਾਮ ਸਿੰਘ (ਨੀਟੂ) ਕਾਹਲੋਂ


ਗੁਰਮੁਖ ਸਿੰਘ ਭੁੱਲਰ


ਸੁਰਿੰਦਰ ਸਿੰਘ ਭਾਟੀਆ


ਸੁਖਪਾਲ ਗਿੱਲ

## ਪੰਜਾਬ ਟਾਈਮਜ਼ ਦੀ 24ਵੀਂ ਵਰ੍ਹੇਗੰਢ ਮੌਕੇ 8 ਜੁਲਾਈ ਨੂੰ ਕਰਵਾਈ ਜਾ ਰਹੀ 'ਪੰਜਾਬ ਟਾਈਮਜ਼ ਨਾਈਟ' ਵਿਚ ਸ਼ਾਇਰ, ਸਾਹਿਤਕਾਰ, ਗੀਤਕਾਰ ਅਤੇ ਗਾਇਕ ਤੁਹਾਡਾ ਮਨੋਰੰਜਨ ਕਰਨਗੇ।

**ਸਹਿਯੋਗੀ ਸੰਸਥਾਵਾਂ:** ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ) ਸ਼ਿਕਾਗੋ; ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ (ਮਿਡਵੈਸਟ); ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ (ਪੀ ਐਚ ਓ) ਸ਼ਿਕਾਗੋ; ਪੰਜਾਬੀ ਅਮੈਰੀਕਨ ਆਰਗੇਨਾਈਜੇਸ਼ਨ ਸ਼ਿਕਾਗੋ (ਪਾਓ); ਫਾਈਵ ਰਿਵਰਜ਼ ਐਂਟਰਟੇਨਮੈਂਟ, ਪੰਜਾਬੀ ਕਲਚਰਲ ਆਰਗੇਨਾਈਜੇਸ਼ਨ-ਮਿਲਵਾਕੀ; ਗੁਰੂ ਲਾਧੋ ਰੇ ਸੇਵਾ ਸੁਸਾਇਟੀ, ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ; ਸੰਤ ਬਾਬਾ ਪ੍ਰੇਮ ਸਿੰਘ ਜੀ ਸਪੋਰਟਸ ਕਲੱਬ ਸਾਊਥਬੈਂਡ, ਇੰਡੀਆਨਾ; ਪੰਜਾਬੀ ਅਮੈਰੀਕਨ ਯੂਥ ਕਲੱਬ ਇੰਡੀਆਨਾ; ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸਿਨਸਿਨੈਟੀ; ਪੰਜਾਬ ਸਪੋਰਟਸ ਕਲੱਬ ਕਲੀਵਲੈਂਡ (ਓਹਾਇਓ); ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਡੇਅਟਨ (ਓਹਾਇਓ); ਪੰਜਾਬ ਸਪੋਰਟਸ ਕਲੱਬ ਐਟਲਾਂਟਾ; ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ; ਗਦਰ ਮੈਮੋਰੀਅਲ ਫਾਊਂਡੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ; ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ।

# ਪੁਆਧੀ ਅਖਾੜਿਆਂ ਦਾ ਬਾਦਸ਼ਾਹ


ਅਖਾੜੇ ਵਿਚ ਗਾ ਰਿਹਾ ਰੱਬੀ ਬੈਰੋਂਪੁਰੀਆ

ਕਲਾ ਪਰਿਕਰਮਾ

ਕੁਲਦੀਪ ਸਿੰਘ ਸਾਹਿਲ
ਫੋਨ: +91-94179-90040

ਪੰਜਾਬੀ ਭਾਸ਼ਾ ਦੀਆਂ ਉਪ-ਬੋਲੀਆਂ ’ਚੋਂ ਪੁਆਧੀ ਇੱਕ ਬੋਲੀ ਹੈ। ਪੁਆਧ ਖੇਤਰ ’ਚ ਜਿਹੜੀ ਪੰਜਾਬੀ ਭਾਸ਼ਾ ਦੀ ਉਪ-ਬੋਲੀ ਬੋਲੀ ਜਾਂਦੀ ਹੈ, ਉਸ ਨੂੰ ਪੁਆਧੀ ਕਿਹਾ ਜਾਂਦਾ ਹੈ। ਇਹ ਪੰਜਾਬੀ ਅਤੇ ਹਰਿਆਣਵੀ ਭਾਸ਼ਾ ਦਾ ਮਿਸ਼ਰਨ ਹੈ। ਇਸ ਖੇਤਰ ਦੇ ਆਪਣੇ ਹੀ ਕਵੀ ਹੋਏ ਹਨ ਜਿਵੇਂ ਅਕਬਰ ਦੇ ਦਰਬਾਰ ’ਚ ਬਨੂੜ ਦੀ ਮਾਈ ਬਾਨੋ। ਕਿਹਾ ਜਾਂਦਾ ਹੈ ਕਿ ਢੱਡ ਸਾਰੰਗੀ ਅਤੇ ਕਵੀਸ਼ਰੀ ਦੇ ਤਰੀਕੇ ਵਾਲੀ ਗਾਇਕੀ ਦੇ ਨਾਲ-ਨਾਲ ਵੱਖ-ਵੱਖ ਕਿਸਮ ਦੇ ਅਖਾੜਿਆਂ ਦੀ ਸ਼ੁਰੂਆਤ ਪੁਆਧ ਖੇਤਰ ’ਚੋਂ ਹੀ ਹੋਈ ਅਤੇ ਇਸ ਨੇ ਰੱਬੀ ਬੈਰੋਂਪੁਰੀਆ ਵਰਗੇ ਮਸ਼ਹੂਰ ਕਲਾਕਾਰ ਵੀ ਦਿੱਤੇ ਹਨ। 1957 ਤੋਂ ਪਹਿਲਾਂ ਪਿੰਡਾਂ ਵਿਚ ਭੰਗੜਾ ਕੱਚੇ ਜ਼ਮੀਨੀ ਅਖਾੜਿਆਂ ਵਿਚ ਗੋਲ ਘੇਰੇ ਵਿਚ ਖੜ੍ਹ ਕੇ ਪਾਇਆ ਜਾਂਦਾ ਸੀ ਅਤੇ ਰਾਤ ਵੇਲੇ ਇੱਕ ਆਦਮੀ ਮਿਸਾਲ ਫੜ ਕੇ ਖੜ੍ਹਦਾ ਸੀ। ਭੰਗੜਾ ਪਾਉਣ ਵਾਲਿਆਂ ਵਿਚ ਕੁੜੀਆਂ ਬਣੇ ਲੜਕੇ ਨਚਾਰਾਂ ਦੇ ਰੂਪ ਵਿਚ ਹੁੰਦੇ ਸਨ।

ਰੱਬੀ ਬੈਰੋਂਪੁਰੀ ਅਜਿਹਾ ਕਲਾਕਾਰ ਸੀ ਜਿਸ ਨੇ ‘ਰੱਬੀ ਬੈਰੋਂਪੁਰੀ ਭੰਗੜਾ ਪਾਰਟੀ’ ਬਣਾ ਕੇ ਭੰਗੜੇ ਨੂੰ ਸਟੇਜ ਬਣਾ ਕੇ ਉਸ ਉੱਪਰ ਪਾਉਣ ਦੀ ਰੀਤ ਸ਼ੁਰੂ ਕੀਤੀ। ਰੱਬੀ ਬੈਰੋਂਪੁਰੀਆ ਦਾ ਜਨਮ ਰੋਪੜ ਜ਼ਿਲ੍ਹੇ ਦੇ ਪਿੰਡ ਬੈਰੋਂਪੁਰ ਵਿਚ 6 ਜੂਨ 1937 ਨੂੰ ਮਾਤਾ ਕਰਤਾਰ ਕੌਰ ਅਤੇ ਪਿਤਾ ਤਰਲੋਕ ਸਿੰਘ ਦੇ ਘਰ ਹੋਇਆ। ਇਹ ਪਿੰਡ ਹੁਣ ਮੁਹਾਲੀ ਜ਼ਿਲ੍ਹੇ ਵਿਚ ਹੈ। ਉਸ ਨੇ 8ਵੀਂ ਤੱਕ ਦੀ ਪੜ੍ਹਾਈ ਡੀ.ਬੀ. ਸਕੂਲ ਲਾਂਡਰਾਂ ਤੋਂ ਹਾਸਲ ਕੀਤੀ। ਬਚਪਨ ਤੋਂ ਹੀ ਉਸ ਨੂੰ ਕਿੱਸੇ ਪੜ੍ਹਨ ਅਤੇ ਗਾਉਣ ਦਾ ਸ਼ੌਕ ਸੀ। ਇਸ ਸ਼ੌਕ ਕਰ ਕੇ ਹੀ ਉਹ ਬੈਂਤ ਲਿਖਣ ਲੱਗ ਪਿਆ। ਉਸ ਦੀਆਂ ਕਵਿਤਾ ਦੀਆਂ 2 ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਉਹ ਸ਼ੁਰੂ ਵਿਚ ਸੱਥਾਂ ਵਿਚ ਆਪ ਲੋਕਾਂ ਨੂੰ ਕਿੱਸੇ ਸੁਣਾਇਆ ਕਰਦਾ ਸੀ। ਫਿਰ ਉਸ ਨੂੰ ਵਿਆਹਾਂ ਵਿਚ ਸਿੱਖਿਆ ਅਤੇ ਸਿਹਰੇ ਪੜ੍ਹਨ ਲਈ ਲਿਜਾਇਆ ਜਾਣ ਲੱਗਾ। ਸਟੇਜ ’ਤੇ ਗਾਉਣ ਅਤੇ ਭੰਗੜਾ ਪਾਉਣ ਦੀ ਦਲੇਰੀ ਬਚਪਨ ਵਿਚ ਹੀ ਆ ਗਈ ਸੀ। ਸਕੂਲ ਦੀਆਂ ਸੱਭਿਆਚਾਰਕ ਸਰਗਰਮੀਆਂ ਨੇ ਵੀ ਉਸ ਦੇ ਸ਼ੌਕ ਨੂੰ ਬੂਰ ਪਾਇਆ।

ਉਹ ਗੀਤ ਗਾਉਣ ਸਮੇਂ ਲੰਮੀ ਹੇਕ ਲਾਉਂਦਾ ਸੀ ਜਿਸ ਕਰ ਕੇ ਉਸ ਨੂੰ ਲੰਮੀ ਹੇਕ ਦਾ ਬਾਦਸ਼ਾਹ ਵੀ ਕਿਹਾ ਜਾਂਦਾ ਸੀ। ਉਸ ਦਾ ਕਰੀਅਰ ਬਣਾਉਣ ਵਿਚ ਡਾ. ਮਹਿੰਦਰ ਸਿੰਘ ਰੰਧਾਵਾ ਦਾ ਯੋਗਦਾਨ ਮਹੱਤਵਪੂਰਨ ਰਿਹਾ ਹੈ ਅਤੇ ਰੰਧਾਵਾ ਦੀ ਭਵਿੱਖਬਾਣੀ ਵੀ ਸਹੀ ਸਾਬਤ ਹੋਈ। ਇਤਫਾਕ ਇਹ ਹੋਇਆ ਕਿ ਜਦੋਂ ਰੱਬੀ ਬੈਰੋਂਪੁਰੀ ਰੋਪੜ ਜ਼ਿਲ੍ਹੇ ਦੇ ਡੀ.ਬੀ. ਹਾਈ ਸਕੂਲ ਲਾਂਡਰਾਂ ਵਿਚ ਪੜ੍ਹਦਾ ਸੀ ਤਾਂ ਮਹਿੰਦਰ ਸਿੰਘ ਰੰਧਾਵਾ ਇਸ


ਨਕਸ਼ੇ ਵਿਚ ਦਿਸਦਾ ਪੁਆਧ।

ਸਕੂਲ ਦੇ ਇੱਕ ਸਮਾਗਮ ਵਿਚ ਆਏ ਸਨ ਤਾਂ ਉਹ ਰੱਬੀ ਬੈਰੋਂਪੁਰੀ ਦਾ ਗੀਤ ਸੁਣ ਕੇ ਉਸ ਦੀ ਦਮਦਾਰ ਆਵਾਜ਼ ਤੋਂ ਕਾਇਲ ਹੋ ਗਏ। ਉਨ੍ਹਾਂ ਰੱਬੀ ਨੂੰ ਸ਼ਾਬਾਸ਼ ਦਿੱਤੀ ਅਤੇ ਹੋਰ ਮਿਹਨਤ ਤੇ ਰਿਆਜ਼ ਕਰਨ ਦੀ ਸਲਾਹ ਦਿੰਦਿਆਂ ਅਸ਼ੀਰਵਾਦ ਦਿੱਤਾ ਕਿ ਉਹ ਇੱਕ ਦਿਨ ਵੱਡਾ ਗਾਇਕ ਬਣੇਗਾ। ਪਰਿਵਾਰ ਦੇ ਮੈਂਬਰ ਉਦੋਂ ਗਾਉਣਾ ਅਤੇ ਨੱਚਣਾ ਟੱਪਣਾ ਪਸੰਦ ਨਹੀਂ ਕਰਦੇ ਸਨ। ਉਨ੍ਹਾਂ ਰੱਬੀ ਨੂੰ ਪੜ੍ਹਾਈ ਵੱਲ ਧਿਆਨ ਦੇਣ ਦੀ ਹਦਾਇਤ ਕੀਤੀ ਪਰ ਮਹਿੰਦਰ ਸਿੰਘ ਰੰਧਾਵਾ ਦੀ ਹੱਲਾਸ਼ੇਰੀ ਨਾਲ ਰੱਬੀ ਦੇ ਦਿਲ ਵਿਚ ਫਿਲਮੀ ਗੀਤਕਾਰ ਤੇ ਗਾਇਕ ਬਣਨ ਦਾ ਭੂਤ ਸਵਾਰ ਹੋ ਗਿਆ। ਉਹ ਪੜ੍ਹਾਈ ਵਿਚਕਾਰ ਛੱਡ ਕੇ ਆਪਣਾ ਬੋਰੀਆ ਬਿਸਤਰਾ ਬੰਨ੍ਹ ਕੇ ਬੰਬਈ ਚਲਾ ਗਿਆ। ਬੰਬਈ ਜਾਣ ਨਾਲ ਉਸ ਨੂੰ ਫਿਲਮ ਨਗਰੀ ਦੇ ਵੱਡੇ ਗਾਇਕਾਂ ਜਿਨ੍ਹਾਂ ਵਿਚ ਮੁਹੰਮਦ ਰਫੀ, ਬਲਰਾਜ ਸਾਹਨੀ, ਸਾਹਿਰ ਲੁਧਿਆਣਵੀ, ਪੀ.ਐੱਲ. ਸੂਦਨ, ਬੀ.ਸੀ. ਬੇਕਲ, ਸਰਸ਼ਾਰ ਸੈਲਾਨੀ, ਜਾਨੀ ਬਾਬੂ ਕਵਾਲ, ਮਨੋਹਰ ਦੀਪਕ ਅਤੇ ਕੁਲਦੀਪ ਚਾਂਦ ਨੂੰ ਮਿਲਣ, ਉਨ੍ਹਾਂ ਦੀ ਕਲਾਕਾਰੀ ਦੇਖਣ, ਉਨ੍ਹਾਂ ਨਾਲ ਸਟੇਜਾਂ ਸਾਂਝੀਆਂ ਕਰਨ ਅਤੇ ਕੁਝ ਸਿੱਖਣ ਦਾ ਮੌਕਾ ਮਿਲਿਆ। ਮਨੋਹਰ ਦੀਪਕ ਨੇ ਤਾਂ ਰੱਬੀ ਨੂੰ ਆਪਣੀ ਭੰਗੜਾ ਟੀਮ ਵਿਚ ਸ਼ਾਮਲ ਕਰ ਲਿਆ ਸੀ। ਉਸ ਸਮੇਂ ਉਹ ਆਪਣੇ ਆਪ ਨੂੰ ਰੱਬੀ ਰੰਗੀਲਾ ਲਿਖਦਾ ਸੀ। ਬੰਬਈ ਵਿਚ ਪੈਰ ਨਾ ਲੱਗਣ ਕਾਰਨ 1961 ਵਿਚ ਉਹ ਆਪਣੇ ਪਿੰਡ ਵਾਪਸ ਆ ਗਿਆ।

ਪਿੰਡ ਵਾਪਸ ਆਉਣ ’ਤੇ ਪਿਤਾ ਨੇ ਉਸ ਨੂੰ ਵਿਹਲੜ ਸਮਝ ਕੇ ਆਪਣੇ ਨਾਲੋਂ ਵੱਖ ਕਰ ਕੇ ਕਿਹਾ ਕਿ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਖੁਦ ਕਮਾਈ ਕਰ ਕੇ ਕਰੇ ਪਰ ਉਸ ਨੇ ਹੌਸਲਾ ਨਾ ਛੱਡਿਆ। ਆਪਣੇ ਦੋਸਤਾਂ ਨਾਲ ਮਿਲ ਕੇ ਭੰਗੜਾ ਟੀਮ ਤਿਆਰ ਕੀਤੀ ਅਤੇ ਉਨ੍ਹਾਂ ਨੂੰ ਭੰਗੜੇ ਦੀ ਸਿੱਖਿਆ ਵੀ ਦਿੱਤੀ। ਰੱਬੀ ਬੈਰੋਂਪੁਰੀ ਦੀ ਆਵਾਜ਼ ਬੜੀ ਦਮਦਾਰ, ਰਸੀਲੀ, ਮਿੱਠੀ, ਮਜ਼ਬੂਤ ਅਤੇ ਖੁਦ ਸੋਹਣਾ ਸੁਨੱਖਾ ਹੋਣ ਕਰ ਕੇ ਉਸ ਦੀ ਜਲਦੀ ਹੀ ਇਲਾਕੇ ਵਿਚ ਚਰਚਾ ਹੋਣ ਲੱਗੀ। ਭਾਵੇਂ ਉਹ ਸ਼ੁਰੂ ਵਿਚ ਬਿਨਾ ਸਾਜ਼ਾਂ ਦੇ ਇਕੱਲੇ ਢੋਲ ਦੀ ਤਾਲ ’ਤੇ ਗੀਤ ਗਾਉਂਦਾ ਅਤੇ ਉਸ ਦੇ ਸਾਥੀ ਭੰਗੜਾ ਪਾਉਂਦੇ ਸਨ। ਉਸ ਦੀ ਲੰਮੀ ਹੇਕ ਵੀ ਬਹੁਤ ਪ੍ਰਸਿੱਧ ਹੋਈ। ਅੱਠ-ਅੱਠ ਘੰਟੇ ਉਹ ਅਖਾੜਿਆਂ ਵਿਚ ਗੀਤ ਗਾਉਂਦਾ ਰਿਹਾ। ਉਨ੍ਹਾਂ ਦਿਨਾਂ ਵਿਚ ਇੱਕ ਅਖਾੜੇ ਦੇ 15 ਰੁਪਏ ਮਿਲਦੇ ਸਨ। ਉਸ ਨੇ 27 ਸਾਲ ਲਗਾਤਰ 1987 ਤੱਕ ਗੀਤ ਗਾਏ, ਭੰਗੜੇ ਦੀਆਂ ਧੁੰਮਾਂ ਪਾਈਆਂ ਅਤੇ ਕੋਰੀਓਗ੍ਰਾਫੀ ਕੀਤੀ। ਉਹ ਆਪਣੇ ਪ੍ਰੋਗਰਾਮਾਂ ਵਿਚ ਹੀਰ ਰਾਂਝਾ, ਸੱਸੀ ਪੁੰਨੂੰ, ਪੂਰਨ ਭਗਤ, ਮਿਰਜ਼ਾ ਸਾਹਿਬਾਂ ਅਤੇ ਸੋਹਣੀ ਮਹੀਂਵਾਲ ਦੀ ਕੋਰੀਓਗ੍ਰਾਫੀ ਕਰਦਾ ਹੁੰਦਾ ਸੀ। ਜਿੱਥੇ ਵੀ ਉਹ ਅਖਾੜਾ ਲਾਉਂਦਾ ਸੀ, ਉੱਥੇ ਆਲੇ ਦੁਆਲੇ ਦੇ ਪਿੰਡਾਂ ਦੇ ਲੋਕ ਗਰਮੀ ਅਤੇ ਸਰਦੀ ਵਿਚ 7-8 ਘੰਟੇ ਬੈਠੇ ਵੇਖਦੇ ਅਤੇ ਸੁਣਦੇ ਰਹਿੰਦੇ ਸਨ।

ਪਿੰਡਾਂ ਵਿਚ ਭੰਗੜੇ ਨੂੰ ਹਰਮਨ ਪਿਆਰਾ ਬਣਾਉਣ ਵਿਚ ਰੱਬੀ ਬੈਰੋਂਪੁਰੀ ਦਾ ਯੋਗਦਾਨ ਮਹੱਤਵਪੂਰਨ ਹੈ। ਇਸ ਦੇ ਨਾਲ ਹੀ ਉਹ ਦੇਸ਼ ਭਗਤਾਂ ਬਾਰੇ ਨਾਟਕ ਵੀ ਕਰਦਾ ਰਹਿੰਦਾ ਸੀ। ਦੇਸ਼ ਦੀਆਂ ਸਰਹੱਦਾਂ ’ਤੇ ਵੀ ਉਹ ਪ੍ਰੋਗਰਾਮ ਕਰਦਾ ਸੀ। ਉਨ੍ਹਾਂ ਦਾ ਅਖਾੜਾ ਦਿਹਾਤੀ ਇਲਾਕਿਆਂ ਵਿਚ ਇੰਨਾ ਹਰਮਨ ਪਿਆਰਾ ਹੋ ਗਿਆ ਕਿ ਮਹੀਨੇ ਵਿਚ 20-25 ਪ੍ਰੋਗਰਾਮ ਹੁੰਦੇ ਰਹਿੰਦੇ ਸਨ। ਕਈ ਵਾਰ ਇੱਕ ਦਿਨ ਵਿਚ 2-2 ਪ੍ਰੋਗਰਾਮ ਵੀ ਕਰਨੇ ਪੈਂਦੇ ਸਨ। ਉਹ ਪੰਜਾਬ, ਹਰਿਆਣਾ, ਹਿਮਾਚਲ, ਰਾਜਸਥਾਨ, ਉੱਤਰ ਪ੍ਰਦੇਸ਼ ਅਤੇ ਨੇਪਾਲ ਵਿਚ ਵੀ ਪ੍ਰੋਗਰਾਮ ਲਈ ਜਾਂਦਾ ਸੀ। ਅਖਾੜਾ ਪਰੰਪਰਾ ਨੂੰ ਜੀਵਤ ਰੱਖਣ ਵਿਚ ਰੱਬੀ ਬੈਰੋਂਪੁਰੀਆ ਦਾ ਯੋਗਦਾਨ ਬਹੁਤ ਮਹੱਤਵਪੂਰਨ ਹੈ ਅਤੇ ਹਮੇਸ਼ਾਂ ਯਾਦ ਰੱਖਿਆ ਜਾਵੇਗਾ। ਅਖੀਰ ਪੁਆਧੀ ਬੋਲੀ ਦੀ ਸੇਵਾ ਕਰਨ ਵਾਲੇ ਰੱਬੀ ਬੈਰੋਂਪੁਰੀਆ ਦਾ 5 ਜੂਨ 2021 ਨੂੰ 84 ਸਾਲ ਦੀ ਉਮਰ ਵਿਚ ਦੇਹਾਂਤ ਹੋ ਗਿਆ।



ਪੁਆਧ ਵਿਚ ਲਗਦੇ ਅਖਾੜਿਆਂ ਦੇ ਦੋ ਵੱਖ-ਵੱਖ ਰੰਗ।

## ਆਖ ਤਸਵੀਰਾਂ ਬੋਲਦੀਆਂ

ਕਾਲਮ ‘ਆਖ ਤਸਵੀਰਾਂ ਬੋਲਦੀਆਂ’ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ ’ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ ’ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 1 ਜੁਲਾਈ 2023 ਹੈ। -ਸੰਪਾਦਕ

### ਕੈਪਸ਼ਨ ਮੁਕਾਬਲਾ-592



ਬੇਸਹਾਰੇ ਦਾ ਆਸਰਾ ਬਣਨੋਂ, ਕਦੇ ਰੋਕ ਨਹੀਂ ਬਣੇ ਵਰਦੀ,
ਜੇ ਰਹਿਮ ਵਸੇ ਦਿਲ ਅੰਦਰ, ਪ੍ਰੇਰਨਾ ਬਣਜੇ ਫਿਰ ਵਰਦੀ।
ਭੁੱਖੇ ਨੂੰ ਖੁਆ ਹੱਥੀਂ ਆਪਣੀ, ਦੇਖੋ ਤ੍ਰਿਸ਼ਨਾ ਬੁਝਾਵੇ ਵਰਦੀ,
ਲੋਕੀਂ ਐਵੇਂ ਪੁਲਿਸ ਨੂੰ ਭੰਡਦੇ, ਨੇਕੀ ਕਰ ਕੇ ਦਿਖਾਵੇ ਵਰਦੀ।

### ਕੈਪਸ਼ਨ ਮੁਕਾਬਲਾ-590



ਕਬਾੜ ਵਿੱਚੋਂ ਫਿਟਫਿਟੀਆ ਲੈ,
ਦੇਖੋ ਕਿਆ ਹੈ ਜੁਗਤ ਬਣਾਈ,
ਚਿਣ ਚਿਣ ਉੱਤੇ ਕੱਟੇ ਲੱਦ ਲਏ,
ਸਿਖਰ ਬੈਠਾਇਆ ਹੈ ਭਾਈ।
ਤੁਰ ਪਏ ਦੋਵੇਂ ਕੰਮ ਕਰਨ ਲਈ,
ਫਿਰ ਰਾਮ ਭਰੋਸੇ ਹੈ ਦੁੜਾਈ,
ਦੁਨੀਆਂ ਵਾਲ਼ੇ ਖੜ੍ਹ ਖੜ੍ਹ ਹੱਸਦੇ,
ਸ਼ੁਦਾਈਆਂ ਮੌਤ ਹੈ ਵਿਆਹੀ ।
*-ਸੇਵਾ ਸਿੰਘ “ਨੂਰਪੁਰੀ”*

---

ਨੌਂ ਬੋਰੀਆਂ ਦੀ ਲਾ ਕੇ ਚਿਣਤੀ
ਬਚਦੀ ਦਸਵੀਂ ਮਗਰ ਫਸਾਈ।
ਬਿਠਾ ਕੇ ਟੀਸੀ ਉੱਪਰ ਸਵਾਰੀ
ਦੋ ਪਹੀਆਂ ‘ਤੇ ਰੇਲ ਬਣਾਈ।
ਨਿਯਮਾਂ ਤਾਈਂ ਟਿੱਚ ਜਾਣ ਕੇ
ਦਾਅ ‘ਤੇ ਜ਼ਿੰਦਗੀ ਲਾਈ।
*-ਜਗਮੀਤ ਸਿੰਘ ਪੰਧੇਰ*
*ਕਲਾਹੜ (ਲੁਧਿਆਣਾ)*
*ਫੋਨ: 98783-37222*

---

ਭਾਰਤ ਵਿਚ ਗਰੀਬ ਗੁਰਬੇ ਨੇ
ਵੀ ਕਰਨਾ ਹੁੰਦਾ ਗੁਜ਼ਾਰਾ।
ਮੋਟਰਸਾਈਕਲ ਉਤੇ ਆਪ ਬੈਠਿਆ
ਨਾਲ ਸਾਥੀ ਨਾਲੇ
ਦੁਕਾਨ ਦਾ ਸਾਮਾਨ ਸਾਰਾ।
ਟ੍ਰੈਫਿਕ ਨਾਕੇ ਤੋਂ ਬਚਦਾ ਹੋਇਆ
ਚੋਰ ਮੋਰੀਆਂ ਰਾਹੀਂ ਵੀ
ਫਸ ਗਿਆ ਵਿਚਾਰਾ।
ਕੁਦਰਤੀ ਪੇੜ ਵੀ ਝੁਕਿਆ
ਐਨ ਰਸਤੇ ‘ਤੇ
ਲੰਘਣ ਦਾ ਨਾ ਮਿਲ ਰਿਹਾ ਕਿਤੋਂ ਸਹਾਰਾ।
*-ਅਮਰਜੀਤ ਸਿੰਘ ਤੂਰ*
*ਕੁਲਬੁਰਛਾਂ (ਪਟਿਆਲਾ)*
*ਫੋਨ: 98784-69639*

ਹਿੰਮਤ ਵੀ ਹੈ ਵਰਦਾਨ ਮੰਗਦੀ
ਅੰਤਾਂ ਦੀ ਮਹਿਮਗਾਈ ਲੱਕ ਤੋੜਿਆ
ਲੈ ਕੰਮ ਚਲਾਊ ਮੋਟੋਸਾਈਕਲ
ਲੜਾ ਜੁਗਤ ਖੁਦ ਬੈਠ ਹੈਂਡਲ ‘ਤੇ
ਕੱਸ ਨੌ ਥੈਲੇ ਇੱਟ ਰੱਖ ਪਿੱਛੇ
ਚੜ੍ਹਾ ਦਿੱਤਾ ਟੀਸੀ ‘ਤੇ ਮਦਦ ਲਈ ਬੱਚਾ
ਲੁੜਕ ਗਿਆ ਜੇ
ਨਹੀਂ ਖਤਰੇ ਤੋਂ ਖਾਲੀ
ਜਾ ਰਿਹਾ ਧੂੜਾ ਪੁੱਟਦਾ
ਗਰੀਬੀ, ਮੰਦਹਾਲੀ ਕੀ ਨਹੀਂ ਕਰਾਉਂਦੀ
ਰੋਟੀ ਟੁੱਕ ਦਾ ਆਹਰ ਤਾਂ ਕਰਨਾ ਹੀ ਹੁੰਦਾ।
*-ਦਰਸ਼ਨ ਪਾਲ ਦੋਸਾਂਝ*

## ਕਵਿਤਾ

ਹਮਦਰਦ ਬਣੇ ਸੀ ਰੁੱਖਾਂ ਦੇ
ਵਾਤਾਵਰਨ ਦੀਆਂ ਕੁੱਖਾਂ ਦੇ।
ਰੁੱਖ ਸਨ ਗੱਲਾਂ ਕਰਦੇ ਕੱਲ੍ਹ
ਹੱਲ ਨਾ ਹੋਏ ਸਾਡੇ ਦੁੱਖਾਂ ਦੇ।

ਸਾਡਿਆਂ ਨਾਵਾਂ ਉੱਤੇ ਫ਼ੰਡ
ਦਿਨ ਨਾ ਆਏ ਸਾਡੇ ਸੁੱਖਾਂ ਦੇ।
ਇਨਸਾਨ ਨੇ ਟੱਪੇ ਹੱਦ ਬੰਨੇ
ਮਾਇਆ ਵਾਲੀਆਂ ਭੁੱਖਾਂ ਦੇ।

ਬੋਦਲਾਂ ਦੇ ਸੁੱਖਵਿੰਦਰਾ ਹੱਦ ਹੈ
ਸ਼ਰਮ ਨਹੀਂ ਭੋਰਾ ਵੀ ਮੁੱਖਾਂ ‘ਤੇ।
*-ਸੁੱਖਵਿੰਦਰ ਬੋਦਲਾਂਵਾਲਾ*
*ਫੋਨ: 360-281-2624*

# ਮੋਦੀ ਦੀ ਅਮਰੀਕਾ ਫੇਰੀ: ਸਿਲੀਕਾਨ ਵੈਲੀ ਦੇ ਟੈੱਕ-ਲੀਡਰਾਂ ਵਲੋਂ ਗੋਲਮੇਜ਼ ਕਾਨਫਰੰਸ

**ਸੈਨ ਹੋਜ਼ੇ:** ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਮਰੀਕਾ ਫੇਰੀ ਦਾ ਸਵਾਗਤ ਕਰਨ ਲਈ ਸਿਲੀਕਾਨ ਵੈਲੀ ਦੇ ਟੈੱਕ-ਲੀਡਰਾਂ, ਜਿਨ੍ਹਾਂ ਵਿਚ ਨਾਮੀ ਕੰਪਨੀਆਂ ਦੇ ਸੀਈਓ, ਵਾਈਸ-ਪ੍ਰੈਜ਼ੀਡੈਂਟ, ਅਤੇ ਪ੍ਰਮੁੱਖ ਕੰਪਨੀਆਂ ਦੇ ਗਲੋਬਲ ਹੈੱਡ ਸ਼ਾਮਲ ਸਨ, ਨੇ 17 ਜੂਨ ਨੂੰ ਐਨਆਈਡੀ ਫਾਊਂਡੇਸ਼ਨ ਅਤੇ ਭਾਰਤੀ ਘੱਟ ਗਿਣਤੀ ਫਾਊਂਡੇਸ਼ਨ ਦੁਆਰਾ ਸੈਨ ਜੋਸ, ਕੈਲੀਫੋਰਨੀਆ ਵਿਖੇ ਆਯੋਜਿਤ ਕੀਤੀ ਗਈ ਗੋਲਮੇਜ਼ ਕਾਨਫਰੰਸ ਵਿਚ ਹਿੱਸਾ ਲਿਆ। ਇਸ ਕਾਨਫਰੰਸ ਦਾ ਵਿਸ਼ਾ, 'ਭਾਰਤ-ਅਮਰੀਕਾ ਭਾਈਵਾਲੀ: ਨਵੀਂ ਵਿਸ਼ਵ ਤਕਨੀਕੀ ਵਿਵਸਥਾ ਦੀ ਕੁੰਜੀ' ਸੀ।

ਇਹ ਕਾਨਫਰੰਸ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਫੇਰੀ ਦੇ ਮੱਦੇਨਜ਼ਰ ਯੂ.ਐਸ.ਏ. ਵਿਖੇ ਕਰਵਾਏ ਜਾਣ ਵਾਲੇ ਲੜੀਵਾਰ ਸਮਾਗਮਾਂ ਦਾ ਆਗਾਜ਼, ਭਾਵ ਪਹਿਲਾ ਈਵੈਂਟ (ਕਰਟਨ ਰੇਜ਼ਰ) ਸੀ। ਇਸ ਕਾਨਫਰੰਸ ਦੌਰਾਨ, ਟੈੱਕ-ਲੀਡਰਾਂ ਨੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਭਾਰਤੀ ਪ੍ਰਧਾਨ ਮੰਤਰੀ ਅਤੇ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦਰਮਿਆਨ ਦੁਵੱਲੀ ਮੀਟਿੰਗ ਦੋਵਾਂ ਦੇਸ਼ਾਂ ਲਈ ਸਾਂਝੇਦਾਰੀ ਦੇ ਨਵੇਂ ਰਾਹ ਖੋਲ੍ਹੇਗੀ।

ਕੈਲੀਫੋਰਨੀਆ ਦੇ ਅਟਾਰਨੀ-ਜਨਰਲ ਰੋਬ ਬੋਂਟਾ ਨੇ ਆਈਐਮਐਫ ਦੇ ਕਨਵੀਨਰ ਅਤੇ ਐਨਆਈਡੀ ਦੇ ਚੀਫ ਪੈਟਰਨ ਸਤਨਾਮ ਸਿੰਘ ਸੰਧੂ ਅਤੇ ਐਨਆਈਡੀ ਦੇ ਸੰਸਥਾਪਕ ਪ੍ਰੋਫੈਸਰ ਹਿਮਾਨੀ ਸੂਦ ਦੇ ਨਾਲ ਇਸ ਕਾਨਫਰੰਸ ਦੀ ਪ੍ਰਧਾਨਗੀ ਕੀਤੀ। ਕਾਨਫਰੰਸ ਵਿੱਚ ਸ਼ਾਮਲ ਹੋਣ ਵਾਲੇ ਸਿਲੀਕਾਨ ਵੈਲੀ ਦੇ ਪ੍ਰਮੁੱਖ ਟੈੱਕ-ਲੀਡਰਾਂ ਵਿਚ ਗਲੋਬਲ ਹੈੱਡ ਏਆਈ ਨੇਸ਼ਨਜ਼, ਐਨਵੀਆਈਡੀਆ ਸ਼੍ਰੀਮਤੀ ਸ਼ਿਲਪਾ ਕੋਲਹਟਕਰ; ਉਤਪਾਦ ਅਤੇ ਇੰਜਨੀਅਰਿੰਗ ਦੇ ਪ੍ਰਧਾਨ, ਜ਼ੂਮ ਵੀਡੀਓ ਸੰਚਾਰ; ਵੇਲਚਾਮੀ ਸੰਕਰਲਿੰਗਮ, ਆਲੋਕ ਅਗਰਵਾਲ, ਰਸ਼ਮੀ ਸਿੰਘਲ, ਸੀਨੀਅਰ ਟੈਕਨੀਕਲ ਰਿਕਰੂਟਰ (ਲਿੰਕਡਿਨ); ਨੀਤੂ ਨੰਦਾ, ਸੀਨੀਅਰ ਵੀਪੀ ਬੈਂਕ ਆਫ ਅਮਰੀਕਾ ਅਤੇ ਸੈਮੀ ਸਿੱਧੂ, ਈਵੈਂਚੁਅਲ ਦੇ ਸੀਈਓ ਅਤੇ ਸਹਿ-ਸੰਸਥਾਪਕ, ਜੌਹਲ, ਵੈਂਡੀਜ਼ ਪੈਸੀਫਿਕ ਦੇ ਸੀਈਓ; ਕੈਲੀਫੋਰਨੀਆ ਵਿਚ ਪੰਨੂ ਡੈਂਟਲ ਗਰੁੱਪ ਦੇ ਸੀ.ਈ.ਓ. ਡਾ: ਦਲਵੀਰ ਪੰਨੂ; ਜੀਵਨ ਜੁਤਸ਼ੀ, ਗਲੋਬਲ ਆਰਗੇਨਾਈਜ਼ੇਸ਼ਨ ਆਫ਼ ਦਾ ਪੀਪਲ ਆਫ਼ ਇੰਡੀਅਨ ਓਰੀਜਨ ਦੇ ਸਿਲੀਕਾਨ ਵੈਲੀ ਚੈਪਟਰ ਦੇ ਸੰਸਥਾਪਕ; ਨੀਰਜ ਭਾਟੀਆ, ਸੀਪੀਏ ਅਤੇ ਐਫਸੀਏ (ਭਾਟੀਆ ਐਂਡ ਸੀਓ) ਆਦਿ ਸ਼ਾਮਿਲ ਸਨ।

ਕੈਲੀਫੋਰਨੀਆ ਦੇ ਅਟਾਰਨੀ ਜਨਰਲ ਰੋਬ ਬੋਂਟਾ ਨੇ ਕਿਹਾ ਕਿ ਨਰੇਂਦਰ ਮੋਦੀ ਨਾ ਸਿਰਫ਼ ਭਾਰਤ ਸਗੋਂ ਸੰਯੁਕਤ ਰਾਜ ਅਮਰੀਕਾ ਵਿਚ ਪ੍ਰਸਿੱਧ ਨੇਤਾ ਹਨ ਅਤੇ ਉਨ੍ਹਾਂ ਨੇ ਵੱਖ-ਵੱਖ ਆਲਮੀ ਮੁੱਦਿਆਂ ਲਈ ਵਿਸ਼ਵ ਨੂੰ ਇਕਜੁੱਟ ਕਰਨ ਲਈ ਕੁਝ ਚੰਗੇ ਕਦਮ ਚੁੱਕੇ ਹਨ।

ਪੰਨੂ ਡੈਂਟਲ ਗਰੁੱਪ, ਕੈਲੀਫੋਰਨੀਆ ਦੇ ਸੀ.ਈ.ਓ. ਡਾ. ਦਲਵੀਰ ਸਿੰਘ ਪੰਨੂ ਨੇ ਕਿਹਾ, 'ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੇ ਪ੍ਰਧਾਨ ਮੰਤਰੀ ਨੂੰ ਦੁਨੀਆ ਦੇ ਸਭ ਤੋਂ ਮਜ਼ਬੂਤ ਲੋਕਤੰਤਰ ਦਾ ਦੌਰਾ ਕਰਦਿਆਂ ਵੇਖਣ ਲਈ ਦੁਨੀਆ ਉਤਸੁਕ ਹੈ। ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਹੇਠ ਭਾਰਤ ਨੇ ਨਵੀਆਂ ਉਚਾਈਆਂ ਨੂੰ ਛੂਹਿਆ ਹੈ, ਅਤੇ ਦੇਸ਼ ਦਾ ਵਿਸ਼ਵਵਿਆਪੀ ਅਕਸ ਵੱਡੀ ਵਿਸ਼ਵ ਆਰਥਿਕ ਸ਼ਕਤੀ ਵਿਚ ਬਦਲ ਗਿਆ ਹੈ। ਭਾਰਤ ਸਰਕਾਰ ਰਾਸ਼ਟਰ ਨਿਰਮਾਣ ਵਿੱਚ ਉਨ੍ਹਾਂ ਦੇ ਯੋਗਦਾਨ ਦੀ ਮੰਗ ਕਰਨ ਲਈ ਪ੍ਰਵਾਸੀ ਭਾਰਤੀ ਤੱਕ ਵੀ ਪਹੁੰਚ ਕਰ ਰਹੀ ਹੈ। ਅੱਜ ਦੇਸ਼ ਤੋਂ ਬਾਹਰ ਰਹਿਣ ਵਾਲਾ ਹਰ ਭਾਰਤੀ ਉਸ ਦੇਸ਼ ਦਾ ਨਾਗਰਿਕ ਹੋਣ ਦੇ ਨਾਤੇ ਬੜੇ ਮਾਣ ਨਾਲ ਤੁਰਦਾ ਹੈ ਜੋ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵਧ ਰਹੀ ਅਰਥਵਿਵਸਥਾ ਬਣ ਗਿਆ ਹੈ।''

ਭਾਰਤੀ ਮੂਲ ਦੇ ਲੋਕਾਂ ਦੀ ਗਲੋਬਲ ਆਰਗੇਨਾਈਜ਼ੇਸ਼ਨ (ਜੀਓਪੀਆਈਓ) ਦੇ ਸਿਲੀਕਾਨ ਵੈਲੀ ਚੈਪਟਰ ਦੇ ਪ੍ਰਧਾਨ ਅਤੇ ਕਸ਼ਮੀਰੀ ਓਵਰਸੀਜ਼ ਐਸੋਸੀਏਸ਼ਨ ਦੇ ਕੈਲੀਫੋਰਨੀਆ ਚੈਪਟਰ ਦੇ ਸੰਸਥਾਪਕ ਮੈਂਬਰ, ਜੀਵਨ ਜ਼ੁਤਸ਼ੀ ਨੇ ਕਿਹਾ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਧਾਰਾ 370 ਨੂੰ ਖਤਮ ਕਰਨ ਦਾ ਦਲੇਰਾਨਾ ਫੈਸਲਾ ਲੈ ਕੇ ਆਪਣੇ ਆਪ ਨੂੰ ਮਜ਼ਬੂਤ ਨੇਤਾ ਸਾਬਤ ਕੀਤਾ, ਜੋ ਕਿ ਪਿਛਲੀਆਂ ਸਰਕਾਰਾਂ ਨੇ ਸਿਰਫ਼ ਕੁਝ ਤਬਕੇ ਦੇ ਲੋਕਾਂ ਨੂੰ ਖੁਸ਼ ਰੱਖਣ ਲਈ ਪਿਛਲੇ 65 ਸਾਲਾਂ ਦੌਰਾਨ ਨਹੀਂ ਕੀਤਾ ਸੀ। ਉਨ੍ਹਾਂ ਦੇ ਲਗਾਤਾਰ ਯਤਨਾਂ ਕਾਰਨ, ਜੰਮੂ-ਕਸ਼ਮੀਰ ਦੇ ਲੋਕ ਅੱਜ ਸੁਰੱਖਿਅਤ ਮਹਿਸੂਸ ਕਰਦੇ ਹਨ ਅਤੇ ਕਸ਼ਮੀਰੀ ਪੰਡਤ ਜਿਨ੍ਹਾਂ ਨੂੰ 33 ਸਾਲ ਪਹਿਲਾਂ ਭੱਜਣਾ ਪਿਆ ਸੀ, ਹੁਣ ਆਪਣੇ ਵਤਨ ਵਾਪਸ ਆਉਣਾ ਸੁਰੱਖਿਅਤ ਸਮਝ ਰਹੇ ਹਨ।'

ਦਿ ਖਾਲਸਾ ਟੂਡੇ ਦੇ ਸੰਸਥਾਪਕ ਤੇ ਸੀਈਓ ਅਤੇ ਪੰਜਾਬ ਫਾਊਂਡੇਸ਼ਨ, ਸਿਲੀਕਾਨ ਵੈਲੀ ਦੇ ਸੰਸਥਾਪਕ ਅਤੇ ਚੇਅਰਮੈਨ ਸੁੱਖੀ ਚਾਹਲ ਨੇ ਕਿਹਾ, 'ਇਹ ਗੋਲਮੇਜ਼ ਕਾਨਫਰੰਸ ਭਾਰਤ-ਅਮਰੀਕਾ ਦੇ ਦੁਵੱਲੇ ਸੰਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਚੁੱਕਿਆ ਗਿਆ ਸ਼ਲਾਘਾਯੋਗ ਕਦਮ ਹੈ। ਉਨ੍ਹਾਂ ਜੋਅ ਜੌਹਲ ਅਤੇ ਸਤਨਾਮ ਸਿੰਘ ਸੰਧੂ ਦਾ ਉਨ੍ਹਾਂ ਨੂੰ ਸਮਾਗਮ ਵਿਚ ਸੱਦਾ ਦੇਣ ਲਈ ਧੰਨਵਾਦ ਕਰਦਿਆਂ ਕਿਹਾ, "ਪ੍ਰਧਾਨ ਮੰਤਰੀ ਨਰੇਂਦਰ ਮੋਦੀਨੇ ਪਿਛਲੇ 9 ਸਾਲਾਂ ਵਿਚ ਸਿੱਖ ਭਾਈਚਾਰੇ ਲਈ ਜੋ ਕੁਝ ਕੀਤਾ ਹੈ ਅਸੀਂ ਉਸ ਲਈ ਉਨ੍ਹਾਂ ਦਾ ਧੰਨਵਾਦ ਕਰਦੇ ਹਾਂ।'





ਨਵਿਦਿਆ (NVIDIA) ਵਿਖੇ ਏਆਈ ਨੇਸ਼ਨਜ਼ ਦੀ ਗਲੋਬਲ ਹੈੱਡ, ਸ਼ਿਲਪਾ ਕੋਲਹਟਕਰ ਨੇ ਕਿਹਾ ਕਿ ਪਿਛਲੇ 9 ਸਾਲਾਂ ਦੌਰਾਨ, ਹਰ ਭਾਰਤੀ ਦੇ ਜੀਵਨ ਪੱਧਰ ਵਿੱਚ ਸੁਧਾਰ ਹੋਇਆ ਹੈ, ਅਤੇ ਤਕਨੀਕੀ ਤਰੱਕੀ ਵਰਗੇ ਹਰ ਪਹਿਲੂ ਵਿਚ ਤਰੱਕੀ ਹੋਈ ਹੈ।

ਭਾਰਤੀ ਘੱਟ ਗਿਣਤੀ ਫਾਊਂਡੇਸ਼ਨ (ਆਈ.ਐਮ.ਐਫ.) ਦੇ ਕਨਵੀਨਰ ਸਤਨਾਮ ਸਿੰਘ ਸੰਧੂ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਦੁਵੱਲੀ ਵਾਰਤਾ ਲਈ ਸਰਕਾਰੀ ਸੱਦਾ ਦੇਣ ਲਈ ਅਮਰੀਕੀ ਸਰਕਾਰ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇਹ ਇਤਿਹਾਸਕ ਫੇਰੀ ਦੋਹਾਂ ਦੇਸ਼ਾਂ ਦੇ ਸਬੰਧਾਂ ਨੂੰ ਨਵੀਆਂ ਉਚਾਈਆਂ 'ਤੇ ਲੈ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਗੋਲਮੇਜ਼ ਕਾਨਫਰੰਸ ਵਿਚ 54 ਕੰਪਨੀਆਂ ਦੇ ਕਾਰਪੋਰੇਟ ਨੇਤਾਵਾਂ ਨੇ ਹਿੱਸਾ ਲਿਆ ਹੈ।

ਲਿੰਕਡਿਨ ਦੀ ਸੀਨੀਅਰ ਟੈਕਨੀਕਲ ਰਿਕਰੂਟਰ ਰਸ਼ਮੀ ਸਿੰਘਲ ਨੇ ਕਿਹਾ ਕਿ ਪਿਛਲੇ 9 ਸਾਲਾਂ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਿੱਖਿਆ ਮੰਤਰਾਲੇ ਦੇ ਅਧੀਨ ਰੋਜ਼ਗਾਰ ਮੇਲਿਆਂ ਵਰਗੀਆਂ ਕਈ ਯੋਜਨਾਵਾਂ ਚਲਾਈਆਂ ਹਨ। ਯੂਨੀਵਰਸਿਟੀ ਆਫ ਸਿਲੀਕਾਨ ਆਂਧਰਾ ਦੇ ਸੰਸਥਾਪਕ ਅਤੇ ਚੇਅਰਮੈਨ ਆਨੰਦ ਕੁਚੀਭੋਤਲਾ ਨੇ ਕਿਹਾ ਕਿ "ਯੂਨੀਵਰਸਿਟੀ ਆਫ ਸਿਲੀਕਾਨ ਆਂਧਰਾ ਭਾਰਤ ਤੋਂ ਬਾਹਰ ਇਕਲੌਤੀ ਯੂਨੀਵਰਸਿਟੀ ਹੈ ਜੋ ਭਾਰਤੀ ਕਲਾਸੀਕਲ ਸੰਗੀਤ ਅਤੇ ਡਾਂਸ ਵਿਚ ਗ੍ਰੈਜੂਏਟ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰਦੀ ਹੈ। ਅਸੀਂ ਅਗਸਤ ਵਿਚ AI ਦੇ ਨਾਲ ਕੰਪਿਊਟਰ ਸਾਇੰਸ ਵਿੱਚ ਮਾਸਟਰ ਪ੍ਰੋਗਰਾਮ ਵੀ ਸ਼ੁਰੂ ਕਰ ਰਹੇ ਹਾਂ ਜਿਸ ਲਈ ਉਨ੍ਹਾਂ ਨੂੰ ਭਾਰਤ ਸਰਕਾਰ ਦੀ ਮਦਦ ਦੀ ਲੋੜ ਹੈ ਤਾਂ ਜੋ ਅਸੀਂ ਮਿਲ ਕੇ ਕੰਮ ਕਰ ਸਕੀਏ।'

ਬੈਂਕ ਆਫ ਅਮਰੀਕਾ ਦੇ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਨੀਤੂ ਨੰਦਾ ਨੇ ਕਿਹਾ, "ਬੈਂਕ ਆਫ ਅਮਰੀਕਾ ਦੇ ਬਹੁਤ ਸਾਰੇ ਚੋਟੀ ਦੇ ਅਹੁਦੇ ਧਾਰਕ ਭਾਰਤੀ ਮੂਲ ਦੇ ਹਨ, ਜਿਸ ਵਿਚ ਆਦਿਤਿਆ ਭਸੀਨ, ਚੀਫ ਟੈਕਨਾਲੋਜੀ, ਅਤੇ ਬੈਂਕ ਆਫ ਅਮਰੀਕਾ ਵਿੱਚ ਸੂਚਨਾ ਅਧਿਕਾਰੀ ਸ਼ਾਮਲ ਹਨ; ਅਤੇ ਸਵਿਤਾ ਸੁਬਰਾਮਣੀਅਨ, ਯੂਐਸ ਇਕੁਇਟੀ ਅਤੇ ਕੁਆਂਟੀਟੇਟਿਵ ਰਣਨੀਤੀ ਦੀ ਮੁਖੀ, ਜੋ ਭਾਰਤ ਨਾਲ ਇਸ ਦੇ ਸਬੰਧਾਂ 'ਤੇ ਹੋਰ ਰੌਸ਼ਨੀ ਪਾਉਂਦੀ ਹੈ।' ਇਵੈਂਚੁਅਲ ਦੇ ਸੀਈਓ ਅਤੇ ਸਹਿ-ਸੰਸਥਾਪਕ, ਸੈਮੀ ਸਿੱਧੂ ਨੇ ਕਿਹਾ, "ਮੈਂ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਆਰਟੀਫਿਸ਼ੀਅਲ ਇੰਟੈਲੀਜੈਂਸ ਨਾਲ ਕੰਮ ਕਰ ਰਿਹਾ ਹਾਂ ਅਤੇ ਇਹ ਦੇਖਣਾ ਦਿਲਚਸਪ ਹੈ ਕਿ ਅਸੀਂ ਅੱਜ ਆਰਟੀਫਿਸ਼ੀਅਲ ਇੰਟੈਲੀਜੈਂਸਦੇ ਮਾਮਲੇ ਵਿੱਚ ਕਿੰਨਾ ਅੱਗੇ ਵਧ ਰਹੇ ਹਾਂ।'

ਆਇਰਨ ਸਿਸਟਮਜ਼ ਦੇ ਚੀਫ਼ ਗਲੋਬਲ ਸਰਵਿਸ ਆਪਰੇਸ਼ਨਜ਼ ਬੌਬ ਸਿੱਧੂ ਨੇ ਕਿਹਾ ਕਿ ਅੱਜ ਭਾਰਤ ਵਿਚ ਜ਼ਿਆਦਾਤਰ ਕੰਪਨੀਆਂ ਭਰਤੀ ਦੌਰਾਨ ਹੁਨਰਾਂ 'ਤੇ ਧਿਆਨ ਕੇਂਦਰਿਤ ਕਰਦੀਆਂ ਹਨ ਅਤੇ ਇੱਕ ਗਲੋਬਲ ਸਟੈਂਡਰਡ ਬਣਾਈ ਰੱਖਣ ਲਈ ਕਰਮਚਾਰੀਆਂ ਨੂੰ ਉੱਚ ਪੱਧਰ ਦੀਆਂ ਸਹੂਲਤਾਂ ਦੇਣ ਨੂੰ ਤਰਜੀਹ ਦਿੰਦੀਆਂ ਹਨ।

S5 ਐਡਵਾਈਜ਼ਰੀ ਦੇ ਐਗਜ਼ੀਕਿਊਟਿਵ ਮੈਨੇਜਿੰਗ ਡਾਇਰੈਕਟਰ ਯੋਗੀ ਚੁੱਘ ਨੇ ਕਿਹਾ, ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਹੇਠ ਭਾਰਤ ਹਰ ਪਹਿਲੂ ਵਿਚ ਤਰੱਕੀ ਕਰ ਰਿਹਾ ਹੈ, ਜੋ ਵਿਸ਼ਵ ਭਰ ਵਿਚ ਵਸਦੇ ਭਾਰਤੀ ਪ੍ਰਵਾਸੀਆਂ ਨੂੰ ਆਪਣੇ ਦੇਸ਼ ਵਾਪਸ ਜਾਣ ਲਈ ਪ੍ਰੇਰਿਤ ਕਰ ਰਿਹਾ ਹੈ।

# ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ

**ਨਿਊਯਾਰਕ:** ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ) ਵਿਖੇ ਲੰਘੇ ਦਿਨੀਂ ਸ਼ਹੀਦਾਂ ਦੇ ਸਰਤਾਜ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਅਤੇ ਗੁਰਦੁਆਰਾ ਸਾਹਿਬ ਦਾ 25ਵਾਂ ਸਥਾਪਨਾ ਦਿਵਸ ਮਨਾਇਆ ਗਿਆ।

ਸ਼ਹੀਦੀ ਪੁਰਬ ਅਤੇ ਸਥਾਪਨਾ ਦਿਵਸ ਨੂੰ ਸਮਰਪਿਤ ਵਿਸ਼ੇਸ਼ ਪ੍ਰੋਗਰਾਮ ਉਲੀਕੇ ਗਏ ਸਨ। ਜਿਸ ਤਹਿਤ ਕਰਵਾਏ ਗਏ ਵਿਸ਼ੇਸ਼ ਦੀਵਾਨਾਂ ਦੌਰਾਨ ਪੰਥ ਪ੍ਰਸਿੱਧ ਰਾਗੀ ਸੰਤ ਅਨੂਪ ਸਿੰਘ ਜੀ ਊਨੇ ਵਾਲੇ, ਭਾਈ ਸੱਜਣ ਸਿੰਘ ਜੀ (ਸਾਬਕਾ ਹਜ਼ੂਰੀ ਰਾਗੀ ਦਰਬਾਰ ਸਾਹਿਬ), ਭਾਈ ਰਾਏ ਸਿੰਘ ਜੀ (ਹਜ਼ੂਰੀ ਰਾਗੀ ਦਰਬਾਰ ਸਾਹਿਬ), ਭਾਈ ਗੁਰਪ੍ਰੀਤ ਸਿੰਘ ਜੀ ਬਲ੍ਹੜਵਾਲ ਵਾਲੇ ਅਤੇ ਗਿਆਨੀ ਸਰਬਜੀਤ ਸਿੰਘ ਜੀ ਅਤੇ ਭਾਈ ਮੋਹਨ ਸਿੰਘ ਜੀ ਬਡਾਣਾ ਦੇ ਢਾਡੀ ਜਥਿਆਂ ਅਤੇ ਕਥਾਵਾਚਕ ਗਿਆਨੀ ਰਣਜੀਤ ਸਿਘ ਜੀ (ਹੈਡ ਗ੍ਰੰਥੀ ਬੰਗਲਾ ਸਾਹਿਬ, ਦਿੱਲੀ) ਨੇ ਸੰਗਤਾਂ ਨੂੰ ਗੁਰ ਸ਼ਬਦ ਨਾਲ ਜੋੜ ਕੇ ਨਿਹਾਲ ਕੀਤਾ। ਇਸ ਦੌਰਾਨ ਵੱਡੀ ਗਿਣਤੀ ਸੰਗਤਾਂ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਈਆਂ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਇਸ ਮੌਕੇ ਖੂਨਦਾਨ ਕੈਂਪ ਵੀ ਲਾਇਆ ਗਿਆ ਤੇ ਵੱਡੀ ਗਿਣਤੀ ਲੋਕਾਂ ਨੇ ਖੂਨ ਦਾਨ ਕਰ ਕੇ ਪੁੰਨ ਖੱਟਿਆ। ਸਮਾਗਮਾਂ ਦੌਰਾਨ ਵੱਖ ਵੱਖ ਤਰ੍ਹਾਂ ਦੇ ਲੰਗਰ ਵੀ ਲਾਏ ਗਏ ਸਨ।








# ਮੇਰੇ ਹਿੱਸੇ ਦਾ ਜਸਵੰਤ ਸਿੰਘ ਕੰਵਲ

**ਜਸਵੰਤ ਸਿੰਘ ਕੰਵਲ ਦੇ ਜਨਮ ਦਿਨ 'ਤੇ ਵਿਸ਼ੇਸ਼**

***ਜਸਵੰਤ ਸਿੰਘ ਕੰਵਲ ਪੰਜਾਬੀ ਸਾਹਿਤ ਜਗਤ ਵਿਚ ਅੱਠ ਦਹਾਕੇ ਤੱਕ ਆਪਣਾ ਰਾਜ ਕਮਾ ਕੇ ਤੁਰ ਗਿਆ ਹੈ। ਗਿਆ ਕਿੱਥੇ ਹੈ ਉਹ! ਉਹ ਤਾਂ ਸਾਡੇ ਆਸ-ਪਾਸ ਹੈ। ਸਾਡੇ ਅੰਗ-ਸੰਗ। ਅਸੀਂ ਜਿਨ੍ਹਾਂ ਨੇ ਉਹਨੂੰ ਪੜ੍ਹਿਆ ਏ, ਉਨ੍ਹਾਂ ਸਭਨਾਂ ਦੇ ਅੰਦਰ ਤਾਂ ਉਹ ਟੋਟਾ ਟੋਟਾ ਕਰ ਕੇ ਦਹਾਕਿਆਂ ਤੋਂ ਜੀਅ ਰਿਹਾ ਏ। ਜਿੰਨਾਂ ਚਿਰ ਅਸੀਂ ਜਿਉਂਦੇ ਰਹਾਂਗੇ, ਕੰਵਲ ਵੀ ਸਾਡੇ ਨਾਲ ਜਿਉਂਦਾ ਰਹੇਗਾ। ਕੰਵਲ ਵਰਗੇ ਲੇਖਕ ਸਭਨਾਂ ਦੇ ਆਪਣੇ ਹੁੰਦੇ ਨੇ। ਹਰੇਕ ਕੋਲ ਉਹਦੇ ਬਾਰੇ ਦੱਸਣ ਲਈ ਢੇਰਾਂ ਗੱਲਾਂ ਨੇ। ਜ਼ਰੂਰ ਹੋਣਗੀਆਂ। ਬਹੁਤ ਸਾਰੀਆਂ ਗੱਲਾਂ ਤਾਂ ਆਪਣੇ ਬਾਰੇ ਕੰਵਲ ਨੇ ਆਪ ਕੀਤੀਆਂ ਹੋਈਆਂ ਨੇ। ਉਨ੍ਹਾਂ ਨੂੰ ਦੁਹਰਾਉਣ ਦਾ ਕੀ ਫ਼ਾਇਦਾ! ਮੈਂ ਤਾਂ ਕੇਵਲ ਆਪਣੇ ਹਿੱਸੇ ਦੇ ਕੰਵਲ ਦੀ ਬਾਤ ਹੀ ਪਾਉਣੀ ਹੈ।***

### ਮੇਰਾ ਸਾਹਿਤਕ ਬਾਪ

ਸਭ ਤੋਂ ਪਹਿਲਾਂ ਆਪਣੀ ਘਰਵਾਲੀ ਤੋਂ ਗੱਲ ਸ਼ੁਰੂ ਕਰਾਂ। ਮੈਨੂੰ ਅਕਸਰ ਕਹਿੰਦੀ ਹੈ, ਖ਼ਾਸ ਤੌਰ 'ਤੇ ਉਦੋਂ ਜਦੋਂ ਕਦੀ ਕੰਵਲ ਅਤੇ ਮੇਰੀ, ਦੋਵਾਂ ਦੀ ਸਾਂਝੀ ਤਸਵੀਰ ਵੇਖ ਰਹੀ ਹੋਵੇ, "ਤੁਸੀਂ ਧਿਆਨ ਨਾਲ



**ਵਰਿਆਮ ਸਿੰਘ ਸੰਧੂ**
ਫੋਨ: 647-535-1539 (ਕੈਨੇਡਾ)
98726-02296 (ਭਾਰਤ)

ਵੇਖੋ! ਤੁਹਾਡਾ ਦੋਵਾਂ ਦਾ ਲੰਮਾ ਕੱਦ-ਕਾਠ, ਇਕਹਿਰਾ ਸਰੀਰ, ਤਿੱਖਾ ਨੱਕ, ਪੂਰਾ ਮੁਹਾਂਦਰਾ ਵੇਖ ਕੇ ਲੱਗਦਾ ਨਹੀਂ ਜਿਵੇਂ ਕੰਵਲ ਸਾਹਿਬ ਤੁਹਾਡੇ ਪਿਉ ਹੋਣ ਤੇ ਤੁਸੀਂ ਉਨ੍ਹਾਂ ਦੇ ਸਕੇ ਪੁੱਤ ਹੋਵੋ।"

ਮੈਨੂੰ ਪਤਾ ਹੈ ਕਿ ਕੰਵਲ ਮੇਰੇ ਨਾਲੋਂ ਕਿਤੇ ਸੋਹਣਾ ਸੀ। ਮੋਟੀਆਂ ਜਗਦੀਆਂ ਤੇ ਜਾਗਦੀਆਂ ਅੱਖਾਂ। ਖਿੜਿਆ ਚਿਹਰਾ। ਮੈਂ ਤਾਂ ਉਹਦੇ ਪਾਸਕੂ ਵੀ ਨਹੀਂ। ਪਰ ਘਰਵਾਲੀ ਦੀ ਗੱਲ ਮੰਨਣੋਂ ਮੈਨੂੰ ਕੋਈ ਉਜਰ ਨਹੀਂ। ਕੁਝ ਨਾ ਕੁਝ ਤਾਂ ਸਾਡਾ ਮੁਹਾਂਦਰਾ ਮਿਲਦਾ ਹੀ ਹੈ। ਇਹ ਵੀ ਸੱਚ ਹੀ ਹੈ ਕਿ ਵੇਖਣ ਨੂੰ ਵੀ ਕੰਵਲ ਮੇਰਾ ਪਿਉ ਲੱਗਦਾ ਹੈ। ਘੱਟੋ-ਘੱਟ ਅਣਜਾਣ ਬੰਦੇ ਨੂੰ ਤਾਂ ਸਹਿਵਨ ਇਹ ਭੁਲੇਖਾ ਲੱਗ ਸਕਦਾ ਹੈ। ਉਂਝ ਇਹ ਗੱਲ ਪੱਕੀ ਹੈ ਕਿ ਕੰਵਲ ਮੇਰਾ ਸਾਹਿਤਕ ਬਾਪ ਤਾਂ ਹੈ ਹੀ। ਸਾਰੇ ਵੱਡੇ ਲੇਖਕ, ਭਾਵੇਂ ਗੁਰਬਖ਼ਸ਼ ਸਿੰਘ ਹੋਵੇ, ਨਾਨਕ ਸਿੰਘ ਜਾਂ ਸੁਜਾਨ ਸਿੰਘ, ਸਾਰੇ ਮੇਰੇ ਸਾਹਿਤਕ ਬਾਪ ਹਨ। ਕੰਵਲ ਵੀ।

"ਕਈ ਵਾਰ ਕਾਲੇ ਮੋਤੀ ਵੀ ਕੀਮਤੀ ਹੁੰਦੇ ਨੇ!"

ਜਸਵੰਤ ਸਿੰਘ ਕੰਵਲ ਬਾਰੇ ਅਗਲੀ ਗੱਲ ਸ਼ੁਰੂ ਕਰਨ ਤੋਂ ਪਹਿਲਾਂ ਇੱਕ ਹੋਰ ਗੱਲ ਸੁਣਦੇ ਜਾਓ।

ਵੱਡੇ ਲੇਖਕ ਤੇ ਵੱਡੀਆਂ ਲਿਖਤਾਂ ਕੌਮਾਂ ਤੇ ਬੰਦਿਆਂ ਦਾ ਜੀਵਨ ਬਦਲ ਦਿੰਦੀਆਂ ਨੇ। ਲੇਖਕ ਨੂੰ ਖ਼ੁਦ ਪਤਾ ਨਹੀਂ ਹੁੰਦਾ ਕਿ ਉਹਨੇ ਕਿਸ-ਕਿਸ ਦੇ ਜੀਵਨ ਨੂੰ ਅਛੋਪਲੇ ਜਿਹੇ ਬਦਲ ਦਿੱਤਾ ਏ।

1962-63 ਦੀ ਗੱਲ ਹੋਵੇਗੀ। ਮੈਥੋਂ ਉਮਰੋਂ ਵੱਡੇ ਮੇਰੇ ਇੱਕ ਦੋਸਤ ਦਾ ਵਿਆਹ ਹੋ ਚੁੱਕਾ ਸੀ। ਉਹ ਨਾ-ਖ਼ੁਸ਼ ਸੀ। ਉਹਦੇ ਹਿਸਾਬ ਨਾਲ ਉਹਦੀ ਪਤਨੀ 'ਸੋਹਣੀ' ਨਹੀਂ ਸੀ। ਉਹ ਉਹਨੂੰ ਛੱਡ ਦੇਣਾ ਚਾਹੁੰਦਾ ਸੀ। ਮੈਂ ਇਸਦੇ ਹੱਕ ਵਿਚ ਨਹੀਂ ਸਾਂ। ਉਹਦੀ ਪਤਨੀ ਦਾ ਭਲਾ ਕੀ ਕਸੂਰ ਸੀ!

ਉਨ੍ਹੀਂ ਦਿਨੀਂ ਅਸੀਂ ਆਪਣੇ ਸ਼ੰਕੇ ਤੇ ਸਵਾਲ ਵੱਡੇ ਲੇਖਕਾਂ ਨਾਲ ਸਾਂਝੇ ਕਰ ਕੇ ਉਨ੍ਹਾਂ ਤੋਂ ਜਵਾਬ ਪੁੱਛਦੇ ਰਹਿੰਦੇ। ਮੈਂ ਕੰਵਲ ਨੂੰ ਆਪਣੇ ਦੋਸਤ ਦੀ ਸਮੱਸਿਆ ਦੱਸ ਕੇ ਹੱਲ ਪੁੱਛਿਆ ਤਾਂ ਤੀਜੇ ਦਿਨ ਪੋਸਟਕਾਰਡ 'ਤੇ ਲਿਖਿਆ ਕੰਵਲ ਦਾ ਜਵਾਬ ਮਿਲ ਗਿਆ। ਉਹਨੇ ਲਿਖਿਆ ਸੀ ਕਿ ਵਿਆਹ ਤੋਂ ਪਹਿਲਾਂ 'ਤੁਹਾਡਾ ਦੋਸਤ ਕੋਈ ਵੀ ਫ਼ੈਸਲਾ ਲੈ ਸਕਦਾ ਸੀ, ਪਰ ਵਿਆਹ ਤੋਂ ਪਿੱਛੋਂ ਆਪਣੀ ਬੇਕਸੂਰ ਪਤਨੀ ਨਾਲ ਇਹ ਸਲੂਕ ਕਰਨਾ ਬਿਲਕੁਲ ਨਾਵਾਜਬ ਹੈ। ਆਪਣੇ ਦੋਸਤ ਨੂੰ ਕਹਿਣਾ, "ਕਈ ਵਾਰ ਕਾਲੇ ਮੋਤੀ ਵੀ ਕੀਮਤੀ ਹੁੰਦੇ ਨੇ!"

ਕੰਵਲ ਦੇ ਸ਼ਬਦਾਂ ਦਾ ਅਜਿਹਾ ਅਸਰ ਪਿਆ ਕਿ ਮੇਰੇ ਦੋਸਤ ਨੇ ਖ਼ਤ ਪੜ੍ਹਨ ਤੋਂ ਬਾਅਦ ਪਤਨੀ ਨੂੰ ਛੱਡਣ ਦਾ ਇਰਾਦਾ ਤਰਕ ਕਰ ਦਿੱਤਾ। ਬੜੀ ਸਫ਼ਲ ਵਿਆਹੁਤਾ ਜ਼ਿੰਦਗੀ ਬਤੀਤ ਕੀਤੀ। ਉਹਦੀ ਪਤਨੀ ਸਾਰੀ ਉਮਰ ਮੇਰੀ ਸ਼ੁਕਰ-ਗੁਜ਼ਾਰ ਰਹੀ ਤੇ ਕਹਿੰਦੀ ਰਹੀ, "ਮੇਰਾ ਘਰ ਤਾਂ ਵਰਿਆਮ ਭਾ ਜੀ ਨੇ ਵੱਸਦਾ ਰੱਖਿਆ!" ਪਰ ਉਹਦਾ ਘਰ ਤਾਂ ਜਸਵੰਤ ਸਿੰਘ ਕੰਵਲ ਦੀ ਇੱਕ ਸਤਰ, 'ਕਈ ਵਾਰ ਕਾਲੇ ਮੋਤੀ ਵੀ ਕੀਮਤੀ ਹੁੰਦੇ ਨੇ!' ਨੇ ਵੱਸਦਾ ਰੱਖਿਆ ਸੀ।

ਜਸਵੰਤ ਸਿੰਘ ਕੰਵਲ ਨੇ ਪਤਾ ਨਹੀਂ ਕਿੰਨਿਆਂ ਦੀ ਜ਼ਿੰਦਗੀ ਵਿਚ ਤਬਦੀਲੀ ਲਿਆਂਦੀ। ਹਿਸਾਬ ਕਰਨਾ ਔਖਾ ਏ। ਮੇਰੀ ਜ਼ਿੰਦਗੀ ਨੂੰ ਬਦਲਣ ਵਿਚ ਉਹਦੀਆਂ ਲਿਖਤਾਂ ਦਾ ਨੁਮਾਇਆ ਹਿੱਸਾ ਹੈ।

### ਕੰਵਲ ਦਾ ਜਾਦੂ

ਚੜ੍ਹਦੀ ਉਮਰੇ ਮੈਂ ਜਸਵੰਤ ਸਿੰਘ ਕੰਵਲ ਦੀਆਂ ਲਿਖਤਾਂ ਦਾ ਸ਼ੈਦਾਈ ਸਾਂ। ਸੋਚਦਾ; ਕਿਹੋ ਜਿਹਾ ਹੋਵੇਗਾ, ਉਹ ਪਿੰਡ, ਉਹ ਇਲਾਕਾ, ਓਥੋਂ ਦੇ ਲੋਕ, ਜਿੱਥੇ ਕੰਵਲ ਵੱਸਦਾ ਹੈ; ਸਾਹ ਲੈਂਦਾ ਹੈ। ਕੈਸੇ ਹੋਣਗੇ ਉਹ ਰਾਹ ਜਿਨ੍ਹਾਂ 'ਤੇ ਕੰਵਲ ਤੁਰਦਾ ਹੈ!

ਉਹਦੀਆਂ ਕਿਤਾਬਾਂ ਵਿਚ ਪਤਾ ਲਿਖਿਆ ਹੁੰਦਾ, "ਪਿੰਡ ਤੇ ਡਾਕਘਰ -ਢੁਡੀਕੇ, ਤਹਿਸੀਲ ਮੋਗਾ, ਜ਼ਿਲ੍ਹਾ ਫ਼ੀਰੋਜ਼ਪੁਰ'

1961 ਵਿਚ ਆਪਣੇ ਦਾਦੇ ਕੋਲ ਅਬੋਹਰ ਗਿਆ ਤਾਂ ਮੋਗੇ ਵਿਚ ਤੁਰੇ ਫਿਰਦੇ, ਬੱਸ ਵਿਚ ਬੈਠੇ ਉਹਦੀ ਉਮਰ ਦੇ ਹਰ ਬੰਦੇ ਵਿਚੋਂ ਕੰਵਲ ਦਾ ਝੌਲਾ ਪੈਂਦਾ। ਕਿਤੇ ਆਹ ਕੰਵਲ ਹੀ ਨਾ ਹੋਵੇ! ਔਹ ਕੰਵਲ ਤਾਂ ਨਹੀਂ?

ਕੰਵਲ ਦੀ ਖ਼ੁਸ਼ਬੂ ਮੇਰੇ ਚਾਰ ਚੁਫ਼ੇਰੇ ਪਸਰੀ ਹੋਈ ਸੀ। ਕੰਵਲ ਲਈ ਮੁਹੱਬਤ ਦਾ ਇਹ ਝੱਲ ਹੀ ਤਾਂ ਸੀ! ਕੋਈ ਲੇਖਕ ਤੁਹਾਡੇ ਅੰਦਰ-ਬਾਹਰ ਦਾ ਏਨਾ ਵੱਡਾ ਹਿੱਸਾ ਹੋ ਸਕਦਾ ਏ! ਸੋਚਦਾ ਹਾਂ ਤਾਂ ਆਪਣੀ ਮਾਸੂਮੀਅਤ 'ਤੇ ਹਾਸਾ ਵੀ ਆਉਂਦਾ ਹੈ ਤੇ ਲਾਡ ਵੀ।

ਮੈਂ ਕਵਿਤਾ ਤੇ ਕਹਾਣੀਆਂ ਲਿਖਦਾ। ਮੇਰੇ ਵਿਚੋਂ ਕੰਵਲ ਬੋਲਦਾ। ਵਿਚ-ਵਿਚ ਨਾਨਕ ਸਿੰਘ ਤੇ ਗੁਰਬਖ਼ਸ਼ ਸਿੰਘ ਵੀ। ਇਹ ਤੇ ਪੰਜਾਬੀ ਦੇ ਸਾਰੇ ਵੱਡੇ ਲੇਖਕ ਮੇਰੇ ਸਾਹਿਤਕ-ਗੁਰੂ, ਮੇਰੇ ਆਪਣੇ ਬਾਪੂ ਹਨ। ਉਨ੍ਹਾਂ ਦੀਆਂ ਲਿਖਤਾਂ ਪੜ੍ਹ ਕੇ ਹੀ ਮੇਰੇ ਅੰਦਰ ਵਿਚਾਰਧਾਰਕ ਤੇ ਲਿਖਣ-ਅੰਦਾਜ਼ ਦੇ ਬੀਜ ਡਿੱਗੇ। ਉਨ੍ਹੀਂ ਦਿਨੀਂ ਕੰਵਲ ਦੇ 'ਰਾਤ ਬਾਕੀ ਹੈ' ਵਾਲੇ ਪੈਟਰਨ 'ਤੇ ਇੱਕ ਨਾਵਲ ਵੀ ਲਿਖ ਮਾਰਿਆ, ਨਾਂ ਸੀ, 'ਪਹੁ-ਫੁਟਾਲਾ'; ਜਿਹੜਾ ਜਲੰਧਰੋਂ ਛਪਦੇ ਸਪਤਾਹਿਕ 'ਨਵੀਂ ਦੁਨੀਆਂ' ਵਿਚ ਛਪਿਆ।

ਬਚਪਨ ਤੇ ਜਵਾਨੀ ਦੀਆਂ ਬਰੂਹਾਂ 'ਤੇ ਬਹਿ ਕੇ 'ਰਾਤ ਬਾਕੀ ਹੈ' ਪੜ੍ਹਿਆ ਤਾਂ 'ਚਰਨ' ਹੋਣਾ ਤੇ ਬਣਨਾ ਮੇਰਾ ਆਦਰਸ਼ ਬਣ ਗਿਆ। ਇਨਕਲਾਬ ਲਈ, ਸਮਾਜਿਕ ਤਬਦੀਲੀ ਲਈ ਸਿਰ ਧੜ ਦੀ ਲਾਉਣ ਦਾ ਅਜ਼ਮ ਮੇਰੇ ਧੁਰ ਅੰਦਰ ਦਾ ਹਿੱਸਾ ਬਣ ਗਿਆ। ਖ਼ਿਆਲੀ 'ਰਾਜ' ਦੇ ਨਾਲ ਖ਼ਿਆਲੀ ਆਦਰਸ਼ਕ ਅਸ਼ਰੀਰੀ-ਮੁਹੱਬਤ ਮੇਰੀ ਸਮਝ ਅਤੇ ਵਿਹਾਰ ਦਾ ਹਿੱਸਾ ਹੋ ਗਿਆ। ਔਰਤ ਦੀ ਇੱਜ਼ਤ ਤੇ ਮਾਨ-ਸਨਮਾਨ ਮੇਰੀ ਸੋਚ ਦਾ ਅੰਗ ਬਣ ਗਿਆ।

1963 ਵਿਚ ਮੇਰੀਆਂ ਕੁੱਝ ਕਹਾਣੀਆਂ ਪੜ੍ਹ ਕੇ ਸਾਹਿਤਕ ਮੱਸ ਰੱਖਣ ਵਾਲੇ ਮੇਰੇ ਇੱਕ ਅਧਿਆਪਕ ਗੁਰਬਖ਼ਸ਼ ਸਿੰਘ ਨੇ ਪੁੱਛਿਆ, "ਤੇਰੀਆਂ ਕਹਾਣੀਆਂ ਵਿਚ ਜਿਹੜੀ ਕੁੜੀ ਵਾਰ-ਵਾਰ ਦਿਸਦੀ ਹੈ, ਉਹ ਕੌਣ ਹੈ? ਕਿਸ ਨਾਲ ਇਸ਼ਕ ਹੈ ਤੈਨੂੰ?"

ਮੈਂ ਕਿਹਾ, "ਹਕੀਕਤ ਵਿਚ ਇਹ ਕੁੜੀ ਕੋਈ ਨਹੀਂ, ਕਿਧਰੇ ਵੀ ਨਹੀਂ। ਅਸਲ ਵਿਚ ਮੇਰੀ ਕੋਈ ਪ੍ਰੇਮਿਕਾ ਹੈ ਹੀ ਨਹੀਂ। ਮੈਂ ਤਾਂ 'ਰਾਤ ਬਾਕੀ ਹੈ' ਦੀ ਰਾਜ ਨੂੰ ਪਿਆਰ ਕਰਦਾਂ। ਓਹੋ ਹੈ ਮੇਰੀ ਪ੍ਰੇਮਿਕਾ?"

ਉਹ ਮੇਰੇ 'ਮੂਰਖਾਨਾ' ਜਵਾਬ ਨੂੰ ਸੁਣ ਕੇ ਹੱਸ ਪਿਆ।

ਪਤਾ ਨਹੀਂ ਮੇਰੇ ਵਰਗੇ 'ਮੂਰਖ' ਹੋਰ ਕਿੰਨੇ ਸੈਂਕੜੇ ਪਾਠਕ ਹੋਣਗੇ! ਸ਼ਾਇਦ ਉਹ ਵੀ ਅੱਜ ਆਪਣੇ ਇਹੋ ਜਿਹੇ ਜਵਾਬਾਂ 'ਤੇ ਹੱਸ ਪੈਣ!

ਕੰਵਲ ਦੀਆਂ ਉਹ ਲਿਖਤਾਂ ਅੱਜ ਪੜ੍ਹਾਂ ਤਾਂ ਮੈਂ ਵੀ ਆਪਣੇ ਆਪ 'ਤੇ ਹੱਸ ਪਵਾਂ। ਕੰਵਲ ਮੇਰੀ ਹੁਣਵੀਂ ਉਮਰ ਦਾ ਲੇਖਕ ਨਹੀਂ। ਮੇਰੀ ਜਵਾਨੀ ਦਾ ਲੇਖਕ ਹੈ। ਗੋਈ ਗੋਈ ਕੱਚੀ ਮਿੱਟੀ ਦਾ ਘੁਮਿਆਰ। ਮਿੱਟੀ ਨੂੰ ਚੱਕ 'ਤੇ ਚੜ੍ਹਾਇਆ ਤੇ ਘੁਮਾਣਨੀਂ ਦਿੱਤੀ। ਆਪਣੀ ਮਰਜ਼ੀ ਦੀ ਸ਼ਕਲ ਬਣਾ ਦਿੱਤੀ। ਘੁੰਮ ਰਹੇ ਬੰਦੇ ਦਾ ਸਿਰ ਵੀ ਘੁੰਮਣ ਲੱਗ ਜਾਂਦਾ।

ਅਸਲ ਵਿਚ ਕੰਵਲ ਨਵ-ਉਮਰੇ ਪਾਠਕਾਂ ਦਾ ਲੇਖਕ ਰਿਹਾ ਹੈ। ਉਹ ਅਜਿਹਾ ਜਾਦੂ ਸੀ ਜੋ ਪਾਠਕਾਂ ਦੇ ਸਿਰ ਚੜ੍ਹ ਕੇ ਬੋਲਣ ਲੱਗ ਪੈਂਦਾ। ਉਹਨੇ ਪਾਠਕਾਂ ਦੇ ਮਨਾਂ ਵਿਚ ਸਥਾਪਤ ਤਾਕਤਾਂ ਦੇ ਖ਼ਿਲਾਫ਼ ਰੋਸ ਤੇ ਰੋਹ ਦਾ ਜਜ਼ਬਾ ਧੜਕਣ ਲਾ ਦਿੱਤਾ। ਸ਼ਾਇਰੀ ਉਹਦੀ ਸ਼ੈਲੀ ਦਾ ਅਟੁੱਟ ਅੰਗ ਰਹੀ। ਉਹਦੀ ਲਿਖਤ ਵਿਚ ਲੋਹੜੇ ਦਾ ਲਾ-ਉਬਾਲਪਨ ਤੇ ਭਾਵੁਕ ਵਹਾਓ ਰਿਹਾ ਹੈ। ਉਹ ਭਾਵੁਕ ਪਾਠਕ ਨੂੰ ਆਪਣੇ ਬਿਆਨੀਆ ਸੇਕ ਨਾਲ ਢਾਲ ਕੇ ਪਾਣੀ ਬਣਾ ਦਿੰਦਾ ਤੇ ਫਿਰ ਆਪਣੇ ਨਾਲ ਰੋੜ੍ਹ ਕੇ ਲੈ ਜਾਂਦਾ। ਉਹਨੇ ਵੱਖ ਵੱਖ ਪੜਾਵਾਂ ਵਿਚ ਹਜ਼ਾਰ-ਹਾਅ ਨੌਜਵਾਨਾਂ ਨੂੰ ਆਪਣੇ ਰੰਗ ਵਿਚ ਰੰਗਿਆ। ਮੇਰੇ ਵਰਗੇ ਲੋਕ ਜਾਂ ਲੇਖਕ ਉਹਦੀ ਲਾਈ ਪਹਿਲੀ-ਦੂਜੀ ਪੌਧ ਦਾ ਹਿੱਸਾ ਹਾਂ। ਕਮਿਊਨਿਸਟ ਲਹਿਰ ਨਾਲ, ਓਨੇ ਲੋਕ, ਲੀਡਰਾਂ ਨੇ ਨਹੀਂ ਜੋੜੇ ਜਿੰਨੇ ਇਕੱਲੇ 'ਰਾਤ ਬਾਕੀ ਹੈ' ਨੇ ਜੋੜੇ ਹੋਣਗੇ। ਤੇ ਇਹ ਗੱਲ ਸਾਰੇ ਮੰਨਦੇ ਨੇ। ਮੁਹੱਬਤ ਵਿਚ ਡੁੱਬੇ ਪਾਠਕ ਉਹਦੇ 'ਮਿੱਤਰ ਪਿਆਰੇ ਨੂੰ' ਵਰਗੇ ਨਾਵਲਾਂ ਨੂੰ ਰੁਮਾਲਾਂ ਵਿਚ ਲਪੇਟ ਕੇ ਰੱਖਦੇ ਰਹੇ। ਅਗਲੇ ਪੜਾਅ 'ਤੇ ਉਹ ਨਕਸਲੀਆਂ ਦਾ ਤੇ ਉਸਤੋਂ ਬਾਅਦ 'ਖਾੜਕੂਆਂ' ਦਾ ਮਨਭਾਉਂਦਾ ਲੇਖਕ ਵੀ ਰਿਹਾ। ਉਹਦੇ ਵਿਚ ਵੇਦਾਂਤ, ਮਾਰਕਸ-ਲੈਨਿਨ-ਮਾਓ ਤੇ ਸਿੱਖੀ ਦੀ ਇਨਕਲਾਬੀ ਮਿੱਸ ਰਲੀ ਹੋਈ ਹੈ।

ਉਹਦੇ ਵਿਚਾਰਧਾਰਕ ਬਦਲਾਓ ਨਾਲ ਬਹੁਤ ਸਾਰੇ ਲੋਕ ਸਹਿਮਤ ਨਹੀਂ। ਨਾ ਹੋਣ। ਮੈਂ ਵੀ ਨਹੀਂ। ਕੰਵਲ ਨੇ ਸਭ ਨੂੰ ਖ਼ੁਸ਼ ਰੱਖਣ ਦਾ ਕਦੀ ਵੀ ਠੇਕਾ ਨਹੀਂ ਸੀ ਲਿਆ। ਉਹਨੂੰ ਜੋ ਠੀਕ ਲੱਗਦਾ ਰਿਹਾ, ਉਹਨੇ ਉਹੋ ਕੀਤਾ। ਉਹੋ ਲਿਖਿਆ। ਉਹ ਕਿਸੇ ਲਾਲਚ ਕਰ ਕੇ ਨਹੀਂ ਬਦਲਿਆ। ਨਾ ਹੀ ਕਿਸੇ ਡਰ ਕਰ ਕੇ ਡੋਲਿਆ। ਸਦਾ ਆਪਣੇ ਅੰਦਰੋਂ ਨਿਕਲੀ ਆਵਾਜ਼ ਦੇ ਮਗਰ ਲੱਗਾ। ਕੋਈ ਇਨਾਮ, ਕੋਈ ਅਹੁਦਾ, ਕੋਈ ਪੇਸ਼ਕਸ਼ ਉਹਨੂੰ ਆਪਣੇ ਮਗਰ ਨਹੀਂ ਲਾ ਸਕੇ। ਮਹਿੰਦਰ ਸਿੰਘ ਰੰਧਾਵੇ ਵੱਲੋਂ ਚੰਡੀਗੜ੍ਹ ਵਿਚ ਮੁਫ਼ਤ ਦੇ ਹਿਸਾਬ ਮਿਲਣ ਵਾਲਾ ਪਲਾਟ ਲੈਣੋਂ ਉਹਨੇ ਇਨਕਾਰ ਕਰ ਦਿੱਤਾ। ਭਾਸ਼ਾ ਵਿਭਾਗ ਦਾ ਇਨਾਮ ਵੀ।

ਉਹ ਕਦੀ ਵੀ ਸਥਾਪਤੀ ਦਾ ਲੇਖਕ ਨਹੀਂ ਰਿਹਾ; ਸਗੋਂ ਸਥਾਪਤੀ ਦੇ ਜ਼ੁਲਮ ਤੇ ਜਬਰ ਵਿਰੁੱਧ ਸਦਾ ਲੜਨ ਵਾਲਾ ਜੁਝਾਰੂ ਲੇਖਕ ਰਿਹਾ ਹੈ। ਕਿਹੜਾ ਪੰਜਾਬੀ ਲੇਖਕ ਹੈ, ਜੋ ਉਸ ਵਾਂਗ ਸਮੇਂ ਦੇ ਧਾਰਮਿਕ, ਸਮਾਜਿਕ ਤੇ ਰਾਜਨੀਤਕ ਆਗੂਆਂ ਨੂੰ ਏਨੀ ਬੁਲੰਦ ਆਵਾਜ਼ ਵਿਚ ਮੁਖ਼ਾਤਬ ਹੋਇਆ ਹੋਵੇ! ਕਿਹੜਾ ਲੇਖਕ ਹੈ ਜਿਹੜਾ ਵੇਲੇ ਦੇ ਹਾਕਮਾਂ ਨੂੰ ਗਰਜਦੀਆਂ ਚਿੱਠੀਆਂ ਲਿਖ ਸਕਦਾ ਹੈ! ਕੌੜੇ ਤੇ ਤਿੱਖੇ ਸਵਾਲ ਪੁੱਛ ਸਕਦਾ ਹੈ! ਉਹਨੇ ਲੋਕਾਂ ਦੇ ਮਨਾਂ ਅੰਦਰ ਆਪਣੇ ਨਾਲ ਹੁੰਦੇ ਧੱਕੇ ਤੇ ਧੋਖੇ ਖ਼ਿਲਾਫ਼ ਲੜਨ ਦਾ ਜਜ਼ਬਾ ਬੀਜਿਆ। ਇਹੋ ਉਹਦੀ ਪ੍ਰਾਪਤੀ ਹੈ। ਸਵੈ-ਮਾਣ ਨਾਲ ਜਿਉਣ ਦੀ ਰੜਕ ਤੇ ਮੜਕ ਉਹਦੀ ਹੋਂਦ ਦਾ ਹਿੱਸਾ ਰਹੀ। ਇਹੋ ਰੜਕ ਤੇ ਮੜਕ ਉਹਨੇ ਪੰਜਾਬੀ ਪਾਠਕ ਦੇ ਮਨਾਂ ਵਿਚ ਬੀਜੀ।

ਮੇਰੇ ਵਿਚ ਵੀ ਜਿਹੜੀ ਰੜਕ ਤੇ ਮੜਕ ਹੈ, ਉਹਦੇ ਵਿਚ ਕੁੱਝ ਕੁ ਹਿੱਸਾ, ਕੰਵਲ ਦੀਆਂ ਲਿਖਤਾਂ ਦਾ ਦਿੱਤਾ ਹੋਇਆ ਵੀ ਏ। ਅੱਜ ਕੰਵਲ ਦੇ ਜਿਹੜੇ ਹਿੱਸੇ ਨਾਲ ਮੇਰੀ ਅਸਹਿਮਤੀ ਹੈ, ਉਸ ਅਸਹਿਮਤੀ ਦੇ ਪਿੱਛੇ ਵੀ ਕੰਵਲ ਵੱਲੋਂ ਸ਼ੁਰੂ ਦੇ ਸਾਲਾਂ ਵਿਚ ਦਿੱਤੇ ਮਾਨਵਵਾਦੀ ਨਜ਼ਰੀਏ ਦਾ ਯੋਗਦਾਨ ਹੈ। ਕੰਵਲ ਨੇ ਹੀ ਮੈਨੂੰ ਕੰਵਲ ਨੂੰ ਅਪ੍ਰਵਾਨ ਕਰਨ ਦੀ ਸੋਝੀ ਦਿੱਤੀ ਸੀ। ਤੁਹਾਨੂੰ ਵੀ ਦਿੱਤੀ ਹੋਵੇਗੀ।

ਮੇਰੀ ਖ਼ੁਸ਼-ਨਸੀਬੀ ਰਹੀ ਏ ਕਿ ਮੇਰੇ ਵਿਚੋਂ ਕੰਵਲ ਨੂੰ ਵੀ ਆਪਣੇ ਹਿੱਸੇ ਦਾ ਕੋਈ ਟੋਟਾ ਜੁੜਿਆ ਨਜ਼ਰ ਆਉਂਦਾ ਰਿਹਾ ਏ। ਏਸੇ ਲਈ ਉਹਨੇ ਮੈਨੂੰ ਸਦਾ ਪਿਤਾ ਵਾਲਾ ਪਿਆਰ ਦਿੱਤਾ ਹੈ। ਮੈਨੂੰ ਪੁੱਤਾਂ ਵਾਂਗ ਲਡਿਆਇਆ ਏ।

ਓ ਭਾਈ ਵਰਿਆਮ ਸਿਹਾਂ! ਮੈਂ ਕੰਵਲ ਬੋਲਦਾਂ।

ਪੰਝੀ ਕੁ ਸਾਲ ਪਹਿਲਾਂ ਦੀ ਗੱਲ ਹੋਵੇਗੀ। ਡੁੱਬਦੇ ਸੂਰਜ ਨਾਲ ਫ਼ੋਨ ਖੜਕਿਆ, "ਓ ਭਾਈ ਵਰਿਆਮ ਸਿਹਾਂ! ਮੈਂ ਕੰਵਲ ਬੋਲਦਾਂ। ਐਥੇ ਬਰਜਿੰਦਰ ਦੇ ਦਫ਼ਤਰ ਵਿਚ ਬੈਠਾਂ। ਮੈਂ ਬਾਹਰੋਂ ਆਏ ਕਿਸੇ ਦੋਸਤ ਦੇ ਘਰ ਜਾਣਾ ਏਂ। ਉਹ ਕਹਿੰਦਾ ਕਿ ਮੈਂ ਆਪਣੇ ਨਾਲ ਕਿਸੇ ਹੋਰ ਮਿੱਤਰ ਪਿਆਰੇ ਨੂੰ ਵੀ ਲਈ ਆਵਾਂ। ਸਤਿਨਾਮ ਮਾਣਕ ਮੇਰੇ ਨਾਲ ਹੋਵੇਗਾ। ਮੈਂ ਸੋਚਿਆ ਕਿ ਜਲੰਧਰ ਵਿਚ ਮੇਰਾ ਸਭ ਤੋਂ ਵੱਡਾ ਮਿੱਤਰ ਪਿਆਰਾ ਹੋਰ ਕੌਣ ਏ! ਤੇਰਾ ਗੁਣਾ ਪਿਆ। ਤਿਆਰ ਹੋ ਜਾ। ਅਸੀਂ ਅੱਧੇ ਘੰਟੇ ਤੱਕ ਆਏ ਲੈ।"

ਉਹ ਤੇ ਮਾਣਕ ਆਏ। ਮੈਨੂੰ ਮੇਰੇ ਘਰੋਂ ਲਿਆ ਤੇ ਮੇਜ਼ਬਾਨ ਕੋਲ ਗਏ। ਅੱਧੀ ਰਾਤ ਤੱਕ ਮੁਹੱਬਤਾਂ ਵੰਡੀਆਂ। ਜਸ਼ਨ ਦਾ ਮਾਹੌਲ। ਮੈਂ ਤੁਰਨ ਲੱਗਾ ਤਾਂ ਮੇਜ਼ਬਾਨ ਨੂੰ ਇਸ਼ਾਰਾ ਕੀਤਾ। ਮੇਜ਼ਬਾਨ ਨੇ ਨੋਟਾਂ ਦਾ ਭਰਿਆ ਲਿਫ਼ਾਫ਼ਾ ਮੇਰੇ ਹੱਥਾਂ ਵਿਚ ਰੱਖ ਦਿੱਤਾ। ਮੈਂ ਝਿਜਕਦਿਆਂ ਕੰਵਲ ਵੱਲ ਵੇਖਿਆ।

"ਲੈ ਲਾ, ਲੈ ਲਾ। ਨਾਂਹ ਨ੍ਹੀਂ ਕਰਨੀ। ਇਹ ਮੁਹੱਬਤੀ ਨਜ਼ਰਾਨਾ ਏ।"

ਮੈਂ ਕੰਵਲ ਅੱਗੇ ਸਿਰ ਨਿਵਾ ਕੇ ਕਿਹਾ, "ਆਪਣੇ ਬੱਚੇ ਨੂੰ ਆਸ਼ੀਰਵਾਦ ਦਿਓ। ਮਾਇਆ ਨਹੀਂ।"

ਉਹਨੇ ਜੱਫੀ ਵਿਚ ਘੁੱਟ ਲਿਆ।

"ਓਏ! ਮੈਂ ਤਾਂ ਸਾਰਾ ਤੇਰਾ ਈ ਆਂ।"

ਬੜੇ ਜ਼ੋਰ ਨਾਲ, ਬੜੀ ਨਿਮਰਤਾ ਨਾਲ ਮੈਂ ਉਹ ਲਿਫ਼ਾਫ਼ਾ ਮੋੜ ਸਕਿਆ।

ਕਈ ਦਿਨ ਸੋਚਦਾ ਰਿਹਾ, ਕੰਵਲ ਨੂੰ ਕੀ ਦਿਸਿਆ ਮੇਰੇ ਵਿਚ ਕਿ ਜਲੰਧਰ ਵਿਚ ਸਭ ਤੋਂ ਵੱਡਾ ਮਿੱਤਰ ਪਿਆਰਾ ਮੈਂ ਹੋ ਗਿਆ ਉਹਦੇ ਲਈ। ਉਹਦੇ ਮਿੱਤਰ ਪਿਆਰੇ ਤਾਂ ਜਲੰਧਰ ਦੇ ਹਰ ਪੰਜਾਬੀ ਪੜ੍ਹਨ ਵਾਲੇ ਘਰਾਂ ਵਿਚ ਬੈਠੇ ਨੇ। ਪੰਜਾਬ ਤੇ ਵਿਦੇਸ਼ਾਂ ਵਿਚ ਘਰ-ਘਰ ਬੈਠੇ ਨੇ। ਛਾਤੀ ਨਾਲ ਘੁੱਟ ਕੇ ਕੰਵਲ ਨੇ ਮੈਨੂੰ ਸੁਨਹਿਰੀ ਕਰ ਦਿੱਤਾ ਸੀ।

ਪਹਿਲੀ ਵਾਰ ਮੈਂ ਕੰਵਲ ਦੀ ਤਸਵੀਰ (ਸ਼ਾਇਦ) 1961-62 ਵਿਚ ਕਿਸੇ ਅਖ਼ਬਾਰ ਵਿਚ ਵੇਖੀ ਸੀ। ਇਹਦੇ ਨਾਲ ਕੰਵਲ ਦੇ ਨਵੇਂ ਛਪੇ ਨਾਵਲ 'ਹਾਣੀ' ਬਾਰੇ ਜਲੰਧਰ ਵਿਚ ਹੋਈ ਗੋਸ਼ਟੀ ਦਾ ਹਵਾਲਾ ਸੀ। ਇਸ ਗੋਸ਼ਟੀ ਵਿਚ ਸੋਹਨ ਸਿੰਘ ਜੋਸ਼, ਜਗਜੀਤ ਸਿੰਘ ਆਨੰਦ ਤੇ ਗੁਰਚਰਨ ਸਿੰਘ ਸਹਿੰਸਰਾ ਜਿਹੇ ਵਿਦਵਾਨਾਂ/ਆਲੋਚਕਾਂ ਨੇ ਕੰਵਲ ਦੀ ਹਾਜ਼ਰੀ ਵਿਚ ਉਹਦੇ ਨਾਵਲ ਦੀ 'ਮਿੱਟੀ ਪੁੱਟੀ' ਸੀ। ਬੜੀ ਤਿੱਖੀ ਆਲੋਚਨਾ ਕੀਤੀ ਸੀ! ਮੈਨੂੰ ਪੜ੍ਹ ਕੇ ਬੜਾ ਗ਼ੁੱਸਾ ਲੱਗਾ। ਮੇਰੇ ਮਨ-ਭਾਉਂਦੇ ਲੇਖਕ ਦੀ ਲਿਖਤ ਵਿਚ ਕੋਈ ਨੁਕਸ ਕਿਵੇਂ ਕੱਢ ਸਕਦਾ ਹੈ! ਮੇਰੇ ਰੋਸੇ ਨੂੰ ਕਿਸੇ ਅਖ਼ਬਾਰ ਨੇ ਤਾਂ ਛਾਪਣਾ ਨਹੀਂ ਸੀ, ਪਰ, ਮੈਂ ਆਪਣੀ ਕਹਾਣੀਆਂ ਲਿਖਣ ਵਾਲੀ ਕਾਪੀ 'ਤੇ ਜ਼ਿੰਦਗੀ ਵਿਚ ਪਹਿਲੀ ਵਾਰ ਕੋਈ 'ਆਲੋਚਨਾਤਮਕ ਟਿੱਪਣੀ' ਲਿਖ ਕੇ ਕੰਵਲ ਦੇ ਨਾਵਲ ਦੀ ਕੀਤੀ ਗਈ 'ਬੇਕਿਰਕ' ਆਲੋਚਨਾ ਦੀ 'ਆਲੋਚਨਾ' ਕੀਤੀ। ਉਹ ਕਾਪੀ ਮੈਂ ਹੁਣ ਤੱਕ ਸਾਂਭੀ ਹੋਈ ਹੈ।


### ਪਹਿਲੀ ਮਿਲਣੀ

ਪਹਿਲੀ ਵਾਰ ਮੈਂ ਕੰਵਲ ਨੂੰ ਸਾਖ਼ਸ਼ਾਤ 1967 ਵਿਚ ਵੇਖਿਆ। ਇਹ ਉਦੋਂ ਦੀ ਗੱਲ ਹੈ ਜਦੋਂ ਗੁਰਬਖ਼ਸ਼ ਸਿੰਘ ਪ੍ਰੀਤ-ਲੜੀ ਨੇ ਪ੍ਰੀਤ-ਪਾਠਕਾਂ ਨੂੰ ਅੰਮ੍ਰਿਤਸਰ ਦੀ ਗਾਂਧੀ ਗਰਾਊਂਡ ਵਿਚਲੇ ਓਪਨ ਏਅਰ ਥੀਏਟਰ ਵਿਚ 'ਪ੍ਰੀਤ-ਮਿਲਣੀ' ਉੱਤੇ ਆਉਣ ਦਾ ਸੱਦਾ ਦਿੱਤਾ। ਧਾਰਮਿਕ ਦੀਵਾਨਾਂ ਅਤੇ ਰਾਜਸੀ ਜਲਸਿਆਂ ਤੋਂ ਇਲਾਵਾ ਇਹ ਪਹਿਲਾ ਵੱਡਾ ਸਾਹਿਤਕ ਇਕੱਠ ਸੀ ਜਿਸ ਵਿਚ ਮੈਂ ਸ਼ਾਮਲ ਹੋਇਆ ਸਾਂ। ਇਹ 'ਮਿਲਣੀ' ਦੋ ਦਿਨ ਚੱਲੀ।

ਇਕੱਠ ਬੜਾ ਵਿਲੱਖਣ ਅਤੇ ਦਿਲਕਸ਼ ਸੀ। ਬਹੁਤੇ ਲੋਕ ਭਾਵੇਂ ਇੱਕ ਦੂਜੇ ਦੇ ਜਾਣ-ਪਛਾਣ ਵਾਲੇ ਨਹੀਂ ਸਨ ਪਰ ਫ਼ਿਰ ਵੀ ਇੱਕ ਦੂਜੇ ਨਾਲ ਅਪਣੱਤ ਦੇ ਰਿਸ਼ਤੇ ਵਿਚ ਬੱਝੇ ਹੋਏ ਸਨ। ਆਪਣੇ ਜੀਵਨ ਵਿਚ ਮੈਂ ਪਹਿਲੀ ਵਾਰ 'ਪ੍ਰੀਤ-ਮਿਲਣੀ' ਵਿਚ ਸ਼ਾਮਲ ਹੋਏ ਵੱਡੇ ਲੇਖਕਾਂ ਨੂੰ ਵੇਖ ਰਿਹਾ ਸਾਂ। ਨਵਤੇਜ ਸਿੰਘ ਉਨ੍ਹਾਂ ਦਾ ਨਾਂ ਲੈ ਕੇ ਅਗਲੀਆਂ ਕੁਰਸੀਆਂ 'ਤੇ ਆਉਣ ਲਈ ਸੱਦਾ ਦੇ ਰਿਹਾ ਸੀ। ਲੇਖਕ ਪਿੱਛੋਂ ਉੱਠ ਕੇ ਵਾਰੀ-ਵਾਰੀ ਅੱਗੇ ਆ ਰਹੇ ਸਨ। ਲੇਖਕ ਵਜੋਂ ਉਨ੍ਹਾਂ ਦੀ ਲੋਕ-ਪ੍ਰਿਯਤਾ ਦੇ ਹਿਸਾਬ ਨਾਲ ਉਨ੍ਹਾਂ ਦੇ ਸਵਾਗਤ ਵਿਚ ਦਰਸ਼ਕ ਤਾੜੀਆਂ ਮਾਰਦੇ। ਜਦੋਂ ਨਵਤੇਜ ਸਿੰਘ ਨੇ ਜਸਵੰਤ ਸਿੰਘ ਕੰਵਲ ਦਾ ਨਾਂ ਲਿਆ ਤਾਂ ਤਾੜੀਆਂ ਦੀ ਗੜਗੜਾਹਟ ਸਭ ਤੋਂ ਉੱਚੀ ਸੀ। ਪਰ ਕੰਵਲ ਉੱਠ ਕੇ ਅਗਲੀਆਂ ਕੁਰਸੀਆਂ 'ਤੇ ਨਹੀਂ ਆਇਆ। ਅਸੀਂ ਧੌਣ ਭੁਆਂ ਕੇ ਵੇਖਿਆ; ਐਨ ਅਖ਼ੀਰਲੀਆਂ ਕੁਰਸੀਆਂ ਵਿਚੋਂ ਇੱਕ 'ਤੇ ਬੈਠੇ ਕੰਵਲ ਨੇ ਪਿੱਛੋਂ ਹੀ ਨਵਤੇਜ ਵੱਲ ਹੱਥ ਹਿਲਾ ਕੇ ਉਹਦਾ ਧੰਨਵਾਦ ਵੀ ਕਰ ਦਿੱਤਾ ਤੇ 'ਨਾਂਹ' ਵਿਚ ਏਧਰ-ਓਧਰ ਬਾਂਹ ਹਿਲਾ ਅੱਗੇ ਆਉਣਾ ਅਪ੍ਰਵਾਨ ਕਰ ਦਿੱਤਾ। ਮੇਰੇ ਨਾਲ ਦੇ ਸਾਥੀ ਨੇ ਕਿਹਾ, "ਕੰਵਲ ਲੋਕਾਂ ਦਾ ਲੇਖਕ ਹੈ। ਉਹ ਲੋਕਾਂ ਵਿਚ ਹੀ ਬਹਿਣਾ ਚਾਹੁੰਦਾ ਹੈ। ਆਮ ਹੀ ਦਿਸਣਾ ਚਾਹੁੰਦਾ ਹੈ। ਖ਼ਾਸ ਨਹੀਂ ਬਣਨਾ ਚਾਹੁੰਦਾ।"

'ਪ੍ਰੀਤ-ਮਿਲਣੀ' 'ਤੇ ਮੈਂ ਕੰਵਲ ਨੂੰ ਅਜਾਇਬ ਘਰ ਦੀ ਵਸਤ ਵਾਂਗੂੰ ਕੋਲੋਂ-ਕੋਲੋਂ ਤਾਂ ਵੇਖਦਾ ਰਿਹਾ, ਪਰ, ਉਹਨੂੰ ਬੁਲਾਉਣ ਦਾ ਜੇਰਾ ਨਾ ਕਰ ਸਕਿਆ। ਜਿਵੇਂ ਬੰਦਾ ਕੁਤਬ-ਮੀਨਾਰ ਦੇ ਗੇੜੇ ਕੱਢਦਾ ਫਿਰੇ। ਉਹਦੇ ਸਾਹਮਣੇ ਹੋ ਕੇ ਮੈਂ ਉਹਦੀ ਅੱਖ ਵਿਚ ਅੱਖ ਨਾ ਪਾ ਸਕਿਆ!

ਇਹ ਮੌਕਾ ਮੈਨੂੰ 1971 ਵਿਚ ਉਦੋਂ ਮਿਲਿਆ ਜਦੋਂ ਅੰਬਰਸਰ ਦੇ ਟਾਊਨ-ਹਾਲ ਨੇੜੇ ਪੈਂਦੇ ਕੁੜੀਆਂ ਦੇ ਸਕੂਲ ਵਿਚ 'ਪ੍ਰੀਤ-ਮਿਲਣੀ' ਹੋਈ। ਉਹਨੀਂ ਦਿਨੀਂ ਸਾਹਿਤਕ ਮਾਹੌਲ ਬੜਾ ਗਰਮ ਅਤੇ ਉਤੇਜਨਾ ਵਾਲਾ ਸੀ। ਅਸੀਂ ਇਸ ਦੀ ਪੂਰੀ ਜਕੜ ਵਿਚ ਸਾਂ। ਸੀ ਪੀ ਆਈ ਤੇ ਸੀ ਪੀ ਐੱਮ ਨਾਲ ਜੁੜੇ ਕੇਂਦਰੀ ਲੇਖਕ ਸਭਾ ਦੇ ਕਹਿੰਦੇ ਕਹਾਉਂਦੇ ਸਾਹਿਤਕਾਰ ਨਵੇਂ ਉੱਠ ਰਹੇ 'ਕ੍ਰਾਂਤੀਕਾਰੀ' ਲੇਖਕਾਂ ਦੇ ਵਿਰੋਧੀ ਸਨ। ਉਹ ਨਵੇਂ ਲੇਖਕਾਂ ਨੂੰ ਆਪਣੀ ਕੇਂਦਰੀ ਸਭਾ ਤੋਂ ਦੂਰ ਰੱਖਣਾ ਚਾਹੁੰਦੇ ਸਨ। ਕੰਵਲ, ਜਗਜੀਤ ਸਿੰਘ ਆਨੰਦ,



*(ਬਾਕੀ ਅਗਲੇ ਸਫੇ 'ਤੇ)*

*(ਪਿਛਲੇ ਸਫੇ ਦਾ ਬਾਕੀ)*

ਗੁਰਚਰਨ ਸਿੰਘ ਸਹਿੰਸਰਾ, ਸਾਧੂ ਸਿੰਘ ਹਮਦਰਦ ਇਨ੍ਹਾਂ ਦੇ ਆਗੂ ਸਨ। ਦੂਜੇ ਪਾਸੇ ਮੇਰੇ ਨਾਲ ਦੇ ਸਾਹਿਤਕ-ਸਾਥੀ ਵੀ ਤੱਤੇ ਵਿਚਾਰਾਂ ਵਾਲੇ ਹੀ ਸਨ। ਅਸੀਂ ਆਪਣੇ ਬਣਾਏ 'ਸਾਹਿਤ-ਕੇਂਦਰ ਭਿੱਖੀਵਿੰਡ' ਵੱਲੋਂ ਫੈਸਲਾ ਕੀਤਾ ਕਿ ਕਿ 'ਜੁਝਾਰ' ਨਾਂ ਦੀ ਇੱਕ ਚੌਵਰਕੀ ਜਾਂ ਛੇ-ਵਰਕੀ ਛਾਪੀ ਜਾਵੇ ਅਤੇ ਇਨ੍ਹੀਂ ਹੀ ਦਿਨੀਂ ਅੰਮ੍ਰਿਤਸਰ ਵਿਚ ਗੁਰਬਖ਼ਸ਼ ਸਿੰਘ ਪ੍ਰੀਤਲੜੀ ਵੱਲੋਂ ਕੀਤੀ ਜਾਣ ਵਾਲੀ 'ਪ੍ਰੀਤ-ਮਿਲਣੀ' ਉੱਤੇ 'ਪ੍ਰੀਤ-ਪਾਠਕਾਂ' ਵਿਚ ਤਕਸੀਮ ਕੀਤੀ ਜਾਵੇ। ਇਸ ਤਰ੍ਹਾਂ ਇਕਦਮ ਵੱਡੇ ਸਾਹਿਤਕ ਦਾਇਰੇ ਵਿਚ ਸਾਡੀ ਸਭਾ ਤੇ ਸਾਡੇ ਲੇਖਕਾਂ ਦਾ ਨਾਂ ਜਾਵੇਗਾ ਅਤੇ ਸਾਹਿਤਕ ਹਲਕਿਆਂ ਵਿਚ ਪਛਾਣ ਬਣੇਗੀ। ਸਾਨੂੰ ਕਿਉਂਕਿ ਪਰਚੇ ਨੂੰ ਛਪਵਾਉਣ ਬਾਰੇ ਜਾਣਕਾਰੀ ਨਹੀਂ ਸੀ, ਇਸ ਲਈ ਅਸੀਂ ਪੈਸੇ ਇਕੱਠੇ ਕਰ ਕੇ ਪਰਚੇ ਨੂੰ ਛਪਵਾਉਣ ਦੀ ਸੇਵਾ ਸੁਜਾਨ ਸਿੰਘ ਹੁਰਾਂ ਦੇ ਵੱਡੇ ਪੁੱਤਰ ਕੁਲਵੰਤ ਸਿੰਘ('ਕਲਫ਼ੀ' ਕਹਾਣੀ ਦੇ ਪਾਤਰ) ਦੇ ਜ਼ਿੰਮੇ ਲਾਈ। ਕੁਲਵੰਤ ਉਹਨੀਂ ਦਿਨੀ ਭਿੱਖੀਵਿੰਡ ਵਿਚ ਗਿਆਨੀ ਦੀਆਂ ਕਲਾਸਾਂ ਲੈ ਰਿਹਾ ਸੀ ਤੇ ਅਸੀਂ ਹੀ ਉਸਦੀ ਮਦਦ ਕਰਨ ਲਈ ਅੱਗੇ ਪੜ੍ਹਨ ਵਾਲੇ ਅਧਿਆਪਕ/ਅਧਿਆਪਕਾਵਾਂ ਨੂੰ ਵਿਦਿਆਰਥੀ ਵਜੋਂ ਉਸ ਨਾਲ ਜੋੜਿਆ ਸੀ।

'ਜੁਝਾਰ' ਦੇ ਮੁੱਖ ਪੰਨੇ ਉੱਤੇ ਮੇਰੀ ਕਵਿਤਾ ਸੀ- ਜਿਸ ਵਿਚ ਗੁਰਬਖ਼ਸ਼ ਸਿੰਘ ਦੀ 'ਪ੍ਰੀਤ-ਮਿਲਣੀ' ਨੂੰ ਅਜੋਕੇ ਪ੍ਰਸੰਗ ਵਿਚ ਵਿਅੰਗ ਦਾ ਨਿਸ਼ਾਨਾ ਬਣਾਇਆ ਗਿਆ ਸੀ:

ਦੀਵਾਰ ਤੇ ਲਟਕਿਆ ਲੈਨਿਨ ਬੁੱਢਾ ਹੋ ਰਿਹਾ ਹੈ
ਸੀਸ ਲਈ ਮੰਗ ਕਰਦੀ
ਗੋਬਿੰਦ ਦੀ ਤਣੀ ਉਂਗਲ ਥੱਕ ਚੱਲੀ ਹੈ
-ਤੁਸੀਂ ਰੰਗਲੇ ਬੰਗਲਿਆਂ ਵਿਚ ਬਹਿ ਕੇ
ਆਰਾਮ ਦੀ ਗੱਲ ਕਰਦੇ ਹੋ!
ਪ੍ਰੀਤਾਂ ਦਾ ਮਿਲਣ ਚਾਹੁੰਦੇ ਹੋ!
-ਕੀ ਮਿਲਣ ਤੋਂ ਪਹਿਲਾਂ ਮਰਨ ਦਾ ਸੱਚ ਸੁਣਿਆਂ ਜੇ?
ਤੁਸੀਂ ਕਿਹੜੇ ਝਨਾਵਾਂ ਨੂੰ ਪਾਰ ਕੀਤਾ ਹੈ?
ਆਰਾਮ ਕਾਹਦਾ!
ਕੀ ਮਾਛੀਵਾੜੇ 'ਚੋਂ ਲੰਘ ਆਏ ਹੋ?
-ਕਦਮਾਂ ਨੂੰ ਸ਼ਰਮਿੰਦਾ ਨਾ ਕਰੋ।

ਕੁਲਵੰਤ ਸਾਡੇ ਨਾਲ 'ਪ੍ਰੀਤ-ਪਾਠਕਾਂ' ਵਿਚ ਪਰਚਾ ਵੰਡਵਾ ਵੀ ਰਿਹਾ ਸੀ; ਮੈਨੂੰ ਵੱਡੇ ਲੇਖਕਾਂ ਨਾਲ ਮਿਲਾ ਵੀ ਰਿਹਾ ਸੀ ਤੇ ਨਵੇਂ ਹੋਣਹਾਰ ਲੇਖਕ ਵਜੋਂ ਮੇਰੀ ਜਾਣ-ਪਛਾਣ ਵੀ ਕਰਵਾ ਰਿਹਾ ਸੀ। ਉਸਨੇ ਜਸਵੰਤ ਸਿੰਘ ਕੰਵਲ ਦੇ ਹੱਥ ਵਿਚ ਫੜੇ 'ਜੁਝਾਰ' ਵੱਲ ਵੇਖ ਕੇ ਕਿਹਾ, "ਵੇਖਿਆ ਜੇ ਸਾਡਾ ਪਰਚਾ? ਇਸਦੇ ਪਹਿਲੇ ਸਫ਼ੇ ਵਾਲੀ ਨਜ਼ਮ ਪੜ੍ਹ ਕੇ ਵੇਖੋ। ਕਿਆ ਨਜ਼ਮ ਹੈ! ਆਪਣੇ ਵਰਿਆਮ ਨੇ ਲਿਖੀ ਹੈ।" ਉਸਨੇ ਮਾਣ ਨਾਲ ਮੇਰੇ ਮੋਢੇ ਉੱਤੇ ਹੱਥ ਰੱਖਿਆ।

"ਕੀ ਹੈ ਇਸ ਵਿਚ? ਦੱਸ ਮੈਨੂੰ; ਕੀ ਹੈ ਇਸ ਵਿਚ?" ਕੰਵਲ ਖਿਝਿਆ ਪਿਆ ਸੀ ਤੇ ਪਰਚੇ ਨੂੰ ਹੱਥ ਵਿਚ ਹਿਕਾਰਤ ਨਾਲ ਹਿਲਾ ਰਿਹਾ ਸੀ। ਸ਼ਾਇਦ ਉਹ 'ਕੱਲ੍ਹ ਦੇ ਛੋਕਰੇ' ਵੱਲੋਂ ਗੁਰਬਖ਼ਸ਼ ਸਿੰਘ ਦੀਆਂ ਵਡੇਰੀਆਂ ਪ੍ਰਾਪਤੀਆਂ ਨੂੰ ਛੁਟਿਆਉਣ ਕਰ ਕੇ ਔਖਾ ਸੀ ਜਾਂ ਉਸਦੇ ਮਨ ਵਿਚ ਨਵੇਂ ਉੱਠ ਰਹੇ ਪਰ ਉਸਦੀ ਨਜ਼ਰ ਵਿਚ 'ਰਾਹੋਂ ਭਟਕੇ' 'ਕ੍ਰਾਂਤੀਕਾਰੀ ਲੇਖਕਾਂ'(ਉਦੋਂ ਇਹੋ ਨਾਂ ਵਰਤਿਆ ਜਾਂਦਾ ਸੀ) ਪ੍ਰਤੀ ਤੇਜ਼-ਤਿੱਖੀ ਨਰਾਜ਼ਗੀ ਸੀ। ਕੁੱਝ ਸਾਲਾਂ ਬਾਅਦ ਜਦੋਂ ਮੈਂ ਉਸਦਾ ਨਾਵਲ 'ਲਹੂ ਦੀ ਲੋਅ' ਪੜ੍ਹ ਰਿਹਾ ਸਾਂ ਤਾਂ ਕੰਵਲ ਵਾਰ-ਵਾਰ ਮੇਰੇ ਚੇਤਿਆਂ ਵਿਚ 'ਜੁਝਾਰ' ਦੇ ਪੀਲੇ ਪੱਤਰਿਆਂ ਨੂੰ ਹਿਕਾਰਤ ਨਾਲ ਹਿਲਾਉਂਦਾ ਕਹਿ ਰਿਹਾ ਸੀ, "ਕੀ ਹੈ ਇਸ ਵਿਚ?" ਪਰ ਮੈਂ ਉਸਨੂੰ ਕਹਿ ਨਹੀਂ ਸਾਂ ਸਕਦਾ ਕਿ ਇਸ ਵਿਚ 'ਲਹੂ ਦੀ ਲੋਅ' ਵਰਗਾ ਹੀ ਕੁੱਝ ਸੀ!

'ਲਹੂ ਦੀ ਲੋਅ' ਉਨ੍ਹਾਂ ਦਿਨਾਂ ਵਿਚ ਕਿਸੇ ਬਾਹਰਲੇ ਮੁਲਕ ਵਿਚ ਛਪਿਆ ਤੇ ਉਹਦੀਆਂ ਕੁਝ ਕੁ ਕਾਪੀਆਂ 'ਸਮਗਲ' ਹੋ ਕੇ ਪੰਜਾਬ ਪਹੁੰਚੀਆਂ ਸਨ। ਦੇਸ਼ ਵਿਚ ਐਮਰਜੈਂਸੀ ਲੱਗੀ ਹੋਈ ਸੀ। ਹੁਣ ਤੱਕ ਬਹੁਤ ਸਾਰੀਆਂ ਮੱਛੀਆਂ ਲਹਿਰ ਦਾ 'ਪੱਥਰ ਚੱਟ ਕੇ' ਮੁੜ ਆਈਆਂ ਸਨ। ਐਮਰਜੈਂਸੀ ਕਰ ਕੇ ਨਹੀਂ, ਸਗੋਂ ਇਹ ਅਹਿਸਾਸ ਹੋ ਜਾਣ 'ਤੇ ਕਿ ਲੋਕ-ਸਾਥ ਤੋਂ ਵਿਰਵੀਆਂ ਨਕਸਲਵਾਦ ਵਰਗੀਆਂ ਹਿੰਸਕ ਲਹਿਰਾਂ ਕਦੀ ਕਾਮਯਾਬ ਨਹੀਂ ਹੁੰਦੀਆਂ। ਕੁਝ ਸਾਲ ਪਹਿਲਾਂ ਹੀ ਮੈਂ ਤੇ ਹਰਭਜਨ ਹਲਵਾਰਵੀ ਨੇ ਇਸ ਲਹਿਰ ਨਾਲੋਂ ਸੁਚੇਤ ਤੌਰ 'ਤੇ ਨਾਤਾ ਤੋੜ ਲਿਆ ਸੀ। ਹਲਵਾਰਵੀ ਝੂਠੇ ਕਤਲ-ਕੇਸ ਵਿਚ ਜੇਲ੍ਹ ਜਾਣ ਤੋਂ ਬਾਅਦ ਰਿਹਾਅ ਹੋ ਕੇ ਪੰਜਾਬ ਯੂਨੀਵਰਸਿਟੀ ਵਿਚ ਐਮ ਏ ਭਾਗ ਦੂਜਾ ਵਿਚ ਦਾਖ਼ਲ ਹੋ ਗਿਆ ਤੇ ਮੈਂ ਦੋ ਵਾਰ ਗ੍ਰਿਫ਼ਤਾਰ ਹੋਣ ਤੋਂ ਬਾਅਦ ਤੀਜੀ ਗ੍ਰਿਫ਼ਤਾਰੀ ਤੋਂ ਬਚਦਾ ਏਥੇ ਹੀ ਐੱਮ ਫ਼ਿਲ ਵਿਚ ਆ ਦਾਖ਼ਲ ਹੋਇਆ। ਸਮਗਲ ਹੋਈਆਂ 'ਲਹੂ ਦੀ ਲੋਅ' ਦੀਆਂ ਕੁਝ ਕਾਪੀਆਂ ਵਿਚੋਂ ਇੱਕ ਕਾਪੀ ਸਾਡੇ ਅਧਿਆਪਕ ਕੇਸਰ ਸਿੰਘ ਕੇਸਰ ਕੋਲ ਪਹੁੰਚੀ ਸੀ। ਅਸੀਂ ਉਸ ਕੋਲੋਂ ਲੈ ਕੇ ਹੀ ਨਾਵਲ 'ਚੋਰੀ ਚੋਰੀ' ਪੜ੍ਹਿਆ।

ਸਾਨੂੰ ਉਸ ਦੌਰ ਵਿਚ ਨਾਵਲ ਦਾ ਛਪਣਾ ਕੁਵੇਲੇ ਦੇ ਰਾਗ ਵਾਂਗ ਲੱਗਾ। ਇਸ ਨਾਵਲ ਦੀ ਆਲੋਚਨਾ ਕਰਦਾ ਇੱਕ ਲੰਮਾ ਲੇਖ ਰਘਬੀਰ ਢੰਡ ਨੇ ਲਿਖਿਆ, "ਲੋਅ ਦਾ ਲਹੂ"। ਜ਼ਾਹਿਰ ਹੈ ਉਹ ਨਾਵਲ ਵਿਚ ਢਾਡੀਆਂ ਵਾਂਗ ਨਕਸਲੀਆਂ ਦੀ ਬਹਾਦਰੀ ਦੀਆਂ ਵਾਰਾਂ ਗਾ ਕੇ ਨਵੀਂ ਪੀੜ੍ਹੀ ਦੀ 'ਲੋਅ' ਨੂੰ 'ਲਹੂ' ਵਿਚ ਬਦਲ ਕੇ ਡੋਲ੍ਹਣ ਦੇ ਖ਼ਿਲਾਫ਼ ਸੀ। ਪਰ ਬਹੁਤ ਸਾਰੇ ਪਾਠਕਾਂ ਨੇ ਇਸ ਨਾਵਲ ਦਾ ਸਵਾਗਤ ਕੀਤਾ। ਇਸਨੂੰ ਇਤਿਹਾਸਕ ਦਸਤਾਵੇਜ਼ ਨਾਲ ਤੁਲਨਾ ਦਿੱਤੀ। ਇਤਰਾਜ਼ ਕਰਨ ਵਾਲੇ ਕਹਿੰਦੇ ਸਨ ਕਿ ਕੰਵਲ ਉਪਭਾਵਕ ਹੈ ਤੇ ਨੌਜਵਾਨਾਂ ਦੀ ਉਪਭਾਵਕਤਾ ਦਾ ਫ਼ਾਇਦਾ ਆਪਣਾ ਨਾਵਲ 'ਵੇਚਣ' ਲਈ ਕਰਦਾ ਹੈ।

ਪਰ ਮੇਰਾ ਮੰਨਣਾ ਹੈ ਤੇ ਇਹ ਗੱਲ ਮੈਂ ਪਿੱਛੇ ਕਹਿ ਵੀ ਆਇਆ ਹਾਂ ਕਿ ਕੰਵਲ ਨਾਲ ਸਹਿਮਤ ਹੋਈਏ ਜਾਂ ਨਾ, ਉਹ ਕਿਸੇ ਲਾਭ ਲਈ ਵਿਚਾਰਧਾਰਕ ਪੈਂਤੜਾ ਨਾ ਹੀ ਲੈਂਦਾ ਸੀ, ਨਾ ਹੀ ਬਦਲਦਾ ਸੀ। ਉਹ ਸੁਹਿਰਦ ਹੋ ਕੇ ਹੀ ਆਪਣਾ ਪੈਂਤੜਾ ਲੈਂਦਾ ਸੀ। ਖਾੜਕੂ ਮੁੰਡਿਆਂ ਨਾਲ ਉਹਦੀ ਹਮਦਰਦੀ ਨੂੰ ਵੀ ਏਸੇ ਪ੍ਰਸੰਗ ਵਿਚ ਵੇਖਿਆ ਜਾ ਸਕਦਾ ਹੈ।

"ਮੈਂ ਤਾਂ ਹੁਣ ਮਰ ਈ ਜਾਣੈਂ। ਪਰ ਤੂੰ 'ਜਿਊਂਦਾ' ਰਹੀਂ।"

ਜਿਵੇਂ ਮੈਂ ਪਿੱਛੇ ਜ਼ਿਕਰ ਕੀਤਾ ਹੈ, ਕਦੀ ਮੇਰੀ ਬੜੀ ਤੀਬਰ ਇੱਛਾ ਹੁੰਦੀ ਸੀ ਕਿ ਮੈਂ ਉਹ ਥਾਂ ਵੇਖਾਂ, ਉਹ ਗਰਾਂ ਵੇਖਾਂ, ਜਿੱਥੇ ਜਸਵੰਤ ਸਿੰਘ ਕੰਵਲ ਜੰਮਿਆਂ, ਪ੍ਰਵਾਨ ਚੜ੍ਹਿਆ, ਜਿਨ੍ਹਾਂ ਗਲੀਆਂ ਵਿਚ ਉਹਦੇ ਪੈਰਾਂ ਦੀ ਛਾਪ ਲੱਗੀ। ਉਨ੍ਹਾਂ ਹਵਾਵਾਂ ਵਿਚ ਸਾਹ ਲਵਾਂ, ਜਿਨ੍ਹਾਂ ਹਵਾਵਾਂ ਵਿਚ ਕੰਵਲ ਸਾਹ ਲੈਂਦਾ ਰਿਹਾ ਹੈ।

ਇੱਕ ਵਾਰ ਇਹ ਖ਼ੂਬਸੂਰਤ ਸਬੱਬ ਵੀ ਬਣ ਗਿਆ। (ਸਵਰਗੀ) ਪ੍ਰੋ ਰਮਨ ਉਨ੍ਹੀਂ ਦਿਨੀਂ ਢੁੱਡੀਕੇ ਕਾਲਜ ਵਿਚ ਪੜ੍ਹਾਉਂਦਾ ਸੀ। ਉਹਨੇ ਆਪਣੇ ਕਾਲਜ ਵਿਚ ਮੇਰਾ ਰੂਬਰੂ ਰੱਖ ਦਿੱਤਾ। ਪ੍ਰਧਾਨਗੀ ਜਸਵੰਤ ਸਿੰਘ ਕੰਵਲ ਦੀ। ਮੈਂ ਤਾਂ ਸੁਣ ਕੇ ਧੰਨ ਹੋ ਗਿਆ। ਰੂਬਰੂ ਤਾਂ ਬਥੇਰੇ ਹੁੰਦੇ ਰਹਿੰਦੇ ਸਨ/ਹਨ, ਪਰ, ਜਸਵੰਤ ਸਿੰਘ ਕੰਵਲ ਦੀ ਪ੍ਰਧਾਨਗੀ ਵਿਚ, ਉਹਦੀ ਹਾਜ਼ਰੀ ਵਿਚ, ਉਹਦੀ ਜਨਮ-ਭੁਇੰ 'ਤੇ, ਉਹਦੇ ਹੱਥੀਂ ਬਣਾਏ ਕਾਲਜ ਵਿਚ ਮੈਂ ਓਥੇ ਹੋਵਾਂਗਾ, ਸੋਚ ਕੇ ਹੀ ਮਨ ਰੁਮਾਂਚਤ ਹੋ ਉੱਠਿਆ। ਮੈਂ ਗਿਆ। ਕੰਵਲ ਜੱਫੀ ਪਾ ਕੇ ਮਿਲਿਆ। ਮੈਂ ਝਕਦਾ, ਝਕਦਾ ਬੋਲਿਆ। ਜਿਨ੍ਹਾਂ ਨੂੰ ਪੜ੍ਹ ਕੇ ਤੁਸੀਂ ਲਿਖਣਾ ਸਿੱਖਿਆ ਹੋਵੇ, ਉਨ੍ਹਾਂ ਅੱਗੇ 'ਸਿਆਣਾ' ਬਣ ਕੇ ਆਪਣੇ ਬਾਰੇ ਫੜ੍ਹਾਂ ਮਾਰਨੀਆਂ ਕਿੰਨੀ ਹੌਲੀ ਤੇ ਹੋਛੀ ਗੱਲ ਹੈ। ਮੈਂ ਏਸੇ ਨਿਮਰਤਾ ਵਿਚ ਬੋਲਿਆ। ਉਹ ਸਾਰੀਆਂ ਗੱਲਾਂ, ਜਿਹੜੀਆਂ ਏਥੇ ਲਿਖੀਆਂ ਨੇ, ਕੰਵਲ ਦੀ ਹਾਜ਼ਰੀ ਵਿਚ ਆਖੀਆਂ। ਆਪਣੀ ਜ਼ਿੰਦਗੀ ਵਿਚ ਉਹਦੇ ਯੋਗਦਾਨ ਨੂੰ ਨਮਸਕਾਰ ਕੀਤੀ। ਮੈਂ ਗੱਲ ਖ਼ਤਮ ਕਰ ਕੇ ਬਹਿਣ ਲੱਗਾ ਤਾਂ ਕੰਵਲ ਉੱਠਿਆ ਤੇ ਪੂਰੇ ਜ਼ੋਰ ਨਾਲ ਘੁੱਟ ਕੇ ਜੱਫ਼ੀ ਪਾ ਲਈ। ਇਸ ਜੱਫ਼ੀ ਵਿਚ ਕੁਝ ਚਿਰ ਪਹਿਲਾਂ ਮਿਲਣ ਵੇਲੇ ਪਾਈ ਜੱਫ਼ੀ ਨਾਲੋਂ ਕਈ ਗੁਣਾਂ ਵੱਧ ਤੇਹੁ ਸੀ। ਜਿਵੇਂ ਕੋਈ ਬਾਪ ਆਪਣੇ ਬੱਚੇ ਦੀ ਪ੍ਰਾਪਤੀ 'ਤੇ ਖ਼ੁਸ਼ ਹੋ ਕੇ ਉਹਨੂੰ ਗਲ ਨਾਲ ਲਾ ਰਿਹਾ ਹੋਵੇ!



ਪ੍ਰੋਗਰਾਮ ਤੋਂ ਬਾਅਦ ਕੰਵਲ ਹੱਸ ਕੇ ਕਹਿੰਦਾ, "ਚੱਲ ਘਰ ਨੂੰ ਚੱਲਦੇ ਆਂ। ਫ਼ਕੀਰਾਂ ਦੀ ਝੁੱਗੀ ਵਿਚ ਵੀ ਚਰਨ ਪਾ ਛੱਡ।"

ਮੈਂ ਝੁਕ ਕੇ ਉਹਦੇ ਗੋਡਿਆਂ ਨੂੰ ਛੂਹ ਲਿਆ, "ਇੰਝ ਆਖ ਕੇ ਮੇਰੇ ਸਿਰ ਭਾਰ ਨਾ ਚੜ੍ਹਾਉ। ਮੈਂ ਤਾਂ ਤੁਹਾਡਾ ਬਣਾਇਆ, ਬਣਿਆਂ।"

ਅਸੀਂ ਕੰਵਲ ਦੇ ਬਾਹਰਲੇ ਘਰ ਗਏ। ਬੜੇ ਲੋਕਾਂ ਨੇ ਉਹ ਘਰ ਵੇਖਿਆ ਹੋਵੇਗਾ। ਪਰ ਮੇਰੇ ਲਈ ਤਾਂ ਇਹ ਮੱਕੇ ਦੇ ਹੱਜ ਦੀ ਨਿਆਈਂ ਸੀ। ਕੰਵਲ ਇਸ ਘਰ ਵਿਚ ਡਾ ਜਸਵੰਤ ਗਿੱਲ ਨਾਲ ਲਗਭਗ ਚਾਲੀ ਸਾਲ ਰਹਿੰਦਾ ਰਿਹਾ। ਪਤਾ ਨਹੀਂ ਕਿੰਨੇ ਕਰਮਾਂਵਾਲੇ ਪਾਠਕਾਂ/ਪ੍ਰਸੰਸਕਾਂ ਨੇ ਇਸ ਘਰ ਦੀ ਜ਼ਿਆਰਤ ਕੀਤੀ ਹੋਵੇਗੀ। ਉਹ ਕਮਰਾ ਵੇਖਿਆ। ਉਹ ਮੇਜ਼ ਤੇ ਕੁਰਸੀ ਵੇਖੇ ਜਿਨ੍ਹਾਂ 'ਤੇ ਬੈਠ ਕੇ ਉਹਨੇ ਅਜਿਹੀਆਂ ਲਿਖਤਾਂ ਲਿਖੀਆਂ, ਜਿਨ੍ਹਾਂ ਨੇ ਇਤਿਹਾਸ ਸਿਰਜ ਦਿੱਤਾ।

ਕੁਝ ਸਾਲ ਹੋਏ, ਮੈਂ ਇੰਟਰਨੈਟ 'ਤੇ ਇੱਕ ਤਸਵੀਰ ਵੇਖੀ; ਕੰਵਲ ਆਪਣੀ 'ਇਤਿਹਾਸਕ ਲਿਖਣ ਕੁਰਸੀ' 'ਤੇ ਬੈਠਾ ਹੈ ਤੇ ਉਹਦੇ ਹੱਥ ਵਿਚ ਮੇਰੀਆਂ ਉਦੋਂ ਤੱਕ ਛਪੀਆਂ ਕੁੱਲ ਕਹਾਣੀਆਂ ਦੀ ਪੁਸਤਕ, 'ਤਿਲ-ਫੁੱਲ' ਫੜੀ ਹੋਈ ਹੈ। ਉਹ ਸੱਚਮੁੱਚ ਮੇਰੀ ਕਿਤਾਬ ਪੜ੍ਹ ਰਿਹਾ ਸੀ। ਇਸ ਤਸਵੀਰ ਬਾਰੇ ਸੁਮੇਲ ਸਿੰਘ ਸਿੱਧੂ ਨੇ ਰਹੱਸ-ਉਦਘਾਟਨ ਕੀਤਾ। ਕਹਿੰਦਾ, "ਕੁਝ ਸਾਲ ਪਹਿਲਾਂ ਮੈਂ ਕੰਵਲ ਸਾਹਿਬ ਨੂੰ ਮਿਲਣ ਉਨ੍ਹਾਂ ਦੇ ਕਮਰੇ ਵਿਚ ਦਾਖ਼ਲ ਹੋਇਆ ਤਾਂ ਉਹ ਤੁਹਾਡੀ ਕਿਤਾਬ ਪੜ੍ਹ ਰਹੇ ਸਨ। ਮੈਂ ਇਸ ਦ੍ਰਿਸ਼ ਨੂੰ ਕੈਪਚਰ ਕਰਨਾ ਚਾਹੁੰਦਾ ਸਾਂ। ਮੈਨੂੰ ਵੇਖ ਕੇ ਉਹ ਹਿੱਲ ਜਾਂ ਉੱਠ ਨਾ ਪੈਣ; ਮੈਂ ਕਿਹਾ, 'ਬੱਸ, ਇੰਝ ਹੀ ਬੈਠੇ ਰਹੋ। ਮੈਂ ਇੱਕ ਤਸਵੀਰ ਬਣਾ ਲਵਾਂ।"

ਤੁਸੀਂ ਜਿਸ ਲੇਖਕ ਦੀਆਂ ਕਿਤਾਬਾਂ ਪੜ੍ਹਦੇ ਜਵਾਨ ਹੋਏ ਹੋਵੋਂ, ਜਿਸਦਾ ਨਵਾਂ ਨਾਵਲ ਖ਼ਰੀਦਣ ਲਈ ਵੀਹ ਮੀਲ ਦੂਰ ਆਪਣੇ ਪਿੰਡੋਂ ਚੱਲ ਕੇ ਅੰਬਰਸਰ ਦੇ 'ਦਰਬਾਰ ਪਬਲਿਸ਼ਿੰਗ ਹਾਊਸ' ਦੇ ਗੇੜੇ ਕੱਢਦੇ ਰਹੇ ਹੋਵੋਂ, ਜਿਸ ਨੂੰ ਮਿਲਣਾ ਤੁਸੀਂ ਕਦੀ ਸੁਪਨਿਆਂ ਵਿਚ ਚਿਤਵਿਆ ਹੋਵੇ ਤੇ ਜਿਸ ਦੇ ਨਾਵਲ ਤੁਸੀਂ ਸਿਰਹਾਣੇ ਰੱਖ ਕੇ ਸੌਂਦੇ ਰਹੇ ਹੋਵੋਂ, ਉਹ ਮਹਾਨ ਲੇਖਕ ਪੜ੍ਹਨ ਲਈ ਤੁਹਾਡੀ ਕਿਤਾਬ ਆਪਣੇ ਮੇਜ਼ 'ਤੇ ਰੱਖਦਾ ਹੋਵੇ ਤੇ ਪੜ੍ਹ ਵੀ ਰਿਹਾ ਹੋਵੇ, ਇਹ ਕਲਪਨਾ ਕਰ ਕੇ ਹੀ ਬੰਦਾ ਧਰਤੀ ਤੋਂ ਗਿੱਠ ਉੱਚਾ ਹੋ ਕੇ ਤੁਰਨ ਨਾ ਲੱਗ ਪਵੇ!

ਇਸਤੋਂ ਅੱਗੇ ਸੁਮੇਲ ਨੇ ਇਹ ਦੱਸ ਕੇ ਤਾਂ ਮੈਨੂੰ ਸਤਵੇਂ ਅਸਮਾਨ 'ਤੇ ਚਾੜ੍ਹ ਦਿੱਤਾ; ਕਹਿੰਦਾ, "ਇੱਕ ਦਿਨ ਮੈਂ ਮੌਜ ਵਿਚ ਉਨ੍ਹਾਂ ਨਾਲ ਨਿੱਕੇ ਨਿੱਕੇ ਸਵਾਲ ਕਰ ਕੇ ਉਨ੍ਹਾਂ ਦੀ ਰਾਇ ਜਾਣਨੀ ਚਾਹ ਰਿਹਾ ਸਾਂ। ਮੈਂ ਸਹਿਵਨ ਪੁੱਛ ਲਿਆ, "ਆਪਣੇ ਤੋਂ ਬਾਅਦ ਕੋਈ ਲੇਖਕ ਤੁਹਾਨੂੰ ਪਸੰਦ ਹੋਵੇ?"

**ਸੁਮੇਲ ਦੱਸਦਾ ਹੈ, "ਇਨ੍ਹਾਂ ਦਿਨਾਂ ਵਿਚ ਉਨ੍ਹਾਂ ਦੀ ਯਾਦਦਾਸ਼ਤ ਕੁਝ ਧੁੰਦਲੀ ਪੈਂਦੀ ਜਾ ਰਹੀ ਸੀ। ਉਨ੍ਹਾਂ ਨੇ ਪੰਜ ਕੁ ਸੈਕਿੰਡ ਆਪਣੀ ਯਾਦ ਨੂੰ ਟਟੋਲਿਆ ਤੇ ਸਹਿਵਨ ਹੀ ਉਨ੍ਹਾਂ ਦੇ ਮੂੰਹੋਂ ਪਹਿਲਾ ਨਾਂ ਨਿਕਲਿਆ, "ਉਹ...ਆਪਣਾ ਵਰਿਆਮ"**

ਸੁਮੇਲ ਨੇ ਦੋਬਾਰਾ ਪੁੱਛਿਆ, "ਕੋਈ ਹੋਰ?"

ਉਹ ਨਾਂ ਯਾਦ ਕਰਨ ਲਈ ਜ਼ਿਹਨ 'ਤੇ ਜ਼ੋਰ ਪਾਉਣ ਲੱਗਾ। ਕੋਸ਼ਿਸ਼ ਕਰਨ 'ਤੇ ਵੀ ਨਾਂ ਤਾਂ ਉਨ੍ਹਾਂ ਨੂੰ ਯਾਦ ਨਾ ਆਇਆ, ਪਰ ਪੰਦਰਾਂ ਕੁ ਸੈਕਿੰਡ ਤੋਂ ਬਾਅਦ ਸੱਜੇ ਹੱਥ ਨੂੰ ਉਤਾਂਹ ਚੁੱਕ ਕੇ ਇਸ਼ਾਰਾ ਕੀਤਾ, "ਉਹ ਆਪਣਾ ਦਿੱਲੀ ਵਾਲਾ, ਕੀ ਨਾਂ ਉਹਦਾ?"

"ਗੁਰਬਚਨ ਸਿੰਘ ਭੁੱਲਰ?"

"ਹਾਂ, ਹਾਂ, ਭੁੱਲਰ।"

ਇਸ ਤੋਂ ਬਾਅਦ ਉਨ੍ਹਾਂ ਨੇ ਹੋਰ ਕਿਸੇ ਦਾ ਨਾਂ ਨਹੀਂ ਲਿਆ। ਸੁਮੇਲ ਕਹਿੰਦਾ, "ਮੇਰੀ ਹੈਰਾਨੀ ਦੀ ਹੱਦ ਨਾ ਰਹੀ। ਉਨ੍ਹਾਂ ਤੋਂ ਬਾਅਦ ਕਿੰਨੇ ਵੱਡੇ ਲੇਖਕ ਹੋਏ ਤੇ ਹੈਨ, ਪਰ ਨਾਂ ਉਨ੍ਹਾਂ ਨੇ ਦੋ ਹੀ ਲਏ ਤੇ ਉਹ ਵੀ ਕਿਸੇ ਨਾਵਲਕਾਰ ਜਾਂ ਸ਼ਾਇਰ ਦੇ ਨਹੀਂ। ਦੋਵੇਂ ਨਾਂ ਕਹਾਣੀਕਾਰਾਂ ਦੇ!"

ਮੇਰੇ ਬਾਰੇ ਕੰਵਲ ਦੀ ਇਸ ਰਾਇ ਅੱਗੇ ਹੁਣ ਤੱਕ ਮਿਲੇ ਸਾਰੇ ਇਨਾਮ-ਸਨਮਾਨ ਹੇਚ ਹਨ।

ਉਂਝ ਕੰਵਲ ਨੇ ਮੈਨੂੰ 'ਢੁੱਡੀਕੇ ਪੁਰਸਕਾਰ' ਦੇ ਕੇ ਵੀ ਮਾਣ ਬਖ਼ਸ਼ਿਆ।

**'ਢੁਡੀਕੇ ਪੁਰਸਕਾਰ' ਦੇਣਾ ਤਾਂ ਇੱਕ ਮੁਹੱਬਤੀ ਸੰਕੇਤ ਸੀ ਪਰ ਮੇਰੇ ਵਾਸਤੇ 21-10-2001 ਨੂੰ ਨੀਲੇ ਲਿਫ਼ਾਫ਼ੇ ਤੇ ਲਿਖੇ ਖ਼ੂਬਸੂਰਤ ਸ਼ਬਦਾਂ ਵਿਚੋਂ ਕੰਵਲ ਦੀ ਡੁੱਲ੍ਹ ਡੁੱਲ੍ਹ ਪੈਂਦੀ ਮੁਹੱਬਤ ਤੇ ਅਸੀਸ ਮੇਰਾ ਉਮਰ ਭਰ ਦਾ ਸਰਮਾਇਆ ਬਣ ਗਈ। ਉਸ ਚਿੱਠੀ ਵਿਚ ਉਸ ਨੇ ਹੀਰ ਤੇ ਕਾਜ਼ੀ ਦਾ ਸੰਵਾਦ ਸਿਰਜ ਕੇ ਅੱਜ ਕੱਲ੍ਹ ਦੇ ਪ੍ਰੋਫ਼ੈਸਰਾਂ ਨੂੰ ਕਾਜ਼ੀਆਂ ਨਾਲ ਤੁਲਨਾਇਆ ਸੀ। ਜਿਹੜੇ 'ਕਾਜ਼ੀ' ਫ਼ਤਵੇ ਦੇਂਦੇ ਨੇ, ਪਰ ਮੁਹੱਬਤਾਂ ਦੇ ਕਦਰਦਾਨ ਨਹੀਂ ਹੁੰਦੇ।**

ਚਿੱਠੀ ਦੇ ਅਖ਼ੀਰ ਤੇ ਸਿੱਧਾ ਮੈਨੂੰ ਲਿਖਿਆ:

"ਨੋਟ: ਪ੍ਰੋਫ਼ੈਸਰ ਵੀ ਕਾਜ਼ੀਆਂ ਵਰਗੇ ਹੀ ਹੁੰਦੇ ਐ। ਉਂ ਤੇਰੀ ਖ਼ੈਰ ਮੰਗਦਾਂ। ਉਮਰ ਵਾਲਾ ਹੋਵੇਂ ਤਾਂ ਜੋ ਖ਼ੁਸ਼ੀ ਤੇ ਸੁਗੰਧੀ ਵੰਡ ਸਕੇਂ।

ਜਾਹ, ਤੇਰੀਆਂ ਸੱਤੇ ਕੁਲ਼ਾਂ ਤਾਰੀਆਂ!
ਸਾਈਂ-ਜਸਵੰਤ ਸਿੰਘ ਕੰਵਲ"

-ਮੇਰੇ ਲਈ ਇਸ ਤੋਂ ਵੱਡਾ ਤੁਹਫ਼ਾ ਹੋਰ ਕੀ ਹੋ ਸਕਦਾ ਏ! ਹਜ਼ਾਰਾਂ ਇਨਾਮ-ਸਨਮਾਨ ਇਸਤੋਂ ਵਾਰ ਘੱਤਾਂ!

ਪਤਾ ਨਹੀਂ ਬਾਬਾ ਕਿਹੜੀ ਮੌਜ ਵਿਚ ਬੈਠਾ ਹੋਵੇਗਾ, ਜਦੋਂ ਉਹਦੇ ਮਨ ਵਿਚ ਮੈਨੂੰ ਹੀ, ਆਪਣੇ ਰੂਹ ਤੱਕ ਪਿਆਰੇ ਨੂੰ ਹੀ, ਬਿਨਾ ਕਿਸੇ ਖ਼ਾਸ ਸਬੱਬ ਦੇ, ਇਹ ਚਿੱਠੀ ਲਿਖਣ ਦਾ ਖ਼ਿਆਲ ਆਇਆ ਹੋਵੇਗਾ। ਸ਼ਾਇਦ ਉਹਨੂੰ ਲੱਗਦਾ ਹੋਵੇਗਾ, ਜਿਹੜੀ ਰੜਕ ਤੇ ਮੜਕ ਉਹਦੇ ਸੁਭਾਅ ਦਾ ਹਿੱਸਾ ਰਹੀ ਏ, ਉਹਦਾ ਕੋਈ ਕਿਣਕਾ ਮਾਤਰ ਮੇਰੇ ਵਿਚ ਵੀ ਕਿਧਰੇ ਲਿਸ਼ਕ ਰਿਹਾ ਏ। ਤਾਂ ਹੀ ਤਾਂ ਮੇਰਾ ਪਤਾ ਲਿਖਦੇ ਸਮੇਂ ਲਿਖਿਆ:

ਵਰਿਆਮ ਸਿੰਘ ਸੰਧੂ ਪ੍ਰੋਫ਼ੈਸਰ, ਫੰਨੇ ਖਾਂ ਕਹਾਣੀਕਾਰ
ਖ਼ਾਲਸਾ ਕਾਲਜ ਲਾਇਲਪੁਰ।

***ਪਹਿਲੀ ਵਾਰ ਮੈਂ ਕੰਵਲ ਦੀ ਤਸਵੀਰ (ਸ਼ਾਇਦ) 1961-62 ਵਿਚ ਕਿਸੇ ਅਖ਼ਬਾਰ ਵਿਚ ਵੇਖੀ ਸੀ। ਇਹਦੇ ਨਾਲ ਕੰਵਲ ਦੇ ਨਵੇਂ ਛਪੇ ਨਾਵਲ 'ਹਾਣੀ' ਬਾਰੇ ਜਲੰਧਰ ਵਿਚ ਹੋਈ ਗੋਸ਼ਟੀ ਦਾ ਹਵਾਲਾ ਸੀ। ਇਸ ਗੋਸ਼ਟੀ ਵਿਚ ਸੋਹਨ ਸਿੰਘ ਜੋਸ਼, ਜਗਜੀਤ ਸਿੰਘ ਆਨੰਦ ਤੇ ਗੁਰਚਰਨ ਸਿੰਘ ਸਹਿੰਸਰਾ ਜਿਹੇ ਵਿਦਵਾਨਾਂ/ਆਲੋਚਕਾਂ ਨੇ ਕੰਵਲ ਦੀ ਹਾਜ਼ਰੀ ਵਿਚ ਉਹਦੇ ਨਾਵਲ ਦੀ 'ਮਿੱਟੀ ਪੁੱਟੀ' ਸੀ। ਬੜੀ ਤਿੱਖੀ ਆਲੋਚਨਾ ਕੀਤੀ ਸੀ! ਮੈਨੂੰ ਪੜ੍ਹ ਕੇ ਬੜਾ ਗੁੱਸਾ ਲੱਗਾ। ਮੇਰੇ ਮਨ-ਭਾਉਂਦੇ ਲੇਖਕ ਦੀ ਲਿਖਤ ਵਿਚ ਕੋਈ ਨੁਕਸ ਕਿਵੇਂ ਕੱਢ ਸਕਦਾ ਹੈ! ਮੇਰੇ ਰੋਸੇ ਨੂੰ ਕਿਸੇ ਅਖ਼ਬਾਰ ਨੇ ਤਾਂ ਛਾਪਣਾ ਨਹੀਂ ਸੀ, ਪਰ, ਮੈਂ ਆਪਣੀ ਕਹਾਣੀਆਂ ਲਿਖਣ ਵਾਲੀ ਕਾਪੀ 'ਤੇ ਜ਼ਿੰਦਗੀ ਵਿਚ ਪਹਿਲੀ ਵਾਰ ਕੋਈ 'ਆਲੋਚਨਾਤਮਕ ਟਿੱਪਣੀ' ਲਿਖ ਕੇ ਕੰਵਲ ਦੇ ਨਾਵਲ ਦੀ ਕੀਤੀ ਗਈ 'ਬੇਕਿਰਕ' ਆਲੋਚਨਾ ਦੀ 'ਆਲੋਚਨਾ' ਕੀਤੀ। ਉਹ ਕਾਪੀ ਮੈਂ ਹੁਣ ਤੱਕ ਸਾਂਭੀ ਹੋਈ ਹੈ।***

ਪੰਜਾਬੀ ਅਕਾਦਮੀ ਦੀਆਂ ਚੋਣਾਂ ਸਨ। ਕੰਵਲ ਬੈਂਚ 'ਤੇ ਬੈਠਾ ਸੀ। ਲੇਖਕ ਆਉਂਦੇ, ਗੋਡਿਆਂ ਨੂੰ ਹੱਥ ਲਾਉਂਦੇ, ਫੋਟੋ ਖਿਚਵਾਉਂਦੇ।

ਮੈਂ ਕੋਲ ਗਿਆ। ਨਮਸਕਾਰ ਕੀਤੀ। ਹਾਲ-ਚਾਲ ਪੁੱਛਿਆ।

ਕੰਵਲ ਗੜ੍ਹਕਵੀਂ ਆਵਾਜ਼ ਵਿਚ ਬੋਲਿਆ, "ਮੈਂ ਤਾਂ ਹੁਣ ਮਰ ਈ ਜਾਣੈਂ। ਪਰ ਤੂੰ 'ਜਿਊਂਦਾ' ਰਹੀਂ।"

ਪੰਜਾਬ ਦੀ ਇਹ ਜਿਊਂਦੀ-ਜਾਗਦੀ ਸਵੈ-ਮਾਣ ਭਰੀ ਆਵਾਜ਼ ਸੀ। ਵੰਗਾਰਦੀ ਹੋਈ। ਰੜਕ ਤੇ ਮੜਕ ਜਿਊਂਦੀ ਰੱਖਣ ਲਈ ਲਲਕਾਰਦੀ ਹੋਈ। ਇਹ ਵੰਗਾਰ ਮੈਨੂੰ ਹੀ ਨਹੀਂ, ਸਾਰੀ ਅਗਲੀ ਪੀੜ੍ਹੀ/ਪੀੜ੍ਹੀਆਂ ਨੂੰ ਸੀ। ਮੇਰੇ 'ਤੇ ਸ਼ਾਇਦ ਉਹਨੂੰ ਵੱਧ ਭਰੋਸਾ ਸੀ। ਉਹ ਆਪਣੀ ਦੌੜ ਖ਼ਤਮ ਕਰਨ ਤੋਂ ਪਹਿਲਾਂ ਚਾਹੁੰਦਾ ਸੀ ਕਿ ਮੈਂ ਉਹਦੇ ਹੱਥੋਂ 'ਬੈਟਨ' ਫੜ ਕੇ ਅਗਲੀ ਦੌੜ ਦੌੜਨ ਲਈ ਤਿਆਰ ਰਹਾਂ।

\ਕਿਸੇ ਦਾ ਤਾਂ ਪਤਾ ਨਹੀਂ, ਪਰ ਬਾਪੂ! ਤੇਰੀ ਅਸੀਸ ਮੇਰੇ ਨਾਲ ਰਹੀ ਤਾਂ ਮੈਂ ਸਦਾ 'ਜਿਊਂਦਾ' ਰਹਿਣ ਦਾ ਯਤਨ ਕਰਾਂਗਾ। ਤੇਰੀ ਦਿੱਤੀ ਸਥਾਪਤ-ਵਿਰੋਧੀ ਰੜਕ ਤੇ ਮੜਕ ਮਰਨ ਨਹੀਂ ਦਿੰਦਾ!

ਕੰਵਲ ਨਾਲ ਕਈਆਂ ਦੇ ਵਿਚਾਰਧਾਰਕ ਮੱਤਭੇਦ ਨੇ। ਹੋਣਗੇ। ਮੇਰੇ ਵੀ ਨੇ। ਪਰ ਮੁਲਕ ਅਤੇ ਪੰਜਾਬ ਦਾ ਫ਼ਿਕਰ ਜਿਵੇਂ ਉਹਨੂੰ ਸੀ, ਕਿੰਨੇ ਕੁ ਲੇਖਕਾਂ ਕੋਲ ਪੰਜਾਬ ਦਾ ਉਹ ਫ਼ਿਕਰ, ਜ਼ਿਕਰ ਤੇ ਦਰਦ ਹੈ!

ਮੇਰੇ ਹਿੱਸੇ ਦਾ ਕੰਵਲ ਸਥਾਪਤੀ ਦੇ ਧੱਕੇ, ਧੋਖੇ ਤੇ ਜ਼ੁਲਮ ਨਾਲ ਲੜਨ ਵਾਲਾ ਕੰਵਲ ਹੈ। ਇਹ ਕੰਵਲ ਕਦੀ ਨਹੀਂ ਮਰਨ ਵਾਲਾ। ਇਹ ਕੰਵਲ ਸਦਾ ਜਿਊਂਦਾ ਹੈ।

——

ਜਾਹ, ਤੇਰੀਆਂ ਸੱਤੇ ਕੁਲ਼ਾਂ ਤਾਰੀਆਂ!

ਮੇਰੀਆਂ ਸੱਤੇ ਕੁਲ਼ਾਂ ਤਾਰਨ ਦੀ ਅਸੀਸ ਦਿੰਦੀ ਜਿਹੜੀ ਚਿੱਠੀ ਕੰਵਲ ਨੇ ਮੈਨੂੰ ਲਿਖੀ ਸੀ, ਉਹਦਾ ਮੁਕੰਮਲ ਉਤਾਰਾ ਹੇਠਾਂ ਦਰਜ ਹੈ। ਇਹ ਅਸੀਸ ਉਸ ਅੰਦਰੋਂ ਮੇਰੇ ਲਈ ਡੁੱਲ੍ਹ ਡੁੱਲ੍ਹ ਪੈਂਦੇ ਸਨੇਹ ਦਾ ਆਪ-ਮੁਹਾਰਾ ਪ੍ਰਗਟਾਵਾ ਹੈ।

ਇੱਕ ਟਾਕਰਾ

ਇੱਕ ਵਾਰ ਹੀਰ ਰਾਂਝੇ ਦਾ ਭੱਤਾ ਲਈ ਵਾਹੋ-ਦਾਹੀ ਬੇਲੇ ਨੂੰ ਜਾ ਰਹੀ ਸੀ। ਰਾਹ ਵਿਚ ਕਾਜ਼ੀ ਅਮਾਮਦੀਨ ਦਰਖ਼ਤ ਦੀ ਛਾਂਵੇਂ ਨਮਾਜ਼ ਪੜ੍ਹ ਰਿਹਾ ਸੀ। ਹੀਰ ਦੇ ਭਾਰੇ ਘੱਗਰੇ ਦਾ ਪੱਲਾ ਵਿਸਰ ਭੋਲ ਕਾਜ਼ੀ ਵਿਚ ਵੱਜ ਗਿਆ। ਕਾਜ਼ੀ ਦਾ ਗੁੱਸਾ ਇਕਦਮ ਭੜਕ ਪਿਆ।

"ਇਹ ਚੂਚਕ ਛੋਹਰੀ ਮੇਰੀ ਨਮਾਜ਼ ਕਜ਼ਾ ਕਰ ਗਈ? ਹੱਛਾ, ਮੁੜ ਲੈਣ ਦੇ।"

ਬੇਲੇ ਜਾ ਕੇ ਹੀਰ ਨੇ ਰਾਂਝੇ ਨੂੰ ਚੂਰੀ ਖੁਆਈ ਤੇ ਹਾਣੀ ਤੋਂ ਭੋਰੇ ਖੋਹ ਖੋਹ ਖਾਧੇ।

ਦਰਸ਼ਨ ਪਾ ਨਿਹਾਲ-ਨਿਹਾਲ ਹੋਈ। ਉਤਸ਼ਾਹ ਭਰੀ ਖ਼ੁਸ਼ੀ, ਮਸਤ-ਮਸਤ ਵਾਪਸ ਮੁੜ ਪਈ। ਕਾਜ਼ੀ ਕੁੜੀ ਨੂੰ ਆਉਂਦੀ ਵੇਖ, ਰੋਹ ਵਿਚ ਉੱਠ ਕੇ ਖਲੋ ਗਿਆ, ਪਰ ਪੂਰਾ ਔਖਾ।

"ਤੂੰ ਸੁਣ ਹੀਰੇ ਮਹਿਰੇ! ਮੇਰੀ ਨਮਾਜ਼ ਕਾਫ਼ਰੇ ਕਿਉਂ ਕਜ਼ਾ ਕਰ ਗਈ ਸੀ?"

"ਕਦੋਂ ਕਾਜ਼ੀ ਸਾਅਬ?" ਹੈਰਾਨ ਪ੍ਰੇਸ਼ਾਨ ਹੋਈ ਹੀਰ ਨੇ ਸਤਿਕਾਰ ਦੇਂਦਿਆਂ ਪੁੱਛਿਆ।

"ਝੱਟ ਹੋਇਆ, ਜਦੋਂ ਤੂੰ ਬੇਲੇ ਨੂੰ ਜਾ ਰਹੀ ਸੀ।"

"ਨਾਂ ਕਾਜ਼ੀ ਸਾਅਬ! ਮੈਂ ਤਾਂ ਤੁਹਾਨੂੰ ਡਿੱਠਾ ਹੀ ਨਹੀਂ।"

"ਮੈਂ ਐਥੇ ਨਮਾਜ਼ ਪੜ੍ਹ ਰਿਹਾ ਸੀ ਤੇ ਤੂੰ ਰਾਂਝੇ ਦਾ ਭੱਤਾ ਚੁੱਕੀ ਹਨੇਰੀ ਵਾਂਗ ਵਗੀ ਜਾ ਰਹੀ ਸੀ।"

"ਗਈ ਮੈਂ ਜ਼ਰੂਰ ਆਂ ਕਾਜ਼ੀ ਸਾਅਬ, ਪਰ ਕਸਮ ਰੱਬੇਟੇ ਪੀਰ ਦੀ, ਮੈਂ ਤੁਹਾਨੂੰ ਨਹੀਂ ਵੇਖਿਆ।"

"ਕਿਉਂ ਕੁਫ਼ਰ ਤੋਲਦੀ ਏਂ। ਪਰ ਵੇਖਦੀ ਕਿਵੇਂ, ਤੂੰ ਤਾਂ ਰਾਂਝੇ ਦੇ ਇਸ਼ਕ ਵਿਚ ਅੰਨ੍ਹੀ ਹੋਈ ਹੋਈ ਸੀ।"

"ਬਿਲਕੁਲ, ਉਹਦੀ ਲਗਨ ਵਿਚ ਪੱਕੀ ਅੰਨ੍ਹੀ, ਕਾਜ਼ੀ ਅਮਾਮਦੀਨ ਜੀ, ਮੈਨੂੰ ਓਦੋਂ ਕੇਵਲ ਰਾਂਝਾ ਹੀ ਦਿਸਦਾ ਸੀ, ਹੋਰ ਕੋਈ ਨਹੀਂ। ਤੁਹਾਡਾ ਇਸ਼ਕ ਪੱਕਾ ਹੁੰਦਾ, ਤੁਹਾਨੂੰ ਵੀ ਖ਼ੁਦਾ ਦਿਸਦਾ। ਤੁਹਾਡੀ ਨਿਗਾਹ ਤਾਂ ਐਧਰ-ਓਧਰ ਭਟਕਦੀ ਫਿਰਦੀ ਸੀ, ਖ਼ੁਦਾ ਕਿੱਥੋਂ ਮਿਲਦਾ?" ਹੀਰ ਮਨ ਦੀ ਭਰਪੂਰ ਤਸੱਲੀ ਨਾਲ ਕਹਿ ਗਈ।

"ਨਾਅਮਾਕੂਲ! ਬੇਸ਼ਰਮ!! ਪੱਕੇ ਸ਼ਰਈ ਦੀ ਨਿਗਾਹ ਭਟਕਦੀ ਫਿਰਦੀ ਆਖਦੀ ਏਂ, ਆਪਣੇ ਅਵਾਰਾ ਤੇ ਕਾਫ਼ਰ ਇਸ਼ਕ ਨੂੰ ਸੰਭਾਲਦੀ ਨਹੀਂ।" ਛਿੱਥਾਂ ਪਿਆ ਅਮਾਮਦੀਨ ਤਾਹਨਿਆਂ ਮਿਹਣਿਆਂ ਤੇ ਉਤਰ ਆਇਆ।

"ਕਾਜ਼ੀ ਜੀ! ਕੱਚਿਆਂ-ਪੱਕਿਆਂ ਵਿਚ ਡਾਢਾ ਫ਼ਰਕ ਆਹਾ। ਪੱਕੇ ਪਾਰ ਲਾਉਂਦੇ ਐ, ਕੱਚੇ ਅੱਧ ਵਿਚਕਾਰੇ ਧੋਖਾ ਦੇਂਦੇ ਐ। ਜਿਨ੍ਹਾਂ ਨੂੰ ਲੱਗੀ ਤੋੜ ਦੀ" ਹੀਰ ਦੋਵੇਂ ਹੱਥ ਉਤਾਂਹ ਚੁੱਕਦੀ ਅਗਾਂਹ ਵਧ ਗਈ। ਕਾਜ਼ੀ ਮੂੰਹ ਅੱਡੀ ਵੇਖਦਾ ਈ ਰਹਿ ਗਿਆ।

ਨੋਟ: ਪ੍ਰੋਫ਼ੈਸਰ ਵੀ ਕਾਜ਼ੀਆਂ ਵਰਗੇ ਹੀ ਹੁੰਦੇ ਐ।

ਉਂ ਤੇਰੀ ਖ਼ੈਰ ਮੰਗਦਾ ਆਂ। ਉਮਰ ਵਾਲਾ ਹੋਵੇਂ ਤਾਂ ਜੋ ਖ਼ੁਸ਼ੀਆਂ ਤੇ ਸੁਗੰਧੀ ਵੰਡ ਸਕੇਂ।

ਜਾਹ, ਤੇਰੀਆਂ ਸੱਤੇ ਕੁਲ੍ਹਾਂ ਤਾਰੀਆਂ!
ਸਾਈਂ -ਜਸਵੰਤ ਸਿੰਘ ਕੰਵਲ
ਪਤਾ: ਵਰਿਆਮ ਸਿੰਘ ਸੰਧੂ ਪ੍ਰੋਫ਼ੈਸਰ, ਫੰਨੇ ਖਾਂ ਕਹਾਣੀਕਾਰ
ਖ਼ਾਲਸਾ ਕਾਲਜ ਲਾਇਲਪੁਰ
ਜਲੰਧਰ।

# ਐਮਰਜੈਂਸੀ, ਮੀਸਾ ਅਤੇ ਜੇਲ੍ਹ



**ਰਵਿੰਦਰ ਸਹਿਰਾਅ**
ਫੋਨ: 001-717-575-7529

ਅੰਬਰਸਰ ਦੇ ਇੰਟੈਰੋਗੇਸ਼ਨ ਸੈਂਟਰ ਵਿਚ ਇਕ ਹਫ਼ਤੇ ਦੇ ਰਿਮਾਂਡ ਤੋਂ ਬਾਅਦ ਮੈਨੂੰ ਅਤੇ ਕਮਲਜੀਤ ਵਿਰਕ ਨੂੰ ਸਬ-ਜੇਲ੍ਹ ਕਪੂਰਥਲਾ ਵਿਚ ਲਿਆਂਦਾ ਗਿਆ। ਫ਼ਰਵਰੀ 1976 ਦਾ ਇਹ ਦੂਜਾ ਹਫ਼ਤਾ ਸੀ। ਕਹਿਰਾਂ ਦੀ ਠੰਢ। ਦੂਜੇ ਦੋ ਸਾਥੀਆਂ ਨੂੰ ਉਨ੍ਹਾਂ ਦੇ ਜ਼ਿਲ੍ਹਿਆਂ, ਬਿੱਕਰ ਕੰਮੇਆਣਾ ਨੂੰ ਫ਼ਰੀਦਕੋਟ ਅਤੇ ਜਸਜੀਤ ਖਹਿਰਾ ਨੂੰ ਅੰਮ੍ਰਿਤਸਰ ਦੀਆਂ ਜੇਲ੍ਹਾਂ ਵਿਚ ਭੇਜ ਦਿੱਤਾ ਗਿਆ।

ਬਾਅਦ ਦੁਪਹਿਰ ਸਖ਼ਤ ਸੁਰੱਖਿਆ ਹੇਠ ਅਸੀਂ ਜੇਲ੍ਹ ਦੇ ਦਿਉ ਕੱਦ ਦਰਵਾਜ਼ੇ ਮੋਹਰੇ ਖੜ੍ਹੇ ਸਾਂ। ਪੁਲੀਸ ਇੰਚਾਰਜ ਨੇ ਛੋਟੀ ਖਿੜਕੀ ਖੜਕਾਈ ਤੇ ਅੰਦਰ ਖੜ੍ਹੇ ਗਾਰਦ ਨਾਲ ਗੱਲਬਾਤ ਤੋਂ ਪਿੱਛੋਂ ਸਾਨੂੰ ਇੱਕ-ਇਕ ਕਰ ਕੇ ਉਸ ਖਿੜਕੀ ਵਿਚੋਂ ਲੰਘਾ ਕੇ ਡਿਓੜੀ ਵਿਚ ਲਿਜਾਇਆ ਗਿਆ। ਖਿੜਕੀ ਬੰਦ ਕਰਨ ਤੋਂ ਬਾਅਦ ਸਾਡੀਆਂ ਹੱਥਕੜੀਆਂ ਖੋਲ੍ਹ ਦਿੱਤੀਆਂ ਗਈਆਂ। ਜੇਲ੍ਹ ਸੁਪਰਡੈਂਟ ਹਾਜ਼ਰ ਨਹੀਂ ਸੀ। ਸਾਨੂੰ ਉਸ ਦੇ ਦਫ਼ਤਰ ਵਿਚ ਬਿਠਾ ਕੇ ਕਾਗ਼ਜ਼ੀ ਕਾਰਵਾਈ ਕੀਤੀ ਗਈ। ਦੋ ਗਾਰਦ ਸਾਨੂੰ ਸਾਡੇ ਸੈੱਲ (ਕਮਰਾ) ਤੱਕ ਲੈ ਗਏ। ਇਹ ਕੋਈ ਸੱਤ ਫੁੱਟ ਚੌੜਾ ਤੇ ਦਸ ਫੁੱਟ ਲੰਮਾ ਸੀ। ਸਾਡੇ ਲਈ ਦੋ ਮੈਲੇ-ਕੁਚੈਲੇ ਗੱਦੇ ਤੇ ਦੋ ਮੁਸ਼ਕ ਮਾਰਦੇ ਕੰਬਲ ਵੀ ਲਿਆ ਕੇ ਦਿੱਤੇ।

ਕਮਲਜੀਤ ਵਿਰਕ ਸਾਡੇ ਸਾਰਿਆਂ ਤੋਂ ਛੋਟਾ ਸੀ। ਮਸਾਂ ਉੱਨੀ-ਵੀਹ ਸਾਲ ਦਾ। ਸਭ ਤੋਂ ਜ਼ਿਆਦਾ ਤਸ਼ੱਦਦ ਵੀ ਉਸ ਉੱਪਰ ਹੋਇਆ ਸੀ। ਉਸ ਦੇ ਪੈਰਾਂ ਦੀਆਂ ਤਲੀਆਂ ਦੋ ਇੰਚ ਤਕ ਸੁੱਜੀਆਂ ਹੋਈਆਂ ਸਨ, ਜਿਸ ਕਰਕੇ ਤੁਰਨਾ ਵੀ ਮੁਹਾਲ ਸੀ। ਦੋ ਬੰਦਿਆਂ ਦੇ ਸਹਾਰੇ ਨਾਲ ਆਹਿਸਤਾ-ਆਹਿਸਤਾ ਤੁਰਦਾ ਸੀ ਪਰ ਫੇਰ ਵੀ ਪੂਰੇ ਹੌਸਲੇ ਵਿਚ ਸੀ। ਸ਼ਾਮ ਨੂੰ ਸਾਨੂੰ ਦੋ-ਦੋ ਰੋਟੀਆਂ ਤੇ ਪਾਣੀ ਵਾਂਗ ਤਰਲ ਦਾਲ ਖਾਣ ਨੂੰ ਮਿਲੀ। ਰਾਤ ਦੀ ਡਿਊਟੀ ਕਰਦੇ ਇਕ ਗਾਰਡ, ਜਿਸ ਦਾ ਨਾਂ ਮੰਗਾ ਸਿੰਘ ਸੀ, ਨੇ ਸਾਡੇ ਨਾਲ ਬੜੀ ਹਮਦਰਦੀ ਦਿਖਾਈ। ਉਹ ਨਕੋਦਰ ਲਾਗਲੇ ਕਿਸੇ ਪਿੰਡ ਦਾ ਸੀ। ਉਸ ਨੇ ਸਾਨੂੰ ਦੱਸਿਆ ਕਿ ਅਕਾਲੀ ਦਲ ਵਲੋਂ ਜੇਲ੍ਹ ਭਰੋ ਮੋਰਚੇ ਅਧੀਨ ਦਸ-ਪੰਦਰਾਂ ਅਕਾਲੀ ਵਰਕਰ ਵੀ ਇੱਥੇ ਬੰਦ ਹਨ। ਕੱਲ੍ਹ ਉਹ ਤੁਹਾਨੂੰ ਮਿਲਣਗੇ। ਉਸ ਨੇ ਦੱਸਿਆ ਕਿ ਮੈਂ ਉਨ੍ਹਾਂ ਨੂੰ ਤੁਹਾਡੇ ਬਾਰੇ ਦੱਸ ਆਇਆ ਹਾਂ। ਉਸ ਨੇ ਸਾਨੂੰ ਹਰ ਸੰਭਵ ਮਦਦ ਕਰਨ ਦਾ ਭਰੋਸਾ ਵੀ ਦਿੱਤਾ। ਤਾੜਨਾ ਵੀ ਕੀਤੀ ਕਿ ਕਿਤੇ ਜੇਲ੍ਹਰ ਨੂੰ ਨਾ ਪਤਾ ਲੱਗੇ ਕਿਉਂਕਿ ਲੰਬੜਦਾਰ (ਪੁਰਾਣੇ ਕੈਦੀ) ਹਰ ਗੱਲ ਜੇਲ੍ਹ ਸੁਪਰਡੈਂਟ ਨੂੰ ਦੱਸਦੇ ਰਹਿੰਦੇ ਹਨ।

ਸਾਰੀ ਰਾਤ ਅਸੀਂ ਲਗਭਗ ਜਾਗਦਿਆਂ ਹੀ ਕੱਟੀ। ਇਕ ਤਾਂ ਕੁੱਟ ਕਾਰਨ ਹੱਡਾਂ-ਪੈਰਾਂ 'ਚੋਂ ਉੱਠਦੀਆਂ ਚੀਸਾਂ ਤੇ ਦੂਜੇ ਮੁਸ਼ਕ ਮਾਰਦੇ ਕੰਬਲ ਤੇ ਉੱਤੋਂ ਲੋਹੜੇ ਦੀ ਠੰਢ। ਪਰ ਇਸ ਆਸ ਨਾਲ ਕਿ ਸਵੇਰੇ ਅਸੀਂ ਆਮ ਕੈਦੀਆਂ ਅਤੇ ਅਕਾਲੀ ਵਰਕਰਾਂ ਨਾਲ ਗੱਲਬਾਤ ਕਰਾਂਗੇ ਤਾਂ ਵਕਤ ਸੌਖਾ ਨਿਕਲ ਜਾਏਗਾ, ਸਵੇਰ ਹੋਣ ਦੀ ਉਡੀਕ ਕਰਦੇ ਰਹੇ। ਸਵੇਰ ਹੋਈ ਤਾਂ ਸਾਡਾ ਗੇਟ ਖੜਕਾਇਆ ਗਿਆ। ਸਾਨੂੰ ਅੰਦਰ ਪਏ ਬਾਟੇ (ਕੌਲੇ) ਗੇਟ ਲਾਗੇ ਕਰਨ ਲਈ ਕਿਹਾ ਗਿਆ, ਜਿਸ ਵਿਚ ਉਨ੍ਹਾਂ ਚਾਹ ਦੀ ਸ਼ਕਲ ਵਰਗਾ ਗਰਮ ਪਾਣੀ ਪਾਇਆ। ਮਰਦਾ ਕੀ ਨਹੀਂ ਕਰਦਾ, ਅਸੀਂ ਉਸ ਨੂੰ ਸ਼ਰਬਤ ਵਾਂਗ ਪੀ ਲਿਆ ਤੇ ਦਿਲ ਨੂੰ ਕੁਛ ਧਰਵਾਸ ਆਇਆ। ਕੋਈ ਅੱਠ ਦਿਨਾਂ ਬਾਅਦ ਸਾਨੂੰ ਇਹ ਚਾਹ ਰੂਪੀ ਗਰਮ ਜਲ ਪੀਣ ਨੂੰ ਮਿਲਿਆ ਸੀ।

ਤਕਰੀਬਨ ਨੌਂ-ਦਸ ਵਜੇ ਸਾਰਿਆਂ ਦੇ ਗੇਟ ਖੋਲ੍ਹੇ ਗਏ। ਸਾਰੇ ਕੈਦੀ ਜੰਗਲ ਪਾਣੀ ਵਾਸਤੇ ਇਕ ਲੰਮੀ ਲਾਈਨ ਬਣਾ ਕੇ ਖੜ੍ਹ ਗਏ ਅਤੇ ਵਾਰੀ-ਵਾਰੀ ਟੱਟੀਖ਼ਾਨਿਆਂ ਵਿਚ ਵੜਨ ਲੱਗੇ। ਅਸੀਂ ਜਿੰਨੀ ਵੀ ਛੇਤੀ ਹੋ ਸਕਿਆ, ਉੱਥੋਂ ਨਿਕਲਣ ਦੀ ਕੋਸ਼ਿਸ਼ ਕੀਤੀ ਕਿਉਂਕਿ ਮੁਸ਼ਕ ਸੱਠ ਮੀਲ ਦੀ ਸਪੀਡ ਵਾਂਗ ਸਾਡੀਆਂ ਨਾਸਾਂ ਵਿਚ ਵੜ ਰਿਹਾ ਸੀ।

ਵਿਹਲੇ ਹੋ ਕੇ ਅਸੀਂ ਖੁੱਲ੍ਹੇ ਵਿਹੜੇ ਵਿਚ ਆ ਕੇ ਧੁੱਪ ਸੇਕਣ ਦੇ ਮਕਸਦ ਨਾਲ ਬੈਠ ਗਏ। ਸਾਹਮਣੇ ਇਕ ਵੱਡ ਆਕਾਰੀ ਰਸੋਈ ਵਿਚ ਲਾਂਗਰੀ ਵੱਡੇ-ਵੱਡੇ ਪਤੀਲਿਆਂ ਵਿਚ ਦਾਲ ਰਿੰਨ੍ਹ ਰਹੇ ਸਨ। ਉੱਡਦੀ ਭਾਫ਼ ਨਾਲ ਦਾਲ ਦੀ ਖ਼ੁਸ਼ਬੋ ਸਾਡੀ ਭੁੱਖ ਨੂੰ ਚਮਕਾ ਰਹੀ ਸੀ। ਅਕਾਲੀ ਵਰਕਰ ਸਾਡੇ ਦੁਆਲੇ ਆਣ ਇਕੱਠੇ ਹੋ ਗਏ। ਉਨ੍ਹਾਂ ਦੇ ਆਗੂ ਜਥੇਦਾਰ ਜੁਗਿੰਦਰ ਸਿੰਘ ਬਾਜਵਾ ਤੇ ਬਜ਼ੁਰਗ ਆਗੂ ਜਥੇਦਾਰ ਮੰਗਲ ਸਿੰਘ ਸਨ ਜਿਹੜੇ ਸੁਲਤਾਨਪੁਰ ਇਲਾਕੇ ਦੇ ਸਨ। ਉਨ੍ਹਾਂ ਸਾਡਾ ਹਾਲ-ਚਾਲ ਪੁੱਛਿਆ ਤੇ ਸਾਡੀ ਹਰ ਤਰ੍ਹਾਂ ਦੀ ਮਦਦ ਕਰਨ ਲਈ ਵੀ ਕਿਹਾ। ਸਾਰੇ ਪੁਲਿਸ ਦੀ ਬੇਰਹਿਮ ਕੁੱਟਮਾਰ ਦੀ ਨਿੰਦਿਆ ਕਰ ਰਹੇ ਸਨ। ਆਮ ਕੈਦੀ ਵੀ ਸਾਡੇ ਨਾਲ ਬੜੀ ਹਮਦਰਦੀ ਦਿਖਾ ਰਹੇ ਸਨ। ਨਾਲ ਹੀ ਤਰ੍ਹਾਂ-ਤਰ੍ਹਾਂ ਦੇ ਸੁਆਲ ਵੀ ਕਰ ਰਹੇ ਸਨ। ਉਹ ਹੈਰਾਨ ਸਨ ਕਿ ਅਸੀਂ ਤਾਂ ਕਾਲਜਾਂ ਦੇ ਵਿਦਿਆਰਥੀ ਹਾਂ, ਫਿਰ ਸਾਨੂੰ ਕਿਉਂ ਫੜਿਆ ਗਿਆ ਹੈ। ਅਸੀਂ ਕਿਹਾ, 'ਭਰਾਵੋ, ਹੌਲੀ-ਹੌਲੀ ਤੁਹਾਨੂੰ ਸਾਰੀ ਗੱਲਬਾਤ ਸਮਝਾਵਾਂਗੇ। ਹੁਣ ਅਸੀਂ 'ਪਤਾ ਨਹੀ' ਕਿੰਨਾ ਚਿਰ ਤੁਹਾਡੇ ਕੋਲ ਹੀ ਆਂ।'

ਜੇਲ੍ਹਾਂ ਵਿਚ ਕੈਦੀਆਂ ਦੀ ਵੀ ਕਲਾਸ ਬਣੀ ਹੁੰਦੀ ਹੈ। ਕਤਲ ਦੇ ਕੇਸਾਂ ਵਿਚ ਬੰਦ ਕੈਦੀ ਆਪਣੇ-ਆਪ ਨੂੰ ਬੜੇ ਫੰਨੇ ਖਾਂ ਸਮਝਦੇ ਹਨ। ਨਿੱਕੀਆਂ-ਮੋਟੀਆਂ ਚੋਰੀਆਂ-ਚਕਾਰੀਆਂ ਕਰਨ ਵਾਲੇ, ਜੇਬ ਕਤਰੇ ਜਾਂ ਸੱਤ ਇਕਵੰਜਾ ਕੇਸਾਂ ਵਿਚ ਬੰਦੀਆਂ ਨੂੰ ਉਹ ਹੇਠਲੇ ਦਰਜੇ ਦੇ ਨਿਕੰਮੇ ਸਮਝਦੇ ਹਨ। ਉਨ੍ਹਾਂ ਨਾਲ ਵਿਹਾਰ ਵੀ ਬੜਾ ਮਾੜਾ ਕਰਦੇ ਹਨ ਪਰ ਸਿਆਸੀ ਕੈਦੀਆਂ ਦੀ ਉਹ ਬਹੁਤ ਇੱਜ਼ਤ ਕਰਦੇ ਹਨ।

ਅਗਲੇ ਦਿਨ ਸਾਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ। ਸਾਡੇ 'ਤੇ ਡੀ.ਆਈ.ਆਰ. (ਡਿਫ਼ੈਂਸ ਆਫ਼ ਇੰਡੀਆ ਰੂਲ) ਲਾਇਆ ਗਿਆ ਸੀ। ਸਾਡਾ ਕੇਸ ਦੋ ਵੱਖ-ਵੱਖ ਮੈਜਿਸਟਰੇਟਾਂ ਨੂੰ ਸੌਂਪਿਆ ਗਿਆ। ਕਮਲਜੀਤ ਨੂੰ ਉਸ ਦੇ ਵੱਡੇ ਭਰਾ ਪ੍ਰੋ. ਹਰਬੰਸ ਸਿੰਘ ਵਿਰਕ ਤੇ ਕੁਝ ਹੋਰ ਮਿਲਣ ਆਏ ਹੋਏ ਸਨ। ਪ੍ਰੋ. ਭਾਜੀ ਨੇ ਉਸ ਦੀ ਪੈਰਵਾਈ ਲਈ ਸ਼ਹਿਰ ਦਾ ਇਕ ਨਾਮੀ ਵਕੀਲ ਮਿਸਟਰ ਪੁਰੀ ਹਾਇਰ ਕੀਤਾ ਹੋਇਆ ਸੀ। ਮੇਰੇ ਪਿੰਡੋਂ ਬੀਬੀ ਇਕੱਲੀ ਹੋਣ ਕਾਰਨ ਮਿਲਣ ਨਾ ਆ ਸਕੀ। ਸ਼ਾਇਦ ਉਸ ਨੂੰ ਪਤਾ ਹੀ ਨਹੀਂ ਲੱਗਿਆ ਸੀ ਕਿ ਸਾਨੂੰ ਕਪੂਰਥਲੇ ਲੈ ਆਂਦਾ ਹੈ। ਨਾਲੇ ਉਹਨੂੰ ਇਹ ਖ਼ਬਰ ਵੀ ਨਹੀਂ ਸੀ ਕਿ ਸਾਨੂੰ ਕਿੱਥੇ ਰੱਖਿਆ ਗਿਆ ਸੀ। ਖ਼ੈਰ... ਸਾਡੀ ਅਗਲੀ ਤਰੀਕ ਪੈ ਗਈ।

ਕਪੂਰਥਲਾ ਜੇਲ੍ਹ ਮੇਰੇ ਲਈ ਨਵੀਂ ਨਹੀਂ ਸੀ। 1974 ਵਿਚ ਜਦੋਂ ਅਸੀਂ ਖੇਤੀ ਇੰਸਪੈਕਟਰਾਂ ਦੀ ਹੜਤਾਲ ਦੇ ਹੱਕ ਵਿਚ ਫਗਵਾੜੇ ਰੈਲੀ ਕਰ ਰਹੇ ਸੀ ਤਾਂ ਸਾਨੂੰ ਪੰਜ-ਛੇ ਜਣਿਆਂ ਨੂੰ ਗ੍ਰਿਫ਼ਤਾਰ ਕਰਕੇ ਅਤੇ ਹਥਿਆਰਾਂ ਦਾ ਕੇਸ ਪਾ ਤਿੰਨ-ਚਾਰ ਮਹੀਨੇ ਇੱਥੇ ਰੱਖਿਆ ਗਿਆ ਸੀ। ਕਈ ਤਰੀਕਾਂ ਪੈਣ ਤੋਂ ਬਾਅਦ ਜਦੋਂ ਜੱਜ ਨੇ ਪੁਲਿਸ ਇੰਸਪੈਕਟਰ ਨੂੰ ਪੁੱਛਿਆ ਕਿ ਇਨ੍ਹਾਂ ਦੇ ਹਥਿਆਰ ਕਿੱਥੇ ਹਨ? ਤਾਂ ਉਸ ਕੋਲ ਕੋਈ ਜਵਾਬ ਨਹੀਂ ਸੀ। ਫਗਵਾੜੇ ਰਿਕਸ਼ਾ ਚਾਲਕ ਦੀ ਇਕ ਯੂਨੀਅਨ ਬਣੀ ਹੋਈ ਸੀ, ਜਿਸ ਦੇ ਪ੍ਰਧਾਨ ਐਡਵੋਕੇਟ ਮਿਸਟਰ ਆਜ਼ਾਦ ਸਨ। ਸਾਨੂੰ ਕਚਹਿਰੀ ਵਿਚ ਨਾਅਰੇ ਮਾਰਦੇ ਦੇਖ ਕੇ ਉਹ ਸਾਡੇ ਕੋਲ ਆਏ ਅਤੇ ਸਾਡਾ ਕੇਸ ਮੁਫ਼ਤ ਲੜਨ ਦੀ ਪੇਸ਼ਕਸ਼ ਕੀਤੀ। ਉਸ ਨੇ ਵੀ ਪੁਲਿਸ ਨੂੰ ਕਈ ਸਵਾਲ ਕੀਤੇ। ਅਸੀਂ ਵੀ ਜੱਜ ਨੂੰ ਕਿਹਾ, 'ਜੀ ਸਾਡੇ ਕੋਲ ਸਾਡੇ ਬੋਲ ਤੇ ਨਾਅਰੇ ਹੀ ਸਾਡਾ ਹਥਿਆਰ ਹੈ।' ਫਿਰ ਕੀ ਸੀ, ਉਸ ਨੇ ਪੁਲਿਸ ਨੂੰ ਝਾੜਾਂ ਪਾਈਆਂ ਤੇ ਸਾਨੂੰ ਰਿਹਾਅ ਕਰ ਦਿੱਤਾ।

ਪਿੰਡ ਅਸੀਂ ਦੋ ਗਾਵਾਂ ਪਾਲੀਆਂ ਹੋਈਆਂ ਸਨ। ਬੜੀਆਂ ਹੀ ਪਿਆਰੀਆਂ ਵਲੈਤਣ ਗਾਵਾਂ। ਕਾਲਜ ਤੋਂ ਆ ਕੇ ਮੈਂ ਉਨ੍ਹਾਂ ਦੀ ਦੇਖਭਾਲ ਕਰਦਾ ਸੀ। ਪਰ ਹੁਣ ਮੁਸ਼ਕਲ ਆਣ ਬਣੀ ਕਿ ਬੀਬੀ 'ਕੱਲੀ ਕਿਵੇਂ ਸੰਭਾਲੇ। ਸਾਡੇ ਪਿੰਡ ਦੇ ਇਕ ਦੋਸਤ ਮਰਹੂਮ ਗੁਰਦਿਆਲ (ਦਾਲਾ) ਜੋ ਸਾਡੀ ਨੌਜੁਆਨ ਭਾਰਤ ਸਭਾ ਦਾ ਸਰਗਰਮ ਮੈਂਬਰ ਸੀ, ਨੇ ਗਾਵਾਂ ਆਪਣੇ ਖੂਹ 'ਤੇ ਲੈ ਆਂਦੀਆਂ। ਪਰ ਉਹ ਵੀ ਕਿੰਨਾ ਕੁ ਚਿਰ ਸੰਭਾਲ ਸਕਦੇ ਸਨ। ਸਾਡਾ ਬਾਹਰ ਨਿੱਕਲਣਾ ਤਾਂ ਹੁਣ ਅਨਿਸ਼ਚਿਤ ਸੀ। ਗਾਈਆਂ ਦੇ ਦੁੱਧ-ਘਿਉ ਵੇਚ ਕੇ ਬੀਬੀ ਗੁਜ਼ਾਰਾ ਕਰ ਲੈਂਦੀ ਸੀ। ਸੋ ਆਖ਼ਰ ਉਨ੍ਹਾਂ ਨੂੰ ਵੇਚਣਾ ਪਿਆ। ਵੱਡੇ ਦੋਵੇਂ ਭਰਾ ਟਾਟਾ ਨਗਰ (ਬਿਹਾਰ) ਟਾਟਾ ਕੰਪਨੀ ਵਿਚ ਨੌਕਰੀ ਕਰਦੇ ਸਨ। ਉਹ ਮਾਤਾ ਨੂੰ ਤਾਂ ਸੌ ਰੁਪਏ ਮਹੀਨਾ ਭੇਜਦੇ ਰਹੇ ਪਰ ਮੇਰੀ ਮਦਦ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ। ਕਿਉਂਕਿ ਮੈਂ ਉਨ੍ਹਾਂ ਦੇ ਕਹਿਣ 'ਤੇ ਦਸਵੀਂ ਕਰਨ ਤੋਂ ਬਾਅਦ ਉੱਥੇ ਨੌਕਰੀ ਕਰਨਾ ਠੁਕਰਾ ਦਿੱਤਾ ਸੀ। ਦੂਜੇ ਇਕ ਹੋਰ ਮਾੜੀ ਘਟਨਾ ਵਾਪਰ ਗਈ। ਸਾਡੇ ਪਿੰਡ ਦਾ ਇਕ ਬਦਮਾਸ਼ ਕਿਸਮ ਦਾ ਬੰਦਾ ਸੀ। ਨਾਂ ਸੀ ਉਸ ਦਾ ਆਤਮਾ ਸਿੰਘ। ਉਸ ਨੇ ਸਾਡੀ ਪੈਲੀ 'ਤੇ ਕਬਜ਼ਾ ਕਰ ਲਿਆ। ਪਿੰਡ ਵਾਲਿਆਂ ਨੂੰ ਉਹ ਕਹਿੰਦਾ ਕਿ ਸ਼ਿੰਦੇ ਨੇ (ਪਿੰਡ ਦਾ ਛੋਟਾ ਨਾਂਅ) ਤਾਂ ਹੁਣ ਕਦੀ ਬਾਹਰ ਨਹੀਂ ਆਉਣਾ। ਪੁਲਿਸ ਵਾਲੇ ਵੀ ਉਸ ਕੋਲ ਉੱਠਦੇ-ਬੈਠਦੇ ਸਨ।

ਪੰਚਾਇਤ ਵੀ ਬੁਲਾਈ ਗਈ ਪਰ ਨਾ ਮੰਨਿਆ। ਬੀਬੀ ਬੜੀ ਪ੍ਰੇਸ਼ਾਨ ਸੀ। (ਬਾਅਦ ਵਿਚ ਅਸੀਂ ਜੇਲ੍ਹ ਤੋਂ ਬਾਹਰ ਆ ਕੇ ਬਲਦੇਵ ਤੇ ਹੋਰ ਸਾਥੀਆਂ ਦੀ ਮਦਦ ਨਾਲ ਜ਼ਮੀਨ ਛੁਡਵਾ ਲਈ ਸੀ।)

ਪਰ ਹੁਣ ਦੋ ਸਾਲਾਂ ਬਾਅਦ ਹਾਲਾਤ ਬਿਲਕੁਲ ਵੱਖਰੇ ਸਨ। ਜੇਲ੍ਹ ਸੁਪਰਡੈਂਟ ਦੀਆਂ ਨਜ਼ਰਾਂ ਵਿਚ ਅਸੀਂ ਖ਼ਤਰਨਾਕ ਕੈਦੀ ਸਾਂ। ਮਹੀਨੇ ਕੁ ਬਾਅਦ ਜਦੋਂ ਡਿਪਟੀ ਕਮਿਸ਼ਨਰ ਨੇ ਜੇਲ੍ਹ ਦਾ ਦੌਰਾ ਕੀਤਾ ਤਾਂ ਜੇਲ੍ਹ ਸੁਪਰਡੈਂਟ ਬੈਠਕ ਦੇ ਹਰ ਕਮਰੇ ਮੋਹਰੇ ਆ ਕੇ ਕੈਦੀਆਂ ਬਾਰੇ ਦੱਸ ਰਿਹਾ ਸੀ। ਜਦੋਂ ਸਾਡੇ ਸੈੱਲ ਦੇ ਸਾਹਮਣੇ ਆਇਆ ਤਾਂ ਉਸ ਨੇ ਅੰਗਰੇਜ਼ੀ ਵਿਚ



ਡੀ.ਸੀ. ਨੂੰ ਦੱਸਿਆ ਕਿ ਇਹ ਬਹੁਤ ਖ਼ਤਰਨਾਕ ਨੈਕਸਲਾਈਟ ਹਨ। ਇਸੇ ਕਰਕੇ ਇਨ੍ਹਾਂ ਨੂੰ ਵੱਖਰੇ ਸੈੱਲ ਵਿਚ ਬੰਦ ਕੀਤਾ ਗਿਆ ਹੈ। ਸਾਨੂੰ ਬੋਲਣ ਦਾ ਮੌਕਾ ਵੀ ਨਾ ਦਿੱਤਾ ਗਿਆ। ਐਮਰਜੈਂਸੀ ਦੌਰਾਨ ਸਿਆਸੀ ਲੋਕਾਂ ਤੋਂ ਇਲਾਵਾ ਵੱਡੀ ਗਿਣਤੀ ਵਿਚ ਸਮੱਗਲਰਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿਨ੍ਹਾਂ ਵਿਚੋਂ ਬਹੁਤੇ ਮਾੜੇ-ਮੋਟੇ ਨਸ਼ੇ ਵੇਚਣ ਵਾਲੇ ਅਤੇ ਨਾਲ ਹੀ ਕਾਂਗਰਸ ਦੇ ਆਗੂਆਂ ਵਲੋਂ ਉਨ੍ਹਾਂ ਨਾਲ ਲਾਗਡਾਟ ਵਾਲੇ ਵੀ ਸਨ। ਜੇਲ੍ਹ ਸੁਪਰਡੈਂਟ ਝੰਡਾ ਸਿੰਘ, ਜੋ ਸਾਬਕਾ ਫ਼ੌਜੀ ਕੈਪਟਨ ਸੀ, ਬੜੇ ਹੀ ਅੜਬ ਸੁਭਾਅ ਦਾ ਸੀ। ਉਸ ਨੂੰ ਸਾਡੇ ਕੋਲੋਂ ਤਾਂ ਕੀ ਮਿਲਣਾ ਸੀ ਪਰ ਉਹ 'ਸੋ ਕਾਲਡ ਸਮੱਗਲਰਾਂ' ਕੋਲੋਂ ਰਕਮ ਵਸੂਲਦਾ ਸੀ। ਜਿਹੜਾ ਨਾ ਦੇ ਸਕਦਾ ਉਸ ਨੂੰ ਤੰਗ ਸੈੱਲਾਂ ਵਿਚ ਬੰਦ ਕਰ ਦਿੰਦਾ। ਸਿੱਟੇ ਵਜੋਂ ਉਹ ਹਰ ਮਹੀਨੇ ਨੋਟਾਂ ਨਾਲ ਉਸ ਦਾ ਮੂੰਹ ਬੰਦ ਕਰਦੇ ਸਨ।

ਜੇਲ੍ਹ ਵਿਚ ਨਾਮ ਨਿਹਾਦ ਡਾਕਟਰ ਵੀ ਡਿਊਟੀ ਦੇਣ ਆਉਂਦੇ ਹਨ। ਅਸੀਂ ਵੀ ਉਸ ਪਾਸੋਂ ਸੱਟਾਂ ਦੇ ਆਰਾਮ ਲਈ ਗੋਲੀਆਂ ਆਦਿ ਲੈਂਦੇ ਰਹੇ। ਸਮਾਂ ਪਾ ਕੇ ਅਸੀਂ ਨੌਰਮਲ ਹੋ ਗਏ। ਹੁਣ ਤਾਂ ਜੇਲ੍ਹ ਸਾਨੂੰ ਆਪਣਾ ਘਰ ਹੀ ਲੱਗਣ ਲੱਗ ਪਈ ਸੀ। ਮੈਂ ਕਈ ਨਜ਼ਮਾਂ ਵੀ ਲਿਖੀਆਂ। ਕੁਝ ਚਿੱਠੀਆਂ ਰਾਹੀਂ ਬਾਹਰ ਵੀ ਭੇਜੀਆਂ ਪਰ ਬਾਅਦ 'ਚ ਪਤਾ ਲੱਗਾ ਕਿ ਉਹ ਤਾਂ ਸੈਂਸਰ ਦੀ ਭੇਟ ਚੜ੍ਹ ਗਈਆਂ ਸੀ। ਫਿਰ ਅਸੀਂ ਸ਼ਹਿਰੋਂ ਜੇਲ੍ਹ ਅੰਦਰ ਮਲ-ਮੂਤਰ ਸਾਫ਼ ਕਰਨ ਆਉਂਦੇ ਭੰਗੀ ਨਾਲ ਦੋਸਤੀ ਪਾਈ, ਜਿਸ ਦਾ ਨਾਮ ਦੁਰਗਾ ਸੀ। ਅਸੀਂ ਮੁਲਾਕਾਤਾਂ 'ਤੇ ਆਇਆ ਖਾਣ-ਪੀਣ ਦਾ ਸਾਮਾਨ ਉਸ ਨਾਲ ਸਾਂਝਾ ਕਰਦੇ ਤੇ ਬਾਹਰ ਜਾਣ ਲੱਗੇ ਨੂੰ ਚਿੱਠੀਆਂ ਵੀ ਫੜਾ ਦਿੰਦੇ, ਜੋ ਉਹ ਬਾਹਰ ਜਾ ਕੇ ਪੋਸਟ ਕਰ ਦਿੰਦਾ। ਇਸ ਤਰ੍ਹਾਂ ਇਹ ਸੈਂਸਰ ਤੋਂ ਬਚ ਜਾਂਦੀਆਂ।

ਜੇਲ੍ਹ ਅੰਦਰ ਇਕ ਕਮਰੇ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਵੀ ਕੀਤਾ ਹੋਇਆ ਸੀ। ਅਕਾਲੀ ਵਰਕਰ ਸਾਰਾ ਦਿਨ ਪਾਠ ਕਰਦੇ ਰਹਿੰਦੇ। ਸੰਗਰਾਂਦ ਵਾਲੇ ਦਿਨ ਅਤੇ ਹੋਰ ਦਿਨ ਤਿਉਹਾਰ 'ਤੇ ਸਾਰੇ ਕੈਦੀ ਇਕੱਠੇ ਹੁੰਦੇ। ਸਾਨੂੰ ਭਾਸ਼ਣ ਕਰਨ ਲਈ ਆਖਿਆ ਜਾਂਦਾ। ਅਸੀਂ ਜੰਮ ਕੇ ਇੰਦਰਾ ਸਰਕਾਰ ਦੀ ਭੰਡੀ ਕਰਦੇ ਤੇ ਉਨ੍ਹਾਂ ਨੂੰ ਸਮਝਾਉਂਦੇ ਕਿ ਐਮਰਜੈਂਸੀ ਲਾ ਕੇ ਕਿਵੇਂ ਨਾਗਰਿਕਾਂ ਦੇ ਬੁਨਿਆਦੀ ਹੱਕਾਂ ਉੱਪਰ ਡਾਕਾ ਮਾਰਿਆ ਗਿਆ ਹੈ। ਇਕ ਇਕੱਠ ਵਿਚ ਮੈਂ ਆਪਣੀ ਕਵਿਤਾ ਸੁਣਾਈ:

ਪਿੰਡਾਂ ਜਿਹਾ ਪਿੰਡ
ਹਾਂ, ਏਥੇ ਵੀ ਹਰ ਸੁਬ੍ਹਾ ਬੰਦੀ ਖੁੱਲ੍ਹਣੇ ਤੋਂ ਬਾਅਦ
ਤੇ ਹਰ ਆਥਣ ਬੰਦੀ ਹੋਣ ਤੋਂ ਪਹਿਲਾਂ
ਪਿੰਡਾਂ ਜਿਹਾ ਪਿੰਡ ਵਸਦਾ ਹੈ
ਹੱਥਾਂ ਵਿਚ ਹੱਥ ਪਾ ਕੇ ਘੁੰਮਣ ਲੱਗ ਜਾਂਦੀਆਂ ਹਨ
ਮਿਲਵੇਂ ਸੁਭਾਅ ਦੀਆਂ ਢਾਣੀਆਂ
ਇੰਨ ਬਿੰਨ ਪਿੰਡਾਂ ਦੀ ਤਰ੍ਹਾਂ
ਵਿਹੜੇ 'ਚੋਂ ਉੱਗੇ ਤੂਤਾਂ ਦੀ ਠੰਢੀ ਛਾਂ ਹੇਠਾਂ
ਤਾਸ਼ ਖੇਡਦੇ ਕਿਲਕਾਰੀਆਂ ਮਾਰਦੇ ਹਨ ਕੁਝ ਮਨਚਲੇ।
ਕੁਝ ਚਿੱਟੀਆਂ ਦਾੜ੍ਹੀਆਂ ਵਾਲੇ
ਜਿਨ੍ਹਾਂ ਦੇ ਚਿਹਰਿਆਂ ਉੱਪਰ
ਸੂ ਰਹੇ ਕਰਜ਼ੇ ਨੇ ਹੈ ਗੰਭੀਰਤਾ ਲੈ ਆਂਦੀ
ਕੋਈ ਦਾਨੀ ਜਿਹੀ ਗੱਲ ਕਰਦੇ ਹਨ।
ਜਦ ਵੀ ਕੋਈ ਦਿਨ ਤਿਉਹਾਰ ਆਉਂਦਾ ਹੈ
ਲੋਕੀਂ ਏਥੇ ਵੀ ਇਕੱਠ ਕਰਦੇ ਹਨ
ਫਿਰ ਗੱਲਾਂ 'ਚੋਂ ਗੱਲ ਨਿੱਕਲਦੀ ਹੋਈ
ਪਹੁੰਚ ਜਾਂਦੀ ਹੈ ਵਕਤ ਦਿਆਂ ਹਾਕਮਾਂ 'ਤੇ।
ਹਾਂ ਮੁਖਬਰ ਮੁਖਬਰੀ ਕਰਨੋਂ
ਏਥੇ ਵੀ ਬਾਜ਼ ਨਹੀਂ ਆਉਂਦੇ
ਪਰ ਲੋਕਾਂ ਦੀ ਰੋਹ ਭਰੀ ਤੱਕਣੀ ਦਾ
ਵਾਰ ਵੀ ਨਹੀਂ ਸਹਿੰਦੇ।
ਹਰ ਰੋਜ਼ ਇੰਜ ਹੀ ਚਲਦਾ ਹੈ
ਸ਼ਾਮ ਦੇ ਘੁਸਮੁਸੇ ਅੰਦਰ
ਸ਼ੀਲਤਾ ਅਸ਼ਲੀਲਤਾ ਦੀਆਂ ਹੱਦਾਂ ਟੱਪਦੀ
ਗੂੰਜ ਉੱਠਦੀ ਹੈ ਕਿਸੇ ਕੈਦੀ ਦੀ
ਵੈਰਾਗੀ ਜਿਹੀ ਆਵਾਜ਼
ਤੇ ਸੀਖਾਂ ਅੰਦਰੋਂ ਉੱਡ ਰਹੇ
ਪੰਛੀਆਂ ਨੂੰ ਤੱਕ ਕੇ
ਵੱਧ ਜਾਂਦੀ ਹੈ ਜ਼ਿੰਦਗੀ ਲਈ ਹੋਰ ਵੀ ਹਸਰਤ
ਤੇ ਦੁਸ਼ਮਣਾਂ ਲਈ ਹੋ ਵੀ ਨਫ਼ਰਤ।
ਹਾਂ ਏਥੇ ਵੀ ਪਿੰਡਾਂ ਜਿਹਾ ਪਿੰਡ ਵਸਦਾ ਹੈ
ਫਰਕ ਏਨਾ ਕਿ
ਉਹ ਦੀਵਾਰਾਂ ਦੇ ਬਾਹਰ ਵਸਦਾ ਹੈ
ਤੇ ਇਹ ਦੀਵਾਰਾਂ ਦੀ ਵਲਗਣ ਦੇ ਅੰਦਰ ਵਸਦਾ ਹੈ।
(ਜੁਲਾਈ 1976)

ਤਰੀਕਾਂ 'ਤੇ ਤਰੀਕਾਂ ਪੈਂਦੀਆਂ ਗਈਆਂ। ਇਕ ਤਰੀਕ 'ਤੇ ਮੈਂ ਦੇਖਿਆ ਕਿ ਮੇਰੀ ਹੱਥਕੜੀ ਢਿੱਲੀ ਜਿਹੀ ਹੈ। ਮੇਰਾ ਪਤਲਾ ਜਿਹਾ ਗੁੱਟ ਬੜੀ ਆਸਾਨੀ ਨਾਲ ਉਸ ਵਿਚੋਂ ਕੱਢਿਆ ਜਾ ਸਕਦਾ ਹੈ। ਮੇਰੇ ਮਨ ਵਿਚ ਖ਼ਿਆਲ ਆਇਆ ਕਿ ਕਿਉਂ ਨਾ ਭੱਜ ਜਾਵਾਂ। ਪਰ ਦੂਜੇ ਹੀ ਪਲ ਸੋਚਿਆ ਕਿ ਕਚਹਿਰੀਆਂ 'ਚੋਂ ਭੱਜ ਕੇ ਕਿੱਥੇ ਤਕ ਜਾਵਾਂਗਾ। ਮੂਹਰੇ ਕਿਹੜੇ ਮੈਨੂੰ ਲੈ ਕੇ ਜਾਣ ਵਾਲੇ ਤਿਆਰ ਬੈਠੇ ਹਨ। ਹਕੀਕਤ ਇਹ ਸੀ ਕਿ ਜਾਂ ਤਾਂ ਉਹ ਹੋਰ ਕੇਸ ਪਾ ਦੇਣਗੇ ਜਾਂ ਭਗੌੜਾ ਕਰਾਰ ਦੇ ਕੇ ਕੁਝ ਵੀ ਕਰ ਸਕਣਗੇ। ਸੋ ਦੂਜੇ ਹੀ ਪਲ ਇਹ ਖ਼ਿਆਲ ਤਿਆਗ ਦਿੱਤਾ।

ਜੇਲ੍ਹ ਦੇ ਅੰਦਰ ਹੀ ਸਾਡੇ ਉੱਪਰ ਮੀਸਾ (ਮੇਨਟੀਨੈਂਸ ਆਫ਼ ਇੰਟਰਨਲ ਸਕਿਉਰਿਟੀ ਐਕਟ) ਲਗਾਉਣ ਦੇ ਆਰਡਰ ਵੀ ਆ ਗਏ ਸਨ। ਸਾਨੂੰ ਕਪੂਰਥਲਾ ਜੇਲ੍ਹ ਵਿਚ ਲਿਆਉਣ ਤੋਂ ਬਾਅਦ ਮਹਿੰਦਰ ਪੱਡਾ ਅਤੇ ਦਵਾਰਕਾ ਦਾਸ ਵਿਰਲੀ ਨੂੰ ਵੀ ਡੀ.ਆਈ.ਆਰ. ਤਹਿਤ ਗ੍ਰਿਫ਼ਤਾਰ ਕਰ ਕੇ ਲਿਆਂਦਾ ਗਿਆ ਸੀ। ਮਹਿੰਦਰ ਪੱਡੇ ਨੂੰ ਤਾਂ ਬਰੀ ਕਰ ਦਿੱਤਾ ਗਿਆ ਪਰ ਦਵਾਰਕਾ ਦਾਸ ਉੱਪਰ ਮੀਸਾ ਲਗਾ ਦਿੱਤਾ ਗਿਆ ਸੀ। ਛੇ ਕੁ ਮਹੀਨੇ ਬਾਅਦ ਸਾਡੀ ਆਖ਼ਰੀ ਤਰੀਕ ਸੀ। ਕਮਲਜੀਤ ਦੇ ਵਕੀਲ ਨੇ ਬਹਿਸ ਕਰ ਕੇ ਉਸ ਨੂੰ ਬਰੀ ਕਰਵਾ ਦਿੱਤਾ ਪਰ ਮੈਨੂੰ ਡੀ.ਆਈ.ਆਰ. ਤਹਿਤ ਛੇ ਮਹੀਨੇ ਦੀ ਸਜ਼ਾ ਹੋ ਗਈ। ਸਜ਼ਾ ਤਾਂ ਅਸੀਂ ਪਹਿਲਾਂ ਹੀ ਕੱਟ ਚੁੱਕੇ ਸੀ। ਬਾਹਰ ਨਿਕਲਦਿਆਂ ਨੂੰ ਪੁਲੀਸ ਸਾਡੀ ਉਡੀਕ ਵਿਚ ਖਲੋਤੀ ਸੀ। ਅਸੀਂ ਫਿਰ ਜੇਲ੍ਹ ਵਿਚ ਡੱਕ ਦਿੱਤੇ ਗਏ। ਮੀਸਾ ਤਹਿਤ ਫੜੇ ਗਏ ਵਿਅਕਤੀ ਕਿਸੇ ਵੀ ਅਦਾਲਤ ਵਿਚ ਅਪੀਲ ਨਹੀਂ ਕਰ ਸਕਦੇ। ਨਾ ਵਕੀਲ ਤੇ ਨਾ ਦਲੀਲ। ਸਰਕਾਰ ਜਿੰਨੀ ਦੇਰ ਚਾਹੇ ਤੁਹਾਨੂੰ ਅੰਦਰ ਰੱਖ ਸਕਦੀ ਸੀ।

ਜੇਲ੍ਹ ਹੀ ਹੁਣ ਸਾਡਾ ਘਰ ਤੇ ਪਿੰਡ ਸੀ। ਕਮਲਜੀਤ ਦੇ ਘਰੋਂ ਸਾਨੂੰ ਹਰ ਹਫ਼ਤੇ ਮੁਲਾਕਾਤ ਸਮੇਂ ਖਾਣ-ਪੀਣ ਦਾ ਵਾਹਵਾ ਸਾਮਾਨ ਆ ਜਾਂਦਾ। ਅਸੀਂ ਚਾਰੇ ਜਣੇ (ਮਹਿੰਦਰ ਪੱਡਾ, ਦਵਾਰਕਾ ਦਾਸ ਵਿਰਲੀ, ਕਮਲਜੀਤ ਤੇ ਮੈਂ) ਹੱਸਦੇ ਖੇਡਦੇ, ਪੜ੍ਹਦੇ ਤੇ ਕਦੀ-ਕਦੀ ਤਾਸ਼ ਦੀ ਬਾਜ਼ੀ ਲਾਉਣ ਬਹਿ ਜਾਂਦੇ। ਜੇਲ੍ਹ ਵਿਚ ਹੀ ਮੈਂ ਸੀਪ ਖੇਡਣੀ ਸਿੱਖੀ। ਹੁਣ ਜੇਲ੍ਹ ਦਾ ਜ਼ਾਲਮ ਸੁਪਰਡੈਂਟ ਵੀ ਬਦਲ ਚੁੱਕਾ ਸੀ। ਨਵਾਂ ਸੁਪਰਡੈਂਟ ਆਇਆ ਤਾਂ ਉਸ ਦਾ ਸਲੂਕ ਬੜਾ ਚੰਗਾ ਸੀ। ਉਸ ਨੇ ਦੱਸਿਆ ਕਿ ਉਹ ਜਸਵਿੰਦਰ ਸਿੰਘ ਬਰਾੜ (ਜੋ ਬਾਅਦ 'ਚ ਸਹਿਕਾਰਤਾ ਮੰਤਰੀ ਵੀ ਰਿਹਾ) ਦਾ ਜਮਾਤੀ ਰਿਹਾ ਸੀ। ਸਾਡੇ ਦਿਨ ਬੜੇ ਚੰਗੇ ਨਿਕਲਣ ਲੱਗੇ। ਬੱਸ ਪਿੱਛੇ ਘਰਦਿਆਂ ਦੀ ਚਿੰਤਾ ਹੀ ਵਧਦੀ ਜਾ ਰਹੀ ਸੀ। ਮੈਂ ਬੀਬੀ ਨੂੰ ਹਰ ਹਫ਼ਤੇ ਚਿੱਠੀ ਲਿਖਣੀ। ਗਲੀ-ਗੁਆਂਢ ਤੇ ਪਿੰਡ ਦਾ ਹਾਲ-ਚਾਲ ਪੁੱਛਣਾ। ਬੀਬੀ ਨੇ ਸਾਰੀ ਗਲੀ ਨੂੰ ਚਿੱਠੀ ਪੜ੍ਹ ਕੇ ਸੁਣਾਉਣੀ। ਸਾਡੀ ਸੋਚ ਵਾਲੇ ਮੇਰੇ ਪੇਂਡੂ ਨਿੰਦਰ ਰਿਆੜ ਨੇ ਇੰਗਲੈਂਡ ਤੋਂ ਮੇਰੇ ਤੇ ਕਮਲਜੀਤ ਲਈ ਬਹੁਤ ਸੋਹਣੀਆਂ ਕਮੀਜ਼ਾਂ ਭੇਜੀਆਂ ਜੋ ਅਸੀਂ ਬੜੇ ਹੀ ਚਾਵਾਂ ਨਾਲ ਪਾਈਆਂ ਤੇ ਹੰਢਾਈਆਂ।

ਕੁਝ ਸਮੇਂ ਲਈ ਸੁਖਜਿੰਦਰ ਸਿੰਘ (ਸਾਬਕਾ ਸਿੱਖਿਆ ਮੰਤਰੀ ਜੋ ਖਾਲਿਸਤਾਨ ਦਾ ਹਾਮੀ ਸੀ) ਨੂੰ ਵੀ ਕਪੂਰਥਲਾ ਜੇਲ੍ਹ ਵਿਚ ਲਿਆਂਦਾ ਗਿਆ। ਪਰ ਛੇਤੀ ਹੀ ਉਸ ਦੀ ਬਦਲੀ ਕਿਸੇ ਦੂਰ-ਦੁਰਾਡੀ ਜੇਲ੍ਹ ਵਿਚ ਕਰ ਦਿੱਤੀ ਗਈ। ਉਸ ਦੇ ਜਾਣ ਮਗਰੋਂ ਉੱਥੇ ਪਏ ਕਾਗ਼ਜ਼ਾਂ ਵਿਚੋਂ ਸਾਡੇ ਹੱਥ ਇਕ ਚਿੱਠੀ ਆਈ ਜੋ ਉਸ ਨੂੰ ਭਰਪੂਰ ਸਿੰਘ ਬਲਬੀਰ ਨੇ ਲਿਖੀ ਸੀ। ਉਸ ਵਿਚ ਉਹਨੇ ਲਿਖਿਆ ਸੀ ਕਿ ਉਸ ਦੀ ਇੰਦਰਾ ਗਾਂਧੀ ਨਾਲ ਗੱਲ ਹੋ ਗਈ ਹੈ। ਤੁਸੀਂ ਖਾਲਿਸਤਾਨ ਮੰਗਣਾ ਛੱਡ ਦਿਉ ਤਾਂ ਤੁਹਾਨੂੰ ਛੇਤੀ ਹੀ ਰਿਹਾਅ ਕਰ ਦਿੱਤਾ ਜਾਏਗਾ ਆਦਿ। ਉਹ ਚਿੱਠੀ ਅਸੀਂ ਸੰਭਾਲਣੀ ਚਾਹੁੰਦੇ ਸੀ ਪਰ ਤਲਾਸ਼ੀ ਸਮੇਂ ਉਸ ਨੂੰ ਜੇਲ੍ਹ ਸੁਪਰਡੈਂਟ ਨੇ ਆਪਣੇ ਕਬਜ਼ੇ ਵਿਚ ਲੈ ਲਿਆ। 1977 ਦੀਆਂ ਚੋਣਾਂ ਸਮੇਂ ਰਾਮਾ ਮੰਡੀ (ਜਲੰਧਰ) ਵਿਖੇ ਸਾਡਾ ਟਾਕਰਾ ਭਰਪੂਰ ਸਿੰਘ ਬਲਬੀਰ ਨਾਲ ਹੋ ਗਿਆ। ਮੈਂ ਸਾਰਿਆਂ ਸਾਹਮਣੇ ਉਸ ਚਿੱਠੀ ਦਾ ਜ਼ਿਕਰ ਕੀਤਾ ਤਾਂ ਉਹ ਬੜਾ ਤੜਫਿਆ ਤੇ ਧਮਕੀਆਂ 'ਤੇ ਉਤਰ ਆਇਆ। ਕੁਝ ਸੱਜਣਾਂ ਨੇ ਵਿਚ ਪੈ ਕੇ ਗੱਲ ਆਈ-ਗਈ ਕਰਵਾ ਦਿੱਤੀ। ਪਰ ਮੈਨੂੰ ਉਸ ਚਿੱਠੀ ਦੇ ਖੁੱਸਣ ਦਾ ਅੱਜ ਤਕ ਵੀ ਅਫ਼ਸੋਸ ਹੈ। ਇਸ ਚਿੱਠੀ ਨਾਲ ਦੋਗਲੇ ਕਿਰਦਾਰ ਦੇ ਬੰਦਿਆਂ/ਆਗੂਆਂ ਨੂੰ ਸਬੂਤ ਸਹਿਤ ਨੰਗਿਆਂ ਕੀਤਾ ਜਾ ਸਕਦਾ ਸੀ।

ਸ਼ਾਇਦ ਅਗਸਤ ਦਾ ਆਖ਼ਰੀ ਹਫ਼ਤਾ ਸੀ ਕਿ ਸਾਡੀ ਬਦਲੀ ਦੇ ਹੁਕਮ ਆ ਗਏ। ਕਮਲਜੀਤ ਵਿਰਕ ਤੇ ਦਵਾਰਕਾ ਦਾਸ ਵਿਰਲੀ ਨੂੰ ਫ਼ਿਰੋਜ਼ਪੁਰ ਅਤੇ ਮੈਨੂੰ ਸੰਗਰੂਰ ਦੀ ਡਿਸਟਰਿਕਟ ਜੇਲ੍ਹ ਵਿਚ ਤਬਦੀਲ ਕਰ ਦਿੱਤਾ ਗਿਆ। ਉੱਥੇ ਅਕਾਲੀ ਆਗੂ ਸਤਨਾਮ ਸਿੰਘ ਬਾਜਵਾ (ਪਰਤਾਪ ਸਿੰਘ ਬਾਜਵਾ ਦਾ ਪਿਉ), ਰੂਪ ਲਾਲ ਸਾਥੀ, ਪ੍ਰਿਥੀਪਾਲ ਸਿੰਘ ਰੰਧਾਵਾ ਆਦਿ ਬੰਦ ਸਨ ਪਰ ਮੇਰੇ ਉੱਥੇ ਜਾਣ ਤੋਂ ਹਫ਼ਤਾ ਕੁ ਪਹਿਲਾਂ ਉਨ੍ਹਾਂ ਨੂੰ ਵੀ ਫ਼ਿਰੋਜ਼ਪੁਰ ਬਦਲਿਆ ਜਾ ਚੁੱਕਿਆ ਸੀ। ਪ੍ਰਿਥੀਪਾਲ ਨੂੰ ਸਾਰੇ ਕੈਦੀ ਬੜੇ ਸਤਿਕਾਰ ਨਾਲ ਯਾਦ ਕਰਦੇ ਸਨ। ਜਿਸ ਅਹਾਤੇ ਵਿਚ ਮੈਨੂੰ ਲਿਆਂਦਾ ਗਿਆ ਉੱਥੇ ਕਈ ਨਾਮੀ ਸਮੱਗਲਰ ਵੀ ਬੰਦ ਸਨ ਅਤੇ ਕੁਝ ਗ਼ਰੀਬ, ਸਮੱਗਲਰਾਂ ਦੇ ਪਾਂਡੀ (ਜੋ ਸਰਹੱਦ ਟੱਪ ਕੇ ਸਾਮਾਨ ਲਿਆਉਣ-ਲਿਜਾਣ ਦਾ ਕੰਮ ਕਰਦੇ ਸਨ) ਵੀ ਬੰਦ ਸਨ। ਏਥੇ ਮੈਨੂੰ ਬੀ ਕਲਾਸ ਵੀ ਮਿਲ ਗਈ ਜੋ ਬਾਰ੍ਹਾਂ ਰੁਪਏ ਰੋਜ਼ਾਨਾ ਸੀ। ਇਕ ਲਾਂਗਰੀ ਵੀ ਜਿਸ ਦਾ ਨਾਮ ਗਨੀ ਮੁਹੰਮਦ ਸੀ, ਦਿੱਤਾ ਗਿਆ। ਉਹ ਸੀ.ਪੀ.ਐਮ. ਦੇ ਐਮ.ਐਲ.ਏ. ਚੰਦ ਸਿੰਘ ਚੋਪੜਾ ਦਾ ਪੇਂਡੂ ਹੋਣ ਕਰਕੇ ਖੱਬੇ ਪੱਖੀ ਖ਼ਿਆਲਾਂ ਦਾ ਸੀ। ਸਾਡੇ ਨਾਲ ਦੇ ਅਹਾਤੇ ਵਿਚ ਚਾਰੂ ਗਰੁੱਪ ਦੇ ਦੋ ਨਕਸਲੀ ਬੰਦ ਸਨ। ਜਦੋਂ ਉਨ੍ਹਾਂ ਨੂੰ ਇਕ ਲੰਬੜਦਾਰ ਨੇ ਮੇਰੇ ਆਉਣ ਬਾਰੇ ਦੱਸਿਆ ਤਾਂ ਉਨ੍ਹਾਂ ਉੱਚੀ-ਉੱਚੀ ਨਾਅਰੇ ਲਗਾਏ ਅਤੇ ਅੱਗੋਂ ਮੈਂ ਵੀ ਨਾਅਰਿਆਂ ਨਾਲ ਉਨ੍ਹਾਂ ਦਾ ਜਵਾਬ ਦਿੱਤਾ। ਜੇਲ੍ਹ ਸੁਪਰਡੈਂਟ ਮੇਰੇ ਨਾਲ ਬੜੇ ਸਲੀਕੇ ਨਾਲ ਪੇਸ਼ ਆਇਆ। ਕਹਿੰਦਾ, "ਕੋਈ ਵੀ ਤਕਲੀਫ਼ ਹੋਵੇ ਤਾਂ ਲੰਬੜਦਾਰ ਹੱਥ ਲਿਖ ਕੇ ਸੁਨੇਹਾ ਭੇਜ ਦਿਆ ਕਰ।" ਸਾਡੇ ਨਾਲ ਰਹਿੰਦੇ ਸਮੱਗਲਰ ਜੇਲ੍ਹਰ ਨਾਲ ਮਿਲ ਕੇ ਨਸ਼ਾ ਪੱਤਾ ਵੀ ਕਰਦੇ ਸਨ ਤੇ ਆਪਣਾ ਰੋਹਬ ਵੀ ਝਾੜਨ ਦੀ ਕੋਸ਼ਿਸ਼ ਕਰਦੇ। ਇਕ ਦਿਨ ਮੈਂ ਉਨ੍ਹਾਂ ਖ਼ਿਲਾਫ਼ ਨਾਅਰੇ ਲਗਾਉਣੇ ਸ਼ੁਰੂ ਕਰ ਦਿੱਤੇ। ਫਿਰ ਕੀ ਸੀ, ਮੈਨੂੰ ਅਤੇ ਕੁਝ ਪਾਂਡੀਆਂ ਨੂੰ ਵੱਖਰੇ ਅਹਾਤੇ ਵਿਚ ਬਦਲ ਦਿੱਤਾ ਗਿਆ। ਮੈਨੂੰ ਇਮਤਿਹਾਨ ਦੇਣ ਦੀ ਇਜਾਜ਼ਤ ਵੀ ਨਹੀਂ ਦਿੱਤੀ, ਜਦੋਂ ਕਿ ਪ੍ਰਿਥੀਪਾਲ ਨੂੰ ਇਮਤਿਹਾਨ ਦੇਣ ਲਈ ਲਿਜਾਂਦੇ ਰਹੇ ਸਨ।

ਸਭ ਤੋਂ ਵੱਧ ਮੁਸ਼ਕਲ ਏਥੇ ਮੁਲਾਕਾਤਾਂ ਦੀ

*(ਬਾਕੀ ਅਗਲੇ ਸਫੇ 'ਤੇ)*

# ਪਿਤਾ ਦਿਵਸ 'ਤੇ ਵਿਸ਼ੇਸ਼

ਦੁਨੀਆਦਾਰੀ ਜਿਵੇਂ-ਜਿਵੇਂ ਤਰੱਕੀਆਂ ਦੇ ਦੌਰ 'ਚ ਪੈਸੇ ਦੀ ਦੌੜ 'ਚ ਅੱਗੇ ਲੱਗੀ ਹੋਈ ਹੈ, ਉੱਥੇ ਰਿਸ਼ਤਿਆਂ ਨੂੰ ਜਿਊਣ ਤੇ ਨਿਭਾਉਣ 'ਚ ਪਿੱਛੇ ਹੁੰਦੀ ਜਾ ਰਹੀ ਹੈ। ਕੁੱਝ ਰਿਸ਼ਤੇ ਖ਼ੂਨ ਨਾਲ਼ ਸਿੰਜੇ ਹੁੰਦੇ ਹਨ ਤੇ ਕੁੱਝ ਭਾਵਨਾਵਾਂ ਨਾਲ਼ ਜਿਊਂਦੇ-ਵੱਸਦੇ ਰਹਿੰਦੇ ਹਨ। ਰਿਸ਼ਤਿਆਂ ਨੂੰ ਨਿਭਾਉਣ ਦੀ ਆਪਣੀ ਦੁਨੀਆਂ ਤੇ ਆਪੋ-ਆਪਣਾ ਢੰਗ ਹੁੰਦਾ ਹੈ। ਹਰ ਇਨਸਾਨ ਦਾ ਇਸ ਧਰਤੀ 'ਤੇ ਆਉਣ ਦਾ ਸਬੱਬ ਮਾਂ-ਪਿਓ ਦੇ ਰਿਸ਼ਤੇ

**ਸ. ਸੁਖਚੈਨ ਸਿੰਘ ਕੁਰੜ**

ਨਾਲ਼ ਹੀ ਹੁੰਦਾ ਹੈ। ਸੁਭਾਵਿਕ ਹੈ ਇਹ ਦੋਵੇਂ ਰਿਸ਼ਤੇ ਹਰੇਕ ਇਨਸਾਨ ਲਈ ਰੱਬ ਦਾ ਰੂਪ ਹੀ ਹੋਣਗੇ। ਇਨ੍ਹਾਂ ਦੋਵਾਂ ਰਿਸ਼ਤਿਆਂ ਦੇ ਦਿੱਤੇ ਮਾਹੌਲ ਨਾਲ ਹੀ ਅੱਗੇ ਹੋਰ ਪਿਆਰੇ ਰਿਸ਼ਤਿਆਂ ਦੀ ਦੁਨੀਆਂ ਬਣਦੀ ਹੈ।

ਵਿਸ਼ਵ ਪੱਧਰ 'ਤੇ ਹੁਣ ਇਨ੍ਹਾਂ ਰਿਸ਼ਤਿਆਂ ਲਈ ਕੁੱਝ ਦਿਨ ਮਿੱਥ ਲਏ ਗਏ ਹਨ। ਹਰ ਰਿਸ਼ਤੇ ਨੂੰ ਸਾਲ 'ਚ ਇੱਕ ਵਿਸ਼ੇਸ਼ ਦਿਨ ਦੇ ਕੇ ਮਨਾਉਣ ਦੀ ਰਵਾਇਤ ਚੱਲ ਰਹੀ ਹੈ। ਹਰ ਮੁਲਕ ਦੀ ਆਪਣੀ ਜੀਵਨ ਜਾਚ ਹੁੰਦੀ ਹੈ, ਹਰੇਕ ਮੁਲਕ ਨੇ ਇਹ ਵਿਸ਼ੇਸ਼ ਦਿਨ ਮਨਾਉਣ ਦੀ ਰਵਾਇਤ ਨੂੰ ਅਪਣਾ ਲਿਆ ਹੈ। ਹੌਲ਼ੀ ਹੌਲ਼ੀ ਵੱਖੋ-ਵੱਖ ਮੁਲਕਾਂ ਵਿਚ ਇਸ ਤਰ੍ਹਾਂ ਵਿਸ਼ੇਸ਼ ਦਿਹਾੜੇ ਮਨਾਉਣ ਦੀ ਪਿਰਤ ਪੈ ਗਈ।

ਜੂਨ ਮਹੀਨੇ ਦੇ ਤੀਜੇ ਐਤਵਾਰ ਨੂੰ ਪੱਛਮੀ ਦੇਸ਼ਾਂ ਵਿਚ ਪਿਤਾ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ, ਜੋ ਰੁਝਾਨ ਹੁਣ ਹੋਰਨਾਂ ਮੁਲਕਾਂ ਵਿਚ ਵੀ ਸ਼ੁਰੂ ਹੋ ਗਿਆ ਹੈ। ਸਵਾਲ ਇਹ ਹੈ ਕਿ ਕੀ ਇਹ ਦਿਨ ਮਨਾਉਣਾ ਚਾਹੀਦਾ ਹੈ? ਕੀ ਇੱਕ ਦਿਨ ਹੀ ਆਪਣੇ ਪਿਤਾ ਲਈ ਪਿਆਰ ਦਾ ਦਿਨ ਹੁੰਦਾ ਹੈ? ਕੀ ਸਿਰਫ ਅਸੀਂ ਦਿਖਾਵਾ ਕਰਨ ਲਈ ਹੀ ਤਾਂ ਨਹੀਂ ਇਹ ਦਿਨ ਮਨਾ ਰਹੇ? ਜੇ ਆਪਾਂ ਪੰਜਾਬ ਦੀ ਧਰਤੀ ਨਾਲ਼ ਜੁੜੇ ਹੋਏ ਹਾਂ ਤਾਂ ਅਜਿਹੇ ਸਵਾਲ ਮਨ 'ਚ ਆਉਣੇ ਸੁਭਾਵਿਕ ਹੀ ਨੇ ਕਿਉਂਕਿ ਸਾਡੇ ਮੁਲਕ ਦੀ ਜੀਵਨ ਜਾਚ ਵੱਖਰੀ ਹੈ। ਸਾਡੇ ਰਿਸ਼ਤੇ ਮਾਂ ਦੀ ਕੁੱਖ 'ਚੋਂ, ਪਿਤਾ ਦੀ ਗੁੜ੍ਹਤੀ ਨਾਲ਼ ਅੱਗੇ ਤੁਰਦੇ ਹੋਏ, ਦਾਦਾ-ਦਾਦੀ ਦੀਆਂ ਬਾਤਾਂ ਸੁਣਦੇ, ਭੈਣਾਂ ਦੀਆਂ ਘੋੜੀਆਂ ਦਾ ਮਾਣ ਵਧਾਉਂਦੇ, ਭਰਾਵਾਂ ਦੇ ਲਲਕਾਰਿਆਂ 'ਤੇ ਭੰਗੜੇ ਪਾਉਂਦੇ, ਆਪੋ-ਆਪਣੇ ਹਮਸਫ਼ਰ ਨਾਲ਼ ਸਾਥ ਨਿਭਾਉਂਦੇ ਹੋਏ, ਬੱਚਿਆਂ ਨਾਲ਼ ਬੱਚੇ ਬਣ ਕੇ ਸ਼ਮਸ਼ਾਨ ਘਾਟ ਤੱਕ ਨਿਭਦੇ ਹਨ। ਬੇਸ਼ੱਕ ਸਮੇਂ ਦੀ ਦੌੜ 'ਚ ਰਿਸ਼ਤਿਆਂ ਨੂੰ ਨਿਭਾਉਣ ਦਾ ਢੰਗ ਬਦਲ ਜ਼ਰੂਰ ਗਿਆ ਪਰ ਮਾਂ-ਪਿਓ ਤੋਂ ਸਾਡੇ ਰਿਸ਼ਤੇ ਹਜੇ ਆਕੀ ਨਹੀਂ ਹੋਏ। ਅਸੀਂ ਦੁਆ ਕਰਦੇ ਹਾਂ ਕਿ ਇੰਝ ਕਦੇ ਹੋਵੇ ਵੀ ਨਾ। ਬਾਪ ਹੋਣਾ, ਬਾਬਲ ਹੋਣਾ ਸੌਖੀ ਗੱਲ ਨਹੀਂ, ਬੱਚੇ ਦਾ ਮਾਂ ਦੀ ਕੁੱਖ ਤੋਂ ਬਾਹਰ ਆ ਕੇ ਸਾਹ ਲੈਣਾ, ਪਿਤਾ ਦੀਆਂ ਜ਼ਿੰਮੇਵਾਰੀਆਂ ਅਤੇ ਮਾਣ ਨੂੰ ਦੁੱਗਣਾ ਕਰ ਦਿੰਦਾ ਹੈ।

ਜੇ ਮਾਂ ਦਾ ਰਿਸ਼ਤਾ ਠੰਢੀ ਛਾਂ ਹੈ,
ਪਿਤਾ ਨੇ ਜੜ੍ਹਾਂ ਲਾਈਆਂ ਉਹ ਵੀ ਤਾਂ ਹੈ।

ਸ਼ਾਇਦ ਸਭ ਨੇ ਕਿਤੇ ਇਹ ਜ਼ਰੂਰ ਪੜ੍ਹਿਆ-ਸੁਣਿਆ ਹੋਵੇਗਾ ਕਿ ਜਦ ਜਵਾਨ ਪੁੱਤ ਕਮਾ ਕੇ ਸ਼ਾਮੀਂ ਘਰ ਵਾਪਸ ਆਉਂਦਾ ਏ ਤਾਂ ਬਾਪ ਪੁੱਛਦਾ ਏ, "ਪੁੱਤਰਾ ਅੱਜ ਕੀ ਕਮਾਇਆ?" ਬੇਟਾ ਪੁੱਛਦਾ ਹੈ, "ਬਾਪੂ ਮੇਰੇ ਖਾਣ ਨੂੰ ਕੀ ਲਿਆਇਆਂ?" ਮਾਂ ਪੁੱਛਦੀ ਹੈ, "ਬੇਟਾ ਅੱਜ ਕੀ ਖਾਧਾ ?" ਤੇ ਪਤਨੀ ਪੁੱਛਦੀ ਹੈ, "ਅੱਜ ਕਿੰਨਾ ਕੁ ਬਚਾਇਆ?"

ਇੱਥੋਂ ਅਸੀਂ ਮਾਂ ਦੀ ਮਮਤਾ ਤੇ ਮੋਹ ਨੂੰ ਤਾਂ ਸਜਦਾ ਕਰਦੇ ਹੀ ਹਾਂ ਪਰ ਕਿਤੇ ਨਾ ਕਿਤੇ ਬਾਪ ਨੂੰ ਕਮਾਈ ਵਾਲ਼ੀ ਗੱਲ ਕਰ ਕੇ ਆਮ ਸਾਧਾਰਨ ਨਜ਼ਰੀਏ ਤੋਂ ਪੜ੍ਹ-ਸੁਣ ਕੇ ਘੱਟ ਮਹੱਤਵ ਦਿੰਦੇ ਹਾਂ। ਅਸਲ 'ਚ ਇੱਥੇ ਹੀ ਤਾਂ ਲੋੜ ਹੈ ਸਮਝਣ ਦੀ, ਮਹਿਸੂਸ ਕਰਨ ਦੀ, ਮੇਰਾ ਮਤਲਬ, ਜਦ ਬਾਪ ਪੁੱਛਦਾ ਹੈ, "ਪੁੱਤਰਾ ਅੱਜ ਕੀ ਕਮਾਇਆ?" ਤਾਂ ਇਸ ਪਿੱਛੇ ਉਹਦਾ ਕੋਈ ਨਿੱਜ ਜਾਂ ਸੁਆਰਥ ਨਹੀਂ ਹੁੰਦਾ ਸਗੋਂ ਉਹ ਚਾਹੁੰਦਾ ਹੈ ਕਿ ਮੇਰਾ ਪੁੱਤਰ ਆਪਣੇ ਪੈਰਾਂ 'ਤੇ ਖਲੋਵੇ, ਆਪ ਆਪਣੀ ਮਿਹਨਤ ਨਾਲ਼ ਕਮਾਉਣ ਯੋਗ ਹੋਵੇ। ਸਾਰੀ ਜ਼ਿੰਦਗੀ ਆਪਣੇ ਹੱਕ ਦੀ ਕਮਾ ਕੇ ਸਿਰ ਉੱਚਾ ਕਰ ਕੇ ਜ਼ਿੰਦਗੀ ਮਾਣੇ।

ਮਾਂ ਬਾਰੇ ਲਿਖਿਆ ਬਹੁਤ ਕੁੱਝ ਮਿਲ਼ ਜਾਂਦਾ ਕਵਿਤਾਵਾਂ, ਗੀਤ, ਨਾਟਕ, ਨਾਵਲ, ਕਹਾਣੀਆਂ, ਫਿਲਮਾਂ ਆਦਿ। ਪਤਾ ਨਹੀਂ ਕਿਉਂ ਪਿਤਾ ਦਾ ਰਿਸ਼ਤਾ ਇਸ ਪੱਖੋਂ ਕਿਤੇ ਨਾ ਕਿਤੇ ਥੋੜ੍ਹਾ ਨਜ਼ਰ-ਅੰਦਾਜ਼ ਹੋ ਜਾਂਦਾ। ਅਸਲ 'ਚ ਪਿਤਾ ਬਾਰੇ ਕੁੱਝ ਲਿਖਣਾ ਉਦੋਂ ਹੀ ਸੰਭਵ ਹੋ ਸਕਦਾ ਜਦ ਕਲਮ ਜ਼ਿੰਮੇਵਾਰੀਆਂ ਸਮਝਦੀ ਤੇ ਨਿਭਾਉਂਦੀ ਹੋਈ ਚੱਲੇ। ਮਾਂ ਬਾਰੇ ਤਾਂ ਮਮਤਾ ਦਾ ਭਾਵ ਹੀ ਸੁੱਤੇ ਸੁਭਾਅ ਲਿਖਵਾ ਦਿੰਦਾ। ਪਿਤਾ ਦੀ ਘੂਰੀ ਨੂੰ ਸਮਝ ਕੇ ਜਦੋਂ ਅਸੀਂ ਮਾਣ ਮਹਿਸੂਸ ਕਰਦੇ ਹੋਏ, ਆਪਣੇ ਫ਼ਰਜ਼ ਨਿਭਾਵਾਂਗੇ ਤਾਂ ਕਲਮ ਆਪਣੇ ਆਪ ਆਪਣੇ ਪਿਤਾ ਦੀ ਮਿਹਨਤ ਨੂੰ ਸਜਦਾ ਕਰਦਿਆਂ ਸ਼ਾਹਕਾਰ ਰਚਨਾਵਾਂ ਨੂੰ ਜਨਮ ਦੇਵੇਗੀ। ਮਾਂ ਕੋਲ਼ ਮਮਤਾ ਤੇ ਸਬਰ ਹੈ ਤਾਂ ਪਿਤਾ ਕੋਲ਼ ਮਿਹਨਤ ਦਾ ਹੁਨਰ ਹੈ। ਜਦ ਘਰੇ ਮਾਂ ਆਪਣੇ ਬੱਚੇ 'ਤੇ ਚੁੰਨੀ ਦੀ ਛਾਂ ਕਰਦੀ ਹੈ ਤਾਂ ਪਿਤਾ ਉਦੋਂ ਆਪਣੇ ਪਰਿਵਾਰ ਲਈ ਖੇਤਾਂ ਵਾਲ਼ੇ ਰਾਹਾਂ 'ਤੇ ਜਾਂ ਸ਼ਹਿਰਾਂ ਦੀਆਂ ਵੱਡੀਆਂ ਸੜਕਾਂ 'ਤੇ ਸੂਰਜ ਨੂੰ ਮਸ਼ਕਰੀਆਂ ਕਰਦਾ ਕਮਾਈ ਕਰ ਰਿਹਾ ਹੁੰਦਾ ਹੈ। ਮਾਂ ਦੀ ਕੁੱਖ ਤੇ ਪਿਤਾ ਦੇ ਮੋਢਿਆਂ ਅੱਗੇ ਵੱਡੇ-ਵੱਡੇ ਤਖ਼ਤ ਵੀ ਨਿੱਕੇ ਨਿੱਕੇ ਲੱਗਦੇ ਹਨ। ਬਾਪ ਦੇ ਮੱਥੇ 'ਤੇ ਪਾਈਆਂ ਵਕਤ ਦੀਆਂ ਤਿਉੜੀਆਂ ਬੱਚਿਆਂ ਦੇ ਭਵਿੱਖ ਦਾ ਨਕਸ਼ਾ ਬਣਾਉਂਦੀਆਂ ਹਨ। ਬਾਪ ਦੇ ਹੱਥਾਂ 'ਤੇ ਪਏ ਅੱਟਣਾਂ ਦਾ ਮੋਢੇ 'ਤੇ ਦਿੱਤਾ ਥਾਪੜਾ ਬੱਚਿਆਂ ਨੂੰ ਚੜ੍ਹਦੀ ਕਲਾ 'ਚ ਜਿਊਣ ਦਾ ਹੁਨਰ ਬਖ਼ਸ਼ਦਾ। ਮਾਂ, ਧੀ ਤੇ ਪੁੱਤ ਲਈ ਮਾਂ ਹੀ ਰਹਿੰਦੀ ਹੈ ਪਰ ਬਾਪ ਦੀ ਖ਼ੁਸ਼ਕਿਸਮਤੀ ਦੇਖੋ ਬਾਪ "ਬਾਬਲ" ਬਣ ਕੇ ਧੀ ਲਈ ਮਾਂ ਤੋਂ ਵੀ ਵੱਖਰਾ ਅਹਿਸਾਸ ਜਿਊਂਦਾ। ਬੇਸ਼ੱਕ ਬਾਪ ਬਾਰੇ ਥੋੜ੍ਹਾ ਲਿਖਿਆ ਗਿਆ ਪਰ ਬਾਪ ਬਾਰੇ ਜਿੰਨਾ ਵੀ ਲਿਖੀਏ ਉਹ ਥੋੜ੍ਹਾ ਹੀ ਹੈ। ਪਿਤਾ ਹੋਣ ਦੇ ਅਹਿਸਾਸ ਨੂੰ ਮਹਿਸੂਸ ਕਰ ਕੇ ਜਿਊਣ ਦੀ ਲੋੜ ਹੈ। ਮਾਂ ਦੀ ਮਮਤਾ ਦੇ ਬਰਾਬਰ ਦਾ ਪਿਆਰ ਤੇ ਸਤਿਕਾਰ ਸਾਡੇ ਵੱਲੋਂ ਬਾਪੂ ਦੀ ਘੂਰੀ ਉਹਲੇ ਲੁਕੇ ਫ਼ਿਕਰ ਨੂੰ ਦੇਣਾ ਬਣਦਾ। ਇਹਦੇ ਲਈ ਧੀ ਹੋਣ ਨਾਤੇ ਬਸ ਬਾਪੂ ਦੀ ਸਿਰ ਤੋਂ ਲਾਹੀ ਪੱਗ ਨੂੰ ਆਪਣੇ ਸਿਰ 'ਤੇ ਰੱਖ ਕੇ ਕਹਿ ਦੇਣਾ, "ਦੇਖ ਬਾਪੂ ਤੇਰੀ ਲਾਡੋ ਤੇਰਾ ਰਾਜਾ ਪੁੱਤ ਬਣਗੀ।" ਪੁੱਤ ਹੋਣ ਨਾਤੇ ਕਦੇ ਕੰਮ ਤੋਂ ਆਏ ਬਾਪੂ ਦੇ ਸਿਰ ਤੋਂ ਲਾਹੇ ਪਰਨੇ ਨੂੰ ਬਿਨਾਂ ਝਾੜੇ ਹੇਠਾਂ ਧਰਤੀ 'ਤੇ ਵਿਛਾ ਕੇ ਉੱਪਰ ਪੈ ਕੇ ਲੱਤ 'ਤੇ ਲੱਤ ਧਰ ਕੇ ਕਹਿਣਾ, "ਦੇਖ ਬਾਪੂ ਤੇਰਾ ਪੁੱਤ ਅੱਜ ਦੁਨੀਆਂ ਦੇ ਨਕਸ਼ੇ 'ਤੇ ਰਾਜਾ ਬਣਿਆ ਪਿਆ।" ਅੱਜ ਇਹ ਦੁਨੀਆਂ ਦਿਖਾਉਣ ਤੇ ਦੁਨੀਆਦਾਰੀ ਬਾਰੇ ਸਮਝਾਉਣ ਵਾਲ਼ੇ ਪਿਤਾ ਨੂੰ ਯਾਦ ਕਰਦਿਆਂ "ਬਾਪ" ਤੇ "ਬਾਬਲ" ਹੋਣ ਦਾ ਮਾਣ ਦੇਈਏ। ਅੱਜ ਇੱਕ ਦੁਆ ਤੇ ਵਾਅਦਾ ਕਰੀਏ ਕਿ ਸਾਨੂੰ ਕਦੇ ਬਿਰਧ ਆਸ਼ਰਮਾਂ 'ਚ ਜਾ ਕੇ ਇਹ ਦਿਨ ਮਨਾਉਣ ਦੀ ਲੋੜ ਨਾ ਪਵੇ। ਸਾਡੇ ਮਾਪੇ-ਸਾਡੀਆਂ ਮਾਂਵਾਂ, ਸਾਡੇ ਬਾਪ ਆਪੋ-ਆਪਣੇ ਪਰਿਵਾਰਾਂ 'ਚ ਆਪਣੀ ਔਲਾਦ ਨਾਲ਼ ਆਪਣੀਆਂ ਪੋਤੀਆਂ-ਦੋਹਤੀਆਂ ਤੇ ਪੋਤੇ-ਦੋਹਤਿਆਂ ਨਾਲ਼ ਖੇਡਦੇ ਜਿਉਂਦੇ ਵੱਸਦੇ ਉਮਰਾਂ ਦੇ ਆਖਰੀ ਪਲ ਖ਼ੁਸ਼ੀਆਂ ਨਾਲ਼ ਬਿਤਾਉਣ।

---

ਆਈ। ਇਨ੍ਹਾਂ ਹੀ ਦਿਨਾਂ ਵਿਚ ਅਮਰੀਕਾ ਵਾਲੀ ਭੈਣ ਵੀ ਪੰਜਾਬ ਆਈ। ਨਿੱਕੇ-ਨਿੱਕੇ ਬੱਚਿਆਂ ਨਾਲ ਉਨ੍ਹਾਂ ਪਹਿਲਾਂ ਪਿੰਡੋਂ ਫਗਵਾੜੇ ਆ ਕੇ ਭਾਜੀ ਕੁਲਦੀਪ ਸਿੰਘ ਸਰਾਂ ਅਤੇ ਭੈਣ ਬਰਜਿੰਦਰ ਕੌਰ (ਕਮਲਜੀਤ ਦੀ ਭੈਣ) ਕੋਲ ਰਾਤ ਰਹਿਣਾ ਤੇ ਫਿਰ ਪਹਿਲੀ ਬੱਸੇ ਲੁਧਿਆਣਾ ਪੁੱਜਣਾ। ਲੁਧਿਆਣੇ ਤੋਂ ਸੰਗਰੂਰ ਆ ਕੇ ਦੋ-ਤਿੰਨ ਮੁਲਾਕਾਤਾਂ ਕੀਤੀਆਂ। ਫਿਰ ਇਨ੍ਹਾਂ ਮੁਸ਼ਕਲਾਂ ਨੂੰ ਦੇਖਦਿਆਂ ਮੈਂ ਉਨ੍ਹਾਂ ਨੂੰ ਮਨ੍ਹਾਂ ਕਰ ਦਿੱਤਾ। ਬਿੰਦਰ ਭੈਣ ਵੀ ਇੱਕ-ਦੋ ਵੇਰ ਮੁਲਾਕਾਤ ਕਰਨ ਆਈ। ਦਰਅਸਲ ਉਹ ਕਦੇ ਪਟਿਆਲੇ, ਕਦੇ ਫ਼ਿਰੋਜ਼ਪੁਰ ਤੇ ਕਦੇ ਸੰਗਰੂਰ ਜਾਂਦੀ ਤਾਂ ਸਿਪਾਹੀਆਂ ਕਹਿਣਾ, 'ਭੈਣੇ ਤੇਰੇ ਭਰਾ ਕੀ ਸਾਰੀਆਂ ਜੇਲ੍ਹਾਂ ਵਿਚ ਬੰਦ ਨੇ?' ਮਰਹੂਮ ਭੈਣ ਬਰਜਿੰਦਰ ਨੇ ਕਹਿਣਾ, 'ਹਾਂ, ਕਿਉਂਕਿ ਸਰਕਾਰ ਨੂੰ ਮੇਰੇ ਭਰਾਵਾਂ ਤੋਂ ਖ਼ਤਰਾ ਜੁ ਬਹੁਤ ਹੈ।'

ਸੰਗਰੂਰ ਜੇਲ੍ਹ ਵਿਚ ਵੀ ਮੈਂ ਕੁਝ ਨਜ਼ਮਾਂ ਲਿਖੀਆਂ। ਇਕ ਨਜ਼ਮ ਸੀ:-

ਜ਼ਿਹਨ ਵਿਚ ਉੱਗਿਆ ਬੂਟਾ
ਜ਼ਿਹਨ ਵਿਚ ਸੋਚ ਦਾ ਇਕ ਬੂਟਾ ਉੱਗਿਆ ਹੈ
ਜਿਸ ਦੀਆਂ ਹਰੀਆਂ ਕਚੂਰ ਪੱਤੀਆਂ
ਵਧ ਰਹੀਆਂ ਲਗਰਾਂ, ਬੰਦ ਡੋਡੀਆਂ ਤੇ ਖਿੜ ਰਹੇ ਫੁੱਲ
ਇੱਕ-ਇਕ ਕਰਕੇ ਕਿਰ ਰਹੇ ਹਨ, ਝੜ ਰਹੇ ਹਨ
ਤੇ ਰੁੰਡ ਮਰੁੰਡ ਤਣਾ ਪ੍ਰਸ਼ਨ ਚਿੰਨ੍ਹ ਬਣ ਕੇ ਖਲੋਤਾ ਹੈ।

ਸਾਵੀਆਂ ਪੱਤੀਆਂ ਪ੍ਰਤੀਕ ਹਨ ਪਿੰਡ ਦੀਆਂ ਫ਼ਸਲਾਂ ਦਾ
ਜੋ ਹਰ ਹਾੜ੍ਹੀ ਤੇ ਸਾਉਣੀ ਵਿਚ
ਜੰਮਣ ਸਾਰ ਹੀ ਠੁੰਗੀਆਂ ਜਾਵਣ।
ਵਧ ਰਹੀਆਂ ਲਗਰਾਂ ਅੱਲ੍ਹੜ ਕੁੜੀਆਂ ਵਾਂਗਰ ਨੇ
ਜਿਨ੍ਹਾਂ ਦੀ ਉੱਭਰਦੀ ਜਵਾਨੀ ਦਾ ਸੇਕ
ਸਾਜਨ ਦੀ ਮਿਲਣੀ ਤੋਂ ਪਹਿਲਾਂ ਹੀ
ਸਰਦਾਰਾਂ ਦੀ ਹਵੇਲੀ ਵਿਚ ਠੰਢਾ ਯਖ ਹੋ ਜਾਂਦਾ ਹੈ।
ਬੰਦ ਡੋਡੀਆਂ ਮਾਂ ਦੀ ਉਮਰ ਦੀਆਂ ਔਰਤਾਂ ਨੇ
ਜੋ ਅਬੋਲ ਰਹਿ ਕੇ ਵੀ ਜੂਝਦੇ ਪੁੱਤਾਂ ਦੀ ਸੁੱਖਣਾ ਸੁੱਖਦੀਆਂ
ਝੋਰੇ ਦਾ ਰੋਗ ਲਾ ਬੈਠਣ।

ਤੇ ਖਿੜ ਰਹੇ ਫੁੱਲ ਨੰਗ ਧੜੰਗੇ ਅਲੂੰਏਂ ਜਿਹੇ ਬੱਚੇ ਨੇ
ਜਿਨ੍ਹਾਂ ਨੂੰ ਕੰਧ 'ਤੇ ਲੱਗਿਆ
'ਵਿੱਦਿਆ ਤੀਜਾ ਨੇਤਰ ਹੈ' ਦਾ ਇਸ਼ਤਿਹਾਰ
ਹਰ ਰੋਜ਼ ਦੰਦੀਆਂ ਚੁੰਘਾਉਂਦਾ ਹੈ।

ਰੁੰਡ ਮੁੰਡ ਤਣਾ ਉਸ ਬਜ਼ੁਰਗ ਦਾ ਚਿੰਨ੍ਹ ਹੈ
ਜਿਸ ਨੇ ਸਦੀ ਦਾ ਤੀਸਰਾ ਹਿੱਸਾ ਹੰਢਾ ਕੇ ਵੀ
ਸਾਵੀਆਂ ਫ਼ਸਲਾਂ ਦਾ ਦਰਦ
ਕੁਆਰੀਆਂ ਕੁੜੀਆਂ ਦੀ ਚੀਕ / ਬੁੱਢੀਆਂ ਮਾਵਾਂ ਦਾ ਗ਼ਮ
ਹਿੱਕ ਉੱਪਰ ਧਰ ਕੇ ਜਵਾਨੀ ਨੂੰ ਸਵਾਲ ਪਾਇਆ ਸੀ
ਤੇ ਹੁਣ ਅਸੀਂ ਜਵਾਬ ਦੀ ਭਾਲ ਵਿਚ ਮਸਰੂਫ਼ ਹਾਂ।
(ਜਨਵਰੀ 1977)

ਇਸ ਕਵਿਤਾ ਨੂੰ ਸੀ. ਮਾਰਕੰਡਾ ਨੇ ਉਸ ਸਮੇਂ ਦੇ ਇਨਕਲਾਬੀ ਪਰਚੇ 'ਕਿੰਤੂ' ਵਿਚ ਛਾਪਿਆ ਸੀ। ਮਾਰਚ ਦਾ ਅਖੀਰ ਜਾਂ ਅਪ੍ਰੈਲ ਦਾ ਅੱਧ ਸੀ ਕਿ ਖ਼ਬਰ ਆਈ ਪਈ ਇੰਦਰਾ ਗਾਂਧੀ ਬੜੀ ਬੁਰੀ ਤਰ੍ਹਾਂ ਇਕ ਮਖੌਲੀਆ ਜਿਹੇ ਉਮੀਦਵਾਰ ਤੋਂ ਹਾਰ ਗਈ ਹੈ। ਚੋਣਾਂ ਦਾ ਐਲਾਨ ਵੀ ਹੋ ਗਿਆ। ਜਨਤਾ ਪਾਰਟੀ ਦੀ ਸਰਕਾਰ ਬਣੀ ਤਾਂ ਉਹਨੇ ਸਾਰੇ ਸਿਆਸੀ ਕੈਦੀ ਰਿਹਾਅ ਕਰਨ ਦਾ ਐਲਾਨ ਕਰ ਦਿੱਤਾ। ਅਸੀਂ ਵੀ ਆਖ਼ਰ ਚੌਦਾਂ ਮਹੀਨੇ ਦੀ ਜੇਲ੍ਹ ਕੱਟਣ ਤੋਂ ਬਾਅਦ ਆਜ਼ਾਦ ਹਵਾ ਵਿਚ ਸਾਹ ਲੈ ਰਹੇ ਸੀ।

---

## ਪਿਤਾ ਦਿਵਸ ਨੂੰ ਸਮਰਪਿਤ ਕਵਿਤਾਵਾਂ

### *ਸਤਿਗੁਰ ਮੇਰਾ ਬਾਬੁਲ ਪਿਆਰਾ*

ਸਤਿਗੁਰ ਮੇਰਾ ਬਾਬੁਲ ਪਿਆਰਾ
ਬਾਬੁਲ ਸਾਰੇ ਜਗ ਤੋਂ ਨਿਆਰਾ।
ਦਰ ਬੈਠੀ ਦੀ ਲਾਜ ਨਿਭਾਵੇ
ਹਰ ਮੁਸ਼ਕਿਲ 'ਚੋਂ, ਆਣ ਬਚਾਵੇ।

ਐਸਾ ਨਈਂ, ਕਿ ਪੀੜ ਨਹੀਂ ਹੈ
ਸਿਰ 'ਤੇ ਬਣਦੀ ਭੀੜ ਨਹੀਂ ਹੈ।
ਸਿਰ 'ਤੇ ਬਣਦੀਆਂ ਭੀੜਾਂ ਵੀ ਨੇ
ਬਹੁਤ ਹੋਂਦੀਆਂ ਪੀੜਾਂ ਵੀ ਨੇ।

ਅੱਗ ਨਦੀ ਜਦ ਤਰਦੀ ਹਾਂ ਮੈਂ
ਯਾਦ ਓਸ ਨੂੰ ਕਰਦੀ ਹਾਂ ਮੈਂ।
ਨਾਲ ਦੁੱਖਾਂ ਜਦ ਲੜਦੀ ਹਾਂ ਮੈਂ
ਬਾਣੀ ਉਸ ਦੀ ਪੜ੍ਹਦੀ ਹਾਂ ਮੈਂ।

ਪਲ ਪਲ ਕਰਦੀ ਹਾਂ ਅਰਦਾਸ
ਜੀਉ ਪਿੰਡ ਸਭ ਤੇਰੀ ਰਾਸ।
ਤੂੰ ਬਾਬੁਲ ਮੈਂ, ਧੀ ਹਾਂ ਤੇਰੀ
ਸਦਾ ਕਰੀਂ ਰਖਵਾਲੀ ਮੇਰੀ।

ਇਸ ਦੁਨੀਆਂ ਵਿਚ ਕੱਲੀ ਹਾਂ ਮੈਂ
ਮੰਨਿਆ, ਬਾਹਲੀ ਝੱਲੀ ਹਾਂ ਮੈਂ।
ਜੋ ਹਾਂ, ਮੈਨੂੰ, ਤੂੰ ਹੀ ਬਣਾਇਐ
ਆਪਣੇ ਲੜ ਵੀ, ਆਪੇ ਲਾਇਐ।

ਬਿਨ ਤੇਰੇ ਮੇਰਾ ਕੋਈ ਨਾ ਦਰਦੀ
ਬੜੀਆਂ ਪੀੜਾਂ ਪਈ ਹਾਂ ਜਰਦੀ।
ਸੱਚ ਦੇ ਨਾਲੋਂ, ਮੋਹ ਨਈਂ ਮੁੱਕਦਾ
ਝੂਠ ਲਈ ਵਿਦਰੋਹ ਨਈਂ ਮੁੱਕਦਾ।

ਘਰ ਸਮਾਜ ਵੀ ਮੁੱਕ ਚਲੇ ਨੇ
ਸੱਚ ਦੇ ਬੂਟੇ ਸੁੱਕ ਚਲੇ ਨੇ।
ਧਰਮੀ ਕਰਦੇ ਨੇ ਮਨ ਆਈਆਂ
ਝੂਠ ਦੀਆਂ ਚੱਲਣ ਚਤਰਾਈਆਂ।

ਧਰਮਾਂ ਦੇ ਮੋਢੀ ਬੇਈਮਾਨ
ਮੁਲਕ ਦੇ ਮੋਢੀ ਬਣੇ ਹੈਵਾਨ।
ਖਵਰੇ ਕਿੱਥੇ ਗਏ ਇਨਸਾਨ
ਹਰ ਪਾਸੇ ਫਿਰਦੇ ਸ਼ੈਤਾਨ।

ਕੋਲ ਮੇਰੇ ਫਿਰ ਆਵੇ ਬਾਬੁਲ
ਪਿਆਰ ਨਾਲ ਸਮਝਾਵੇ ਬਾਬੁਲ।
ਤੁਰੇ ਆਂਵਦੇ ਨੇ ਦਿਨ ਨੇੜੇ
ਮੁੱਕ ਜਾਵਣਗੇ ਸੱਭੇ ਝੇੜੇ।

ਕਲਮ ਦਿੱਤੀ ਏ, ਕਲਮ ਚਲਾ
ਸੱਚ ਦੇ ਪ੍ਰਚਮ ਨੂੰ ਲਹਿਰਾਅ।
ਸੱਚ ਲਿਖੀਂ ਤੇ ਸੱਚ ਹੀ ਬੋਲੀਂ
ਸੱਚ ਬੋਲਣ ਤੋਂ ਕਦੀ ਨਾ ਡੋਲੀਂ।

ਬਾਬੁਲ ਮੈਨੂੰ ਹਿੰਮਤ ਦੇਵੇ
ਸਦ ਹੀ ਆਪਣੀ ਰਹਿਮਤ ਦੇਵੇ।
ਏਸੇ ਲਈ ਤਾਂ ਮਰਦੀ ਨਈਂ ਹਾਂ
ਬੇਈਮਾਨਾਂ ਤੋਂ ਡਰਦੀ ਨਈਂ ਹਾਂ।

ਸਤਿਗੁਰ ਮੇਰੇ ਬਾਬੁਲ ਪਿਆਰੇ
ਸਦ ਹੀ ਮੈਨੂੰ ਦਈਂ ਸਹਾਰੇ।
ਦਰ ਡਿੱਗੀ ਦੀ ਆਸ ਪੁਗਾਵੀਂ
ਇਸ ਧੀ ਨੂੰ 'ਸੁਰਜੀਤ' ਬਣਾਵੀਂ।

***-ਬੀਬੀ ਸੁਰਜੀਤ ਕੌਰ 'ਸੈਕਰਾਮੈਂਟੋ'***

---

### *ਬਾਪੂ*

ਜਿਹਦੀ ਬੁੱਕਲ ਜੰਨਤ ਵਰਗੀ ਏ
ਕਿਸੇ ਮਾਂ ਦੀ ਮੰਨਤ ਵਰਗੀ ਏ
ਜਿਹੜਾ ਧੁਰਾ ਹੈ ਟੱਬਰਦਾਰੀ ਦਾ
ਜਿਹੜਾ ਥੰਮ੍ਹ ਹੈ ਜ਼ਿੰਮੇਵਾਰੀ ਦਾ
ਜਦ ਹੁੰਦੇ ਵਾਰ ਸ਼ਰੀਕਾਂ ਦੇ
ਜਿਹਨੂੰ ਹਿੱਕ 'ਤੇ ਝੱਲਣੇ ਪੈਂਦੇ ਨੇ
ਓਹਨੂੰ ਬਾਪੂ ਬਾਪੂ ਕਹਿੰਦੇ ਨੇ,
ਓਹਨੂੰ ਜੱਗ 'ਤੇ ਬਾਪੂ ਕਹਿੰਦੇ ਨੇ।

ਜਿਹੜਾ ਮਾਲੀ ਬਾਗ ਦੇ ਰੁੱਖਾਂ ਦਾ
ਜਿਹੜਾ ਮਾਣ ਹੈ ਧੀਆਂ ਪੁੱਤਾਂ ਦਾ
ਜਿਹੜਾ ਚਾਅ ਹੈ ਕਿਸੇ ਸੁਹਾਗਣ ਦਾ
ਜਿਹੜਾ ਰੋਹਬ ਹੈ ਕਿਸੇ ਮਜਾਜਣ ਦਾ
ਅਣਖਾਂ ਲਈ ਮਸ਼ਹੂਰ ਬੜਾ,
ਜਿਹਦੀ ਮੁੱਛ ਦੇ ਚਰਚੇ ਰਹਿੰਦੇ ਨੇ
ਉਸ ਸ਼ਹਿ ਨੂੰ ਬਾਪੂ ਕਹਿੰਦੇ ਨੇ,
ਉਸ ਸ਼ਖਸ ਨੂੰ ਬਾਪੂ ਕਹਿੰਦੇ ਨੇ।

ਜੋ ਰਾਖਾ ਘਰ ਦੀਆਂ ਨੀਂਹਾਂ ਦਾ
ਵੱਧ ਪਿਆਰ ਲੈਂਦਾ ਜੋ ਧੀਆਂ ਦਾ
ਜਿਹੜਾ ਹੈ ਬੈਂਕਾਂ ਦੇ ਧਨ ਵਰਗਾ
ਮੋਢੇ 'ਤੇ ਰੱਖੀ ਗੰਨ ਵਰਗਾ
ਜਿਹਦੇ ਹੁੰਦਿਆਂ ਹੁੰਦੀ ਐਸ਼ ਸਦਾ,
ਜੇਬਾਂ ਵਿਚ ਰਹਿੰਦਾ ਕੈਸ਼ ਸਦਾ
ਜਿਹਦੇ ਜਿਓਂਦਿਆਂ ਜੀ ਸਾਰੇ,
ਸਦਾ ਨਜ਼ਾਰੇ ਲੈਂਦੇ ਨੇ
ਓਹਨੂੰ ਬਾਪੂ ਬਾਪੂ ਕਹਿੰਦੇ ਨੇ
ਉਸ ਸ਼ਖਸ ਨੂੰ ਬਾਪੂ ਕਹਿੰਦੇ ਨੇ

ਜਿਹਦੀ ਘੂਰ ਲਿਆਕਤ ਦਿੰਦੀ ਏ
ਸ਼ਾਬਾਸ਼ੇ ਤਾਕਤ ਦਿੰਦੀ ਏ
ਜਿਹਦਾ ਦਬਕਾ ਸਬਕ ਸਿਖਾ ਜਾਂਦਾ
ਜਿਹਦਾ ਛਿੱਤਰ ਰਾਹੇ ਪਾ ਜਾਂਦਾ



ਜਿਹਦੇ ਹੁੰਦਿਆਂ ਕੋਈ ਝਾਕਾ ਨਹੀਂ
ਨਾ ਫਿਕਰ ਤੇ ਕੋਈ ਫਾਕਾ ਨਹੀਂ
ਓਹਦੇ ਕੱਪੜੇ ਭਾਵੇਂ ਸਸਤੇ ਨੇ
ਪਰ ਨਖਰੇ ਥੋੜ੍ਹੇ ਮਹਿੰਗੇ ਨੇ
ਓਹਨੂੰ ਲੋਕੀਂ ਬਾਪੂ ਕਹਿੰਦੇ ਨੇ
ਕਿ ਡੈਡੀ ਪਾਪਾ ਕਹਿੰਦੇ ਨੇ।

ਜਿਹਦੀ ਪੱਗ 'ਚੋਂ ਅਣਖਾਂ ਝਲਕਦੀਆਂ
ਜਿਹਦੀ ਅੱਖ 'ਚੋਂ ਮੜਕਾਂ ਛਲਕਦੀਆਂ
ਦਾਹੜੀ ਦੇ ਮਤਲਬ ਵੱਡੇ ਨੇ
ਜਿਹਦੀ ਮੁੱਛ ਨੇ ਸਿਰ ਵੀ ਵੱਢੇ ਨੇ
ਜਿਹੜਾ ਗੇੜੀ ਵਾਂਗੂ ਗਿੜਦਾ ਏ
ਦੁੱਖ ਮੋਢੇ ਚੱਕੀ ਫਿਰਦਾ ਏ
ਨਿੱਤ ਫਿਕਰਾਂ ਦੇ ਵਿਚ ਘਿਰਦਾ ਏ
ਜਿਹਦੇ ਜਿਸਮ 'ਚੋਂ ਮੁੜਕਾ ਕਿਰਦਾ ਏ
ਜਿਹੜਾ ਡਾਨਸੀਵਾਲੀਆ ਦਬਦਾ ਨਹੀਂ
ਦੁੱਖ ਲੱਖਾਂ ਬਿਖੜੇ ਪੈਂਡੇ ਨੇ
ਓਹਨੂੰ ਬਾਪੂ ਬਾਪੂ ਕਹਿੰਦੇ ਨੇ
ਕਈ ਡੈਡਾ ਪਾਪਾ ਕਹਿੰਦੇ ਨੇ।

***-ਕੁਲਵੀਰ ਸਿੰਘ ਡਾਨਸੀਵਾਲ***
***ਫੋਨ: 778 863 2472***

---

### *ਬਾਪ-ਪੁੱਤ*

ਮੈਂ ਤੇ ਮੇਰੇ ਬਾਪ ਬਥੇਰੀ
ਮੱਤ ਸਮਝ 'ਤੇ ਲਾਈ।
ਲੇਕਿਨ ਸਾਨੂੰ ਇੱਕ ਦੂਜੇ ਦੀ
ਭੋਰਾ ਸਮਝ ਨਾ ਆਈ।
ਪੁੱਤ ਹੋਣੀ ਆ ਪ੍ਰਗਟ ਹੋਏ
ਮੇਰੇ ਘਰ ਵੀ ਜਦ ਮੈਂ,
ਖ਼ਾਨਦਾਨ ਦੀ ਵੇਲ ਵਧਾਵਣ
ਲਈ ਸ਼ਾਦੀ ਰਚਵਾਈ।
ਲੱਖ ਕੋਸ਼ਿਸ਼ਾਂ ਕਰ ਕਰ ਥੱਕਿਆ
ਪੁੱਤ ਨੂੰ ਸਮਝ ਨਾ ਸਕਿਆ,
ਇਸ ਸਮਝਣ ਦੀ ਕੋਸ਼ਿਸ਼ ਵਿਚ ਪਰ
ਸਮਝ ਬਾਪ ਦੀ ਆਈ।
ਇਸ ਸਮਝ ਦੇ ਆਉਣ ਤੋਂ ਪਹਿਲਾਂ
ਰੁਖ਼ਸਤ ਬਾਪ ਹੋ ਚੁੱਕਿਆ,
ਲੇਕਿਨ ਮੇਰੇ ਬਾਪਪੁਣੇ 'ਚੋਂ
ਰੂਹ ਉਹਦੀ ਮੁਸਕਾਈ।

***-ਪਰਖਾ***

# 'ਜਗੇ ਧਰਮ ਹਿੰਦੂ' ਵਿਚਲਾ ਛੁਪਿਆ ਮਨੋਰਥ

## (ਪ੍ਰਤੀਕਰਮ)

ਡਾ. ਗੁਰਨਾਮ ਕੌਰ, ਕੈਨੇਡਾ



ਕੁੱਝ ਦਿਨ ਹੋਏ ਮਾਲਵਿੰਦਰ ਸਿੰਘ ਮਾਲੀ ਨੇ ਫੇਸ ਬੁੱਕ 'ਤੇ ਕੁਲਦੀਪ ਸਿੰਘ ਰਾਡੀ ਯੂ.ਐਸ.ਏ. ਦੀ ਲਿਖੀ ਇਕ ਪੋਸਟ ਸਾਂਝੀ ਕੀਤੀ ਸੀ, ਜਿਸ ਦੀ ਇਬਾਰਤ ਉੱਪਰ ਦਿੱਤੀ ਕਿਤਾਬ ਦੇ ਹਿੰਦੀ ਵਿਚ ਦਿੱਤੇ ਮੁਖੜੇ 'ਜਗੇ ਧਰਮ ਹਿੰਦੂ' ਦੇ ਸਬੰਧ ਵਿਚ ਹੇਠ ਲਿਖੇ ਅਨੁਸਾਰ ਹੈ:

'ਸਿੱਖੀ ਅਤੇ ਸਿੱਖਾਂ ਦੀ ਨਿਰਾਲੀ ਹੋਂਦ ਤੇ ਮੰਤਵ ਨੂੰ ਸਿੱਖਾਂ ਵਲੋਂ ਸਿੱਖੀ ਦੇ ਨਾਮ 'ਤੇ ਪ੍ਰਚਾਰੇ ਜਾ ਰਹੇ ਤੱਥਾਂ ਨਾਲ ਹੀ ਫੁੰਡਣ ਦੀ ਮਿਸਾਲ ਇਹ ਹੈ, ਇਹ ਚੁਣੌਤੀ ਸਿਰਫ਼ ਸਿੱਖਾਂ ਲਈ ਹੀ ਨਹੀਂ ਹੈ ਸਗੋਂ ਸਮੂਹ ਸੁਹਿਰਦ ਪੰਜਾਬੀਆਂ ਲਈ ਹੈ, ਆਪਣੇ ਸੁਨਹਿਰੀ ਇਤਿਹਾਸ ਦੀ ਰਾਖੀ ਦਾ ਸੁਆਲ ਹੈ - ਮਾਲਵਿੰਦਰ ਸਿੰਘ ਮਾਲੀ..

'ਆਪ ਜਿਸ ਕਿਤਾਬ ਦੀ ਫੋਟੋ ਦੇਖ ਰਹੇ ਹੋ, ਇਸ ਦਾ ਨਾਮ 'ਜਗੇ ਧਰਮ ਹਿੰਦੂ' ਹੈ ਜੋ ਆਰ. ਐਸ. ਐਸ. ਦੀ ਪ੍ਰਕਾਸ਼ਿਤ ਕੀਤੀ ਹੋਈ ਕਿਤਾਬ ਹੈ। ਇਸ ਦੇ ਕੁਲ 96 ਪੰਨੇ ਹਨ। ਕਿਤਾਬ ਦੇ ਛਾਪਣ ਦਾ ਕਾਰਨ ਹੀ ਆਰ.ਐਸ.ਐਸ. ਵੱਲੋਂ ਸਾਡੇ ਸਿੱਖੀ ਸੰਘਰਸ਼ ਨੂੰ ਹਿੰਦੂਵਾਦੀ ਪੇਸ਼ ਕਰਨਾ ਹੈ, ਇਸ ਕਿਤਾਬ ਦਾ ਮਕਸਦ ਇਹ ਸਿੱਧ ਕਰਨਾ ਹੈ ਕਿ ਅੱਜ ਤੱਕ ਸਿੱਖਾਂ ਵੱਲੋਂ ਜੋ ਵੀ ਸੰਘਰਸ਼ ਕੀਤਾ ਗਿਆ ਹੈ ਉਹ ਹਿੰਦੂ ਧਰਮ ਵਾਸਤੇ ਤੇ ਹਿੰਦੂ ਰਾਜ ਸਥਾਪਤ ਕਰਨ ਲਈ ਕੀਤਾ ਗਿਆ ਹੈ, ਇਸ ਕਿਤਾਬ ਵਿਚ ਗੁਰੂ ਸਾਹਿਬਾਂ ਬਾਰੇ ਬਹੁਤ ਮੰਦੀਆਂ ਗੱਲਾਂ ਲਿਖੀਆਂ ਹਨ, ਜਿਨ੍ਹਾਂ ਵਿਚੋਂ ਕੁੱਝ ਥੱਲੇ ਦੱਸੀਆਂ ਹਨ:

1. ਇਸ ਵਿਚ ਦਰਬਾਰ ਸਾਹਿਬ ਨੂੰ ਪ੍ਰਾਚੀਨ ਹਿੰਦੂ ਤੀਰਥ ਦੱਸਿਆ ਗਿਆ ਹੈ।

2. ਅੰਮ੍ਰਿਤਸਰ ਨੂੰ ਸ੍ਰੀ ਰਾਮ ਦੀ ਬੇਦੀ ਵੰਸ਼ ਦੇ 20 ਪਿੰਡਾਂ ਵਾਲੀ ਜਗ੍ਹਾ ਵਿਚ ਵਸਾਇਆ ਗਿਆ ਹੈ।

3. ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਈ ਭਗਤਾਂ ਦੀ ਬਾਣੀ ਆਪ ਹੀ ਰਚ ਕੇ ਉਨ੍ਹਾਂ ਦੇ ਨਾਮ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕੱਠੀ ਕਰ ਦਿੱਤੀ।

4. ਛੇਵੇਂ ਪਾਤਿਸ਼ਾਹ ਨੇ ਬੀਬੀ ਕੌਲਾਂ ਨਾਲ ਨਿਕਾਹ ਨਹੀਂ ਸੀ ਕੀਤਾ ਕਿਉਂਕਿ ਉਹ ਹਿੰਦੂ ਰਾਜ ਸਥਾਪਤ ਕਰਨਾ ਚਾਹੁੰਦੇ ਸਨ।

5. ਗੁਰੂ ਹਰਕ੍ਰਿਸ਼ਨ ਸਾਹਿਬ ਬਹੁਤ ਹੀ ਬੇ-ਮਨ ਨਾਲ ਦਿੱਲੀ ਆਏ ਸਨ। ਉਨ੍ਹਾਂ ਇਹ ਯਾਤਰਾ ਬਹੁਤ ਬੇਇਜ਼ਤੀ ਵਾਲੀ ਮਹਿਸੂਸ ਕੀਤੀ ਤੇ ਉਨ੍ਹਾਂ ਨੂੰ ਬੁਖਾਰ ਹੋ ਗਿਆ ਤੇ ਉਹ ਅਕਾਲ ਚਲਾਣਾ ਕਰ ਗਏ।

6. ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਿਰਫ ਹਿੰਦੂ ਧਰਮ ਤੇ ਹਿੰਦੂ ਰਾਜ ਦੇ ਦੇਵਤਿਆਂ ਵਰਗੇ ਬ੍ਰਾਹਮਣਾਂ ਲਈ ਸੀ।

7. ਗੁਰੂ ਤੇਗ ਬਹਾਦਰ ਜੀ ਦਾ ਸੀਸ ਤਾਂ ਉਤਰ ਗਿਆ ਸੀ, ਪਰ ਉਨ੍ਹਾਂ ਦੇ ਗਲ ਵਿਚ ਪਾਇਆ ਧਾਗਾ (ਜਨੇਊ) ਨਾ ਕਟਿਆ ਗਿਆ, ਨਾ ਹੀ ਟੁੱਟਿਆ।

8. ਦਸਵੇਂ ਪਾਤਿਸ਼ਾਹ ਨੇ ਚੰਡੀ ਦਾ ਜੱਗ ਕਰਕੇ ਖਾਲਸਾ ਪੰਥ ਸਾਜਿਆ।

ਆਹ ਉਪਰੋਕਤ ਗੱਲਾਂ ਬਾਰੇ ਅਸੀਂ ਕੋਈ ਟਿੱਪਣੀ ਨਹੀਂ ਦੇਣਾ ਚਾਹੁੰਦੇ ਏਨੀਆਂ ਮੰਦੀਆਂ ਗੱਲਾਂ। ਗੁਰੂ ਗ੍ਰੰਥ ਸਾਹਿਬ ਮਹਾਰਾਜ ਤੇ ਏਨੀ ਗੰਦੀ ਟਿੱਪਣੀ। ਹਜੇ ਵੀ ਅਸੀਂ ਚੁੱਪ ਹਾਂ ਸਾਡੇ ਪ੍ਰਚਾਰਕਾਂ ਦੇ ਕੰਨ 'ਤੇ ਕੋਈ ਜੂੰ ਨਹੀਂ ਸਰਕਦੀ, ਬਹੁਤ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਕਈ ਗੱਲਾਂ ਤਾਂ ਸਾਡੇ ਮਿਲਾਵਟੀ ਇਤਿਹਾਸਕ ਗ੍ਰੰਥਾਂ ਦੇ ਹਵਾਲੇ ਦੇ ਕੇ ਹੀ ਕੀਤੀਆਂ ਗਈਆਂ ਹਨ।

(ਕੁਲਦੀਪ ਸਿੰਘ ਰਾਡੀ ਯੂ.ਐਸ.ਏ)"

ਆਰ.ਐਸ.ਐਸ. ਹਿੰਦੁਸਤਾਨ ਨੂੰ ਹਰ ਹਾਲਤ ਵਿਚ ਹਿੰਦੂ ਰਾਜ ਬਣਾਉਣਾ ਚਾਹੁੰਦੀ ਹੈ, ਇਸ ਬਾਰੇ ਹੁਣ ਦੁਨੀਆ ਭਰ ਵਿਚ ਚਰਚਾ ਹੋ ਰਹੀ ਹੈ। ਹਿੰਦੁਸਤਾਨ ਵਿਚ ਘੱਟ ਗਿਣਤੀ ਭਾਈਚਾਰਿਆਂ, ਔਰਤਾਂ, ਦਲਿਤਾਂ ਅਤੇ ਆਦਿਵਾਸੀਆਂ ਪ੍ਰਤੀ ਇਸ ਦਾ ਰਵੱਈਆ ਬਹੁਤ ਸਪੱਸ਼ਟ ਹੈ ਕਿ ਇਹ ਉਨ੍ਹਾਂ ਨੂੰ ਹਰ ਤਰ੍ਹਾਂ ਨਾਲ ਦਬਾ ਕੇ ਰੱਖਣਾ ਚਾਹੁੰਦੀ ਹੈ ਜਾਂ ਬਾਹਰ ਭਜਾਉਣਾ ਚਾਹੁੰਦੀ ਹੈ ਅਤੇ ਜਾਂ ਤੀਸਰਾ ਵਿਕਲਪ ਹੈ ਆਪਣੇ ਵਿਚ ਮਿਲਾ ਲੈਣਾ। ਇਹ ਏਜੰਡਾ ਕੋਈ ਨਵਾਂ ਨਹੀਂ ਹੈ। ਵੀਹਵੀਂ ਸਦੀ ਦੇ ਦੂਸਰੇ ਦਹਾਕੇ ਵਿਚ ਹੀ ਜਦੋਂ ਆਰ.ਐਸ.ਐਸ. ਦੀ ਨੀਂਹ ਰੱਖੀ ਗਈ ਸੀ ਤਾਂ ਹਿੰਦੁਸਤਾਨ ਨੂੰ ਹਿੰਦੂ ਰਾਸ਼ਟਰ ਬਣਾਉਣ ਦਾ ਏਜੰਡਾ ਉਨ੍ਹਾਂ ਦੀ ਪਹਿਲ 'ਤੇ ਰਿਹਾ ਹੈ। ਸਿੱਖ ਧਰਮ ਬਾਰੇ ਉਸ ਦਾ ਰਵੱਈਆ ਤੀਸਰੀ ਕਿਸਮ ਦਾ ਹੈ ਜਿਸ ਅਨੁਸਾਰ ਉਸ ਦੇ ਸਿਧਾਂਤ ਅਤੇ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨਾ ਅਤੇ ਹਿੰਦੂ ਧਰਮ ਦਾ ਹੀ ਹਿੱਸਾ ਦੱਸਣਾ।

ਪਹਿਲਾ ਨੁਕਤਾ ਹੈ ਕਿ ਦਰਬਾਰ ਸਾਹਿਬ ਹਿੰਦੂਆਂ ਦਾ ਪੁਰਾਤਨ ਤੀਰਥ ਹੈ। ਸਿੱਖ ਧਰਮ ਆਲਮੀ ਧਰਮਾਂ ਦੇ ਇਤਿਹਾਸ ਵਿਚ ਬਹੁਤ ਹੀ ਨਵਾਂ ਸਥਾਪਤ ਕੀਤਾ ਧਰਮ ਹੈ, ਜਿਸ ਦਾ ਅਰੰਭ ਗੁਰੂ ਨਾਨਕ ਸਾਹਿਬ ਦੇ 1499 ਈਸਵੀ ਵਿਚ 'ਵੇਈਂ ਨਦੀ ਪ੍ਰਵੇਸ਼' ਤੋਂ ਮੰਨਿਆ ਜਾਂਦਾ ਹੈ ਜਦੋਂ ਉਨ੍ਹਾਂ ਨੇ ਪਹਿਲਾ ਐਲਾਨਨਾਮਾ ਕੀਤਾ "ਨਾ ਕੋ ਹਿੰਦੂ ਨਾ ਮੁਸਲਮਾਨ"। ਗੁਰੂ ਰਾਮਦਾਸ ਜੀ ਨੇ 1577 ਈਸਵੀ ਵਿਚ ਸਰੋਵਰ ਦੀ ਖੁਦਾਈ ਸ਼ੁਰੂ ਕੀਤੀ। ਦਰਬਾਰ ਸਾਹਿਬ ਦੀ ਥਾਂ 'ਤੇ ਜੇ ਕੋਈ ਪੁਰਾਤਨ ਹਿੰਦੂ ਤੀਰਥ ਹੁੰਦਾ ਤਾਂ ਸਰੋਵਰ ਦੀ ਖੁਦਾਈ ਵੇਲੇ ਉਸ ਢਹਿ-ਢੇਰੀ ਹੋ ਗਏ ਕਿਸੇ ਪੁਰਾਤਨ ਤੀਰਥ, ਮੰਦਰ ਆਦਿ ਦੇ ਖੰਡਰ ਨਿਕਲੇ ਹੁੰਦੇ; ਪ੍ਰੰਤੂ ਅਜਿਹੇ ਕੋਈ ਖੰਡਰ, ਕਿਸੇ ਮੰਦਰ ਦੀ ਭੱਜ-ਟੁੱਟ, ਕੋਈ ਟੁੱਟੀ ਹੋਈ ਮੂਰਤੀ ਜਾਂ ਹਵਨ ਕੁੰਡ ਵੀ ਨਹੀਂ ਨਿਕਲੀ। ਬਿਨਾਂ ਮੰਦਰ ਜਾਂ ਮੂਰਤੀ ਦੇ ਤੀਰਥ ਸਥਾਨ ਦੀ ਹੋਂਦ ਕਿਵੇਂ ਹੋ ਸਕਦੀ ਹੈ?

ਦੂਸਰਾ ਕਿ ਅੰਮ੍ਰਿਤਸਰ ਦੀ ਜ਼ਮੀਨ ਸ੍ਰੀ ਰਾਮ ਚੰਦਰ ਦੀ ਬੇਦੀ ਵੰਸ਼ ਦੇ ਵੀਹ ਪਿੰਡਾਂ ਦੀ ਜ਼ਮੀਨ ਸੀ। ਸ੍ਰੀ ਰਾਮ ਚੰਦਰ ਦੇ ਵੰਸ਼ ਦਾ ਰਮਾਇਣ ਤੋਂ ਬਿਨਾਂ ਹੋਰ ਕਿਧਰੇ ਕੋਈ ਰਿਕਾਰਡ ਪ੍ਰਾਪਤ ਨਹੀਂ ਹੈ? ਇਹ ਵੀ ਮੰਨਿਆ ਜਾਂਦਾ ਹੈ ਕਿ ਇਹ ਇੱਕ ਮਹਾਂ ਕਾਵਿ ਹੈ ਜੋ ਇਤਿਹਾਸਕ ਨਾਲੋਂ ਮਿਥਿਹਾਸਕ ਜ਼ਿਆਦਾ ਹੈ। ਇਹ ਵੀਹ ਪਿੰਡਾਂ ਦੀ ਜ਼ਮੀਨ ਸ੍ਰੀ ਰਾਮਚੰਦਰ ਦੇ ਬੇਦੀ ਵੰਸ਼ ਦੀ ਸੀ ਇਸ ਦਾ ਕੋਈ ਵਸੀਕਾ, ਕੋਈ ਇਤਿਹਾਸ ਕਿਸੇ ਕੋਲ ਨਹੀਂ ਹੈ। 'ਬਚਿੱਤ੍ਰ ਨਾਟਕ' ਵਿਚ ਲਾਹੌਰ ਅਤੇ ਕਸੂਰ ਸ਼ਹਿਰ ਨੂੰ ਰਾਮ ਚੰਦਰ ਦੇ ਪੁੱਤਰਾਂ ਲਵ ਅਤੇ ਕੁਸ਼ ਵੱਲੋਂ ਵਸਾਏ ਜਾਣ ਦੀ ਗੱਲ ਕੀਤੀ ਹੋਈ ਹੈ। ਲਾਹੌਰ ਸ਼ਹਿਰ ਦਾ ਇਤਿਹਾਸ ਫੋਲੀਏ ਤਾਂ ਇਸ ਦੇ ਏਨਾ ਪੁਰਾਤਨ ਸ਼ਹਿਰ ਹੋਣ ਦੇ ਕੋਈ ਵੀ ਤੱਥ ਇਤਿਹਾਸਕ ਤੌਰ 'ਤੇ ਪ੍ਰਾਪਤ ਨਹੀਂ ਹਨ। ਜੇ ਕਸੂਰ ਸ਼ਹਿਰ ਵੀ ਕਿਸੇ 'ਕੁਸ਼' ਨਾਮਕ ਵਿਅਕਤੀ ਨੇ ਵਸਾਇਆ ਹੋਵੇ ਇਹ ਵੀ ਤੱਥ ਆਧਾਰਤ ਨਹੀਂ। ਅਰਬੀ ਭਾਸ਼ਾ ਦੇ ਸ਼ਬਦ 'ਕਸੂਰ' ਦਾ ਅਰਥ ਹੈ ਮਹਿਲ, ਕਿਲ੍ਹੇ। ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਕਸੂਰ ਸ਼ਹਿਰ ਮੁਹੰਮਦਜ਼ਈ ਪਖਤੂਨਾਂ ਦੇ ਕਬੀਲੇ ਖੇਸ਼ਗੀ ਵੱਲੋਂ 1525 ਈਸਵੀ ਵਿਚ ਵਸਾਇਆ ਗਿਆ ਸੀ, ਜੋ ਅਫ਼ਗਾਨਿਸਤਾਨ ਤੋਂ ਬਾਬਰ ਦੇ ਸਮੇਂ ਦੱਰਾ ਖੈਬਰ ਪਖਤੂਨ ਖਵਾ (ਪਾਕਿਸਤਾਨ ਅਫ਼ਗਾਨਿਸਤਾਨ) ਤੋਂ ਆਏ ਸਨ ਅਤੇ ਉਨ੍ਹਾਂ ਨੇ ਇਲਾਕੇ ਵਿਚ ਛੋਟੇ-ਛੋਟੇ ਕਿਲ੍ਹੇ ਬਣਾਏ ਜਿਨ੍ਹਾਂ ਤੋਂ ਸ਼ਹਿਰ ਦਾ ਨਾਮ 'ਕਸੂਰ' ਪਿਆ।


ਕੁੱਝ ਸਰੋਤਾਂ ਅਨੁਸਾਰ ਗੁਰੂ ਰਾਮਦਾਸ ਜੀ ਨੇ ਇਹ ਜ਼ਮੀਨ ਤੁੰਗ ਪਿੰਡ ਦੇ ਬਾਸ਼ਿੰਦਿਆਂ ਕੋਲੋਂ ਖਰੀਦੀ ਸੀ ਅਤੇ ਕੁੱਝ ਅਨੁਸਾਰ ਅਕਬਰ ਬਾਦਸ਼ਾਹ ਨੇ ਗੁਰੂ ਅਮਰਦਾਸ ਦੀ ਪੁੱਤਰੀ ਬੀਬੀ ਭਾਨੀ ਲਈ ਤੋਹਫਾ ਦਿੱਤਾ ਸੀ। ਸ਼ਹਿਰ ਦਾ ਪਹਿਲਾ ਨਾਮ ਰਾਮਦਾਸ ਪੁਰ, ਚੱਕ ਰਾਮਦਾਸ ਜਾਂ ਚੱਕ ਗੁਰੂ ਰੱਖਿਆ ਗਿਆ। ਗੁਰੂ ਅਰਜਨ ਸਾਹਿਬ ਨੇ ਸਰੋਵਰ ਪੂਰਾ ਕੀਤਾ ਅਤੇ ਸਰੋਵਰ ਦੇ ਵਿਚਕਾਰ ਪਵਿੱਤਰ ਹਰਿਮੰਦਰ ਸਾਹਿਬ ਬਣਾਇਆ ਜਿਸ ਦੀ ਨੀਂਹ ਮੁਸਲਮਾਨ ਸੂਫ਼ੀ ਫਕੀਰ ਸਾਈਂ ਮੀਆਂ ਮੀਰ ਕੋਲੋਂ ਰਖਵਾਈ ਅਤੇ ਦੋ ਹੋਰ ਸਰੋਵਰ ਸੰਤੋਖਸਰ ਅਤੇ ਰਾਮਸਰ ਬਣਾਏ। ਰਾਮਸਰ ਦੇ ਕੰਢੇ ਪੋਥੀ ਸਾਹਿਬ (ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਬੀੜ) ਦਾ ਸੰਕਲਨ ਕੀਤਾ ਅਤੇ 1604 ਈਸਵੀ ਨੂੰ ਦਰਬਾਰ ਸਾਹਿਬ ਵਿਚ ਪਹਿਲਾ ਪ੍ਰਕਾਸ਼ ਕੀਤਾ। ਸਰੋਵਰ ਮਨੁੱਖੀ ਬਰਾਬਰੀ ਦਾ ਪ੍ਰਤੀਕ ਹੈ ਜਿਸ ਵਿਚ ਹਰ ਵਰਣ ਅਤੇ ਧਰਮ ਦੇ ਲੋਕ ਇਸ਼ਨਾਨ ਕਰ ਸਕਦੇ ਹਨ। ਗੁਰਮਤਿ ਸਿਧਾਂਤਾਂ ਨੂੰ ਅਮਲੀ ਰੂਪ ਦੇਣ ਲਈ ਹੀ ਸਿੱਖ ਸੰਸਥਾਵਾਂ ਦਾ ਨਿਰਮਾਣ ਕੀਤਾ ਗਿਆ। ਪਰਿਕਰਮਾ ਤੇ ਚਾਰ ਦਿਸ਼ਾਵਾਂ ਵਿਚ ਚਾਰ ਦਰਵਾਜ਼ੇ ਰਖਾਏ ਜਿਸ ਦਾ ਅਰਥ ਹੈ ਕਿ ਗੁਰੂ ਦਾ ਸਥਾਨ ਹਰ ਵਰਣ ਅਤੇ ਹਰ ਧਰਮ ਦੇ ਲੋਕਾਂ ਲਈ ਬਿਨਾਂ ਕਿਸੇ ਭੇਦ-ਭਾਵ ਦੇ ਖੁੱਲ੍ਹਾ ਹੈ। ਛੇਵੇਂ ਗੁਰੂ ਹਰਗੋਬਿੰਦ ਸਾਹਿਬ ਨੇ ਹਰਿਮੰਦਰ ਸਾਹਿਬ ਦੇ ਸਾਹਮਣੇ ਅਕਾਲ ਤਖ਼ਤ (ਅਕਾਲ ਬੁੰਗਾ) ਬਣਾਇਆ, ਦੋ ਹੋਰ ਸਰੋਵਰ ਸੰਤੋਖਸਰ ਅਤੇ ਬਿਬੇਕਸਰ ਬਣਾਏ, ਪੱਛਮੀ ਬਾਹੀ ਤੇ ਲੋਹਗੜ੍ਹ ਦਾ ਕਿਲ੍ਹਾ ਬਣਾਇਆ। ਇਹ ਕਹਿਣਾ ਕਿ ਇੱਥੇ ਕੋਈ ਪ੍ਰਾਚੀਨ ਹਿੰਦੂ ਤੀਰਥ ਸਥਾਨ ਸੀ ਜਾਂ ਇਹ ਰਾਮਚੰਦਰ ਦੇ ਖਾਨਦਾਨ ਦੇ ਵਾਰਸਾਂ ਦੀ ਜ਼ਮੀਨ ਸੀ, ਮਹਿਜ਼ ਕਲਪਨਾ ਮਾਤਰ ਹੈ।

ਜਿੱਥੋਂ ਤੱਕ ਭਗਤਾਂ ਦੀ ਬਾਣੀ ਦਾ ਤੁਅਲਕ ਹੈ, ਗੁਰੂ ਨਾਨਕ ਸਾਹਿਬ ਨੇ ਆਪਣੀਆਂ ਉਦਾਸੀਆਂ ਵੇਲੇ ਜੋ ਭਗਤ ਸਰੀਰਕ ਰੂਪ ਵਿਚ ਉਨ੍ਹਾਂ ਨੂੰ ਮਿਲੇ ਉਨ੍ਹਾਂ ਪਾਸੋਂ ਜਾਂ ਫਿਰ ਉਨ੍ਹਾਂ ਦੇ ਉਤਰ-ਅਧਿਕਾਰੀਆਂ ਤੋਂ ਬਾਣੀ ਆਪ ਪ੍ਰਾਪਤ ਕੀਤੀ। ਭਾਈ ਗੁਰਦਾਸ ਨੇ ਪਹਿਲੀ ਵਾਰ ਦੀ 32ਵੀਂ ਪਉੜੀ ਵਿਚ ਮੱਕੇ ਵੱਲ ਦੀ ਯਾਤਰਾ ਦਾ ਜ਼ਿਕਰ ਕੀਤਾ ਹੈ:

ਬਾਬਾ ਫਿਰ ਮੱਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ।
ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸੱਲਾ ਧਾਰੀ।

ਇਸ ਤੋਂ ਸਿੱਧ ਹੁੰਦਾ ਹੈ ਕਿ ਬਾਣੀ ਲਿਖਤੀ ਰੂਪ ਵਿਚ ਬਾਬੇ ਕੋਲ ਸੀ ਅਤੇ ਇਸ ਵਿਚ ਉਨ੍ਹਾਂ ਦੀ ਬਾਣੀ ਦੇ ਨਾਲ-ਨਾਲ ਭਗਤਾਂ ਦੀ ਉਹ ਬਾਣੀ ਵੀ ਸ਼ਾਮਲ ਸੀ ਜੋ ਉਨ੍ਹਾਂ ਇਕੱਤਰ ਕੀਤੀ। ਪੁਰਾਤਨ ਜਨਮਸਾਖੀ ਅਨੁਸਾਰ ਗੁਰੂ ਅੰਗਦ ਦੇਵ ਨੂੰ ਗੁਰਗੱਦੀ ਦੇਣ ਵੇਲੇ ਉਨ੍ਹਾਂ ਨੇ ਉਹ ਪੋਥੀ ਵੀ ਨਾਲ ਹੀ ਸੌਂਪੀ। ਗੁਰੂ ਗ੍ਰੰਥ ਸਾਹਿਬ ਤੋਂ ਪਹਿਲਾਂ ਦੀਆਂ ਬਾਣੀ ਦੀਆਂ ਦੋ ਪੋਥੀਆਂ ਗੁਰੂ ਅਮਰਦਾਸ ਦੇ ਵੰਸ਼ਜਾਂ ਕੋਲ ਹਾਲੇ ਵੀ ਮੌਜੂਦ ਹਨ, ਜਿਨ੍ਹਾਂ ਵਿਚ ਕੁੱਝ ਭਗਤਾਂ ਜਿਵੇਂ ਭਗਤ ਕਬੀਰ, ਭਗਤ ਨਾਮ ਦੇਵ, ਭਗਤ ਰਵਿਦਾਸ ਅਤੇ ਭਗਤ ਭੀਖਣ ਦੀ ਬਾਣੀ ਸ਼ਾਮਲ ਹੈ। ਗੁਰੂ ਅਰਜਨ ਦੇਵ ਦੀ ਪਹੁੰਚ ਇਨ੍ਹਾਂ ਪੋਥੀਆਂ ਤੱਕ ਸੀ। ਗੁਰੂ ਅਰਜਨ ਦੇਵ ਕੋਲ ਵਰ੍ਹਿਆਂ ਤੱਕ ਬਹੁਤ ਸਾਰੀ ਸਮੱਗਰੀ ਆਉਂਦੀ ਰਹੀ ਜਿਸ ਵਿਚ ਭਗਤਾਂ ਦੀ ਬਾਣੀ ਹੋ ਸਕਦੀ ਹੈ। ਸਤਾ ਬਲਵੰਡ ਅਤੇ ਭੱਟ ਗੁਰੂ ਅਰਜਨ ਦੇਵ ਪਾਤਿਸ਼ਾਹ ਦੇ ਦਰਬਾਰ ਵਿਚ ਸ਼ਾਮਲ ਰਹੇ ਹਨ। ਇੱਕ ਗੱਲ ਪੱਕੀ ਹੈ ਕਿ ਉਹ ਬਾਣੀ ਹੀ ਸ਼ਾਮਲ ਕੀਤੀ ਗਈ ਜੋ ਗੁਰੂ ਕਸਵੱਟੀ 'ਤੇ ਪੂਰੀ ਉਤਰਦੀ ਸੀ।

ਤਾਰਾ ਸਿੰਘ ਨਰੋਤਮ (1822 ਤੋਂ 1891 ਈਸਵੀ) ਜੋ ਕਿ ਨਿਰਮਲਾ ਪ੍ਰੰਪਰਾ ਨਾਲ ਸਬੰਧਤ ਹੈ, ਨੇ ਬਿਲਕੁਲ ਗੈਰ-ਕੁਦਰਤੀ ਵਿਚਾਰ ਦਿੱਤਾ ਹੈ ਕਿ ਗੁਰੂ ਅਰਜਨ ਦੇਵ ਨੇ (ਗ੍ਰੰਥ ਸ੍ਰੀ ਗੁਰਮਤਿ ਨਿਰਣੈ ਸਾਗਰ) ਸਾਰੇ ਭਗਤਾਂ ਨੂੰ ਮਨ ਵਿਚ ਰੱਖ ਕੇ ਭਗਤਾਂ ਦੇ ਨਾਮ 'ਤੇ ਬਾਣੀ ਰਚੀ। ਗੁਰਬਿਲਾਸ ਪਾਤਿਸ਼ਾਹੀ ਛੇਵੀਂ ਦੇ ਕਰਤਾ ਨੇ ਕਿਹਾ ਕਿ ਭਗਤਾਂ ਨੇ ਆਪਣੀ ਬਾਣੀ ਆਪ ਰਿਕਾਰਡ ਕੀਤੀ ਸੀ-ਉਨ੍ਹਾਂ ਦੀਆਂ ਆਤਮਾ ਬਾਣੀ ਰਚਣ ਲਈ ਪ੍ਰਗਟ ਹੋਈਆਂ। ਗੁਰੂਪ੍ਰਤਾਪ ਸੂਰਜ ਗ੍ਰੰਥ ਦੇ ਕਰਤਾ ਨੇ ਵੀ ਇਹੀ ਵਿਚਾਰ ਦਿੱਤਾ ਹੈ। ਇਹ ਸਾਰੇ ਵਿਚਾਰ ਗੈਰ-ਕੁਦਰਤੀ ਅਤੇ ਕਲਪਨਾ ਮਾਤਰ ਹਨ। ਗੌਣ ਸ੍ਰੋਤਾਂ ਨੂੰ ਸ੍ਰੀ ਗੁਰੂ




ਗ੍ਰੰਥ ਸਾਹਿਬ ਦੀ ਬਾਣੀ ਅਨੁਸਾਰ ਘੋਖਿਆ ਜਾਣਾ ਚਾਹੀਦਾ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸਾਡੇ ਕੋਲ ਵਿਚਾਰਾਂ ਦੀ ਪ੍ਰਮਾਣਿਕਤਾ ਨਿਰਧਾਰਤ ਕਰਨ ਦਾ ਇਕੋ ਇਕ ਪੈਮਾਨਾ ਹੈ।

ਬੀਬੀ ਕੌਲਾਂ ਇਕ ਹਿੰਦੂ ਲੜਕੀ ਕਮਲਾ ਸੀ, ਜੋ ਮੁਜੰਗ (ਲਾਹੌਰ) ਦੇ ਕਾਜ਼ੀ ਰੁਸਤਮ ਖਾਂ ਨੇ ਮੁੱਲ ਲੈ ਕੇ ਗੋਲੀ ਪਾਲੀ ਸੀ, ਅਤੇ ਇਸਲਾਮ ਧਰਮ ਦੀ ਸਿੱਖਿਆ ਦੇ ਕੇ ਵਿਦਵਾਨ ਬਣਾਈ ਸੀ। ਬੀਬੀ ਕੌਲਾਂ ਸਾਈਂ ਮੀਆਂ ਮੀਰ ਦੀ ਸੰਗਤਿ ਕਰਦੀ ਸੀ ਅਤੇ ਸਾਈਂ ਜੀ ਦੀ ਸੰਗਤਿ ਵਿਚ ਹੀ ਉਸ ਨੇ ਗੁਰੂ ਹਰਗੋਬਿੰਦ ਸਾਹਿਬ ਦੇ ਦਰਸ਼ਨ ਕੀਤੇ ਜਿੱਥੋਂ ਉਸ ਨੂੰ ਗੁਰੂ ਨਾਨਕ ਦੇ ਘਰ ਅਤੇ ਬਾਣੀ ਨਾਲ ਲਗਾਓ ਹੋ ਗਿਆ। ਕਾਜ਼ੀ ਰੁਸਤਮ ਖਾਂ ਨੇ ਉਸ ਨੂੰ ਗੁਰਬਾਣੀ ਅਤੇ ਗੁਰੂ ਨਾਨਕ ਵੱਲੋਂ ਰੋਕਣ ਦੀ ਬਹੁਤ ਕੋਸ਼ਿਸ਼ ਕੀਤੀ ਅਤੇ ਜਦੋਂ ਬੀਬੀ ਨਹੀਂ ਹਟੀ ਤਾਂ ਉਸ ਨੇ ਮੌਤ ਦੇ ਘਾਟ ਉਤਾਰਨ ਦਾ ਹੁਕਮ ਦੇ ਦਿੱਤਾ। ਇਹ ਖ਼ਬਰ ਮਿਲਣ 'ਤੇ ਸਾਈਂ ਮੀਆਂ ਮੀਰ ਨੇ ਆਪਣੇ ਚੇਲੇ ਅਬਦੁੱਲਾ ਸ਼ਾਹ ਨਾਲ ਉਸ ਨੂੰ ਗੁਰੂ ਹਰਗੋਬਿੰਦ ਸਾਹਿਬ ਦੀ ਛਤਰ-ਛਾਇਆ ਵਿਚ ਭੇਜ ਦਿੱਤਾ। ਗੁਰੂ ਸਾਹਿਬ ਨੇ ਅੰਮ੍ਰਿਤਸਰ ਪਹੁੰਚਣ 'ਤੇ ਬੀਬੀ ਕੌਲਾਂ ਨੂੰ ਕੌਲਸਰ, ਜਿਸ ਦਾ ਪਹਿਲਾ ਨਾਮ ਫੁੱਲਾਂ ਦੀ ਢਾਬ ਸੀ, ਦੇ ਸਾਹਮਣੇ ਰਿਹਾਇਸ਼ ਦੇ ਦਿੱਤੀ। ਬੀਬੀ ਜੀ ਨੇ ਸਾਰੀ ਉਮਰ ਸਿੱਖ ਧਰਮ ਦੇ ਅਸੂਲਾਂ ਨੂੰ ਨਿਭਾਉਂਦਿਆਂ ਅਤੇ ਗੁਰੂ ਘਰ ਦੀ ਸੇਵਾ ਕਰਦਿਆਂ ਬਿਤਾਇਆ। ਬੀਬੀ ਕੌਲਾਂ ਦੇ ਨਾਮ 'ਤੇ ਗੁਰੂ ਹਰਗੋਬਿੰਦ ਸਾਹਿਬ ਨੇ ਬਾਬਾ ਬੁੱਢਾ ਜੀ ਨੂੰ ਸਰੋਵਰ ਦੀ ਖੁਦਾਈ ਆਪਣੀ ਨਿਗਰਾਨੀ ਹੇਠ ਕਰਨ ਦਾ ਕੰਮ ਸੌਂਪਿਆ ਅਤੇ ਪੂਰਾ ਹੋਣ 'ਤੇ ਜਿਸ ਦਾ ਨਾਮ ਕੌਲਸਰ ਰੱਖਿਆ ਗਿਆ। ਇਹ ਬੀਬੀ ਜੀ ਦੀ ਸੇਵਾ-ਭਾਵਨਾ, ਗੁਰੂ ਨਾਨਕ ਦੇ ਦਰਬਾਰ ਨਾਲ ਲਗਾਉ ਕਾਰਨ ਉਨ੍ਹਾਂ ਦੇ ਨਾਮ ਨੂੰ ਸਦਾ ਕਾਇਮ ਰੱਖਣ ਲਈ ਗੁਰੂ ਹਰਗੋਬਿੰਦ ਸਾਹਿਬ ਦੀ ਆਸ਼ੀਰਵਾਦ ਨਾਲ ਕੀਤਾ ਗਿਆ। ਹਿੰਦੂ ਧਰਮ ਨੂੰ ਤਾਂ ਖਤਰਾ ਉਦੋਂ ਪੈਦਾ ਹੋਇਆ ਮੰਨਣਾ ਚਾਹੀਦਾ ਹੈ ਜਦੋਂ ਕਾਜ਼ੀ ਰੁਸਤਮ ਖਾਂ ਨੇ ਉਸ ਕਮਲਾ ਨਾਮ ਦੀ ਹਿੰਦੂ ਲੜਕੀ ਨੂੰ ਖਰੀਦ ਕੇ ਗੋਲੀ ਕਰਕੇ ਪਾਲਿਆ ਅਤੇ ਇਸਲਾਮ ਦੀ ਸਿੱਖਿਆ ਦਿੱਤੀ।

ਗੁਰੂ ਹਰਕ੍ਰਿਸ਼ਨ (1656-1664) ਬਹੁਤ ਛੋਟੀ ਉਮਰ (ਮਹਿਜ਼ 5 ਸਾਲ) ਵਿਚ ਗੁਰਗੱਦੀ 'ਤੇ ਬੈਠੇ। ਗੁਰੂ ਹਰਿਰਾਇ ਨੇ ਆਪਣੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਉਨ੍ਹਾਂ ਨੂੰ ਗੁਰਗੱਦੀ ਲਈ ਚੁਣਿਆ। ਭਾਈ ਸੰਤੋਖ ਸਿੰਘ ਅਨੁਸਾਰ ਗੁਰੂ ਹਰਕ੍ਰਿਸ਼ਨ ਦੀ ਆਭਾ ਦੇ ਸਾਹਮਣੇ ਸੂਰਜ ਦੀ ਰੌਸ਼ਨੀ ਵੀ ਫਿੱਕੀ ਪੈਂਦੀ ਸੀ ਗੁਰੂ ਹਰਕ੍ਰਿਸ਼ਨ ਦੀ ਸੋਭਾ ਸੰਗਤਾਂ ਵਿਚ ਏਨੀ ਜ਼ਿਆਦਾ ਫੈਲ ਗਈ ਸੀ। ਰਾਮਰਾਇ ਦੀ ਸ਼ਿਕਾਇਤ 'ਤੇ ਔਰੰਗਜ਼ੇਬ ਨੇ ਅੰਬੇਰ ਦੇ ਰਾਜਾ ਜੈ ਸਿੰਘ ਰਾਹੀਂ ਜਦੋਂ ਗੁਰੂ ਹਰਕ੍ਰਿਸ਼ਨ ਸਾਹਿਬ ਨੂੰ ਦਿੱਲੀ ਸੱਦ ਭੇਜਿਆ ਤਾਂ ਗੁਰੂ ਸਾਹਿਬ ਆਪਣੀ ਦਾਦੀ ਮਾਤਾ ਬਾਸੀ ਅਤੇ ਮਾਤਾ ਜੀ ਸੁਲਖਣੀ ਨਾਲ ਰੋਪੜ, ਬਨੂੜ, ਰਾਜਪੁਰਾ, ਅੰਬਾਲਾ ਰਾਹੀਂ ਰਸਤੇ ਵਿਚ ਗੁਰਬਾਣੀ ਦਾ ਪ੍ਰਚਾਰ ਕਰਦੇ ਗਏ। ਅੰਬਾਲੇ ਨੇੜੇ ਪੰਜੋਖੜਾ ਵਿਖੇ ਉਹ ਸੰਗਤਾਂ ਦੀ ਬੇਨਤੀ 'ਤੇ ਪਿਸ਼ਾਵਰ ਅਤੇ ਕਾਬਲ ਤੋਂ ਆ ਰਹੀ ਸੰਗਤ ਨੂੰ ਮਿਲਣ ਲਈ ਠਹਿਰ ਗਏ। ਇੱਥੇ ਹੀ ਲਾਲ ਚੰਦ ਪੰਡਤਿ ਦੇ ਹੰਕਾਰ ਨੂੰ ਤੋੜਨ ਲਈ ਇਕ ਸਧਾਰਨ ਗੁਰਸਿੱਖ ਛਜੂ ਰਾਮ ਦੇ ਮੂੰਹੋਂ ਗੀਤਾ ਦੀ ਵਿਆਖਿਆ ਕਰਵਾਈ ਜਿਸ ਤੋਂ ਪ੍ਰਭਾਵਿਤ ਹੋ ਕੇ ਲਾਲ ਚੰਦ ਗੁਰੂ ਘਰ ਦਾ ਸ਼ਰਧਾਲੂ ਬਣ ਗਿਆ ਅਤੇ ਦਸਮ ਗੁਰੂ ਤੋਂ ਅੰਮ੍ਰਿਤ ਛਕ ਕੇ ਲਾਲ ਸਿੰਘ ਬਣਿਆ; ਚਮਕੌਰ ਸਾਹਿਬ ਦੀ ਜੰਗ ਵਿਚ ਲੜਦਿਆਂ ਲਾਲ ਸਿੰਘ ਨੇ ਸ਼ਹੀਦੀ ਪ੍ਰਾਪਤ ਕੀਤੀ। ਦਿੱਲੀ ਵਿਚ ਉਸ ਵੇਲੇ ਚੇਚਕ ਅਤੇ ਹੈਜਾ ਫੈਲਿਆ ਹੋਇਆ ਸੀ। ਸੇਵਾ ਸਿੱਖ ਧਰਮ ਦਾ ਇੱਕ ਪ੍ਰਮੁੱਖ ਸਿਧਾਂਤ ਹੈ। ਗੁਰੂ ਹਰਕ੍ਰਿਸ਼ਨ ਵੀ ਪੂਰੇ ਤਨ-ਮਨ ਨਾਲ ਬਿਮਾਰਾਂ ਦੀ ਸੇਵਾ ਵਿਚ ਜੁਟ ਗਏ ਸਨ ਅਤੇ ਦੁਖੀਆਂ ਦੀ ਸੇਵਾ ਕਰਦਿਆਂ ਹੀ ਉਹ ਵੀ ਬਿਮਾਰ ਹੋ ਗਏ ਪ੍ਰੰਤੂ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਉਨ੍ਹਾਂ ਨੇ ਗੁਰੂ ਤੇਗ ਬਹਾਦਰ ਨੂੰ ਗੁਰਗੱਦੀ ਦੇ ਵਾਰਸ ਥਾਪਦਿਆਂ ਐਲਾਨ ਕਰ ਦਿੱਤਾ ਸੀ "ਬਾਬਾ ਬਕਾਲੇ" ਅਰਥਾਤ ਨੌਵੀਂ ਨਾਨਕ ਜੋਤਿ ਬਕਾਲੇ ਵਿਖੇ ਹੈ। ਗੁਰੂ ਹਰਕ੍ਰਿਸ਼ਨ ਪਾਤਿਸ਼ਾਹ ਦਾ ਰਸਤੇ ਵਿਚ ਗੁਰਮਤਿ ਦਾ ਪ੍ਰਚਾਰ ਕਰਦੇ ਜਾਣਾ, ਗੀਤਾ ਦੇ ਅਰਥ ਕਰਾਉਣੇ, ਦਿੱਲੀ ਵਿਖੇ ਰੋਗੀਆਂ ਦੀ ਸੇਵਾ ਕਰਨਾ ਉਨ੍ਹਾਂ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹਨ।

ਗੁਰੂ ਤੇਗ ਬਹਾਦਰ ਸਾਹਿਬ ਨੇ ਸ਼ਹੀਦੀ ਮਹਿਜ਼ ਹਿੰਦੂ ਧਰਮ ਨੂੰ ਬਚਾਉਣ ਲਈ ਨਹੀਂ ਸੀ ਦਿੱਤੀ। ਉਨ੍ਹਾਂ ਦਾ ਤਿਲਕ ਅਤੇ ਜੰਵੂ ਨਾਲ ਕੋਈ ਸਬੰਧ ਨਹੀਂ ਸੀ। ਉਨ੍ਹਾਂ ਨੇ ਸ਼ਹਾਦਤ ਆਪਣੇ ਇਸ਼ਟ ਨੂੰ ਮੰਨਣ ਦੇ ਮੂਲ ਮਨੁੱਖੀ ਅਧਿਕਾਰ ਦੀ ਰੱਖਿਆ ਲਈ ਦਿੱਤੀ ਕਿ ਆਪਣੀ ਧਾਰਮਿਕ ਵਿਧੀ-ਵਿਧਾਨ ਅਨੁਸਾਰ ਆਪਣੇ ਇਸ਼ਟ ਨੂੰ ਧਿਆਉਣਾ ਹਰ ਮਨੁੱਖ ਦਾ ਮੁੱਢਲਾ ਹੱਕ ਹੈ। ਉਨ੍ਹਾਂ ਦੀ ਸ਼ਹਾਦਤ ਨੇ ਵੱਡੇ ਪੱਧਰ 'ਤੇ ਪਸਰੇ ਜ਼ੁਲਮ ਅਤੇ ਕੱਟੜਤਾ ਨੂੰ ਮੰਨਣ ਤੋਂ ਇਨਕਾਰ ਕਰਨ ਅਤੇ ਇਸ ਦਾ ਟਾਕਰਾ ਕਰਨ ਦਾ ਰਸਤਾ ਅਖ਼ਤਿਆਰ ਕਰਨਾ ਸੁਝਾਇਆ। ਇਸ ਸ਼ਹਾਦਤ ਨੇ ਸਮਾਜ ਲਈ ਇਕ ਨਵਾਂ ਭਵਿੱਖ ਸਿਰਜਣ ਲਈ ਸੰਕੇਤ ਕੀਤਾ, ਇਕ ਅਜਿਹਾ ਭਵਿੱਖ ਜੋ ਜ਼ੁਲਮ ਅਤੇ ਅਸਿਹਣਸ਼ੀਲਤਾ ਤੋਂ ਬਿਲਕੁਲ ਆਜ਼ਾਦ ਹੋਵੇ।

ਗੁਰੂ ਤੇਗ ਬਹਾਦਰ ਗੁਰੂ ਨਾਨਕ ਸਾਹਿਬ ਦੇ ਫ਼ਲਸਫ਼ੇ ਦੇ ਵਾਰਿਸ ਹਨ। ਇਸ ਲਈ ਜਨੇਊ ਪਹਿਨਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਗੁਰੂ ਨਾਨਕ ਸਾਹਿਬ ਨੇ ਜਨੇਊ ਅਤੇ ਪੰਡਤਿ ਬਾਰੇ "ਵਾਰ ਆਸਾ ਕੀ" ਵਿਚ ਸਪੱਸ਼ਟ ਕੀਤਾ ਹੈ ਕਿ ਧਾਰਮਿਕ ਚਿੰਨ੍ਹਾਂ ਨੂੰ ਪਹਿਨਣਾ ਆਪਣੇ ਆਪ ਵਿਚ ਕੋਈ ਮਹੱਤਤਾ ਨਹੀਂ ਰੱਖਦਾ ਜੇਕਰ ਮਨੁੱਖ ਅੰਦਰ ਦਇਆ, ਜਤ, ਸਤ ਆਦਿ ਨੈਤਿਕ ਗੁਣ ਨਹੀਂ ਹਨ। ਨੈਤਿਕ ਗੁਣ ਸਦੀਵੀ ਤੌਰ 'ਤੇ ਮਨੁੱਖ ਨਾਲ ਨਿਭਦੇ ਹਨ:

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥
ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥
ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ॥
ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ॥1॥
ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ॥

ਇੱਥੇ ਗੁਰੂ ਨਾਨਕ ਸਾਹਿਬ ਨੇ ਧਾਰਮਿਕ ਰਹਿਤ ਅਤੇ ਚਿੰਨ੍ਹਾਂ ਨੂੰ ਨੈਤਿਕਤਾ ਨਾਲ, ਮਾਨਵਤਾਵਾਦੀ ਕੀਮਤਾਂ ਨਾਲ ਜੋੜਦਿਆਂ ਪੰਡਤਿ ਨੂੰ ਆਦੇਸ਼ ਕੀਤਾ ਹੈ ਕਿ ਜੇ ਤੇਰੇ ਕੋਲ ਦਇਆ ਦੀ ਕਪਾਹ ਤੋਂ ਬਣਿਆ ਹੋਵੇ, ਸੰਤੋਖ ਦਾ ਸੂਤ ਕੱਤਿਆ ਹੋਵੇ ਜਤੁ ਦੀ ਉਸ ਨੂੰ ਗੰਢ ਮਾਰੀ ਹੋਵੇ ਅਤੇ ਸਤੁ ਦਾ ਵਟ ਚਾੜ੍ਹਿਆ ਹੋਵੇ, ਜੇ ਇਸ ਕਿਸਮ ਦਾ ਆਤਮਾ ਦੇ ਕੰਮ ਆਉਣ ਵਾਲਾ ਜਨੇਊ ਹੈ ਤਾਂ ਗਲ ਵਿਚ ਪਾ ਦੇਹ। ਅਜਿਹਾ ਜਨੇਊ ਨਾ ਟੁੱਟਦਾ ਹੈ, ਨਾ ਮੈਲਾ ਹੁੰਦਾ ਹੈ, ਨਾਹੀ ਇਹ ਸੜਦਾ ਹੈ ਅਤੇ ਨਾਹੀ ਗੁਆਚਦਾ ਹੈ। ਅਜਿਹੇ ਮਨੁੱਖ ਭਾਗਾਂ ਵਾਲੇ ਹੁੰਦੇ ਹਨ ਜੋ ਅਜਿਹੇ ਜਨੇਊ ਨੂੰ ਪਹਿਨਦੇ ਹਨ। ਪਰ ਪੰਡਤਿ ਜਿਸ ਕਿਸਮ ਦਾ ਜਨੇਊ ਤੂੰ ਪਾਉਂਦਾ ਹੈਂ ਇਹ ਤੂੰ ਚਾਰ ਕੌਡਾਂ ਦਾ ਮੁੱਲ ਮੰਗਵਾ ਲਿਆ ਅਤੇ ਚੌਉਕੇ ਵਿਚ ਬੈਠ ਕੇ ਜਜਮਾਨ ਦੇ ਗਲ ਵਿਚ ਪਾ ਦਿੱਤਾ ਅਤੇ ਉਸ ਦੇ ਕੰਨ ਵਿਚ ਮੰਤਰ ਫੂਕ ਦਿੱਤਾ ਜਿਸ ਨਾਲ ਬ੍ਰਾਹਮਣ ਗੁਰੂ ਬਣ ਗਿਆ। ਜਦੋਂ ਪਹਿਨਣ ਵਾਲਾ ਮਰ ਗਿਆ ਤਾਂ ਜਨੇਊ ਗਲ ਵਿਚੋਂ ਢਹਿ ਪਿਆ ਜਾਂ ਸੜ ਗਿਆ ਅਤੇ ਪਾਉਣ ਵਾਲੇ ਦੇ ਨਾਲ ਨਹੀਂ ਨਿਭਿਆ। ਇਸ ਤਰ੍ਹਾਂ ਵਿਚਾਰਾ ਜਨੇਊ ਤੋਂ ਬਿਨਾਂ ਹੀ ਸੰਸਾਰ ਤੋਂ ਚਲਾ ਗਿਆ।

ਅਗਲੇ ਸਲੋਕ ਵਿਚ ਹੋਰ ਕਿਹਾ ਹੈ:

ਤਗੁ ਕਪਾਹਹੁ ਕਤੀਐ ਬਾਮ੍ਹਣੁ ਵਟੇ ਆਇ॥
ਕੁਹਿ ਬਕਰਾ ਰਿੰਨ੍ਹਿ ਖਾਇਆ ਸਭੁ ਕੋ ਆਖੈ ਪਾਇ॥
ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ॥
ਨਾਨਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰੁ॥

ਇਥੇ ਦੱਸਿਆ ਹੈ ਕਿ ਮਨੁੱਖ ਲੱਖ ਚੋਰੀਆਂ ਅਤੇ ਜਾਰੀਆਂ ਕਰਦਾ ਹੈ, ਲੱਖਾਂ ਝੂਠ ਬੋਲਦਾ ਹੈ ਅਤੇ ਮੰਦੀ ਜ਼ੁਬਾਨ ਵਰਤਦਾ ਹੈ ਪਰ ਬਾਹਰ ਦਿਖਾਵੇ ਲਈ ਕਪਾਹ ਤੋਂ ਧਾਗਾ ਕੱਤਿਆ ਜਾਂਦਾ ਹੈ ਅਤੇ ਬ੍ਰਾਹਮਣ ਜਜਮਾਨ ਦੇ ਘਰ ਆ ਕੇ ਉਸ ਨੂੰ ਵੱਟਦਾ ਹੈ, ਅੰਗਾਂ-ਸਾਕਾਂ ਨੂੰ ਦਾਅਵਤ ਕਰਕੇ ਬੱਕਰਾ ਰਿੰਨ੍ਹ ਕੇ ਖੁਆਇਆ ਜਾਂਦਾ ਹੈ ਅਤੇ ਸਾਰੇ ਕਹਿੰਦੇ ਹਨ ਕਿ ਜਨੇਊ ਪਾ ਲਿਆ ਹੈ। ਜਦੋਂ ਇਹ ਜਨੇਊ ਪੁਰਾਣਾ ਹੋ ਜਾਂਦਾ ਤਾਂ ਸੁੱਟ ਦਿੱਤਾ ਜਾਂਦਾ ਹੈ ਅਤੇ ਉਸ ਦੀ ਥਾਂ ਹੋਰ ਪਾ ਲਿਆ ਜਾਂਦਾ ਹੈ। ਜੇ ਧਾਗੇ ਵਿਚ ਜ਼ੋਰ ਹੋਵੇ ਫਿਰ ਉਹ ਕਿਉਂ ਟੁੱਟੇ? ਉਸ ਰੱਬ ਦੀ ਦਰਗਾਹ ਵਿਚ ਜਨੇਊ ਪਾਉਣ ਨਾਲ ਆਦਰ ਨਹੀਂ ਮਿਲਦਾ ਬਲਕਿ ਉਸ ਦੇ ਨਾਮ ਨੂੰ ਧਿਆਉਣ ਨਾਲ ਸਤਿਕਾਰ ਮਿਲਦਾ ਹੈ। ਰੱਬ ਦੀ ਸਿਫ਼ਤਿ-ਸਾਲਾਹ ਹੀ ਅਸਲ ਜਨੇਊ ਹੈ ਜੋ ਕਦੇ ਟੁੱਟਦਾ ਵੀ ਨਹੀਂ:

*(ਬਾਕੀ ਅਗਲੇ ਸਫੇ 'ਤੇ)*

# 'ਤਾਰਿਆਂ ਦੇ ਦੇਸ' ਦੀਆਂ ਗੱਲਾਂ ਸੁਣਨ ਹੀ ਵਾਲੀਆਂ

## ਪ੍ਰੋਫੈਸਰ ਹਰਦੇਵ ਸਿੰਘ ਦੀ ਕਿਤਾਬ ਦਾ ਆਗਮਨ

'ਤਾਰਿਆਂ ਦੇ ਦੇਸ' ਵਿਚ ਵੱਸ ਰਹੀਆਂ 101 ਕਵਿਤਾਵਾਂ ਨੂੰ ਮਿਲ ਕੇ ਦਿਲ ਵਿਚ ਕਿੰਨਾ ਕੁਝ ਸਾਕਾਰ ਹੋ ਗਿਆ- ਆਪਣਾ ਇਤਿਹਾਸ, ਆਪਣਾ ਦਰਦ ਅਤੇ ਸਮੁੱਚੀ ਮਾਨਵਤਾ ਨਾਲ ਵੀ ਸਾਂਝ।

'ਬਿਬੇਕਗੜ੍ਹ ਪ੍ਰਕਾਸ਼ਨ' ਵੱਲੋਂ ਛਾਪੀ ਇਸ ਯਾਦਗਾਰੀ ਪੁਸਤਕ ਦੇ ਲੇਖਕ ਹਨ- ਭਾਈ ਹਰਦੇਵ ਸਿੰਘ ਜੋ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਵਿਚ ਪ੍ਰੋਫੈਸਰ ਦੇ ਅਹੁਦੇ 'ਤੇ ਕੰਮ ਕਰਦੇ ਹਨ। ਹਰਦੇਵ ਸਿੰਘ ਗੁਰਮਤਿ ਕਾਲਜ ਪਟਿਆਲਾ ਦੇ ਸਾਬਕਾ ਵਿਦਿਆਰਥੀ ਵੀ ਰਹੇ ਹਨ ਜਿੱਥੇ ਪਿਛਲੇ 50 ਸਾਲਾਂ ਦੌਰਾਨ ਕਰੀਬ 400 ਤੋਂ ਵੱਧ ਵਿਦਿਆਰਥੀ ਵਿਸ਼ੇਸ਼ ਕਰਕੇ ਸਿੱਖ ਧਰਮ ਅਤੇ ਹੋਰ ਧਰਮਾਂ ਵਿਚ ਪੋਸਟ ਗਰੈਜੂਏਟ ਦੀ ਡਿਗਰੀ ਹਾਸਲ ਕਰ ਚੁੱਕੇ ਹਨ। ਪੰਜਾਬ ਵਿਚ ਆਪਣੀ ਕਿਸਮ ਦਾ ਇਹ ਇੱਕੋ ਇੱਕ ਨਿਵੇਕਲਾ ਕਾਲਜ ਹੈ ਜਿੱਥੇ ਕਈ ਵਿਦਿਆਰਥੀ ਤਾਂ ਪੀਐਚ-ਡੀ ਕਰ ਕੇ ਉਚੇ ਪਦਾਂ 'ਤੇ ਸੁਸ਼ੋਭਿਤ ਰਹੇ ਹਨ।



ਤੁਸੀਂ ਪੁੱਛ ਸਕਦੇ ਹੋ ਕਿ

ਕਰਮਜੀਤ ਸਿੰਘ ਚੰਡੀਗੜ੍ਹ
ਫੋਨ: 99150-91063

ਕੀ ਕਿਹਾ ਗਿਆ ਹੈ ਇਨ੍ਹਾਂ ਕਵਿਤਾਵਾਂ ਵਿਚ? ਮੈਨੂੰ ਇੰਜ ਮਹਿਸੂਸ ਹੋਇਆ ਜਿਵੇਂ ਕਿਸੇ ਉਚੇ ਪੜਾਅ 'ਤੇ ਵਿਚਾਰ ਅਤੇ ਜਜ਼ਬੇ ਇਕ ਥਾਂ 'ਤੇ ਇਕੱਠੇ ਹੋ ਗਏ ਹਨ। ਕਈ ਕਵਿਤਾਵਾਂ ਵਿਚ ਤਾਂ ਇਹ ਪਤਾ ਨਹੀਂ ਲੱਗਦਾ ਕਿ ਵਿਚਾਰ ਨੇ ਜਜ਼ਬਿਆਂ ਦਾ ਰੂਪ ਧਾਰਨ ਕੀਤਾ ਹੈ ਜਾਂ ਜਜ਼ਬੇ ਵਿਚਾਰਾਂ ਵਿਚ ਘੁਲ-ਮਿਲ ਗਏ ਹਨ। ਕੁਝ ਕਵਿਤਾਵਾਂ ਵਿਚ ਹਰਦੇਵ ਸਿੰਘ ਦੀ ਨਜ਼ਰ 'ਤਾਰਿਆਂ ਦੇ ਦੇਸ' ਤੋਂ ਵੀ ਦੂਰ ਤੱਕ ਜਾਂਦੀ ਮਹਿਸੂਸ ਹੁੰਦੀ ਹੈ। ਮਿਸਾਲ ਵਜੋਂ ਸਾਹਿਬਜ਼ਾਦਿਆਂ ਦੀ ਸ਼ਹਾਦਤ 'ਤੇ ਅੱਲ੍ਹਾ ਯਾਰ ਖਾਂ ਜੋਗੀ ਵੱਲੋਂ ਸਾਹਿਬਜ਼ਾਦਿਆਂ ਨੂੰ ਦਿੱਤੀ ਸ਼ਰਧਾਂਜਲੀ, ਮੇਰਾ ਖਿਆਲ ਹੈ ਹੁਣ ਤਕ ਇਸ ਵਿਸ਼ੇ ਉਤੇ ਲਿਖੀਆਂ ਕਵਿਤਾਵਾਂ ਵਿਚੋਂ ਸਿਰਮੌਰ ਸਥਾਨ ਰੱਖਦੀ ਹੈ। ਹਰਦੇਵ ਸਿੰਘ ਮੁਤਾਬਕ ਅੱਲ੍ਹਾ ਯਾਰ ਖਾਂ ਜੋਗੀ ਨੇ ਸਾਹਿਬਜ਼ਾਦਿਆਂ ਦੇ ਮੁਖ 'ਤੇ ਪਾਤਾਲ ਤੋਂ ਵੀ ਡੂੰਘੀਆਂ ਲਾਲੀਆਂ ਨੂੰ ਜਿਵੇਂ ਆਪਣੇ ਜ਼ਿਹਨ ਵਿਚ ਪਾਲ ਕੇ ਕਵਿਤਾ ਲਿਖੀ, ਉਸ ਨਾਲ ਅੱਲ੍ਹਾ ਯਾਰ ਖਾਂ ਕਵਿਤਾ ਵਿਚ ਸਰਹੰਦ ਸ਼ਹਿਰ ਦਾ ਮੋਤੀ ਬਣ ਗਿਆ ਹੈ, ਉਹ ਚਮਕੌਰ ਦਾ 'ਸਿਪਾਹੀ' ਹੈ, ਉਸ ਦੀ ਕਲਾ 'ਖੰਡਾ' ਹੋ ਗਈ ਤੇ ਡੁੱਲ੍ਹਿਆ ਖੂਨ ਪਵਿੱਤਰ ਸਿਆਹੀ' ਹੈ। ਕੁਝ ਕਵਿਤਾਵਾਂ ਦਾਨਸ਼ਵਰ ਸ਼ਾਇਰੀ ਦਾ ਵੀ ਪ੍ਰਤੀਕ ਜਾਪਦੀਆਂ ਹਨ।

ਇਥੇ ਇਹ ਚੇਤੇ ਵੀ ਕਰਾਇਆ ਜਾ ਰਿਹਾ ਹੈ ਕਿ ਹਰਦੇਵ ਸਿੰਘ ਵੱਲੋਂ ਲਿਖੀ ਪੁਸਤਕ 'ਮਸੀਹੀਅਤ ਅਤੇ ਥਿਆਲੋਜੀ' ਵੀ ਧਾਰਮਿਕ ਹਲਕਿਆਂ ਵਿਚ ਵਿਸ਼ੇਸ਼ ਸਥਾਨ ਰੱਖਦੀ ਹੈ, ਕਿਉਂਕਿ ਇਹ ਇਕ ਅਜਿਹੀ ਕਿਤਾਬ ਹੈ ਜਿਸ ਵਿਚ ਈਸਾ ਮਸੀਹ ਦਾ ਜੀਵਨ ਤੇ ਇਸਾਈ ਮੱਤ ਨਾਲ ਸਬੰਧਤ ਧਰਮ ਸ਼ਾਸਤਰ (ਥਿਆਲੋਜੀ) ਦੇ ਪਿਛਲੇ ਦੋ ਹਜ਼ਾਰ ਸਾਲ ਦੇ ਗੁੰਝਲਦਾਰ ਇਤਿਹਾਸ ਵਿਚ ਵਾਪਰੇ ਅਹਿਮ ਵਰਤਾਰਿਆਂ ਦਾ ਸੰਖੇਪ ਵੇਰਵਾ ਦਿੱਤਾ ਗਿਆ ਹੈ।

ਕਵਿਤਾਵਾਂ ਪੜ੍ਹ ਕੇ ਹਰਿੰਦਰ ਸਿੰਘ ਮਹਿਬੂਬ ਦੀ 'ਝਨਾਂ ਦੀ ਰਾਤ' ਯਾਦ ਆ ਗਈ ਜਿੱਥੇ ਅਣਗਿਣਤ ਰੰਗਾਂ ਦੀ ਪੀਂਘ ਚੜ੍ਹੀ ਹੈ।

1849 ਵਿਚ ਖਾਲਸਾ ਰਾਜ ਦਾ ਅਲੋਪ ਹੋ ਜਾਣਾ ਅੱਜ ਤੱਕ ਵੀ ਜਿਸਮ ਤੇ ਰੂਹ ਨੂੰ ਸਤਾਉਂਦਾ ਤੇ ਰਵਾਉਂਦਾ ਹੈ। 'ਢਲਦੀਆਂ ਸ਼ਾਮਾਂ' ਉਡਦੀਆਂ ਕੂੰਜਾਂ 'ਮਾਰੂਥਲ ਦੀਆਂ ਬੂੰਦਾਂ' ਅਤੇ 'ਵਗਦੀਆਂ ਹਵਾਵਾਂ' ਨੂੰ 'ਰਾਣੀ ਜਿੰਦ ਕੌਰ' ਵਾਲੀ ਕਵਿਤਾ ਯਕੀਨ ਦਵਾਉਂਦੀ ਹੈ ਕਿ ਖਾਲਸਾ ਰਾਜ ਦੇ ਸ਼ਾਨੋ-ਸ਼ੌਕਤ ਦੇ ਜ਼ਮਾਨੇ ਮੁੜ ਆਉਣਗੇ। ਇਹ ਕਵਿਤਾ ਪੜ੍ਹ ਕੇ ਫਿਲਮ 'ਬਲੈਕ ਪ੍ਰਿੰਸ' ਦੀ ਯਾਦ ਆ ਰਹੀ ਹੈ ਜਿਸ ਵਿਚ ਜਲਾਵਤਨ ਮਹਾਰਾਜਾ ਦਲੀਪ ਸਿੰਘ ਦੀ ਦਾਸਤਾਨ ਖਾਲਸੇ ਦੀ ਪੀੜ ਹੋ ਨਿੱਬੜਦੀ ਹੈ।

ਕੀ 'ਦਿਲ' ਦੀ ਦੁਨੀਆਂ ਸਮੁੰਦਰਾਂ ਜਿੰਨੀ ਡੂੰਘੀ ਹੀ ਹੁੰਦੀ ਹੈ? ਹਰਦੇਵ ਸਿੰਘ ਇਸ ਸੱਚ ਤੋਂ ਕਿਸੇ ਹੋਰ 'ਵੱਡੇ ਸੱਚ' ਦੀ ਤਲਾਸ਼ ਵਿਚ ਹੈ। ਉਹ ਇਸ ਵਿਚਾਰ ਤੋਂ ਦੂਰੀ ਬਣਾ ਕੇ ਰੱਖਦਾ ਹੈ ਜਿਸ ਵਿਚ ਦਿਲ ਨੂੰ ਸਮੁੰਦਰਾਂ ਜਿੰਨਾ ਡੂੰਘਾ ਦੱਸਣ ਵਾਲੇ ਕਵੀ ਦਿਲ ਦੀ ਪਰਵਾਜ਼ ਅਤੇ ਤਾਕਤ ਨੂੰ ਹੱਦਾਂ ਵਿਚ ਬੰਨ੍ਹ ਦੇਂਦੇ ਹਨ। ਇਸ ਬੰਦ ਨੂੰ ਧਿਆਨ ਧਰ ਕੇ ਪੜ੍ਹੋ:

ਦਿਲ ਦਰਿਆ ਸਮੁੰਦਰੋਂ ਡੂੰਘੇ ਲਿਖਣਾ ਸਹੀ ਨਹੀਂ।
ਅਣਤੋਲੇ ਨੂੰ ਕੰਡੇ ਲਾਉਣੇ ਚੰਗੇ ਨਹੀਂ ਹੁੰਦੇ।
ਉਸ ਵਾਦੀ ਦਾ ਨਕਸ਼ਾ ਦਿਲ ਵਿਚ ਹਾਜ਼ਰ ਹੁੰਦਾ ਏ।
ਜਿਹੜੇ ਰਾਹੋਂ ਕਦੇ ਮੁਸਾਫ਼ਰ ਲੰਘੇ ਨਹੀਂ ਹੁੰਦੇ।

ਜੂਨ 1984 ਨੂੰ ਦਰਬਾਰ ਸਾਹਿਬ ਵਿਚ ਫੌਜ ਦਾ ਮੁਕਾਬਲਾ ਕਰਨ ਵਾਲੇ ਸਿੰਘ ਹਰਦੇਵ ਸਿੰਘ ਵਾਸਤੇ ਫਕੀਰ ਹਨ, ਜਿਨ੍ਹਾਂ ਨੇ ਜਦੋਂ ਆਪਣੇ ਮਾਲਾ ਵਾਲੇ ਹੱਥਾਂ ਵਿਚ ਸ਼ਮਸ਼ੀਰ ਫੜੀ ਤਾਂ ਇਹ ਕੌਤਕ ਵਾਪਰਿਆ:

ਜਦ ਸ਼ਸਤਰ ਨੂੰ ਮਾਲਾ ਵਾਲੇ ਛੋਹੇ ਹੱਥ ਫ਼ਕੀਰਾਂ।
ਵੇਖ ਹੁਸਨ ਸ਼ਮਸ਼ੀਰਾਂ ਵਾਲੇ ਛਿੱਥੀਆਂ ਪੈ ਗਈਆਂ ਹੀਰਾਂ।
ਵੇਖ ਕੇ ਹੱਥ ਸਿੰਘਾਂ ਦੇ ਵੈਰੀ ਕੱਢਦੇ ਫਿਰਨ ਲਕੀਰਾਂ।
ਅਸਲੋਂ ਦਹਿਕੇ ਕਾਲ ਦਾ ਲਾਵਾ ਦੂਰੋਂ ਦਿਸਦੀਆਂ ਖੀਰਾਂ।

ਲੇਖਕ ਲਈ ਪੰਜਾਬ ਦੀ ਸਾਰੀ ਜ਼ਮੀਨ 'ਗੁਰੂ ਨਾਨਕ ਦੇ ਖੇਤ' ਹਨ। ਦਿੱਲੀ ਵਿਚ ਲੱਗੇ ਕਿਸਾਨ ਮੋਰਚੇ ਦੌਰਾਨ ਹਰਦੇਵ ਸਿੰਘ ਹਾਕਮਾਂ ਨੂੰ ਇਹ ਚੁਣੌਤੀ ਦੇ ਰਿਹਾ ਹੈ:

ਤੂੰ ਲੱਖ ਜਬਰ ਅਜ਼ਮਾ ਲਵੀਂ ਅਸੀਂ ਸੀ ਨਾ ਕਰੀਏ।
ਪਰ ਗੁਰੂ ਨਾਨਕ ਦੇ ਖੇਤਾਂ ਨੂੰ ਕਿਉਂ ਗਹਿਣੇ ਧਰੀਏ?

ਉਹ ਕਿਹੜੀ ਤਸਵੀਰ ਹੈ ਜੋ ਸਾਨੂੰ ਕਲਾਕਾਰਾਂ ਦੀਆਂ ਤਸਵੀਰਾਂ ਤੋਂ ਵੀ ਪਾਰ ਲੈ ਜਾਵੇ ਯਾਨੀ ਜਾਪੁ ਸਾਹਿਬ ਮੁਤਾਬਕ 'ਕਿ ਚਿਤਰੰ ਬਿਹੀਨੈ' ਦੀ ਪੈਰਵੀ ਕਰੇ, ਜੋ ਕਲਾਕਾਰਾਂ ਦੀ



ਹਰਦੇਵ ਸਿੰਘ

ਕਲਪਨਾ ਵਿਚ ਵੀ ਨਹੀਂ ਆ ਸਕਦੀ ਅਤੇ ਜੋ ਸਿੱਖ ਪੰਥ ਦੇ ਦਿਲ ਦਿਮਾਗ ਵਿਚ ਧੁੰਦਲੀ ਕਿਉਂ ਹੁੰਦੀ ਜਾ ਰਹੀ ਹੈ, ਲੇਖਕ ਸਾਨੂੰ ਇਸ ਬੰਦ ਰਾਹੀਂ ਯਾਦ ਕਰਵਾ ਰਿਹਾ ਜਾਪਦਾ ਹੈ:

ਮੂਰਤ ਗੁਰ ਦੀ ਸ਼ਬਦ ਬਿਨਾਂ ਕੋਈ ਹੋਰ ਬਣਾਈਏ ਨਾ।
ਕਲਾਕਾਰ ਦੀ ਕਲਪਨਾ ਸਾਹਵੇਂ ਸੀਸ ਝੁਕਾਈਏ ਨਾ।


ਬਹੁਤੀਆਂ ਕਵਿਤਾਵਾਂ ਅਤੀਤ ਦੀਆਂ ਯਾਦਾਂ ਦਾ ਸੁਹਾਵਣਾ ਮੇਲਾ ਹੈ, ਪਰ ਸੰਦੇਸ਼ ਵਰਤਮਾਨ ਲਈ ਹੈ। ਕੁਝ ਬੰਦ ਦੂਰ ਤੱਕ ਦੀ ਸੈਰ ਕਰਾਉਂਦੇ ਹਨ। ਮਿਸਾਲ ਵਜੋਂ ਗੁਰੂ ਗ੍ਰੰਥ ਸਾਹਿਬ ਵਿਚ ਸੂਫੀ, ਜੋਗੀ ਅਤੇ ਹੋਰ ਕਿੰਨੇ ਕਲਚਰ ਰੌਸ਼ਨ ਹੋਏ ਹਨ, ਪਰ ਲੇਖਕ ਮੁਤਾਬਿਕ ਅਗਲੇ 'ਪੈਂਡਿਆਂ ਦੀ ਪੈੜ' ਗੁਰੂ ਨਾਨਕ ਦੀ ਪੈੜ ਵਿਚੋਂ ਹੀ ਲੱਭ ਸਕੇਗੀ:

ਸੂਫ਼ੀ ਜੋਗੀ ਭਗਤ ਸਿਧ ਗੁਰੂ ਗਰੰਥ 'ਚ ਆਣ ਮਿਲੇ।
ਅਗਲੇ ਪੈਂਡੇ ਗੁਰੂ ਨਾਨਕ ਦੀ ਪੈੜ 'ਚੋਂ ਲੱਭਣਗੇ।

ਪਰਦੇਸਾਂ ਵਿਚ ਜਾਣ, ਵਸਣ ਅਤੇ ਕਮਾਉਣ ਨਾਲ ਲੱਗੀ ਦੌੜ ਤੋਂ ਵੀ ਲੇਖਕ ਉਦਾਸ ਹੈ ਅਤੇ ਉਮੀਦ ਕਰਦਾ ਹੈ ਕਿ ਇਹ ਬਨਵਾਸ ਕਦੇ ਨਾ ਕਦੇ ਮੁੱਕੇਗਾ:

ਤੈਨੂੰ ਕਿਤ ਬਿਰਹੋ ਦਾ ਰੋਗ ਸੋਹਣੇ ਪੰਜਾਬ ਸਿਆਂ,
ਨਿੱਤ ਕਰਦਾ ਏਂ ਪਰਵਾਜ਼ ਕਹੇ ਪਰਵਾਜ਼ ਭਰਾਂ।

ਕੁਝ ਕਵਿਤਾਵਾਂ ਦਿਲ ਤੋਂ ਦਿਮਾਗ ਵੱਲ ਯਾਤਰਾ ਕਰਦੀਆਂ ਹਨ ਜਦਕਿ ਕੁਝ ਦਿਮਾਗ ਤੋਂ ਤੁਰ ਕੇ ਦਿਲ ਨੂੰ ਪ੍ਰਗਟ ਕਰਦੀਆਂ ਹਨ। ਕੁਝ ਕਵਿਤਾਵਾਂ ਤੁਹਾਨੂੰ ਉਦਾਸ ਵੀ ਕਰਦੀਆਂ ਹਨ ਪਰ ਇਸ ਉਦਾਸੀ ਵਿਚ ਵੀ ਤੁਸੀਂ ਚੜ੍ਹਦੀ ਕਲਾ ਦਾ ਅਹਿਸਾਸ ਮਾਣਦੇ ਹੋ। ਏਥੇ 'ਤੀਰ ਵਾਲੇ ਬਾਬੇ'



ਹਰਦੇਵ ਸਿੰਘ ਦੀ ਪੁਸਤਕ 'ਤਾਰਿਆਂ ਦੇ ਦੇਸ' ਦਾ ਮੁਖੜਾ।

ਨਾਲ ਵੀ ਮੇਲ ਹੁੰਦਾ ਹੈ ਅਤੇ ਗਰਜਾ ਸਿੰਘ ਤੇ ਬੋਤਾ ਸਿੰਘ ਵੀ ਦੋ ਘੜੀਆਂ ਦੀ ਹਕੂਮਤ ਕਰਦੇ ਹਨ। ਜ਼ੁਲਮ ਦਾ ਪ੍ਰਤੀਕ 'ਸੈਣੀ' ਵੀ ਕਿਤੇ ਨਾ ਕਿਤੇ ਮਿਲੇਗਾ ਜੋ ਕਵਿਤਾ ਅੰਦਰ ਹੁਣ ਖੁੱਡਾਂ ਵਿਚ ਲੁਕਦਾ ਫਿਰਦਾ ਹੈ। ਜ਼ੁਲਮ ਦਾ ਮੁਕਾਬਲਾ ਕਰਨ ਵਾਲੇ ਸ਼ਹੀਦ ਜਸਵੰਤ ਸਿੰਘ ਖਾਲੜਾ ਲਈ ਵੀ ਵਿਸ਼ੇਸ਼ ਥਾਂ ਰਾਖਵੀਂ ਹੈ।

ਖਾਲਸੇ ਦੀ ਰੂਹ ਵਿਚ ਹਰਿਮੰਦਰ ਸਾਹਿਬ ਦਾ ਕੀ ਸਥਾਨ ਹੈ, ਖਾਲਸਾ ਪੰਥ ਇਸ ਕਵਿਤਾ ਰਾਹੀਂ ਫੈਸਲਾ ਸੁਣਾ ਰਿਹਾ ਹੈ:

ਹਰਿਮੰਦਰ ਨੂੰ ਲਸ਼ਕਰ ਕੋਈ ਬਾਦਸ਼ਾਹੀ ਜਦ ਘੇਰੇ।
ਫੇਰ ਜਥੇ "ਜਰਨੈਲ ਸਿੰਘਾਂ" ਦੇ ਰਣ ਵਿਚ ਲਾਵਣ ਡੇਰੇ।

♦♦♦♦♦♦♦♦♦♦♦♦♦♦♦♦♦♦♦♦♦♦♦♦♦♦♦♦

ਸਿੰਘ ਸਤਵੰਤ ਦੇ ਖ਼ਾਬਾਂ ਵਿਚ ਜੇ ਬਾਜ ਨਾ ਫੇਰਾ ਪਾਉਂਦਾ।
ਪੰਥ-ਖਾਲਸਾ ਦੁਨੀਆਂ ਦੇ ਨਾਲ ਕੀਕਣ ਅਖ ਮਿਲਾਉਂਦਾ।

♦♦♦♦♦♦♦♦♦♦♦♦♦♦♦♦♦♦♦♦♦♦♦♦♦♦♦♦

ਜੇ ਬੇਅੰਤ ਦੀ ਸੁਰਤ ਨਾ ਸੁਣਦੀ ਸ਼ੂਕ ਤੀਰਾਂ ਦੀ ਪੈਂਦੀ।
ਅਜਲਾਂ ਤੀਕਰ ਪੰਥ ਦੇ ਨੈਣੀਂ ਰੜਕ ਦਿਲੀ ਦੀ ਰਹਿੰਦੀ।

---

(ਪਿਛਲੇ ਸਫੇ ਦਾ ਬਾਕੀ)

ਨਾਇ ਮੰਨਿਐ ਪਤਿ ਉਪਜੈ ਸਾਲਾਹੀ ਸਚੁ ਸੂਤੁ॥
ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ॥

ਪੰਡਤਿ ਨੇ ਆਪਣੇ ਇੰਦਰਿਆਂ ਅਤੇ ਨਾੜੀਆਂ ਨੂੰ ਅਜਿਹਾ ਜਨੇਊ ਨਹੀਂ ਪਾਇਆ ਜਿਸ ਤੋਂ ਵਿਕਾਰਾਂ ਵੱਲੋਂ ਉਨ੍ਹਾਂ ਨੂੰ ਰੋਕ ਕੇ ਰੱਖ ਸਕੇ ਅਤੇ ਵਿਕਾਰਾਂ ਕਾਰਨ ਹਰ ਰੋਜ਼ ਆਪਣੀ ਬਦਨਾਮੀ ਕਰਾਉਂਦਾ ਹੈ। ਆਪਣੇ ਜਜਮਾਨਾਂ ਦੀਆਂ ਧੀਆਂ ਦੇ ਵਿਆਹ ਦੱਛਣਾ ਲੈ ਕੇ ਕਰਾਉਂਦਾ ਹੈ ਅਤੇ ਪੱਤਰੀਆਂ ਸੋਧ ਸੋਧ ਕੇ ਉਨ੍ਹਾਂ ਨੂੰ ਰਸਤੇ ਦੱਸਦਾ ਹੈ। ਇਹ ਅਚਰਜ ਤਮਾਸ਼ਾ ਹੈ ਕਿ ਕਿ ਮਨ ਤੋਂ ਅਤੇ ਅਕਲ ਤੋਂ ਅੰਨ੍ਹਾ ਹੈ ਪ੍ਰੰਤੂ ਆਪਣਾ ਨਾਮ ਸਿਆਣਾ ਅਰਥਾਤ ਪੰਡਿਤ ਰੱਖਿਆ ਹੋਇਆ ਹੈ:

ਤਗੁ ਨ ਇੰਦ੍ਰੀ ਤਗੁ ਨ ਨਾਰੀ॥ ਭਲਕੇ ਥੁਕ ਪਵੈ ਨਿਤ ਦਾੜੀ॥
ਤਗੁ ਨ ਪੈਰੀ ਤਗੁ ਨ ਹਥੀ॥ਤਗੁ ਨ ਜਿਹਵਾ ਤਗੁ ਨ ਅਖੀ॥
ਵੇਤਗਾ ਆਪੇ ਵਤੈ॥ਵਟਿ ਧਾਗੇ ਅਵਰਾ ਘਤੈ॥
ਲੈ ਭਾੜਿ ਕਰੇ ਵੀਆਹੁ॥ਕਢਿ ਕਾਗਲੁ ਦਸੇ ਰਾਹੁ॥
ਸੁਣਿ ਵੇਖਹੁ ਲੋਕਾ ਏਹੁ ਵਿਡਾਣੁ॥ਮਨਿ ਅੰਧਾ ਨਾਉ ਸੁਜਾਣੁ॥4॥
(ਪੰ.471)

ਇਹ ਕਹਿਣਾ ਕਿ ਗੁਰੂ ਤੇਗ ਬਹਾਦਰ ਨੇ ਜਨੇਊ ਪਹਿਨਿਆ ਹੋਇਆ ਸੀ ਜੋ ਸੀਸ ਉਤਰ ਜਾਣ 'ਤੇ ਵੀ ਨਹੀਂ ਸੀ ਟੁੱਟਿਆ ਬਹੁਤ ਵੱਡਾ ਕੁਫਰ ਹੈ ਜਦਕਿ ਗੁਰੂ ਨਾਨਕ ਸਾਹਿਬ ਨੇ ਜਨੇਊ ਬਾਰੇ ਆਪਣੀ ਬਾਣੀ ਵਿਚ ਸਪੱਸ਼ਟ ਕਰ ਦਿੱਤਾ ਹੈ ਕਿ ਇਹ ਚਾਰ ਕੌਡੀਆਂ ਦਾ ਖਰੀਦਿਆ ਧਾਗਾ ਹੈ, ਜਿਸ ਨੂੰ ਪੰਡਿਤ ਵੱਟ ਚਾੜ੍ਹ ਕੇ ਗਲ ਵਿਚ ਪੁਆ ਦਿੰਦਾ ਹੈ ਅਤੇ ਪੁਰਾਣਾ ਹੋ ਕੇ ਝੜ ਵੀ ਜਾਂਦਾ ਹੈ ਅਤੇ ਟੁੱਟ ਵੀ ਜਾਂਦਾ ਹੈ।

ਗੁਰੂ ਗੋਬਿੰਦ ਸਿੰਘ ਨੂੰ ਕਿਸੇ ਪੰਡਿਤ ਜਾਂ ਯੱਗ ਵਿਚ ਕੋਈ ਵਿਸ਼ਵਾਸ ਨਹੀਂ ਸੀ। ਗੁਰੂ ਗੋਬਿੰਦ ਸਿੰਘ ਨੇ ਅਨੁਭਵ ਕੀਤਾ ਕਿ ਸਿੱਖ ਪੰਥ ਨੂੰ ਇਕ ਤਰ੍ਹਾਂ ਦੇ ਮਜ਼ਬੂਤ ਸੰਗਠਨ ਦੀ ਲੋੜ ਹੈ ਜਿਸ ਵਿਚ ਅੰਦਰੂਨੀ ਇਕਮੁੱਠਤਾ ਹੋਵੇ ਅਤੇ ਜੋ ਬਾਹਰੀ ਸੁਰੱਖਿਆ ਮੁਹੱਈਆ ਕਰ ਸਕੇ। ਇਸੇ ਲਈ ਉਨ੍ਹਾਂ ਨੇ ਪੁਰਾਣੀ ਚਰਨ-ਪਹੁਲ ਦੀ ਰਸਮ ਨੂੰ ਨਵੀਂ ਖੰਡੇ-ਬਾਟੇ ਦੀ ਪਾਹੁਲ ਵਿਚ ਬਦਲਣ ਦਾ ਵਿਚਾਰ ਲਿਆਂਦਾ ਜਿਸ ਨਾਲ ਗੁਰੂ ਨਾਨਕ ਦੇ ਸਿਰਜੇ ਪੰਥ (ਮਾਰਗ) ਨੂੰ ਹੋਰ ਮਜ਼ਬੂਤੀ ਬਖਸ਼ਦਿਆਂ ਇਕ ਨਵਾਂ ਰੂਪ ਦਿੱਤਾ ਜਾ ਸਕੇ। ਇਹ ਕੋਈ ਰਾਤੋ-ਰਾਤ ਵਾਪਰੀ ਘਟਨਾ ਨਹੀਂ ਸੀ। ਇਹ ਤਾਂ ਪਰਮਾਤਮਾ ਦੀ ਮੌਜ ਵਿਚ ਰਚਿਆ ਹੋਇਆ ਖਾਲਸਾ ਸੀ। ਇਹ ਇਕ ਸਹਿਜ ਅਮਲ ਸੀ ਜਿਸ ਦੀ ਨੀਂਹ ਗੁਰੂ ਨਾਨਕ ਨੇ "ਸਿਰੁ ਧਰਿ ਤਲੀ ਗਲੀ ਮੇਰੀ ਆਉ" ਕਹਿ ਕੇ ਧਰੀ ਸੀ। ਪ੍ਰੰਤੂ ਸਦੀਆਂ ਤੱਕ ਵਰਨ-ਆਸ਼ਰਮ ਵੰਡ 'ਤੇ ਆਧਾਰਤ ਕਰਕੇ ਦੱਬੀ-ਕੁਚਲੀ, ਸਮਾਜਿਕ ਗੁਲਾਮੀ ਦਾ ਸੰਤਾਪ ਹੰਢਾਅ ਰਹੀ ਲੋਕਾਈ ਇਸ ਇਨਕਲਾਬੀ ਤਬਦੀਲੀ ਵਾਸਤੇ ਮਾਨਸਿਕ ਤੌਰ 'ਤੇ ਕਾਰਤੇ ਤਿਆਰ ਨਹੀਂ ਸੀ ਹੋ ਸਕਦੀ। ਗਲੀਆਂ ਸੜੀਆਂ ਸਮਾਜਿਕ ਰਹੁ-ਰੀਤਾਂ ਅਤੇ ਕਰਮ-ਕਾਂਡੀ ਧਾਰਮਿਕ ਵਿਧੀਆਂ ਨਾਲ ਜੰਗਾਲੀ ਮਾਨਸਿਕਤਾ ਨੂੰ ਸਾਫ-ਸੁਥਰੀ ਅਤੇ ਸੱਜਰੀ ਨਿਰਮਲਤਾ ਵਿਚ ਬਦਲਣ ਖਾਤਰ, ਜੋ ਇਸ ਤੇਜ਼ਧਾਰਕ ਇਨਕਲਾਬੀ ਵਿਚਾਰਧਾਰਾ ਨੂੰ ਅੰਦਰ ਸੰਜੋਅ ਸਕਣ ਦੇ ਯੋਗ ਹੋਵੇ, ਗੁਰੂ ਨਾਨਕ ਸਾਹਿਬ ਤੋਂ ਲੈ ਕੇ ਦਸਮ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਤੱਕ, ਪੂਰੀਆਂ ਦਸ ਪੀੜ੍ਹੀਆਂ ਲੱਗੀਆਂ।

ਖਾਲਸੇ ਦੀ ਸਿਰਜਣਾ ਆਮ ਮਨੁੱਖ ਅੰਦਰ ਉਸ ਸਵੈ-ਭਰੋਸਾ ਪੈਦਾ ਕਰਕੇ ਸਿਰ ਉਚਾ ਕਰਕੇ ਜਿਉਣ ਦਾ ਵੱਲ ਸਿਖਾਉਣ ਲਈ ਕੀਤੀ ਗਈ ਜੋ "ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ" ਦੇ ਸਿਧਾਂਤ ਅਨੁਸਾਰ ਵਿਚਰੇ। ਜੇ ਸਿੱਖ ਧਰਮ ਹਿੰਦੂ ਧਰਮ ਦੀ ਰਾਖੀ ਲਈ ਹੀ ਸਾਜਿਆ ਹੁੰਦਾ ਤਾਂ ਫਿਰ ਗੁਰੂ ਗੋਬਿੰਦ ਸਿੰਘ ਨਾਲ ਯੁੱਧਾਂ ਦੀ ਸ਼ੁਰੂਆਤ ਰਾਜਪੂਤ ਪਹਾੜੀ ਰਾਜਿਆਂ ਤੋਂ ਨਾ ਹੋਈ ਹੁੰਦੀ। ਪਹਿਲਾ ਯੁੱਧ 18 ਸਤੰਬਰ 1688 ਨੂੰ ਗੜ੍ਹਵਾਲ ਦੇ ਰਾਜਾ ਫਤਿਹ ਚੰਦ ਨਾਲ ਭਗਾਣੀ ਦੇ ਸਥਾਨ 'ਤੇ ਹੋਇਆ ਜਿਸ ਵਿਚ ਹਮਲਾ ਫਤਿਹ ਚੰਦ ਨੇ ਕੀਤਾ ਸੀ। ਇਸ ਯੁੱਧ ਵਿਚ ਮੁਸਲਮਾਨ ਪੀਰ ਬੁੱਧੂ ਸ਼ਾਹ ਆਪਣੇ ਪੁੱਤਰਾਂ ਅਤੇ ਮੁਰੀਦਾਂ ਸਮੇਤ ਗੁਰੂ ਸਾਹਿਬ ਦੀ ਹਿਮਾਇਤ ਵਿਚ ਖੜ੍ਹਾ ਹੋਇਆ। 1699 ਦੀ ਵਿਸਾਖੀ ਤੇ ਪੰਜ ਪਿਆਰੇ ਸਾਜ ਕੇ ਖਾਲਸੇ ਦੀ ਸਿਰਜਣਾ ਕੀਤੀ ਜਿਸ ਵਿਚ; ਪੰਜ ਪਿਆਰੇ ਹਿੰਦੁਸਤਾਨ ਦੇ ਵੱਖ ਵੱਖ ਇਲਾਕਿਆਂ ਤੋਂ ਵੱਖ ਵੱਖ ਵਰਣਾਂ ਨਾਲ ਸਬੰਧਤ ਸਨ। ਸ਼ਿਵਾਲਿਕ ਦੇ ਜਾਤ-ਅਭਿਮਾਨ ਵਿਚ ਗਰੱਸੇ ਪਹਾੜੀ ਰਾਜਿਆਂ ਤੋਂ ਇਹ ਬਰਦਾਸ਼ਤ ਨਹੀਂ ਹੋਇਆ। ਉਹ ਬਿਲਾਸਪੁਰ ਦੇ ਰਾਜੇ ਦੀ ਅਗਵਾਈ ਵਿਚ ਇਕੱਠੇ ਹੋਏ ਅਤੇ 1700 ਤੋਂ 1704 ਤੱਕ ਗੁਰੂ ਨੂੰ ਹਰਾਉਣ ਦੀਆਂ ਕੋਸ਼ਿਸ਼ਾਂ ਕਰਦੇ ਰਹੇ। ਜਦੋਂ ਸਫਲ ਨਹੀਂ ਹੋਏ ਤਾਂ ਉਨ੍ਹਾਂ ਨੇ ਔਰੰਗਜ਼ੇਬ ਨੂੰ ਮਦਦ ਲਈ ਅਪੀਲ ਕੀਤੀ ਅਤੇ ਮੁਗਲ ਫੌਜਾਂ ਦੀ ਸਹਾਇਤਾ ਨਾਲ ਅਨੰਦਪੁਰ ਦੇ ਕਿਲ੍ਹੇ ਨੂੰ ਘੇਰਾ ਪਾਇਆ। ਚਮਕੌਰ ਸਾਹਿਬ ਦੇ ਯੁੱਧ ਵਿਚ ਵੀ ਪਹਾੜੀ ਰਾਜਿਆਂ ਦੀਆਂ ਫੌਜਾਂ ਨੇ ਮੁਗਲ ਫੌਜ ਨਾਲ ਰਲ ਕੇ ਗੁਰੂ ਗੋਬਿੰਦ ਸਿੰਘ ਦੇ ਖ਼ਿਲਾਫ਼ ਯੁੱਧ ਕੀਤਾ। ਚਮਕੌਰ ਦੀ ਗੜ੍ਹੀ ਤੋਂ ਨਿਕਲ ਕੇ ਜਦੋਂ ਗੁਰੂ ਗੋਬਿੰਦ ਸਿੰਘ ਮਾਛੀਵਾੜੇ ਰਾਹੀਂ ਮਾਲਵਾ ਖੇਤਰ ਵਿਚ ਪਹੁੰਚੇ ਤਾਂ ਗਨੀ ਖਾਂ ਅਤੇ ਨਬੀ ਖਾਂ ਪਠਾਣਾਂ ਨੇ ਆਪਣੀ ਜਾਨ ਦਾ ਜੋਖਮ ਉਠਾ ਕੇ ਗੁਰੂ ਸਾਹਿਬ ਦੀ ਅੱਗੇ ਜਾਣ ਵਿਚ ਮੱਦਦ ਕੀਤੀ। ਅੱਗੇ ਰਾਇਕੋਟ ਦੇ ਮੁਸਲਿਮ ਸ਼ਰਧਾਲੂ ਰਾਇ ਕਲ੍ਹਾ ਨੇ ਦੀਨਾ ਕਾਂਗੜ ਤੱਕ ਪਹੁੰਚਣ ਵਿਚ ਸਹਾਇਤਾ ਕੀਤੀ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਕਾਰਨ ਗੰਗੂ ਬਣਿਆ ਜਿਹੜਾ ਗੁਰੂ ਘਰ ਦਾ ਰਸੋਈਆ ਸੀ। ਨਵਾਬ ਮਲੇਰਕੋਟਲਾ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਦੀ ਵਿਰੋਧਤਾ ਕੀਤੀ ਕਿਉਂਕਿ ਬੱਚਿਆਂ 'ਤੇ ਜ਼ੁਲਮ ਕਰਨਾ ਇਸਲਾਮ ਦੇ ਖ਼ਿਲਾਫ ਸੀ ਪ੍ਰੰਤੂ ਦੀਵਾਨ ਸੁੱਚਾ ਨੰਦ ਨੇ ਸ਼ਹਾਦਤ ਲਈ ਇਹ ਕਹਿ ਕੇ ਉਕਸਾਇਆ ਕਿ ਵੱਡੇ ਹੋ ਕੇ ਉਹ ਮੁਗਲ ਸਾਮਰਾਜ ਦੇ ਜ਼ੁਲਮਾਂ ਦੇ ਖ਼ਿਲਾਫ਼ ਲੜਨਗੇ। ਗੁਰਮਤਿ ਦਰਸ਼ਨ ਜਾਤਿ ਜਾਂ ਧਰਮ ਦੇ ਨਾਮ 'ਤੇ ਕੋਈ ਵਖਰੇਵਾਂ ਨਹੀਂ ਕਰਦਾ। ਇਸੇ ਲਈ ਜੇ ਗੁਰੂ ਤੇਗ ਬਹਾਦਰ ਨਾਲ ਦਿੱਲੀ ਜਾ ਕੇ ਸ਼ਹਾਦਤ ਦੇਣ ਵਾਲੇ ਭਾਈ ਸਤੀ ਦਾਸ ਅਤੇ ਮਤੀ ਦਾਸ ਬ੍ਰਾਹਮਣ ਪਰਿਵਾਰਾਂ ਵਿਚੋਂ ਸਨ ਤਾਂ ਬਾਬੇ ਨਾਨਕ ਦਾ ਸਾਥੀ ਮਰਦਾਨਾ, ਗੁਰੂ ਅਰਜਨ ਦੇਵ ਪਾਤਿਸ਼ਾਹ ਦਾ ਸਤਿਕਾਰ ਕਰਨ ਵਾਲਾ ਸਾਈਂ ਮੀਆਂ ਮੀਰ, ਗੁਰੂ ਗੋਬਿੰਦ ਸਿੰਘ ਦਾ ਸਾਥ ਦੇਣ ਵਾਲੇ ਪੀਰ ਬੁੱਧੂ ਸ਼ਾਹ, ਗਨੀ ਖਾਂ, ਨਬੀ ਖਾਂ ਅਤੇ ਰਾਇ ਕਲ੍ਹਾ ਵਰਗੇ ਸ਼ਰਧਾਲੂ ਮੁਸਲਮਾਨ ਸਨ।

## ਕਵਿਤਾ

ਆ ਗਈ ਰੋਡਵੇਜ਼ ਦੀ ਲਾਰੀ।
ਚੜ੍ਹ ਗਈ ਬਿਨਾਂ ਕਰਾਏ ਸਵਾਰੀ।
ਚੜ੍ਹਦੇ ਸਾਰ ਹੀ ਕੂਹਣੀ ਮਾਰੀ,
ਪਰ੍ਹੇ ਨੂੰ ਹੋ ਬਾਬਾ।

ਕੱਢ ਕਾਰਡ ਜਿਹਾ ਫੜਾਉਂਦੀ।
ਬੀਬੀ ਟਿਕਟ ਹੈ ਇੱਕ ਕਟਾਉਂਦੀ।
ਨਾਲੇ ਦਬਕਾ ਮਾਰ ਡਰਾਉਂਦੀ,
ਅੱਖਾਂ ਕੱਢ ਕੰਡਕਟਰ ਨੂੰ।

ਦਿਸਦੀ ਸੀਟ ਨਾ ਕੋਈ ਖਾਲੀ।
ਬੰਦੇ ਪੰਦਰਾਂ ਬੁੜੀਆਂ ਚਾਲੀ।
ਗੱਡੀ ਕਿਹੜੇ ਰਾਹੇ ਪਾ ਲੀ,
ਦੱਸ ਤੂੰ ਸਰਕਾਰੇ ਨੀ।

ਗੱਲ ਸੁਣ ਮਾਨ, ਮਾਨ ਦੀ ਮਾਨਾਂ।
ਐਂ ਤਾਂ ਭਰਨਾ ਨਹੀਂ ਖਜ਼ਾਨਾ।
ਕੈਪਟਨ ਠੋਕ ਗਿਆ ਏ ਫਾਨਾਂ,
ਸੱਪ ਦੇ ਮੂੰਹ ਵਿੱਚ ਕਿਰਲੀ ਐ।

ਭੈਣੀ ਵਾਲਾ ਜਾਂਦਾ ਜਾਂਦਾ
ਛੱਡ ਗਿਆ ਛੁਰਲੀ ਐ।

-ਅਵਤਾਰ ਸਿੰਘ ਭੈਣੀ
ਮਾਨ ਭੈਣੀ ਬਾਘੇ ਆਲਾ
ਫੋਨ: 91-99155-45950

ਕਹਾਣੀ

# ਸਾਂਝ

***ਸੁਰਿੰਦਰ ਸੋਹਲ ਦੀ ਕਹਾਣੀ 'ਸਾਂਝ' ਇਕ ਵੱਖਰੇ ਜ਼ਾਵੀਏ ਤੋਂ ਮਨੁੱਖੀ ਫਿਤਰਤ ਦੀ ਬਾਤ ਪਾ ਰਹੀ ਹੈ। ਮਨੁੱਖ ਤੋਂ ਮਨੁੱਖ ਤੱਕ ਦੀ ਇਸ ਮਾਰਮਿਕ ਕਹਾਣੀ ਵਿਚ ਸਮਾਜਿਕ ਤੰਦਾਂ ਬਹੁਤ ਡੂੰਘੀਆਂ ਜੁੜੀਆਂ ਹੋਈਆਂ ਹਨ। ਜਿਉਂ-ਜਿਉਂ ਕਹਾਣੀ ਦੀਆਂ ਪਰਤਾਂ ਖੁੱਲ੍ਹਦੀਆਂ ਹਨ, ਪਾਠਕ ਦੇ ਅੰਦਰੋਂ ਵੱਖ-ਵੱਖ ਪਾਤਰਾਂ ਲਈ ਹਮਦਰਦੀ ਦੀ ਹਵਾ ਵਗਣੀ ਆਰੰਭ ਹੋ ਜਾਂਦੀ ਹੈ। ਹੌਲੀ-ਹੌਲੀ ਇਸ ਹਮਦਰਦੀ ਅੰਦਰ ਹਠ ਵੀ ਆਣ ਜੁੜਦਾ ਹੈ।***

ਨੌਵੀਂ ਫ਼ਲੋਰ 'ਤੇ ਜਾ ਕੇ ਐਲੀਵੇਟਰ ਰੁਕ ਗਈ। ਦਰਵਾਜ਼ਾ ਖੁੱਲ੍ਹਿਆ ਤਾਂ ਸਾਹਮਣੇ ਗਲਿਆਰੇ ਦੀ ਵਿਸ਼ਾਲ ਸ਼ੀਸ਼ੇ ਦੀ ਕੰਧ ਲਿਸ਼ਕੀ। ਐਲੀਵੇਟਰ 'ਚੋਂ ਬਾਹਰ ਆ ਕੇ ਦੇਖਿਆ, ਸ਼ੀਸ਼ੇ ਦੀ ਵਿਸ਼ਾਲ ਕੰਧ ਥਾਣੀਂ ਦਿਸਦੇ ਅਨੰਤ ਰੁੱਖਾਂ ਦੇ ਪੱਤਝੜ ਤੋਂ ਪਹਿਲਾਂ ਹੋਏ ਰੰਗ-ਬਰੰਗੇ ਪੱਤੇ ਇਉਂ ਜਾਪਦੇ ਸਨ, ਜਿਵੇਂ ਸ਼ੀਸ਼ੇ ਦੇ ਫ਼ਰੇਮ 'ਚ ਵਾਨ ਗਾਗ ਦੀ ਕੋਈ ਪੇਂਟਿੰਗ ਜੜੀ ਹੋਈ ਹੋਵੇ।

ਦਿਲਕਸ਼ ਦ੍ਰਿਸ਼ ਨੇ ਆਪਣੇ ਜਾਦੂ ਨਾਲ਼ ਇਕ ਪਲ ਲਈ ਮੇਰੇ ਪੈਰ ਰੋਕ ਲਏ। ਮੈਂ ਰੰਗ-ਬਰੰਗੇ ਸੁਪਨੀਲੇ ਚਿੱਤਰ ਵਿਚ ਮੁਗਧ ਹੋਇਆ ਭੁੱਲ ਹੀ ਗਿਆ ਕਿ ਮੈਂ ਤਾਂ ਕ੍ਰਿਮਿਨਲ ਕੋਰਟ 'ਚ ਗਵਾਹੀ ਦੇਣ ਆਇਆ ਸਾਂ।

ਹਲਕੀ ਜਿਹੀ ਘੁਸਰ-ਮੁਸਰ ਲਿਸ਼ਕਦੀ ਫ਼ਰਸ਼ 'ਤੇ ਤਿਲਕਦੀ-ਤਿਲਕਦੀ ਮੇਰੇ ਤੱਕ ਪਹੁੰਚੀ ਤਾਂ ਮੈਂ ਘੁੰਮ ਕੇ ਦੇਖਿਆ। ਮੈਂ ਕਮਰਾ ਨੰਬਰ 908 ਦੇ ਸਾਹਮਣੇ ਖੜ੍ਹਾ ਸਾਂ। ਮੈਂ 902 ਕਮਰੇ 'ਚ ਜਾਣਾ ਸੀ। ਮੈਂ ਕਦੇ ਖੱਬੇ ਪਾਸੇ ਵਿਸ਼ਾਲ ਸ਼ੀਸ਼ੇ ਵਿਚਲੀ ਅਸੀਮ ਕੁਦਰਤੀ ਪੇਂਟਿੰਗ ਵੱਲ ਦੇਖ ਲੈਂਦਾ ਤੇ ਕਦੇ ਸੱਜੇ ਪਾਸੇ ਕਮਰਿਆਂ ਦੇ ਨੰਬਰਾਂ ਵੱਲ।



ਕੁਝ ਕਦਮਾਂ ਦੀ ਦੂਰੀ 'ਤੇ ਪੰਜ ਜਣੇ ਖਲੋਤੇ ਸਨ। ਤਿੰਨ

## ਸੁਰਿੰਦਰ ਸੋਹਲ

ਮਰਦ, ਦੋ ਔਰਤਾਂ। ਯਹੂਦੀ ਨੈਣ-ਨਕਸ਼ਾਂ ਵਾਲ਼ੇ ਮਧਰੇ ਕੱਦ ਦੇ ਬੰਦੇ ਦਾ ਕਾਲ਼ਾ ਕੋਟ ਉਸ ਦੇ ਵਕੀਲ ਹੋਣ ਦੀ ਦੱਸ ਪਾਉਂਦਾ ਸੀ। ਉਸ ਕੋਲ਼ ਬੈਗ ਵੀ ਕਾਲ਼ੇ ਰੰਗ ਦਾ ਹੀ ਸੀ।

ਪੰਜਾਹ ਕੁ ਸਾਲ ਦਾ ਭਾਰੇ ਸਰੀਰ ਵਾਲਾ ਬੰਦਾ ਛੇ ਫੁੱਟ ਤੋਂ ਘੱਟ ਨਹੀਂ ਸੀ। ਢਿਲਕੇ ਕੱਪੜੇ। ਹਫ਼ਤੇ ਕੁ ਦੀ ਦਾਹੜੀ, ਅੱਧੀ ਚਿੱਟੀ-ਅੱਧੀ ਕਾਲੀ। ਡੀਲ-ਡੌਲ ਤੋਂ ਗਰੀਕੀ ਜਾਪਦਾ ਸੀ। ਦਰਮਿਆਨੇ ਕੱਦ ਦੀ ਜਨਾਨੀ ਦੀ ਖ਼ੂਬਸੂਰਤੀ ਉਸ ਦੇ ਈਰਾਨੀ ਹੋਣ ਦੀ ਨਿਸ਼ਾਨਦੇਹੀ ਕਰ ਰਹੀ ਸੀ। ਚੌਵੀ-ਪੱਚੀ ਸਾਲ ਦਾ ਮੁੰਡਾ ਨਕਸ਼ਾਂ ਤੋਂ ਹੀ ਗਰੀਕੀ ਜਾਪਦਾ ਸੀ। ਮਧਰੀ ਜਿਹੀ, ਛੋਟੇ ਜਿਹੇ ਵਾਕ ਵਾਲੀ ਕੁੜੀ, ਮੂੰਹ ਤੋਂ ਤਾਂ ਉੱਨੀ-ਵੀਹ ਸਾਲ ਦੀ ਲੱਗਦੀ ਸੀ ਪਰ ਭਾਰੇ-ਬੇਢੱਬੇ ਜਿਹੇ ਸਰੀਰ ਤੋਂ ਪੱਚੀਆਂ ਤੋਂ ਵੀ ਵੱਧ ਦੀ ਦਿਖਾਈ ਦਿੰਦੀ ਸੀ। ਮੂੰਹ 'ਤੇ ਵਾਲਾਂ ਦੀ ਲਿਟ ਆਉਂਦੀ ਤਾਂ ਨਖਰੇ ਨਾਲ ਧੌਣ ਝਟਕਾਅ ਕੇ ਲਿਟ ਪਾਸੇ ਕਰ ਦੇਂਦੀ।

ਕੋਲ ਜਾ ਕੇ ਦੇਖਿਆ, ਜਿੱਥੇ ਉਹ ਖਲੋਤੇ ਸਨ, ਉਹ 902 ਨੰਬਰ ਕਮਰੇ ਦਾ ਬੂਹਾ ਹੀ ਸੀ। ਬੰਦ ਬੂਹੇ ਵੱਲ ਦੇਖ ਕੇ ਮੈਂ ਪੁੱਛਿਆ, ''ਤੁਸੀਂ ਵੀ ਏਸੇ ਅਦਾਲਤ 'ਚ ਆਏ ਹੋ?''

''ਯੈੱਸ,'' ਕੁੜੀ ਨੇ ਅੱਖਾਂ 'ਚ ਸ਼ਰਾਰਤ ਭਰਦਿਆਂ ਜ਼ਬਾਨ ਕੱਸ ਕੇ ਕਿਹਾ।

ਮੈਂ ਸੋਚਿਆ, ਜ਼ਰੂਰ ਇਹ ਵੀ ਕਿਸੇ ਸਟੋਰ 'ਤੇ ਕੰਮ ਕਰਦੀ ਹੋਈ ਓਸੇ ਹੀ ਲੁਟੇਰੇ ਹੱਥੋਂ ਲੁੱਟੀ ਗਈ ਹੋਵੇਗੀ, ਜਿਸ ਨੇ ਮੈਨੂੰ ਲੁੱਟਿਆ ਸੀ। ਹੋ ਸਕਦਾ ਹੈ ਇਹ ਸਟੋਰ ਦੇ ਮਾਲਕ ਹੀ ਹੋਣ। ਉਹ ਪੂਰਾ ਪਰਿਵਾਰ ਹੀ ਤਾਂ ਜਾਪ ਰਿਹਾ ਸੀ।

ਮੇਰੇ ਸਟੋਰ ਦਾ ਮਾਲਕ ਪਾਕਿਸਤਾਨੀ ਸੀ। ਉਸ ਨੂੰ ਵੀ ਕੋਰਟ ਵੱਲੋਂ ਚਿੱਠੀ ਤਾਂ ਗਈ ਸੀ ਪਰ ਉਹ ਆਇਆ ਨਹੀਂ ਸੀ। ਮੇਰੇ ਨਾਂ ਦੇ ਸੰਮਨ ਵੀ ਸਟੋਰ ਦੇ ਸਿਰਨਾਵੇਂ 'ਤੇ ਹੀ ਆਏ ਸਨ। ਸੰਮਨ ਦੇਖ ਕੇ ਇਕ ਵਾਰ ਤਾਂ ਮੈਨੂੰ ਅਦਾਲਤੀ ਘੁੰਮਣ-ਘੇਰੀਆਂ ਦੇ ਡਰ ਨੇ ਹਿਲਾਅ ਦਿੱਤਾ ਸੀ। ਮੈਨੂੰ ਬਾਅਦ 'ਚ ਪਤਾ ਲੱਗਾ ਸੀ ਕਿ ਏਹੋ ਜਿਹੇ ਸੰਮਨਾਂ 'ਤੇ ਕੋਰਟ 'ਚ ਹਾਜ਼ਰ ਹੋਣਾ ਕੋਈ ਜ਼ਰੂਰੀ ਵੀ ਨਹੀਂ ਹੁੰਦਾ।

ਮੇਰੇ ਮਾਲਕ ਨੇ ਮੈਨੂੰ ਕਿਹਾ ਸੀ, ''ਦੇਖੀਂ! ਜੇ ਤੂੰ ਬੰਦਾ ਪਛਾਣ ਵੀ ਲਿਆ ਤਾਂ ਵੀ ਮੁੱਕਰ ਜਾਵੀਂ। ਇਹ ਡਰੱਗੀ ਲੋਕ ਦਿਲੋਂ ਵੈਰ ਨਈਂ ਗਵਾਉਂਦੇ। ਜੇਲ੍ਹੋਂ ਛੁੱਟਣ ਸਾਰ ਪਹਿਲਾਂ ਬਦਲਾ ਲੈਣ ਦੀ ਈ ਸੋਚਦੇ ਆ।''

ਗੱਲ ਸੁਣ ਕੇ ਇਕ ਵਾਰ ਤਾਂ ਮੇਰਾ ਤਰ੍ਹਾਅ ਨਿਕਲ ਗਿਆ ਸੀ।

ਵਕੀਲ ਘੁਸਰ-ਮੁਸਰ ਕਰਦਾ ਮੇਰੇ ਤੋਂ ਵਿੱਥ ਬਣਾਉਂਦਾ ਹੌਲੀ-ਹੌਲੀ ਪਰ੍ਹਾਂ ਖਿਸਕਦਾ ਗਿਆ ਤੇ ਬਾਕੀ ਜਣੇ ਵੀ ਉਸ ਦੇ ਮਗਰ-ਮਗਰ ਤੁਰੇ ਗਏ। ਮੈਂ ਇਕ ਵਾਰ ਫਿਰ ਕੁੜੀ ਵੱਲ ਦੇਖ ਕੇ ਸੋਚਿਆ, ਹੋ ਸਕਦਾ ਇਹੀ ਕੰਮ 'ਤੇ ਹੋਵੇ ਉਸ ਵੇਲੇ। ਇਹ ਵੀ ਮੇਰੇ ਵਾਂਙ ਡਰ ਗਈ ਹੋਵੇਗੀ, ਜਿਵੇਂ ਮੈਂ ਡਰ ਗਿਆ ਸਾਂ ਸਾਹਮਣੇ ਖੜ੍ਹੀ ਮੌਤ ਦੇਖ ਕੇ। ਹੋ ਸਕਦਾ, ਕੰਮ ਇਹ ਮੁੰਡਾ ਕਰਦਾ ਹੋਵੇ। ਇਹ ਕੁੜੀ ਸਿਰਫ਼ ਅਦਾਲਤ ਦੀ ਕਾਰਵਾਈ ਦੇਖਣ ਆ ਗਈ ਹੋਵੇ। ਮੈਂ ਉਲਝਣ ਵਿਚ ਪੁੱਛਣ-ਪੁੱਛਣ ਹੀ ਕਰਦਾ ਰਿਹਾ ਤੇ ਉਹ ਮੇਰੇ ਤੋਂ ਕਾਫ਼ੀ ਫ਼ਾਸਲਾ ਬਣਾ ਗਏ।

ਮੈਂ ਇਕ ਵਾਰ ਫਿਰ 902 ਕਮਰੇ ਦਾ ਬੰਦ ਬੂਹਾ ਦੇਖਿਆ ਤੇ ਫਿਰ ਸ਼ੀਸ਼ੇ ਥਾਣੀਂ ਅਸੀਮ ਪੇਂਟਿੰਗ ਦੇਖਣ ਲੱਗ ਪਿਆ।

ਕੁੜੀ ਦਾ ਛੋਟਾ ਜਿਹਾ ਵਾਕ ਸੀ। ਚਿੜੀ ਜਿੰਨਾਂ। ਮੈਨੂੰ ਆਪਣੀ ਬੇਟੀ ਦਾ ਵਾਕ ਯਾਦ ਆ ਗਿਆ, ਬਿਲਕੁਲ ਇਹਦੇ ਵਰਗਾ, ਨਿੱਕਾ ਜਿਹਾ, ਚਿੜੀ ਜਿੰਨਾਂ, ਭੋਲਾ-ਭਾਲਾ।

ਐਵੇਂ ਹੀ ਕਿਸੇ ਮਿੱਤਰ ਦੀ ਕਹੀ ਗੱਲ ਦਿਮਾਗ਼ 'ਚ ਚਮਕਾਰਾ ਮਾਰ ਗਈ-'ਕਿਸੇ ਕੁੜੀ ਨੂੰ ਦੇਖ ਕੇ ਜੇ ਤੁਹਾਨੂੰ ਮਹਿਬੂਬਾ ਚੇਤੇ ਆਵੇ ਤਾਂ ਸਮਝੋ ਤੁਸੀਂ ਅਜੇ ਜਵਾਨ ਓਂ ਤੇ ਜੇ ਧੀ ਯਾਦ ਆ ਜਾਵੇ ਤਾਂ ਸਮਝ ਲਓ ਤੁਸੀਂ ਬੁੱਢੇ ਹੋ ਗਏ ਓਂ...।'

ਮੈਂ ਨਾ ਚਾਹੁੰਦਾ ਹੋਇਆ ਵੀ ਆਪਣਾ ਮੂੰਹ ਦੇਖਣ ਲਈ ਆਲ਼ੇ-ਦੁਆਲ਼ੇ ਸ਼ੀਸ਼ਾ ਲੱਭਣ ਲੱਗ ਪਿਆ। ਸ਼ੀਸ਼ੇ ਦੀ ਕੰਧ ਵਿਚ ਦੀ ਤਾਂ ਪੱਤਝੜ ਦੇ ਰੰਗ-ਬਰੰਗੇ ਪੱਤੇ ਹੀ ਦਿਸ ਰਹੇ ਸਨ। ਮੇਰੇ ਮੂੰਹ ਦਾ ਅਕਸ ਏਨਾ ਧੁੰਦਲਾ ਸੀ ਕਿ ਹਲਕਾ ਜਿਹਾ ਪਰਛਾਵਾਂ ਹੀ ਦਿਸਦਾ ਸੀ, ਬਲੈਕ ਐਂਡ ਵ੍ਹਾਈਟ ਨੈਗੇਟਿਵ ਵਾਂਙ।

ਘੁਸਰ-ਮੁਸਰ ਨੇ ਮੇਰਾ ਧਿਆਨ ਫਿਰ ਤੋੜ ਦਿੱਤਾ।

ਲੁਟੇਰੇ ਨੇ ਪਿਛਲੇ ਛੇ ਮਹੀਨਿਆਂ ਤੋਂ ਵਖਤ ਪਾਇਆ ਹੋਇਆ ਸੀ। ਉਹ ਕਦੇ ਕੁਈਨਜ਼ ਕਾਊਂਟੀ 'ਚ ਕੋਈ ਸਟੋਰ ਲੁੱਟ ਲੈਂਦਾ, ਕਦੇ ਨਾਸੂ ਕਾਊਂਟੀ 'ਚ ਅਤੇ ਕਦੇ ਸਫ਼ਕ ਕਾਊਂਟੀ 'ਚ। ਤਿੰਨ ਕਾਊਂਟੀਆਂ ਦੀ ਪੁਲਿਸ ਉਸ ਦੇ ਪਿੱਛੇ ਸੀ। ਸੂਹ ਦੇਣ ਵਾਲ਼ੇ ਨੂੰ ਦਸ ਹਜ਼ਾਰ ਡਾਲਰ ਦੇਣ ਦਾ ਐਲਾਨ ਵੀ ਕੀਤਾ ਹੋਇਆ ਸੀ।

ਸਾਡਾ ਸਟੋਰ ਅਜੇ ਬਚਿਆ ਹੋਇਆ ਸੀ।

ਪੁਲਿਸ ਵਾਲੇ ਗੇੜਾ ਮਾਰਦੇ। ਚੇਤਾਵਨੀ ਦੇ ਜਾਂਦੇ।

ਕਦੇ ਪੁਲਿਸ ਵਾਲੇ ਖੜ੍ਹੇ-ਖੜ੍ਹੇ ਕੌਫ਼ੀ ਪੀਂਦੇ ਮੇਰੇ ਨਾਲ ਗੱਲੀਂ ਪੈ ਜਾਂਦੇ, 'ਸਟੋਰਾਂ ਦੇ ਕੈਮਰੇ ਚੈੱਕ ਕੀਤੇ ਐ। ਉਹ ਹੁੱਡੀ ਪਾ ਕੇ ਆਉਂਦੈ। ਇਕਦਮ ਚਾਕੂ ਕੱਢ ਕੇ ਕਾਮੇ ਨੂੰ ਡਰਾ ਕੇ ਕੈਸ਼-ਰਜਿਸਟਰ ਖੋਲ੍ਹਣ ਦਾ ਇਸ਼ਾਰਾ ਕਰਦੈ। ਇਕ ਮਿੰਟ 'ਚ ਕਾਰਵਾਈ ਕਰ ਕੇ ਨਿਕ਼ਲ ਜਾਂਦੈ। ਫਿਰ ਉਹਦਾ ਪਤਾ ਨਹੀਂ ਲੱਗਦਾ। ਜ਼ਰੂਰ ਕੋਈ ਜਣਾ ਬਾਹਰ ਕਾਰ 'ਚ ਉਹਦੀ ਉਡੀਕ 'ਚ ਬੈਠਾ ਹੋਏਗਾ। ਝੱਟ-ਪੱਟ ਕਾਰ 'ਚ ਨਿਕ਼ਲ ਜਾਂਦੇ ਐ। ਹੁਸ਼ਿਆਰ ਹੈ। ਚਾਕੂ ਸਿਰਫ਼ ਡਰਾਵੇ ਵਾਸਤੇ ਰੱਖਿਆ ਹੋਇਐ। ਉਹਨੂੰ ਪਤੈ, ਜੇ ਕਿਸੇ ਦੇ ਚਾਕੂ ਮਾਰ ਦਿੱਤਾ, ਜਦ ਉਹ ਫੜ ਹੋਇਆ ਤਾਂ ਉਹਦੇ 'ਤੇ ਇਰਾਦਾ-ਏ-ਕਤਲ ਦਾ ਕੇਸ ਬਣਨੈਂ। ਹੁਣ ਨਿਰਾ ਚੋਰੀ ਦਾ ਹੀ ਪੈਣਾਂ...।''

ਇਕ ਦਿਨ ਪੁਲਿਸ ਵਾਲੇ ਨੇ ਦੱਸਿਆ, ''ਉਹ ਕਦੇ ਕਿਸੇ ਕਾਊਂਟੀ 'ਚ ਲੁੱਟਦੈ ਕਦੇ ਕਿਸੇ 'ਚ। ਉਹਦੀਆਂ ਹਰਕਤਾਂ ਤੋਂ ਲੱਗਦਾ ਉਹ ਡਰੱਗੀ ਐ। ਪੁਲਿਸ ਜਦੋਂ ਈਸਟ ਵਾਲੇ ਪਾਸੇ ਉਹਦੀ ਭਾਲ 'ਚ ਹੁੰਦੀ ਐ ਤਾਂ ਉਹ ਵੈੱਸਟ ਵਾਲੇ ਪਾਸੇ ਦਾਅ ਮਾਰ ਜਾਂਦੈ। ਫੜਿਆ ਛੇਤੀ ਜਾਣੈ ਓਹਨੇ।''

''ਆਖ਼ਿਰ ਇਹ ਲੋਕ ਚੋਰੀ ਕਰਦੇ ਕਿਉਂ ਨੇ?'' ਮੈਂ ਇਕ ਦਿਨ ਪੁਲਿਸ ਵਾਲੇ ਨੂੰ ਪੁੱਛਿਆ।

''ਡਰੱਗ ਖ਼ਰੀਦਣ ਵਾਸਤੇ,'' ਪੁਲਿਸ ਵਾਲੇ ਨੇ ਗਾਚੀ ਵਰਗੀ ਲਿਸ਼ਕਦੀ ਗੰਜ 'ਤੇ ਹੱਥ ਫੇਰਦੇ ਆਖਿਆ।

''ਇਹ ਲੋਕ ਡਰੱਗ ਲੈਂਦੇ ਈ ਕਿਉਂ ਐਂ?'' ਕੰਮ ਸਲੋਅ ਸੀ। ਮੈਂ ਐਵੇਂ ਹੀ ਪੁਲਿਸ ਵਾਲੇ ਨਾਲ ਗੱਲੀਂ ਪੈ ਗਿਆ ਸਾਂ।

''ਆਂ...ਆਂ...ਹੂੰ...,'' ਕੌਫ਼ੀ ਦਾ ਘੁੱਟ ਅੰਦਰ ਲੰਘਾ ਕੇ ਪੁਲਿਸ ਵਾਲੇ ਨੇ ਹਲਕੀ ਜਿਹੀ ਮੁਸਕਾਨ ਮੇਰੇ ਵੱਲ ਸੁੱਟੀ, ''ਇਹਦਾ ਜਵਾਬ ਏਨਾ ਸਿੱਧਾ ਨਈਂ। ਬਹੁਤ ਸਾਰੇ ਕਾਰਨ ਨੇ।'' ਫਿਰ ਹੱਸਿਆ ਤੇ ਕਹਿਣ ਲੱਗਾ, ''ਮੈਂ ਕਹਾਂਗਾ ਉਦਾਸੀ, ਇਕੱਲਤਾ, ਤਣਾਓ। ਤੂੰ ਫਿਰ ਇਨ੍ਹਾਂ ਦੇ ਕਾਰਨ ਪੁੱਛੇਂਗਾ। ਇਹਦੇ ਬਹੁਤ ਸਾਰੇ ਕਾਰਨ ਐਂ। ਕਦੇ ਮੌਕਾ ਮਿਲੇ ਤਾਂ 'ਬਾਰਨਜ਼ ਐਂਡ ਨੋਬਲ' ਸਟੋਰ 'ਤੇ ਜਾਵੀਂ। ਓਥੇ ਤੈਨੂੰ ਅਪਰਾਧ ਨਾਲ ਸੰਬੰਧਿਤ ਕਿਤਾਬਾਂ ਮਿਲ ਸਕਦੀਆਂ ਨੇ। ਅਪਰਾਧੀਆਂ ਦੇ ਮਨੋ-ਵਿਸ਼ਲੇਸ਼ਣ ਵਾਲੀ ਕੋਈ ਕਿਤਾਬ ਲੈ ਆਵੀਂ। ਸਭ ਸਮਝ ਆ ਜਾਊ। ਮਸਲਨ, ਤੂੰ ਰਾਈਕਰਜ਼ ਆਈਲੈਂਡ ਵਾਲੀ ਜੇਲ੍ਹ ਬਾਰੇ ਤਾਂ ਸੁਣਿਆ ਈ ਹੋਇਆ। ਮੇਰਾ ਦੋਸਤ ਓਥੇ ਸਾਈਕੋ-ਥੈਰੇਪਿਸਟ ਐ। ਉਹ ਦੱਸਦਾ ਸੀ, ਜੇਲ੍ਹ 'ਚ ਏਦਾਂ ਦੇ ਵੀ ਬੇਘਰੇ ਕੈਦੀ ਐ, ਜਿਹੜੇ ਗਰਮੀਆਂ ਤਾਂ ਬਾਹਰ ਪੁਲ਼ ਹੇਠਾਂ, ਕਿਸੇ ਰੁੱਖ ਹੇਠਾਂ ਜਾਂ ਪਾਰਕ 'ਚ ਸੌਂ ਕੇ ਬਿਤਾਅ ਲੈਂਦੇ ਐ। ਚੜ੍ਹੇ ਸਿਆਲ ਕਿਸੇ ਸਟੋਰ 'ਤੇ ਜਾਂਦੇ ਐ। ਨਿੱਕੀ-ਮੋਟੀ ਚੀਜ਼ ਚੋਰੀ ਕਰਦੇ ਐ। ਆਪ ਈ ਫੜੇ ਜਾਂਦੇ ਐ। ਚਾਰ-ਪੰਜ ਮਹੀਨੇ ਦੀ ਜੇਲ੍ਹ ਹੋ ਜਾਂਦੀ ਐ। ਸਿਆਲ ਜੇਲ੍ਹ 'ਚ ਕੱਟ ਕੇ ਫਿਰ ਗਰਮੀਆਂ ਨੂੰ ਬਾਹਰ।''



ਇਕ ਦਿਨ ਮੈਂ ਆਪਣੇ ਮਾਲਕ ਨੂੰ ਸਵਾਲ ਕਰ ਬੈਠਾ, ''ਭਾਜੀ ਇਹ ਲੋਕ ਡਰੱਗ ਕਿਉਂ ਕਰਦੇ ਐ? ਚੋਰੀ ਕਿਉਂ ਕਰਦੇ ਐ?''

ਉਸ ਨੇ ਆਪਣੀ ਹੀ ਲਾਲ ਕਿਤਾਬ ਖੋਲ੍ਹ ਲਈ, ''ਅਸਲ ਵਿਚ ਇਸ ਦੁਨੀਆ ਨੂੰ ਨਾ ਮੈਂ ਚਲਾ ਰਿਹਾਂ ਨਾ ਤੁਸੀਂ। ਨਾ ਟਰੰਪ ਤੇ ਨਾ ਮੋਦੀ। ਸਿਰਫ਼ ਗਿਣਤੀ ਦੇ ਕੁਝ ਟੱਬਰ ਐ। ਉਨ੍ਹਾਂ ਕੋਲ ਸਾਰੀ ਦੁਨੀਆ ਦਾ ਕੰਟਰੋਲ ਐ। ਜਿੰਨਾਂ ਚਿਰ ਉਹ ਗਿਣਤੀ ਦੇ ਟੱਬਰਾਂ ਕੋਲ਼ੋਂ ਦੌਲਤ ਖੋਹ ਕੇ ਸਾਰਿਆਂ 'ਚ ਬਰਾਬਰ ਵੰਡੀ ਨਹੀਂ ਜਾਂਦੀ, ਗ਼ਰੀਬੀ, ਨਾ-ਬਰਾਬਰੀ ਖ਼ਤਮ ਨਹੀਂ ਹੁੰਦੀ, ਓਨਾ ਚਿਰ ਦੁਨੀਆ ਤੋਂ ਟੈੱਨਸ਼ਨ, ਡਿਪਰੈੱਸ਼ਨ, ਉਦਾਸੀ, ਗ਼ਮ, ਅਜ਼ਾਬ ਖ਼ਤਮ ਨਹੀਂ ਹੋਣੇ। ਇਹ ਖ਼ਤਮ ਨਹੀਂ ਹੋਣੇ ਤਾਂ ਲੋਕਾਂ ਨੇ ਇਨ੍ਹਾਂ ਤੋਂ ਛੁਟਕਾਰਾ ਪਾਉਣ ਲਈ ਨਸ਼ੇ ਕਰਨੋਂ ਹਟਣਾ ਨਈਂ। ਨੌਕਰੀਆਂ ਮਿਲਣੀਆਂ ਨਈਂ। ਨਸ਼ਿਆਂ ਲਈ ਪੈਸੇ ਲੱਭਣੇ ਨਈਂ ਤੇ ਚੋਰੀਆਂ ਹੋਣੋਂ ਹਟਣੀਆਂ ਨਈਂ।''

ਉਹ ਮੈਨੂੰ ਸਟੋਰ ਦਾ ਮਾਲਕ ਘੱਟ ਤੇ ਕਿਸੇ ਯੂਨੀਅਨ ਦਾ ਬੁਲਾਰਾ ਜ਼ਿਆਦਾ ਲੱਗਿਆ।

ਮੈਂ ਇਕ ਦਿਨ ਪੁਲਿਸ ਵਾਲੇ ਨੂੰ ਪੁੱਛਿਆ, ''ਇਹ ਚੋਰੀਆਂ-ਡਾਕੇ, ਅਪਰਾਧ ਖ਼ਤਮ ਨਈਂ ਹੋ ਸਕਦੇ?''

''ਮੁਸ਼ਕਿਲ ਐ,'' ਪੁਲਿਸ ਵਾ਼ਲਾ ਕੁਝ ਦੇਰ ਸੋਚਦਾ ਰਿਹਾ ਤੇ ਫਿਰ ਬੋਲਿਆ, ''ਬਲਕਿ ਨਾ-ਮੁਮਕਿਨ। ਅਸਲ ਵਿਚ ਅਪਰਾਧ ਦਾ ਜਨਮ ਬੰਦੇ ਦੇ ਨਾਲ ਹੀ ਹੋਇਐ। ਇਹ ਸਾਡੇ ਜੀਨਜ਼ ਵਿਚ ਐ। ਬੰਦੇ ਦੀ ਹਸਤੀ ਦੇ ਵਿਕਾਸ ਵਿਚ ਗ਼ੁੱਸੇ, ਨਫ਼ਰਤ, ਕਿਸੇ ਨੂੰ ਮਾਰਨ ਦੀ ਬਿਰਤੀ ਵਗੈਰਾ ਦਾ ਬਹੁਤ ਵੱਡਾ ਯੋਗਦਾਨ ਐ। ਬੰਦਾ ਜੰਗ਼ਲਾਂ 'ਚ ਰਹਿੰਦਾ ਸੀ। ਖਾਣ ਲਈ ਪਸ਼ੂ-ਪੰਛੀਆਂ ਨੂੰ ਮਾਰਦਾ ਸੀ। ਕਿਸੇ ਨੂੰ ਮਾਰਨ ਵਾਸਤੇ ਗ਼ੁੱਸੇ ਨਾ਼ਲ ਭਰੇ ਹੋਣਾ, ਉਹਨੂੰ ਨਫ਼ਰਤ ਕਰਨੀ, ਬਹੁਤ ਜ਼ਰੂਰੀ ਹੁੰਦੈ। ਫਿਰ ਮਾਰਨਾ ਤਾਂ ਅਪਰਾਧ ਹੈ ਈ, ਚਾਹੇ ਪਸ਼ੂ-ਪੰਛੀ ਹੋਣ ਚਾਹੇ ਬੰਦਾ। ਬੰਦੇ ਦੀ ਬਣਤਰ ਈ ਏਦਾਂ ਦੀ ਐ। ਇਹਦੇ 'ਚੋਂ ਅਪਰਾਧੀ ਬਿਰਤੀ ਕੱਢੀ ਜਾ ਹੀ ਨਹੀਂ ਸਕਦੀ। ਹਾਂ! ਇਹ ਕਿਸੇ 'ਚ ਘੱਟ ਹੁੰਦੀ ਐ, ਕਿਸੇ 'ਚ ਵੱਧ ਪਰ ਹੁੰਦੀ ਸਾਰਿਆਂ 'ਚ ਈ ਐ। ਪਤਾ ਨਹੀਂ ਤੂੰ ਜੋ ਪੁੱਛਿਆ, ਮੈਂ ਸਹੀ ਦੱਸ ਵੀ ਸਕਿਆਂ ਕਿ ਨਹੀਂ ਪਰ ਇਕ ਗੱਲ ਪੱਕੀ ਐ, ਇਹ ਠਗੀ-ਠੋਰੀ ਖ਼ਤਮ ਹੋ ਨਹੀਂ ਸਕਦੀ। ਰੂਪ ਬਦਲ-ਬਦਲ ਕੇ ਹਰ ਸਮੇਂ ਮੌਜੂਦ ਹੀ ਰਹੀ ਹੈ ਤੇ ਰਹੇਗੀ। ਘਟਾਈ ਜਾ ਸਕਦੀ ਹੈ ਮੁਕਾਈ ਨਹੀਂ ਜਾ ਸਕਦੀ।''

ਜਦੋਂ ਸਾਡੇ ਸਟੋਰ ਤੋਂ ਦੋ ਬਲਾਕ ਪਰ੍ਹਾਂ ਸਟੋਰ 'ਤੇ ਚੋਰੀ ਹੋਈ ਤਾਂ ਮੇਰੇ ਮਾਲਕ ਨੇ ਪੁਲਿਸ ਨੂੰ ਕਹਿ ਕੇ ਖ਼ਾਸ ਤਰ੍ਹਾਂ ਦੇ ਡਾਲਰ ਕੈਸ਼-ਰਜਿਸਟਰ ਵਿਚ ਰਖਵਾਅ ਲਏ। ਦੇਖਣ ਨੂੰ ਡਾਲਰ ਲੱਗਦੇ ਸਨ ਪਰ ਇਨ੍ਹਾਂ ਦੇ ਹੇਠਾਂ ਜੀ. ਪੀ. ਐੱਸ. ਲੱਗਾ ਹੋਇਆ ਸੀ। ਚੋਰ ਨੇ ਜਿਉਂ ਹੀ ਇਨ੍ਹਾਂ ਡਾਲਰਾਂ ਨੂੰ ਹੱਥ ਪਾਉਣਾ ਸੀ, ਪੁਲਿਸ ਨੂੰ ਆਪਣੇ-ਆਪ ਇਤਲਾਹ ਹੋ ਜਾਣੀ ਸੀ। ਰਜਿਸਟਰ ਚੁੱਕੀ ਜਿਸ ਪਾਸੇ ਵੀ ਚੋਰ ਨੇ ਜਾਣਾ ਸੀ ਉਸ ਦੀ ਨਿਸ਼ਾਨਦੇਹੀ ਹੁੰਦੀ ਜਾਣੀ ਸੀ।

''ਤੂੰ ਆਪ ਈ ਹੱਥ ਨਾ ਲਾ ਦੇਵੀਂ,'' ਪੁਲਿਸ ਵਾ਼ਲੇ ਨੇ ਹੱਸਦੇ ਹੋਏ ਮੈਨੂੰ ਕਿਹਾ ਸੀ।

ਇਕ ਦਿਨ ਪੁਲਿਸ ਵਾ਼ਲਾ ਮੈਨੂੰ ਦੱਸ ਰਿਹਾ ਸੀ, ''ਕਾਫ਼ੀ ਤੇਜ਼ ਲੱਗਦੈ ਚੋਰ। ਜ਼ਰੂਰ ਉਹ ਪਹਿਲਾਂ ਆਲਾ-ਦੁਆਲਾ ਚੰਗੀ ਤਰ੍ਹਾਂ ਘੋਖਦਾ ਰਹਿੰਦਾ ਹੋਏਗਾ। ਇਕ ਮਿੰਟ ਲਈ ਸਟੋਰ ਸੁੰਨਾ ਹੋਇਆ ਨਈਂ ਕਿ ਓਹਨੇ ਵਾਰਦਾਤ ਕੀਤੀ ਨਈਂ।''

ਉਸ ਦਿਨ ਸੂਰਜ ਛਿਪ ਰਿਹਾ। ਸਟਰੀਟ ਲਾਈਟਾਂ ਜਗ ਪਈਆਂ ਸਨ। ਪੁਲਿਸ ਵਾਲੇ ਕੌਫ਼ੀ ਪੀਂਦੇ-ਪੀਂਦੇ ਬਾਹਰ ਨਿਕਲੇ ਸਨ। ਮੈਂ ਆਪਣੇ ਧਿਆਨ ਸਿਗਰਟਾਂ ਦੀਆਂ ਡੱਬੀਆਂ ਠੀਕ ਕਰ ਹੀ ਰਿਹਾ ਸੀ ਕਿ ਉਹ ਛਾਲ ਮਾਰਦਾ ਹੋਇਆ ਕਾਊਂਟਰ ਟੱਪ ਕੇ ਮੇਰੇ ਸਾਹਮਣੇ ਆ ਖਲੋਤਾ ਸੀ। ਉਸ ਦੇ ਹੱਥ 'ਚ ਚਾਕੂ ਲਿਸ਼ਕ ਰਿਹਾ ਸੀ। ਮੈਨੂੰ ਕੁਝ ਨਾ ਸੁੱਝਿਆ। ਮੈਂ ਕਾਊਂਟਰ ਦੇ ਦੂਜੇ ਪਾਸਿਓਂ ਭੱਜ ਕੇ ਬਾਹਰਲੇ ਦਰਵਾਜ਼ਾ ਵੱਲ ਅਹੁਲਣ ਹੀ ਲੱਗਾ ਸਾਂ ਕਿ ਉਹ ਕਾਊਂਟਰ ਦੇ ਅੰਦਰੋਂ ਛਾ਼ਲ ਮਾਰ ਕੇ ਕਾਊਂਟਰ ਟੱਪਦਾ ਹੋਇਆ ਫਿਰ ਮੇਰੇ ਸਾਹਮਣੇ ਆ ਗਿਆ। ਚਾਕੂ ਨਾਲ ਹੀ ਉਹ ਮੈਨੂੰ ਕੈਸ਼-ਰਜਿਸਟਰ ਵੱਲ ਇਸ਼ਾਰਾ ਕਰਨ ਲੱਗਾ। ਮੈਂ ਜਿਵੇਂ ਆਪਣੇ-ਆਪ ਵਿਚ ਨਹੀਂ ਸਾਂ। ਉਸ ਦੇ ਹੱਥਾਂ ਦੀ ਕੱਠ-ਪੁਤਲੀ ਬਣ ਗਿਆ ਸਾਂ। ਮੈਂ ਕੈਸ਼-ਰਜਿਸਟਰ ਖੋਲ੍ਹ ਦਿੱਤਾ।

ਉਹ ਰਜਿਸਟਰ ਲੈ ਕੇ ਅੱਖ ਦੇ ਫੋਰ 'ਚ ਸਟੋਰ 'ਚੋਂ ਬਾਹਰ ਹੋ ਗਿਆ। ਮੇਰਾ ਸਰੀਰ ਪਹਾੜ ਵਾਂਗ ਭਾਰਾ-ਭਾਰਾ ਹੋ ਗਿਆ ਸੀ। ਜਦੋਂ ਮੈਨੂੰ ਤਸੱਲੀ ਹੋ ਗਈ ਕਿ ਉਹ ਦੂਰ ਨਿਕ਼ਲ ਗਿਆ ਹੋਵੇਗਾ, ਪਹਿਲਾਂ ਮੈਂ ਜਾ ਕੇ ਸਟੋਰ ਦਾ ਬੂਹਾ 'ਲਾਕ' ਕੀਤਾ ਤੇ ਫਿਰ ਪੁਲਿਸ ਨੂੰ ਫੋਨ ਘੁਮਾਇਆ।

ਪੁਲਿਸ ਨੂੰ ਵਾਰਦਾਤ ਦੱਸਣ ਮਗਰੋਂ ਮਾਲਕ ਨੂੰ ਫੋਨ ਲਾ ਲਿਆ।

ਬਾਹਰ ਪੁਲਿਸ ਦੀਆਂ ਕਾਰਾਂ ਦੇ ਸਾਇਰਨ ਗੂੰਜਣ ਲੱਗੇ। ਪੁਲਿਸ ਦੇਖ ਕੇ ਮੈਂ ਬੂਹਾ ਖੋਲ੍ਹਿਆ। ਆਲਾ-ਦੁਆਲਾ ਦੇਖਿਆ। ਮੈਨੂੰ ਜਿਵੇਂ ਡਰ ਸੀ, ਕਿਤੇ ਫਿਰ ਨਾ ਆ ਜਾਵੇ। ਥੋੜ੍ਹੀ ਦੇਰ ਬਾਅਦ 'ਕਰਾਈਮ ਸੀਨ' ਵਾਲਿਆਂ ਦੀ ਵੈਨ ਵੀ ਆਣ ਪਹੁੰਚੀ ਤੇ ਲੋਕਲ ਟੀ. ਵੀ. ਚੈਨਲ ਵਾਲਿਆਂ ਦੀ ਵੈਨ ਵੀ।

ਪੁਲਿਸ ਵਾਲੇ ਮੇਰੇ ਵਾਕਿਫ਼ ਹੀ ਸਨ। ਉਹ ਮੁੱਢਲੀ ਜਾਣਕਾਰੀ ਲੈਂਦੇ ਰਹੇ। ਪੁਲਿਸ ਡਿਟੈਕਟਿਵ ਨੇ ਮੈਨੂੰ ਸਾਰੀ ਘਟਨਾ ਬਿਆਨ ਕਰਨ ਲਈ ਕਿਹਾ।

''ਬਹੁਤ ਤੇਜ਼ ਹੈ,'' ਇਕ ਪੁਲਿਸ ਵਾਲੇ ਨੇ ਅੰਦਰ ਆਉਂਦੇ ਕਿਹਾ, ''ਜੀ. ਪੀ. ਐੱਸ. ਵਾ਼ਲੀ ਡੱਬੀ ਨਾਲ ਦੇ ਬਲਾਕ 'ਚ ਹੀ ਸੁੱਟ ਗਿਐ।''

ਡਿਟੈਕਟਿਵ ਨੇ ਆਪਣਾ ਕਾਰਡ ਮੈਨੂੰ ਦੇ ਕੇ ਕਿਹਾ, ''ਡਰਨ ਦੀ ਲੋੜ ਨਹੀਂ। ਕਦੇ ਤੈਨੂੰ ਲੱਗੇ ਕਿ ਕੋਈ ਤੇਰਾ ਪਿੱਛਾ ਕਰ ਰਿਹੈ, ਝੱਟ ਇਸ ਨੰਬਰ 'ਤੇ ਫੋਨ ਕਰ ਦੇਵੀਂ।''

ਪੁਲਿਸ ਵਾਲਿਆਂ ਮੈਨੂੰ ਦਫ਼ਤਰ 'ਚ ਜਾ ਕੇ ਸੀ. ਸੀ. ਟੀ. ਵੀ. ਦੀ ਫ਼ੁਟੇਜ ਚਲਾਉਣ ਲਈ ਕਿਹਾ।

ਫ਼ਿਲਮ ਸ਼ੁਰੂ ਹੋ ਗਈ। ਪੁਲਿਸ ਵਾਲੇ ਕੌਫ਼ੀ ਪੀਂਦੇ-ਪੀਂਦੇ ਬਾਹਰ ਨਿਕ਼ਲਦੇ ਦਿਖਾਈ ਦੇ ਰਹੇ ਸਨ। ਮੈਂ ਸਿਗਰਟਾਂ ਠੀਕ ਕਰਨ 'ਚ ਰੁਝਿਆ ਸਾਂ। ਬੂਹੇ ਥਾਣੀਂ ਹੁੱਡੀ ਵਾਲਾ ਬੰਦਾ ਅੰਦਰ ਆਇਆ। ਉਹ ਫ਼ੁਰਤੀ ਨਾਲ ਛਾਲ ਮਾਰ ਕੇ ਜਦੋਂ ਕਾਉਂਟਰ ਦੇ ਅੰਦਰ ਵੜਿਆ ਤਾਂ ਫ਼ਿਲਮ ਦੇਖਦਾ-ਦੇਖਦਾ ਮੈਂ ਇਕ ਵਾਰ ਕੰਬ ਗਿਆ, ਜਿਵੇਂ ਉਹ ਫਿਰ ਆ ਗਿਆ ਹੋਵੇ। ਮੈਂ ਮੂਹਰੇ-ਮੂਹਰੇ ਭੱਜ ਰਿਹਾ ਸਾਂ। ਉਹ ਫਿਰ ਕਾਊਂਟਰ ਟੱਪ ਕੇ ਮੇਰੇ ਅੱਗੇ ਆ ਗਿਆ ਤੇ ਲਿਸ਼ਕਦਾ ਚਾਕੂ ਘੁਮਾਉਣ ਲੱਗਾ।

''ਸੇਮ ਐਕਸ਼ਨ,'' ਡਿਟੈਕਟਿਵ ਨੇ ਕਿਹਾ।

ਆਪਣੇ-ਆਪ ਨੂੰ ਚੋਰ ਮੂਹਰੇ ਭੱਜਦਾ ਦੇਖ ਕੇ ਮੈਨੂੰ ਸ਼ਰਮ ਮਹਿਸੂਸ ਹੋਣ ਲੱਗ ਪਈ ਸੀ। ਮੇਰਾ ਦਿਲ ਫ਼ਿਲਮ ਬੰਦ ਕਰਨ ਨੂੰ ਕਰ ਰਿਹਾ ਸੀ ਪਰ ਪੁਲਿਸ ਵਾਲੇ ਇਸ ਨੂੰ ਦੁਬਾਰਾ ਚਾਲੂ ਕਰਨ ਲਈ ਕਹਿ ਰਹੇ ਸਨ। ਦੂਜੀ ਵਾਰ ਚਲਾਈ ਫ਼ਿਲਮ 'ਤੇ ਮੈਂ ਨਿਗ੍ਹਾ ਨਾ ਟਿਕਾਅ ਸਕਿਆ।

ਦਫ਼ਤਰ ਤੋਂ ਬਾਹਰ ਆ ਕੇ ਡਿਟੈਕਟਿਵ ਨੇ ਪੁੱਛਿਆ, ''ਹੁਣ ਡਰ ਤਾਂ ਨਈਂ ਲੱਗਦਾ?''

''ਬਿਲਕੁਲ ਨਈਂ,'' ਸੱਚ-ਮੁੱਚ ਮੈਨੂੰ ਹੁਣ ਕੋਈ ਡਰ ਨਹੀਂ ਸੀ ਲੱਗ ਰਿਹਾ।

''ਦੋ ਦਿਨ ਛੁੱਟੀ ਕਰ ਲੈ,'' ਇਕ ਪੁਲਿਸ ਵਾਲੇ ਨੇ ਕਿਹਾ, ''ਏਦਾਂ ਦੀ ਘਟਨਾ ਦਾ ਅਸਰ ਕਈ ਵਾਰ ਕੁਝ ਦਿਨਾਂ ਬਾਅਦ ਮਨ 'ਤੇ ਪੈਣਾ ਸ਼ੁਰੂ ਹੁੰਦੈ।''

ਮੈਂ ਇਕ ਵਾਰ ਫਿਰ ਪਰ੍ਹਾਂ ਘੁਸਰ-ਮੁਸਰ ਕਰਦੇ ਪੰਜ ਜਣਿਆਂ ਵੱਲ ਦੇਖਿਆ। ਕਲਪਨਾ ਹੀ ਕਲਪਨਾ 'ਚ ਉਸ ਕੁੜੀ ਜਾਂ ਮੁੰਡੇ ਨੂੰ ਓਸੇ ਤਰ੍ਹਾਂ ਹੀ ਕਾਊਂਟਰ ਦੁਆਲ਼ੇ ਘੁੰਮਦੇ ਦੇਖਣ ਲੱਗਾ, ਜਿਵੇਂ ਮੈਂ ਆਪਣੇ-ਆਪ ਨੂੰ ਫ਼ਿਲਮ 'ਚ ਦੇਖਿਆ ਸੀ।

ਉਸ ਦਿਨ ਮੈਂ ਕੰਮ 'ਤੇ ਜਾਣ ਲਈ ਕਾਰ ਘਰੋਂ ਕੱਢ ਹੀ ਰਿਹਾ ਸੀ ਜਦੋਂ ਮੇਰੇ ਮਾਲਕ ਦਾ ਫੋਨ ਆ ਗਿਆ, ''ਟੈੱਨ-ਟੈੱਨ ਲਾ ਕੇ ਸੁਣ, ਉਹ ਸਾਲਾ ਕਾਲਾ ਫੜਿਆ ਗਿਆ।''

ਮੈਂ ਰੇਡੀਓ ਲਾਇਆ। ਮੌਸਮ ਦੱਸਣ ਤੋਂ ਬਾਅਦ 'ਇੰਟਰਟੇਨਮੈਂਟ ਨਿਊਜ਼' ਆ ਗਈਆਂ। ਮੇਰਾ ਦਿਲ ਕਾਹਲਾ ਪੈ ਰਿਹਾ ਸੀ, ਚੋਰ ਫੜੇ ਜਾਣ ਦੀ ਖ਼ਬਰ ਸੁਣਨ ਵਾਸਤੇ।

ਰੇਡੀਓ ਨੇ ਵਿਸਥਾਰ ਨਾਲ ਖ਼ਬਰ ਦਿੱਤੀ ਸੀ।

ਕਾਲੇ ਨੇ ਚੌਵੀ ਸਟੋਰ ਲੁੱਟੇ ਸਨ। ਪਿਛਲੀ ਰਾਤੇ ਪੱਚੀਵਾਂ ਸਟੋਰ ਲੁੱਟਣ ਗਿਆ ਸੀ। ਅਜੇ ਉਹ ਤਿਆਰੀ ਹੀ ਕਰ ਰਿਹਾ ਸੀ ਕਿ ਸਟੋਰ ਅੰਦਰ ਕੋਈ ਹੋਰ ਗਾਹਕ ਆ ਗਿਆ। ਉਹ ਚੁੱਪ-ਚੁਪੀਤਾ ਓਥੋਂ ਨਿਕਲ ਗਿਆ। ਉਸ ਨੇ ਡਰੱਗ ਲਈ ਹੋਈ ਸੀ। ਥੋੜ੍ਹੀ ਦੂਰ ਇਕ ਘਰ ਦੀਆਂ ਪੌੜੀਆਂ 'ਚ ਲੰਮਾ ਪੈ ਗਿਆ ਸੀ। ਸਾਰੀ ਰਾਤ ਓਥੇ ਸੁੱਤਾ ਰਿਹਾ। ਸਵੇਰੇ ਘਰ ਦਾ ਮਾਲਕ ਕੰਮ 'ਤੇ ਜਾਣ ਲਈ ਬਾਹਰ ਨਿਕਲਿਆ ਤਾਂ ਉਸ ਨੇ ਬੂਹੇ ਅੱਗੇ ਅਜਨਬੀ ਪਿਆ ਦੇਖਿਆ। ਉਸ ਨੂੰ ਜਗਾ ਕੇ ਓਥੋਂ ਤੋਰ ਦਿੱਤਾ। ਘਰ ਦੇ ਮਾਲਕ ਨੇ ਬਾਅਦ ਵਿਚ ਪੁਲਿਸ ਨੂੰ ਦੱਸਿਆ, ''ਜਦੋਂ ਉਹ ਓਪਰਾ ਬੰਦਾ ਹੌਲੀ-ਹੌਲੀ ਤੁਰਿਆ ਤਾਂ ਉਸ ਦੇ ਪਾਈ ਹੁੱਡੀ ਦੇਖ ਕੇ ਮੈਨੂੰ ਖ਼ਿਆਲ ਆਇਆ ਕਿ ਇਸੇ ਤਰ੍ਹਾਂ ਦੇ ਬੰਦੇ ਦੀ ਤਾਂ

(ਬਾਕੀ ਅਗਲੇ ਸਫੇ 'ਤੇ)

## ਸਾਂਝ

*(ਪਿਛਲੇ ਸਫੇ ਦਾ ਬਾਕੀ)*

ਪੁਲਿਸ ਨੂੰ ਵੀ ਭਾਲ਼ ਹੈ। ਮੈਂ ਸ਼ੱਕ-ਮੂਜਬ ਪੁਲਿਸ ਨੂੰ ਫੋਨ ਕਰ ਦਿੱਤਾ।''

ਕੋਈ ਸੋਚ ਸਕਦਾ ਸੀ ਕਿ ਚੌਵੀ ਸਟੋਰ ਲੁੱਟ ਕੇ ਵੀ ਫੜਿਆ ਨਾ ਜਾਣ ਵਾਲਾ ਚੋਰ ਏਨੀ ਆਸਾਨੀ ਨਾਲ ਫੜਿਆ ਜਾਵੇਗਾ।

ਮੈਨੂੰ ਅੰਗਰੇਜ਼ੀ 'ਹੌਰਰ' ਫ਼ਿਲਮ ਦਾ ਖ਼ਿਆਲ ਆ ਗਿਆ। ਫ਼ਿਲਮ 'ਚ ਭੂਤ ਨੇ ਸਾਰੀ ਰਾਤ ਇਕ ਸ਼ਹਿਰ 'ਚ ਵਖਤ ਪਾਈ ਰੱਖਿਆ। ਲੋਕਾਂ ਨੂੰ ਮਾਰੀ ਗਿਆ। ਸ਼ਹਿਰ ਦੇ ਲੋਕ ਉਸ ਭੂਤ ਨੂੰ ਮਾਰਨ ਵਾਸਤੇ ਤਰ੍ਹਾਂ-ਤਰ੍ਹਾਂ ਦੀਆਂ ਤਰਕੀਬਾਂ ਲੜਾਉਂਦੇ ਰਹੇ ਪਰ ਉਹ ਕਿਸੇ ਚੀਜ਼ ਨਾਲ ਵੀ ਨਾ ਮਰਿਆ। ਆਖ਼ਿਰ ਇਹ ਮਰੇਗਾ ਕਿਵੇਂ? ਮੈਂ ਫ਼ਿਲਮ ਦੇਖਦਾ ਸੋਚੀ ਜਾ ਰਿਹਾ ਸਾਂ। ਸਵੇਰ ਹੋ ਗਈ। ਜਦੋਂ ਸੂਰਜ ਦੀਆਂ ਕਿਰਨਾਂ ਭੂਤ 'ਤੇ ਪਈਆਂ ਤਾਂ ਉਹ ਝੱਟ ਹੀ ਭਸਮ ਹੋ ਗਿਆ।

ਇਸ ਚੋਰ ਦੀ ਦਹਿਸ਼ਤ ਵੀ ਸੂਰਜ ਦੀਆਂ ਕਿਰਨਾਂ 'ਚ ਇਵੇਂ ਹੀ ਭਸਮ ਹੋ ਗਈ ਸੀ।

ਇਹ ਖ਼ੁਸ਼ਖ਼ਬਰੀ ਪਤਨੀ ਨੂੰ ਦੇਣ ਵਾਸਤੇ ਮੈਂ ਘਰ ਫੋਨ ਲਾਇਆ। ਫੋਨ ਬਿਜ਼ੀ ਆ ਰਿਹਾ ਸੀ। ਥੋੜ੍ਹੀ ਦੇਰ ਬਾਅਦ ਘਰੋਂ ਪਤਨੀ ਦਾ ਫੋਨ ਆ ਗਿਆ, ''ਕਿੱਥੇ ਓਂ ਤੁਸੀਂ?''

ਪਤਨੀ ਦੀ ਆਵਾਜ਼ ਬਹੁਤ ਕਾਹਲੀ ਸੀ ਪਰ ਮੈਂ ਆਪਣੀ ਖ਼ੁਸ਼ਖ਼ਬਰੀ ਦੱਸਣ ਲਈ ਕਾਹਲਾ ਸਾਂ, ''ਵਧਾਈ ਹੋਵੇ, ਉਹ ਸਾਲਾ ਮੇਰਾ ਫੜਿਆ ਗਿਆ।''

''ਕੌਣ?''

''ਚੋਰ, ਜਿਨ੍ਹੇ ਚੌਵੀ ਸਟੋਰ ਲੁੱਟ ਕੇ ਤਿੰਨ ਕਾਊਂਟੀਆਂ ਦੀ ਪੁਲਿਸ ਨੂੰ ਗਧੀ-ਗੇੜ 'ਚ ਪਾਇਆ ਹੋਇਆ ਸੀ,'' ਮੈਂ ਏਨੇ ਚਾਅ ਨਾਲ਼ ਦੱਸ ਰਿਹਾ ਸਾਂ, ਜਿਵੇਂ ਚੋਰ ਮੈਂ ਹੀ ਫੜਿਆ ਹੋਵੇ।

''ਹੁਣ ਤੁਸੀਂ ਕਿੱਥੇ ਓਂ?'' ਪਤਨੀ ਨੇ ਫਿਰ ਕਾਹਲੀ ਨਾਲ ਪੁੱਛਿਆ।

''ਹਾਈਵੇਅ 'ਤੇ ਚੜ੍ਹਨ ਲੱਗਿਆਂ,'' ਮੈਂ ਕਿਹਾ ਤਾਂ ਉਸ ਨੇ ਝੱਟ ਕਿਹਾ, ''ਏਥੋਂ ਈ ਵਾਪਸ ਆ ਜਾਓ। ਤੁਹਾਡੀ ਧੀ-ਰਾਣੀ ਨੇ ਸਕੂਲੇ ਕੋਈ ਚੰਦ ਚਾੜ੍ਹ ਦਿੱਤੈ। ਸਕੂਲੋਂ ਵਾਈਸ-ਪ੍ਰਿੰਸੀਪਲ ਦੀ ਕਾਲ ਆਈ ਐ। ਆਪਾਂ ਨੂੰ ਬੁਲਾਇਆ ਸਕੂਲੇ।''

ਮੇਰਾ ਦਿਲ ਧੱਕ ਕਰ ਕੇ ਰਹਿ ਗਿਆ, ''ਹੋਇਆ ਕੀ ਆ?''

''ਪਤਾ ਨਈਂ,'' ਪਤਨੀ ਦੀ ਆਵਾਜ਼ ਬੈਠਦੀ ਜਾਂਦੀ ਸੀ, ''ਛੇਤੀ ਆ ਜਾਓ ਨਈਂ ਤਾਂ ਮੈਨੂੰ ਕੁਛ ਹੋ ਜਾਣਾ। ਪਤਾ ਨਈਂ ਕੀ ਕੀਤਾ ਓਨ੍ਹੇ।''

ਮੈਂ ਤੇ ਪਤਨੀ ਸਕੂਲੇ ਪਹੁੰਚੇ।

ਗੇਟ ਤੋਂ ਆ ਕੇ ਵਾਈਸ-ਪ੍ਰਿੰਸੀਪਲ ਸਾਨੂੰ ਆਪਣੇ ਕਮਰੇ 'ਚ ਲੈ ਗਿਆ।

''ਮਾਮਲਾ ਬਹੁਤ ਗੰਭੀਰ ਹੈ,'' ਵਾਈਸ-ਪ੍ਰਿੰਸੀਪਲ ਦੀ ਗੱਲ ਸੁਣ ਕੇ ਸਾਡਾ ਦਿਲ ਬੈਠ ਗਿਆ, ''ਕਿੰਮੀ ਨੇ ਆਪਣੀ ਕਾਲੀ ਸਹੇਲੀ ਡੇਜ਼ੀ ਦੀ ਨੋਟ-ਬੁੱਕ 'ਤੇ ਬਹੁਤ ਅਸ਼ਲੀਲ ਤੇ ਨਸਲੀ ਵਿਤਕਰੇ ਭਰੀਆਂ ਟਿੱਪਣੀਆਂ ਕਰਨ ਦੇ ਨਾਲ-ਨਾਲ ਉਸ ਦੇ ਮੋਟੇ ਸਰੀਰ ਦਾ ਮਜ਼ਾਕ ਉਡਾਇਆ ਹੈ।''

ਉਸ ਨੇ ਨੋਟ-ਬੁੱਕ ਸਾਡੇ ਸਾਹਮਣੇ ਕਰ ਦਿੱਤੀ, ''ਚਾਹੋ ਤਾਂ ਪੜ੍ਹ ਲਵੋ।''

ਅਸੀਂ ਤਾਂ ਆਪਣੀ ਬੇਟੀ ਨੂੰ ਬਹੁਤ ਭਲ਼ੀ, ਮਾਸੂਮ, ਨਿਰਛਲ ਜਿਹੀ ਸਮਝਦੇ ਰਹੇ ਸਾਂ। ਉਹ ਏਨੀ 'ਵਲਗਰ' ਭਾਸ਼ਾ ਲਿਖ ਸਕਦੀ ਹੈ! ਮੇਰੇ 'ਚ ਪਤਨੀ ਨਾਲ ਅੱਖਾਂ ਮਿਲਾਉਣ ਦੀ ਹਿੰਮਤ ਵੀ ਬਾਕੀ ਨਹੀਂ ਸੀ ਰਹੀ।

''ਹੁਣ ਧੀਰਜ ਰੱਖਣਾ,'' ਵਾਈਸ-ਪ੍ਰਿੰਸੀਪਲ ਨੇ ਕਿਹਾ ਤੇ ਕੁਰਸੀ ਤੋਂ ਉੱਠ ਕੇ ਦੂਜੇ ਕਮਰੇ 'ਚ ਗਿਆ। ਉਸ ਦੇ ਮਗਰ-ਮਗਰ ਕਿੰਮੀ ਤੁਰੀ ਆ ਰਹੀ ਸੀ। ਉਸ ਦੀ ਤੋਰ ਮੁਰਦਿਆਂ ਵਰਗੀ ਸੀ। ਚਿਹਰਾ ਜਿਵੇਂ ਨਚੋੜਿਆ ਗਿਆ ਸੀ। ਚਿੜੀ ਜਿੰਨਾਂ ਵਾਕ ਹੋਰ ਛੋਟਾ ਹੋ ਗਿਆ ਸੀ। ਉਹ ਸਾਡੇ ਵੱਲ ਦੇਖ ਨਹੀਂ ਸੀ ਰਹੀ। ਉਸ ਦਾ ਚਿਹਰਾ ਦੇਖ ਕੇ ਮੈਨੂੰ ਉਸ 'ਤੇ ਗ਼ੁੱਸਾ ਆਉਣ ਦੀ ਥਾਂ ਤਰਸ ਆ ਗਿਆ ਤੇ ਮੇਰੀਆਂ ਅੱਖਾਂ ਨਮ ਹੋ ਗਈਆਂ। ਪਤਨੀ ਵੀ ਚੁੰਨੀ ਨਾਲ ਅੱਖਾਂ ਪੂੰਝ ਰਹੀ ਸੀ।

ਵਾਈਸ-ਪ੍ਰਿੰਸੀਪਲ ਦੱਸ ਰਿਹਾ ਸੀ, ''ਕਿੰਮੀ ਦੀ ਸਹੇਲੀ ਦੇ ਮਾਪਿਆਂ ਨੂੰ ਵੀ ਇਤਲਾਹ ਕਰ ਦਿੱਤੀ ਹੈ। ਚੰਗਾ ਹੈ! ਉਹ ਗੱਲ ਅੱਗੇ ਨਾ ਵਧਾਉਣ। ਜੇ ਉਨ੍ਹਾਂ ਪੁਲਿਸ ਰਿਪੋਰਟ ਕਰ ਦਿੱਤੀ ਤਾਂ ਮੈਂ ਕੁਝ ਨਹੀਂ ਕਰ ਸਕਣਾ। ਉਹ ਰਿਪੋਰਟ ਕਿੰਮੀ ਦੇ ਰਿਕਾਰਡ 'ਤੇ ਚੜ੍ਹ ਜਾਣੀ ਐਂ। ਏਨੇ ਰੰਗ, ਨਸਲ ਤੇ ਸਰੀਰਕ ਬਣਤਰ ਨੂੰ ਲੈ ਕੇ ਲਿਖਿਆ ਹੈ। ਇਹ ਨਸਲੀ ਵਿਤਕਰੇ ਤੇ ਹਰਾਸਮੈਂਟ ਦਾ ਕੇਸ ਬਣਦਾ ਹੈ।''

ਪੁਲਿਸ ਦਾ ਸੁਣ ਕੇ ਸਾਡੇ ਸਾਹ ਹੀ ਸੂਤੇ ਗਏ ਸਨ।

''ਜੇ ਇਹ ਲਿਖਤੀ ਮਾਫ਼ੀ ਮੰਗ ਲਵੇ ਤਾਂ ਗੱਲ ਏਥੇ ਦੱਬੀ ਵੀ ਜਾ ਸਕਦੀ ਹੈ ਪਰ ਮੈਂ ਵਾਅਦਾ ਨਹੀਂ ਕਰਦਾ,'' ਵਾਈਸ-ਪ੍ਰਿੰਸੀਪਲ ਦੱਸ ਰਿਹਾ ਸੀ ਕਿ ਉਸ ਦੇ ਇੰਟਰ-ਕਾਮ ਨੇ ਟੀਂ ਟੀਂ ਕੀਤੀ। ਉਸ ਨੇ ਫੋਨ ਚੁੱਕਿਆ।

''ਆ ਰਿਹਾਂ,'' ਕਹਿ ਕੇ ਉਸ ਨੇ ਸਾਡੇ ਵੱਲ ਦੇਖਿਆ, ''ਡੇਜ਼ੀ ਦੇ ਮਾਪੇ ਆਏ ਨੇ। ਮੈਂ ਲੈ ਆਵਾਂ।''

ਉਹ ਚਲਾ ਗਿਆ। ਕਿੰਮੀ ਨੀਵੀਂ ਪਾਈ ਬੈਠੀ ਰਹੀ। ਮੇਰੀ ਪਤਨੀ ਦਾ ਹਉਕਾ ਮੈਨੂੰ ਸੁਣਿਆ। ਮੈਂ ਧਿਆਨ ਹੋਰ ਪਾਸੇ ਪਾਉਣ ਲਈ ਦਫ਼ਤਰ 'ਚ ਨਿਗਾਹ ਮਾਰੀ। ਕੰਧ 'ਤੇ ਵੱਡੀ ਸਾਰੀ ਪੇਂਟਿੰਗ ਲੱਗੀ ਹੋਈ ਸੀ। ਪੱਤਝੜ 'ਚ ਰੰਗ-ਬਰੰਗੇ ਪੱਤੇ ਫੁੱਲਾਂ ਨੂੰ ਮਾਤ ਪਾ ਰਹੇ ਸਨ ਪਰ ਮੇਰੇ ਦਿਲ 'ਤੇ ਉਦਾਸੀ ਦੀ ਅਜਿਹੀ ਪਰਤ ਜੰਮੀ ਹੋਈ ਸੀ ਕਿ ਰੰਗ-ਬਰੰਗੇ ਪੱਤੇ ਵੀ ਮੈਨੂੰ ਮਘਦੇ ਕੋਇਲੇ ਜਾਪਣ ਲੱਗੇ। ਪਤਨੀ ਦਾ ਹਉਕਾ ਫਿਰ ਸੁਣਿਆ। ਮੇਰੀਆਂ ਅੱਖਾਂ 'ਚ ਪਾਣੀ ਤੈਰ ਆਇਆ 'ਤੇ ਕੰਧ 'ਤੇ ਟੰਗੀ ਪੇਂਟਿੰਗ ਧੁੰਦਲੀ ਜਿਹੀ ਹੋ ਗਈ।

ਥੋੜ੍ਹੀ ਦੇਰ ਬਾਅਦ ਵਾਈਸ-ਪ੍ਰਿੰਸੀਪਲ ਆ ਗਿਆ। ਸਾਡੀਆਂ ਅੱਖਾਂ 'ਚ ਲਟਕਦਾ ਸਵਾਲ ਉਸ ਨੇ ਸ਼ਾਇਦ ਪੜ੍ਹ ਲਿਆ ਸੀ। ਬੋਲਿਆ, ''ਉਨ੍ਹਾਂ ਨੂੰ ਮੈਂ ਦੂਜੇ ਕਮਰੇ 'ਚ ਬਿਠਾ ਦਿੱਤਾ ਹੈ।''

''ਅਸੀਂ ਉਨ੍ਹਾਂ ਨੂੰ ਮਿਲ ਸਕਦੇ ਹਾਂ?'' ਮੈਂ ਕਾਹਲੀ ਨਾਲ ਕਿਹਾ।

''ਨਹੀਂ, ਤੁਸੀਂ ਉਨ੍ਹਾਂ ਨੂੰ ਨਹੀਂ ਮਿਲ ਸਕਦੇ,'' ਵਾਈਸ-ਪ੍ਰਿੰਸੀਪਲ ਨੇ ਕਿਹਾ, ''ਪਰ ਉਹ ਬਹੁਤ ਭਲੇ ਲੋਕ ਨੇ। ਉਨ੍ਹਾਂ ਨੇ ਕਿਹਾ ਕਿ ਕਿੰਮੀ ਉਹ ਗੱਲ ਏਥੇ ਹੀ ਮਿਟਾ ਦੇਣਗੇ,'' ਵਾਈਸ-ਪ੍ਰਿੰਸੀਪਲ ਰੁਕਿਆ ਤੇ ਫਿਰ ਸੋਚਦਾ ਹੋਇਆ ਬੋਲਿਆ, ''ਹਾਂ ਸੱਚ! ਉਹ ਤੁਹਾਨੂੰ ਵੀ ਮਾਫ਼ੀ-ਨਾਮਾ ਲਿਖਣ ਲਈ ਕਹਿ ਰਹੇ ਨੇ।''

ਵਾਈਸ-ਪ੍ਰਿੰਸੀਪਲ ਦਾ ਇਹ ਵਾਕ ਜਿਵੇਂ ਵਰਮੇ ਵਾਂਙ ਮੇਰੇ ਦਿਲ ਵਿਚ ਛੇਕ ਪਾ ਗਿਆ ਸੀ।

ਵਾਈਸ-ਪ੍ਰਿੰਸੀਪਲ ਮੇਰੇ ਵੱਲ ਧਿਆਨ ਦਿੱਤੇ ਬਿਨਾਂ ਹੀ ਲੰਮਾ ਸਾਹ ਖਿੱਚ ਕੇ ਹਵਾ ਬਾਹਰ ਕੱਢਦਾ ਬੋਲਿਆ, ''ਉਹ ਕਹਿੰਦੇ ਐ ਜੇ ਅੱਗੇ ਤੋਂ ਕਿੰਮੀ ਨੇ ਇਕ ਲਫ਼ਜ਼ ਵੀ ਡੇਜ਼ੀ ਦੇ ਰੰਗ, ਨਸਲ ਜਾਂ ਸਰੀਰਕ ਬਣਤਰ ਨੂੰ ਲੈ ਕੇ ਕਿਹਾ, ਫਿਰ ਉਹ ਪੁਲਿਸ ਰਿਪੋਰਟ ਕਰਨਗੇ ਤੇ ਰੰਗ-ਨਸਲ ਦੇ ਵਿਤਕਰੇ ਦਾ ਕੇਸ ਕਰ ਕੇ ਕਿੰਮੀ ਨੂੰ ਸਜ਼ਾ ਦਿਵਾਉਣ ਤੋਂ ਨਹੀਂ ਰੁਕਣਗੇ।''

''ਸ਼ੁਕਰੀਆ,'' ਮੈਨੂੰ ਰਤਾ ਕੁ ਸੁਖ ਦਾ ਸਾਹ ਆਇਆ।

''ਆਪਣੇ ਮਾਫ਼ੀ-ਨਾਮੇ ਕੱਲ੍ਹ ਭੇਜ ਦੇਣਾ,'' ਕਹਿ ਕੇ ਪ੍ਰਿੰਸੀਪਲ ਉੱਠਿਆ, ''ਸੌਰੀ! ਮੈਂ ਤੁਹਾਡੇ ਮਨ ਦੀ ਹਾਲਤ ਸਮਝਦਾ ਹਾਂ।''

ਪਤਨੀ ਨੇ ਚੁੰਨੀ ਨਾਲ ਅੱਖਾਂ ਢਕ ਲਈਆਂ। ਮੇਰੇ ਹੰਝੂਆਂ ਨੇ ਵੀ ਜਿਵੇਂ ਅੱਖਾਂ 'ਤੇ ਪੱਟੀ ਬੰਨ੍ਹ ਦਿੱਤੀ ਸੀ।

ਕਿੰਮੀ ਬਸਤਾ ਚੁੱਕੀ ਹਾਰੇ ਹੋਏ ਸਿਪਾਹੀ ਵਾਂਙ, ਮੁਰਦਿਆਂ ਹਾਰ ਸਾਡੇ ਮਗਰ ਆ ਰਹੀ ਸੀ। ਕਾਰ 'ਚ ਉਹ ਇੰਵ ਬੈਠੀ ਜਿਵੇਂ ਕਬਰ 'ਚ ਉੱਤਰੀ ਹੋਵੇ।

ਰਾਹ 'ਚ ਕਿਸੇ ਨੇ ਕੋਈ ਗੱਲ ਨਹੀਂ ਸੀ ਕੀਤੀ।

ਘਰ ਆ ਕੇ ਉਹ ਅੰਦਰ ਵੜ ਗਈ। ਮੈਂ ਉਸ ਦੇ ਮਗਰ ਗਿਆ। ਉਹ ਕੁਰਸੀ 'ਤੇ ਕੁਮਲਾਏ ਫੁੱਲ ਵਾਂਙ ਬੈਠੀ ਸੀ। ਉਸ ਦਾ ਨਿੱਕਾ ਜਿਹਾ ਵਾਕ ਚਿੜੀ ਦੀ ਚੁੰਝ ਤੋਂ ਵੀ ਨਿੱਕਾ ਹੋਇਆ ਪਿਆ ਸੀ।

ਮੈਂ ਬੜੇ ਧੀਰਜ ਨਾਲ਼ ਕਿਹਾ, ''ਦੇਖ ਕਿੰਮੀ! ਤੇਰੇ ਬਿਨਾਂ ਸਾਡਾ ਕੌਣ ਸਹਾਰਾ ਹੈ। ਤੂੰ ਹੀ ਸਾਡਾ ਪੁੱਤ ਐਂ ਤੂੰ ਈ ਧੀ। ਤੂੰ ਹੀ ਸਾਡੀ ਦੌਲਤ। ਸਾਡਾ ਫ਼ਿਊਚਰ। ਜੇ ਤੈਨੂੰ ਪੁਲਿਸ ਫੜ ਕੇ ਲੈ ਗਈ ਤੇਰਾ ਰਿਕਾਰਡ ਤਾਂ ਖ਼ਰਾਬ ਹੋ ਈ ਜਾਣੈ, ਡਿਟੈਂਸ਼ਨ-ਸੈਂਟਰ ਦਾ ਜੀਵਨ ਕਿੰਨਾ ਨਰਕ ਵਰਗਾ ਹੁੰਦੈ, ਤੈਨੂੰ ਇਸ ਦਾ ਅਜੇ ਅਹਿਸਾਸ ਨਹੀਂ। ਸਾਡੇ ਤੋਂ ਵਿਛੜ ਕੇ ਤੂੰ ਰਹਿ ਸਕੇਂਗੀ? ਆਪਣੀ ਉਮਰ ਦੇਖ। ਅਜੇ ਤਾਂ ਤੂੰ ਫੁੱਲ ਭਰ ਐਂ। ਕੋਰਟ-ਕਚਹਿਰੀਆਂ ਨੇ ਤੈਨੂੰ ਤਬਾਹ ਕਰ ਕੇ ਰੱਖ ਦੇਣੈ। ਕਿਵੇਂ ਪੂਰੇ ਕਰੇਂਗੀ ਉਹ ਸੁਫ਼ਨੇ, ਜਿਨ੍ਹਾਂ ਬਾਰੇ ਤੂੰ ਸਾਡੇ ਨਾਲ ਸਲਾਹਾਂ ਕਰਦੀ ਹੁੰਨੀ ਐਂ। ਉੱਤੋਂ ਬਦਨਾਮੀ ਵਾਧੂ ਦੀ।''

ਉਹ ਮੈਨੂੰ ਚਿੰਬੜਦੀ ਹੋਈ ਫੁੱਟ-ਫੁੱਟ ਕੇ ਰੋਣ ਲੱਗ ਪਈ, ''ਸੌਰੀ ਡੈਡ...।''

''ਮੈਂ ਹੁਣ ਕੰਮ 'ਤੇ ਚੱਲਿਆਂ,'' ਮੈਂ ਉਸ ਨੂੰ ਪਿਆਰ ਨਾਲ ਪਲੋਸਿਆ, ''ਰਾਤ ਨੂੰ ਮੈਂ ਤੇਰੇ ਸੌਣ ਤੋਂ ਪਹਿਲਾਂ ਆ ਜਾਣੈ। ਓਦੋਂ ਤੱਕ ਆਪਣਾ ਤੇ ਮੇਰਾ ਮਾਫ਼ੀ-ਨਾਮਾ ਟਾਈਪ ਕਰ ਕੇ ਪ੍ਰਿੰਟ ਕੱਢ ਕੇ ਰੱਖੀਂ। ਮੈਂ ਸਾਈਨ ਕਰ ਦਊਂ। ਕੱਲ੍ਹ ਨੂੰ ਯਾਦ ਨਾਲ ਦੇ ਆਵੀਂ ਪ੍ਰਿੰਸੀਪਲ ਦੇ ਦਫ਼ਤਰ।''

''ਓ ਕੇ ਡੈਡ,'' ਉਹ ਘਬਰਾਈ ਹੋਈ ਝੱਟ ਮੰਨੀ ਜਾ ਰਹੀ ਸੀ।

ਤੁਰਨ ਲੱਗੇ ਨੇ ਮੈਂ ਪਤਨੀ ਨੂੰ ਵੀ ਕਿਹਾ, ''ਹੁਣ ਝਿੜਕੀਂ ਨਾ। ਪਿਆਰ ਨਾਲ ਈ ਠੀਕ ਕਰਨਾ ਪੈਣਾ ਇਹਨੂੰ। ਕਿਹੜੀ ਨਿਆਣੀ ਆਂ!''

''ਏਸ ਕੁੜੀ ਹੱਥੋਂ ਈ ਮੈਂ ਮਰਨਾ,'' ਪਤਨੀ ਦੰਦ ਪੀਂਹਦੀ ਹੋਈ ਮੋਟੇ-ਮੋਟੇ ਹੰਝੂ ਸੁੱਟਣ ਲੱਗ ਪਈ।

ਚੋਰ ਫੜੇ ਜਾਣ ਦੀ ਖ਼ੁਸ਼ੀ ਇਕ ਤਰ੍ਹਾਂ ਨਾਲ਼ ਮਲੀਆ-ਮੇਟ ਹੀ ਹੋ ਗਈ ਸੀ। ਕੰਮ 'ਤੇ ਪੁਲਿਸ ਵਾਲੇ ਵੀ ਮੈਨੂੰ ਚੋਰ ਬਾਰੇ ਦੱਸ ਰਹੇ ਸਨ ਪਰ ਮੇਰਾ ਧਿਆਨ ਉੱਖੜਿਆ-ਉੱਖੜਿਆ ਰਿਹਾ।

ਜਦੋਂ ਮੈਂ ਰਾਤ ਨੂੰ ਵਾਪਸ ਆਇਆ ਤਾਂ ਕਿੰਮੀ ਨੇ ਮਾਫ਼ੀ-ਨਾਮਿਆਂ ਦੇ ਪ੍ਰਿੰਟ ਕੱਢੇ ਹੋਏ ਸਨ। ਆਪਣੇ ਵਾਲਾ ਮਾਫ਼ੀ-ਨਾਮਾ ਪੜ੍ਹਨ ਦੀ ਮੇਰੇ 'ਚ ਹਿੰਮਤ ਵੀ ਨਹੀਂ ਸੀ ਰਹੀ। ਸਾਈਨ ਕਰਦਾ-ਕਰਦਾ ਮੈਂ ਜਿਵੇਂ ਹਜ਼ਾਰ ਵਾਰ ਮਰਿਆ ਸਾਂ।

''ਦੇਖ ਕਿੰਮੀ!'' ਮੈਂ ਹੰਝੂਆਂ ਨਾਲ ਭਿੱਜੀ ਆਵਾਜ਼ 'ਚ ਕਿਹਾ, ''ਮੈਂ ਅੱਜ ਤੱਕ ਕਿਸੇ ਤੋਂ ਮਾਫ਼ੀ ਨਹੀਂ ਮੰਗੀ। ਕਿਸੇ ਤੋਂ ਮਾਫ਼ੀ ਮੰਗਣਾ ਕਿੰਨਾ ਦੁਖਦਾਈ ਹੁੰਦੈ ਤੂੰ ਅੰਦਾਜ਼ਾ ਵੀ ਨਹੀਂ ਲਾ ਸਕਦੀ। ਬੰਦੇ ਦਾ ਮਰਨ ਹੁੰਦੈ ਮਾਫ਼ੀ ਮੰਗਣਾ। ਸਮਝ ਲੈ ਸਾਈਨ ਕਰਨ ਲਈ ਮੈਂ ਪੈੱਨ ਪੇਪਰ 'ਤੇ ਨਹੀਂ ਫੇਰਿਆ, ਆਪਣੇ ਦਿਲ ਥਾਣੀਂ ਚਾਕੂ ਲੰਘਾਇਐ।''

ਜਦੋਂ ਮੈਂ ਮੇਜ਼ 'ਤੇ ਝੁਕ ਕੇ ਸਾਈਨ ਕਰ ਰਿਹਾ ਸਾਂ ਤਾਂ ਮੈਨੂੰ ਜਾਪ ਰਿਹਾ ਸੀ, ਜਿਵੇਂ ਮੈਂ ਡੇਜ਼ੀ ਦੇ ਮਾਪਿਆਂ ਅੱਗੇ ਮੁਜਰਿਮਾਂ ਵਾਂਙ ਸਿਰ ਝੁਕਾਈ ਖੜ੍ਹਾ ਹੋਵਾਂ।

ਮੈਂ ਕਿੰਮੀ ਨੂੰ ਕਲਾਵੇ ਵਿਚ ਲੈ ਕੇ ਪੁੱਛਿਆ, ''ਡੇਜ਼ੀ ਤਾਂ ਤੇਰੀ ਪੱਕੀ ਸਹੇਲੀ ਸੀ। ਤੇਰੇ ਦਿਲ 'ਚ ਉਹਦੇ ਵਾਸਤੇ ਏਨੀ ਨਫ਼ਰਤ ਕਿਉਂ ਭਰ ਗਈ?''

''ਡੈਡ...,'' ਕਿੰਮੀ ਨੀਵੀਂ ਪਾਈ ਬੋਲਦੀ ਰਹੀ, ''ਆਈ ਹੇਟ ਹਰ।''

''ਪਰ ਕਿਉਂ?''

''ਮੈਨੂੰ ਕਹਿੰਦੀ ਸੀ ਤੇਰਾ ਐਟੀਟਿਊਡ ਠੀਕ ਨਹੀਂ,'' ਕਿੰਮੀ ਅੱਖਾਂ 'ਚ ਹੰਝੂ ਭਰ ਕੇ ਭਰੇ ਗਲੇ ਨਾਲ ਬੋਲੀ, ''ਕਹਿੰਦੀ ਸੀ ਹੁਣ ਆਪਾਂ ਸਹੇਲੀਆਂ ਨਹੀਂ ਰਹਿ ਸਕਦੀਆਂ। ਮੈਂ ਹੋਰ ਸਹੇਲੀ ਲੱਭ ਲਈ ਆ। ਤੂੰ ਵੀ ਕੋਈ ਹੋਰ ਲੱਭ ਲੈ।''

''ਫਿਰ ਇਹਦੇ 'ਚ ਬੁਰਾ ਮਨਾਉਣ ਵਾਲੀ ਕਿਹੜੀ ਗੱਲ ਸੀ,'' ਮੈਂ ਕਿੰਮੀ ਦੀ ਗੱਲ੍ਹ 'ਤੇ ਪੋਲਾ ਜਿਹਾ ਹੱਥ ਫੇਰਿਆ, ''ਸਗੋਂ ਉਹਨੇ ਤੈਨੂੰ ਭੁਲੇਖੇ 'ਚ ਨਹੀਂ ਰੱਖਿਆ। ਤੇਰੇ ਨਾਲ ਸਹੇਲਪੁਣੇ ਦਾ ਨਾਟਕ ਨਹੀਂ ਕੀਤਾ। ਦਿਲ ਦੀ ਗੱਲ ਸਾਫ਼ ਦੱਸ ਦਿੱਤੀ। ਮੈਨੂੰ ਤਾਂ ਉਹਦੀ ਗੱਲ ਜ਼ਿਆਦਾ ਠੀਕ ਲੱਗੀ ਐ।''

''ਪਰ ਡੈਡ ਮੈਂ ਕਿੰਨਾਂ ਹਰਟ ਹੋਈ ਆਂ! ਤੁਸੀਂ ਸੋਚ ਨਹੀਂ ਸਕਦੇ,'' ਕਿੰਮੀ ਹਟਕੋਰਾ ਭਰ ਕੇ ਬੋਲੀ।

''ਪਰ ਬੱਚੇ,'' ਮੈਂ ਬਹੁਤ ਹੀ ਨਰਮ ਆਵਾਜ਼ ਵਿਚ ਕਿਹਾ, ''ਡੇਜ਼ੀ ਨੇ ਇਹ ਫ਼ੈਸਲਾ ਕਿਉਂ ਲਿਆ? ਤੈਨੂੰ 'ਸੈਲਫ਼-ਅਨੈਲੇਸਿਜ਼' ਜ਼ਰੂਰ ਕਰਨਾ ਚਾਹੀਦੈ।''

ਬੂਹਾ ਖੁੱਲ੍ਹਣ ਦਾ ਖੜਾਕ ਹੋਇਆ। ਮੈਨੂੰ ਖ਼ਿਆਲ ਆਇਆ ਮੈਂ ਸ਼ੀਸ਼ੇ ਵਿਚ ਦੀ ਪੱਤਝੜ 'ਚ ਰੰਗ ਬਦਲਦੇ ਪੱਤਿਆਂ 'ਤੇ ਨਿਗਾਹ ਟਿਕਾਈ ਖੜ੍ਹਾ ਸਾਂ। 902 ਕਮਰੇ ਦਾ ਬੂਹਾ ਪੂਰਾ ਖੁੱਲ੍ਹ ਗਿਆ ਸੀ।

ਮੈਂ ਪਰ੍ਹਾਂ ਖਲੋਤੇ ਪੰਜਾਂ ਜਣਿਆਂ ਨੂੰ ਉਡੀਕਣ ਲੱਗ ਪਿਆ। ਸ਼ਾਇਦ ਉਨ੍ਹਾਂ ਨੂੰ ਵੀ ਬੂਹਾ ਖੁੱਲ੍ਹਣ ਦਾ ਖੜਾਕ ਸੁਣ ਪਿਆ ਸੀ। ਉਹ ਵੀ ਹੌਲੀ-ਹੌਲੀ ਮੇਰੇ ਵੱਲ ਤੁਰ ਪਏ।

ਮੈਂ ਬੁੱਲ੍ਹ ਘੁੱਟ ਕੇ ਚਿਹਰੇ 'ਤੇ ਹਲਕੀ ਜਿਹੀ ਮੁਸਕਾਨ ਲਿਆਂਦੀ। ਕੁੜੀ ਸਭ ਤੋਂ ਮੂਹਰੇ ਸੀ। ਮਗਰ ਉਸ ਦੇ ਮਾਂ-ਪਿਉ ਤੇ ਭਰਾ। ਮਗਰ ਵਕੀਲ। ਉਨ੍ਹਾਂ ਦੇ ਪਿੱਛੇ-ਪਿੱਛੇ ਮੈਂ ਵੀ ਅੰਦਰ ਵੜ ਗਿਆ।

ਅਦਾਲਤ 'ਚ ਲੱਗੇ ਲੱਕੜ ਦੇ ਬੈਂਚਾਂ 'ਚੋਂ ਤਾਜ਼ਾ ਪੇਂਟ ਦੀ ਮਹਿਕ ਆ ਰਹੀ ਸੀ। ਉਹ ਮੇਰੇ ਮੂਹਰਲੇ ਬੈਂਚ 'ਤੇ ਬੈਠ ਗਏ। ਮੈਂ ਮਗਰਲੇ ਬੈਂਚ 'ਤੇ। ਮੈਂ ਕਿਤੇ ਗ਼ਲਤ ਕਮਰੇ 'ਚ ਨਾ ਆ ਗਿਆ ਹੋਵਾਂ, ਮੈਂ ਗਰੀਕੀ ਜਾਪਦੇ ਮੁੰਡੇ ਨੂੰ ਪੁੱਛਿਆ, ''ਤੁਸੀਂ ਵੀ ਉਸ ਚੌਵੀ ਚੋਰੀਆਂ ਵਾਲ਼ੇ ਕੇਸ 'ਚ ਈ ਆਏ ਓਂ?''

''ਹਾਂ,'' ਮੁੰਡੇ ਨੇ ਝਿਜਕਦੇ ਜਿਹੇ ਨੇ ਕਿਹਾ।

''ਮੈਂ ਓਸ਼ਿਨ ਸਾਈਡ 'ਤੇ ਕੰਮ ਕਰਦਾ ਹਾਂ,'' ਮੈਂ ਰਤਾ ਸਾਂਝ ਪਾਉਣ ਦੀ ਮਨਸ਼ਾ ਨਾਲ ਦੱਸਿਆ, ''ਚੋਰ ਨੇ ਸਾਡਾ ਉਹ ਸਟੋਰ ਲੁੱਟ ਲਿਆ ਸੀ। ਤੁਹਾਡਾ ਸਟੋਰ ਕਿੱਥੇ ਹੈ?''

''ਓ... ਓ...,'' ਮੁੰਡੇ ਨੇ ਕਾਹਲੀ ਨਾਲ ਕਿਹਾ, ''ਇਹ ਸਾਡਾ ਪਰਿਵਾਰਕ ਮਸਲਾ ਹੈ।'' ਤੇ ਝੱਟ ਮੂੰਹ ਘੁਮਾਅ ਕੇ ਔਰਤ ਵੱਲ ਖਿਸਕ ਗਿਆ। ਮੁੰਡੇ ਦੀ ਸਿਰਫ਼ ਧੌਣ ਤੇ ਸੱਜੀ ਗੱਲ੍ਹ ਹੀ ਮੈਨੂੰ ਦਿਸ ਰਹੀ ਸੀ। ਅਣਵਾਹੇ ਵਾਲ ਘਾਹ ਦੇ ਆਲ੍ਹਣੇ ਵਰਗੇ ਜਾਪਦੇ ਸਨ। ਧੌਣ ਵੀ ਵਾਲਾਂ ਨਾਲ ਭਰੀ ਹੋਈ ਸੀ। ਉਸ ਦੇ ਗੋਰੇ ਰੰਗ ਕਰਕੇ ਵਾਲ ਹੋਰ ਵੀ ਗੂੜ੍ਹੀ ਕਾਲੀ ਭਾਹ ਮਾਰ ਰਹੇ ਸਨ। ਨਾਲ ਬੈਠੀ ਔਰਤ ਦਾ ਅੱਧਾ ਮੂੰਹ ਤੇ ਔਰਤ ਦੇ ਖੱਬੇ ਪਾਸੇ ਬੈਠੇ ਬੰਦੇ ਦੇ ਮੂੰਹ ਦਾ ਸੱਜਾ ਪਾਸਾ ਅੱਧਿਓਂ ਵੱਧ ਮੇਰੀ ਨਿਗ੍ਹਾ ਦੀ ਜ਼ੱਦ ਵਿਚ ਸੀ। ਸਭ ਤੋਂ ਖੱਬੇ ਕੁੜੀ ਬੈਠੀ ਸੀ। ਉਹ ਕਦੇ ਸਿੱਧੀ ਹੋ ਕੇ ਅਕੜੇਵਾਂ ਲੈਂਦੀ। ਕਦੇ ਧੌਣ ਝਟਕਾਅ ਕੇ ਮੂੰਹ 'ਤੇ ਆਈ ਵਾਲਾਂ ਦੀ ਲਿਟ ਹਟਾਉਂਦੀ। ਕਦੇ ਬੁੱਲ੍ਹਾਂ 'ਤੇ ਜੀਭ ਫੇਰਦੀ। ਉਸ ਦਾ ਚੁਲਬੁਲਾਪਨ ਹਰ ਪਲ ਘਟਦਾ ਜਾ ਰਿਹਾ ਪ੍ਰਤੀਤ ਹੋ ਰਿਹਾ ਸੀ। ਬੈਂਚ ਦੇ ਥੱਲਿਓਂ ਦੀ ਮੈਂ ਦੇਖਿਆ, ਉਹ ਹਲਕੀ-ਹਲਕੀ ਖੱਬੇ ਪੈਰ ਦੀ ਅੱਡੀ ਫ਼ਰਸ਼ 'ਤੇ ਮਾਰਨ ਲੱਗ ਪੈਂਦੀ ਸੀ।

ਅਦਾਲਤ ਦਾ ਬਾਕੀ ਅਮਲਾ-ਫੈਲਾ ਵੀ ਆਉਣ ਲੱਗ ਪਿਆ ਸੀ। ਕੁਝ ਪੁਲਿਸ ਵਾਲੇ ਵੀ ਆਏ। ਸਾਰਿਆਂ 'ਚੋਂ ਮੈਂ ਉਸ ਡਿਟੈਕਟਿਵ ਨੂੰ ਹੀ ਪਛਾਣ ਸਕਿਆ, ਜਿਸ ਨੇ ਮੈਨੂੰ ਆਪਣਾ ਕਾਰਡ ਦਿੱਤਾ ਸੀ।

ਮੈਂ ਮੁੰਡੇ ਦੇ ਕੰਨ ਕੋਲ ਮੂੰਹ ਕਰ ਕੇ ਪੁੱਛਿਆ, ''ਓਨੇ ਹੁੱਡੀ ਲਈ ਹੋਈ ਸੀ, ਮੈਨੂੰ ਤਾਂ ਪਛਾਣ ਵੀ ਨਹੀਂ ਆਉਣੀ।''

ਮੁੰਡਾ ਧੌਣ ਘੁਮਾਅ ਕੇ ਬੋਲਿਆ, ''ਉਹ ਅੱਜ ਏਥੇ ਨਹੀਂ ਆ ਰਿਹਾ।''

''ਥੈਂਕ ਗੌਡ,'' ਕਹਿ ਕੇ ਮੈਂ ਮੁਸਕਾਉਣ ਦੀ ਕੋਸ਼ਿਸ਼ ਕੀਤੀ। ਮੁੰਡੇ ਨੇ ਬੇਰੁਖ਼ੀ ਜਿਹੀ ਨਾਲ ਮੂੰਹ ਸਾਹਮਣੇ ਵੱਲ ਕਰ ਲਿਆ।

ਮੈਂ ਸੋਚਣ ਲੱਗਾ, ਫਿਰ ਮੈਨੂੰ ਕਿਉਂ ਸੰਮਨ ਭੇਜੇ ਨੇ? ਚੰਗਾ ਸੀ ਮੈਂ ਨਾ ਹੀ ਆਉਂਦਾ। ਮੇਰਾ ਮਾਲਕ ਵੀ ਕਿਹੜਾ ਆਇਆ ਸੀ।

ਗਹਿਰੀ ਚੁੱਪ 'ਚ ਕਦੇ-ਕਦੇ ਪਰ੍ਹਾਂ ਖੜ੍ਹੇ ਡਿਟੈਕਟਿਵ ਤੇ ਪੁਲਿਸ ਵਾਲਿਆਂ 'ਚੋਂ ਕਿਸੇ ਦੇ ਹੱਸਣ ਦੀ ਆਵਾਜ਼ ਸੁਣਾਈ ਦਿੰਦੀ ਸੀ। ਕਦੇ ਕੋਈ ਪੁਲਿਸ ਵਾਲਾ ਗੱਲ ਕਰਦਾ ਤਾਂ ਅਸੀਂ ਬੈਂਚਾਂ ਵਾਲੇ ਉਨ੍ਹਾਂ ਵੱਲ ਦੇਖਣ ਲੱਗ ਪੈਂਦੇ। ਸਾਡੇ ਨਾਲ ਦਾ ਯਹੂਦੀ ਜਾਪਦਾ ਵਕੀਲ ਵੀ ਉਨ੍ਹਾਂ ਨਾਲ ਜਾ ਰਲਿਆ ਸੀ। ਉਹ ਗੱਲ ਟੁੱਟਣ ਨਹੀਂ ਸੀ ਦੇ ਰਿਹਾ।

ਸਾਹਮਣੇ ਉੱਚਾ ਜਿਹਾ ਥੜ੍ਹਾ ਸੀ। ਉਸ 'ਤੇ ਤਿੰਨ ਕੁਰਸੀਆਂ ਲੱਗੀਆਂ ਹੋਈਆਂ ਸਨ। ਸਾਹਮਣੇ ਮੇਜ਼ ਸੀ। ਮੇਜ਼ ਦੇ ਇਕ ਪਾਸੇ ਫੁੱਲਾਂ ਦਾ ਗੁਲਦਸਤਾ ਸੀ। ਇਕ ਉੱਚਾ ਜਿਹਾ ਲੋਹੇ ਦਾ ਕਾਲਾ ਗੋਲ ਛਿੱਕੂ, ਜਿਸ 'ਚ ਲੰਬੇ-ਲੰਬੇ ਪੈੱਨ ਪਏ ਸਨ। ਗਭਲੀ ਕੁਰਸੀ ਦੇ ਪਿੱਛੇ ਸ਼ੀਲਡ ਲੱਗੀ ਹੋਈ ਸੀ। ਸ਼ੀਲਡ ਵਿਚਲੀ ਤਸਵੀਰ 'ਚ ਬਾਜ਼ ਨੇ ਖੰਭ ਖਿਲਾਰੇ ਹੋਏ ਸਨ। ਇਕ ਪੰਜੇ ਵਿਚ ਕਣਕ ਦੇ ਸਿੱਟੇ ਫੜੇ ਹੋਏ ਸਨ ਤੇ ਦੂਜੇ ਵਿਚ ਤੀਰ। ਮੈਂ ਬੈਠਾ-ਬੈਠਾ ਸੋਚਣ ਲੱਗਾ, ਪਤਾ ਨਹੀਂ ਕਣਕ ਦੇ ਸਿੱਟੇ ਕਿਸੇ ਨੂੰ ਮਿਲਦੇ ਵੀ ਹੋਣਗੇ ਕਿ ਨਹੀਂ। ਏਥੇ ਦਾ ਕਾਨੂੰਨ ਬੜਾ ਸਖ਼ਤ ਹੈ। ਤੀਰ ਤਾਂ ਜ਼ਰੂਰ ਮਿਲਦੇ ਹੋਣਗੇ। ਮੈਂ ਗਿਣਨ ਲੱਗਾ, ਕਦੇ ਤੀਰ ਘਟ ਜਾਂਦੇ, ਕਦੇ ਕਣਕ ਦੇ ਸਿੱਟੇ।

ਕਾਲੀ ਜੱਜ ਆਈ ਤਾਂ ਸਾਰੇ ਖੜ੍ਹੇ ਹੋ ਗਏ। ਫਿਰ ਸਾਰੇ ਬੈਂਚਾਂ 'ਤੇ ਬੈਠ ਗਏ। ਪੁਲਿਸ ਤੇ ਡਿਟੈਕਟਿਵਾਂ ਵਾਸਤੇ ਖ਼ਾਸ ਬੈਂਚ ਸਨ। ਵਕੀਲ ਉਨ੍ਹਾਂ ਦੇ ਪਿੱਛੇ।

ਜੱਜ ਨੇ ਮਾਈਕ ਦੀ ਕਿੜ-ਕਿੜ ਕਰਦੀ ਆਵਾਜ਼ ਵਿਚ ਕੇਸ ਬਾਰੇ ਐਲਾਨ ਕੀਤਾ। ਯਹੂਦੀ ਦਿੱਖ ਵਾਲਾ ਵਕੀਲ ਪਿੱਛਿਓਂ ਉੱਠ ਕੇ ਅੱਗੇ ਗਿਆ। ਫਿਰ ਵਕੀਲ ਨੇ ਸਾਡੇ ਵੱਲ ਨਿਗਾਹ ਸੁੱਟ ਕੇ ਇਸ਼ਾਰਾ ਕੀਤਾ। ਬੈਂਚ 'ਤੇ ਸਭ ਤੋਂ ਖੱਬੇ ਪਾਸੇ ਬੈਠੀ ਬੇ-ਢੱਬੇ ਸਰੀਰ ਤੇ ਚਿੜੀ ਦੀ ਚੁੰਝ ਜਿੰਨੇ ਵਾਕ ਵਾਲੀ ਕੁੜੀ ਉੱਠ ਕੇ ਵਕੀਲ ਕੋਲ ਜਾ ਖਲੋਤੀ।

ਮੈਨੂੰ ਕੁਝ ਸਮਝ ਨਹੀਂ ਸੀ ਆ ਰਹੀ। ਮੈਂ ਸੋਚ ਰਿਹਾ ਸਾਂ, ਏਥੇ ਸ਼ਾਇਦ ਇਹ ਗਵਾਹੀ ਦੇਣ ਦਾ ਤਰੀਕਾ ਹੋਵੇ। ਮੈਨੂੰ ਵੀ ਉਹ ਇੰਵ ਹੀ ਬੁਲਾਉਣਗੇ।

ਕੁੜੀ ਨੇ ਸੌਂਹ ਖਾਧੀ।

ਜੱਜ ਪੇਪਰ ਚੁੱਕ ਕੇ ਪੜ੍ਹਨ ਲੱਗ ਪਈ ਤੇ ਉੱਚੇ-ਲੰਬੇ ਗੋਰੇ ਸਰਕਾਰੀ ਵਕੀਲ ਨੂੰ ਇਸ਼ਾਰਾ ਕੀਤਾ। ਵਕੀਲ ਨੇ ਆਪਣੀ ਫ਼ਾਈਲ ਖੋਲ੍ਹੀ ਤੇ ਸਵਾਲ ਕਰਨੇ ਸ਼ੁਰੂ ਕਰ ਦਿੱਤੇ।

''ਨਾਂ?''

''ਮੋਨਿਕਾ ਬਿਲਾਜ਼ੀਓ।''

''ਉਮਰ?''

''ਤੇਈ ਸਾਲ।''

''ਪੜ੍ਹਾਈ?''

''ਗਰੈਜੂਏਸ਼ਨ।''

''ਤੂੰ ਪਿਛਲੇ ਚੌਵੀ ਘੰਟਿਆਂ 'ਚ ਕੋਈ ਦਵਾਈ ਜਾਂ ਨਸ਼ਾ ਤਾਂ ਨਹੀਂ ਲਿਆ?''

''ਨਹੀਂ।''

''ਇਸ ਵੇਲ਼ੇ ਤੇਰੇ 'ਤੇ ਕੋਈ ਦਬਾਅ ਤਾਂ ਨਹੀਂ?''

''ਨਹੀਂ।''

''ਤੈਨੂੰ ਕਿਸੇ ਨੇ ਡਰਾਇਆ-ਧਮਕਾਇਆ ਤਾਂ ਨਹੀਂ?''

''ਨਹੀਂ।''

''ਤੂੰ ਜੁਰਮ ਕਬੂਲ ਕਰਦੀ ਏਂ ਕਿ ਨਹੀਂ?''

''ਕਰਦੀ ਹਾਂ।''

''ਤੂੰ ਫ਼ਰੈਡਰਿਕ ਹੇਲੀ ਦੀ ਮਦਦ ਕਿਵੇਂ ਕਰਦੀ ਸੀ?''

''ਮੈਂ ਹੇਲੀ ਨੂੰ ਸਟੋਰ ਦੇ ਬਾਹਰ ਉਤਾਰ ਦਿੰਦੀ ਸੀ। ਫਿਰ ਕੁਝ ਦੂਰ ਜਾ ਕੇ ਕਾਰ ਖੜ੍ਹੀ ਕਰ ਲੈਂਦੀ ਸੀ। ਉਹ ਚੋਰੀ ਕਰ ਕੇ ਮੇਰੀ ਕਾਰ 'ਚ ਆ ਬੈਠਦਾ ਸੀ। ਮੈਂ ਉਸ ਨੂੰ ਫਟਾ-ਫਟਾ ਓਥੋਂ ਬਹੁਤ ਦੂਰ ਲਿਜਾ ਕੇ ਕਿਸੇ ਮੌਲ 'ਚ ਲਾਹ ਆਉਂਦੀ ਸੀ।''

ਮੈਨੂੰ ਚੱਕਰ ਆਉਣ ਲੱਗ ਪਏ। ਜਿਨ੍ਹਾਂ ਮੁਜਰਿਮਾਂ ਮਗਰ ਤਿੰਨਾਂ ਕਾਊਂਟੀਆਂ ਦੀ ਪੁਲਿਸ ਲੱਗੀ ਹੋਈ ਸੀ। ਦਸ ਹਜ਼ਾਰ ਡਾਲਰ ਇਨਾਮ ਰੱਖਿਆ ਹੋਇਆ ਸੀ, ਉਨ੍ਹਾਂ 'ਚੋਂ ਇਕ ਨੂੰ ਮੈਂ ਮਿਲ ਵੀ ਚੁੱਕਾ ਸਾਂ। ਗੱਲਾਂ ਵੀ ਕਰ ਚੁੱਕਾ ਸਾਂ। ਲਗਪਗ ਅੱਧਾ ਘੰਟਾ ਉਨ੍ਹਾਂ ਦੇ ਕੋਲ-ਕੋਲ ਵਿਚਰ ਵੀ ਚੁੱਕਾ ਸਾਂ। ਮੈਨੂੰ ਇਕ ਪਲ ਲਈ ਵੀ ਵਹਿਮ ਨਹੀਂ ਸੀ ਹੋਇਆ ਕਿ ਉਹ ਨੱਚਦੀ-ਟੱਪਦੀ ਕੁੜੀ, ਉਸ ਦਿਨ ਮੇਰੇ ਸਟੋਰ 'ਤੇ, ਉਸ ਨੂੰ ਉਤਾਰ ਕੇ ਵੀ ਗਈ ਸੀ ਤੇ ਚੁੱਕ ਕੇ ਵੀ ਲੈ ਗਈ ਸੀ।

ਸਰਕਾਰੀ ਵਕੀਲ ਦੀ ਆਵਾਜ਼ ਫਿਰ ਸੁਣਨ ਲੱਗ ਪਈ ਸੀ।

''ਉਹ ਤੈਨੂੰ ਕਿੰਨੇ ਪੈਸੇ ਦਿੰਦਾ ਸੀ?''

''ਹਰ ਵਾਰ ਦਾ ਸੌ ਡਾਲਰ।''

ਮੇਰੇ ਅੰਦਰ ਵਿਚਾਰਾਂ ਦੀਆਂ ਕਾਂਗਾਂ ਉੱਠ ਰਹੀਆਂ ਸਨ, 'ਰਗੜ ਦੇਣਾ ਕਾਲਾ। ਇਸ ਗੋਰੀ ਕੁੜੀ ਨੇ ਵਾਅਦਾ-ਮਾਫ਼ ਗਵਾਹ ਬਣ ਜਾਣਾ। ਸਾਰਾ ਕੇਸ ਪਾ ਦੇਣਾ ਓਸ 'ਗ਼ਰੀਬ' 'ਤੇ...।'

ਪਤਾ ਨਹੀਂ ਕਿਉਂ ਮੇਰੀ ਹਮਦਰਦੀ ਮੱਲੋ-ਮੱਲੀ ਕਾਲੇ ਚੋਰ ਨਾਲ ਹੋ ਗਈ ਸੀ, 'ਗੋਰੀ ਚਮੜੀ ਨਈਂ ਬਖ਼ਸ਼ਦੀ ਬਈ ਕਿਸੇ ਨੂੰ...। ਪਰ ਇਹ ਕਾਲੀ ਜੱਜ? ਕੀ ਇਹ ਵੀ ਨਹੀਂ ਸੋਚੇਗੀ ਉਸ ਕਾਲ਼ੇ ਬਾਰੇ? ਪਰ ਉਹ ਤਾਂ ਮੁਜਰਿਮ ਹੈ। ਮੁਜਰਿਮ ਨਾਲ ਕਾਹਦੀ ਹਮਦਰਦੀ!'

ਮੇਰੇ ਅੰਦਰ ਰੰਗ-ਨਸਲ ਤੇ ਭੇਦ-ਭਾਵ ਦੀ ਧੁੱਪ-ਛਾਂ ਆਪਣਾ-ਆਪਣਾ ਚਿਹਰਾ ਦਿਖਾਉਣ ਲੱਗ ਪਈਆਂ ਸਨ।

ਪਤਾ ਨਹੀਂ ਮੇਰੇ ਅੰਦਰ ਕੀ-ਕੀ ਚੱਲੀ ਜਾ ਰਿਹਾ ਸੀ।

ਧੁੱਪ-ਛਾਂ 'ਚ ਇਕ ਅਕਸ ਮੇਰੇ ਮਸਤਕ ਵਿਚ ਜਗਣ-ਬੁਝਣ ਲੱਗ ਪਿਆ। ਉਹ ਸਾਡਾ ਪੱਕਾ ਗਾਹਕ ਸੀ। ਸਦਾ ਸਾਦਾ ਤੇ ਢਿੱਲੇ ਕੱਪੜੇ। ਅਣ-ਸੰਵਾਰੀ ਸੰਘਣੀ ਦਾਹੜੀ। ਹੱਥ 'ਚ ਹਰ ਵੇਲੇ ਦੋ-ਤਿੰਨ ਕਿਤਾਬਾਂ। 'ਲਾਰਜ ਆਈਸ ਕੌਫ਼ੀ' ਦਾ ਕੱਪ ਲੈ ਕੇ ਸਟੋਰ ਦੇ ਇਕ ਖੂੰਜੇ 'ਚ ਲੱਗੇ ਸੋਫ਼ੇ 'ਤੇ ਬੈਠ ਜਾਂਦਾ। ਮੇਜ਼ 'ਤੇ ਕਿਤਾਬਾਂ ਟਿਕਾਅ ਲੈਂਦਾ। ਇਕ ਕਿਤਾਬ ਖੋਲ੍ਹਦਾ। ਕਿਤਾਬ ਪੜ੍ਹਦਾ-ਪੜ੍ਹਦਾ ਇਉਂ ਕਿਤਾਬ ਵੱਲ ਨੂੰ ਅਹੁਲ਼ਦਾ, ਜਿਵੇਂ ਉਸ ਦੇ ਸਾਹਮਣੇ ਕਿਤਾਬ ਨਹੀਂ, ਸਮੁੰਦਰ ਹੈ, ਜਿਸ ਵਿਚ ਗ਼ੋਤਾ ਲਾਉਣ ਲਈ ਉਹ ਤਿਆਰੀ ਕਰ ਰਿਹਾ ਹੋਵੇ। ਘੰਟੇ ਕੁ ਬਾਅਦ ਉੱਠਦਾ। ਪਹਿਲਾਂ-ਪਹਿਲਾਂ ਆਖਦਾ ਸੀ, ''ਜੇ ਬੁਰਾ ਨਾ ਮਨਾਓ ਤਾਂ ਥੋੜ੍ਹੀ ਜਿਹੀ ਬਰਫ਼ ਹੋਰ ਪਾ ਦਿਉ।''

ਮੈਂ ਉਸ ਦੀ ਇਸ ਆਦਤ ਦਾ ਏਨਾ ਆਦੀ ਹੋ ਗਿਆ ਸਾਂ, ਹੁਣ ਉਹ ਜਦੋਂ ਕੱਪ ਫੜ ਕੇ ਮੇਰੇ ਵੱਲ ਆਉਂਦਾ, ਮੇਰਾ ਹੱਥ ਮੱਲੋ-ਮੱਲੀ ਬਰਫ਼ ਵਾਲ਼ੀ ਮਸ਼ੀਨ ਵੱਲ ਚਲਾ ਜਾਂਦਾ ਤੇ ਮੈਂ ਛੋਟੇ ਕੱਪ 'ਚ ਬਰਫ਼ ਪਾ ਕੇ ਉਸ ਦੇ ਕੱਪ 'ਚ ਉਡੇਲ ਦਿੰਦਾ। ਉਹ ਫਿਰ ਕਿਤਾਬ ਪੜ੍ਹਨ 'ਚ ਰੁਝ ਜਾਂਦਾ। ਮੈਨੂੰ ਕਈ ਮਹੀਨਿਆਂ ਬਾਅਦ ਪਤਾ ਲੱਗਾ ਸੀ, ਉਹ ਸਾਈਕਾਲੌਜੀ ਤੇ ਫਿਲਾਸਫੀ ਦੀਆਂ ਕਿਤਾਬਾਂ ਹੀ ਪੜ੍ਹਦਾ ਸੀ। ਮੈਂ ਉਸ ਨੂੰ 'ਫਿਲਾਸਫਰ' ਹੀ ਕਹਿਣਾ ਸ਼ੁਰੂ ਕਰ ਦਿੱਤਾ। ਉਹ ਵੀ ਅੱਗੋਂ ਹਲਕਾ ਜਿਹਾ ਮੁਸਕਰਾਉਂਦਾ।

ਜਦੋਂ ਫਿਲਾਸਫਰ ਨੇ ਦੇਖਿਆ ਕਿ ਕਾਊਂਟਰ 'ਤੇ ਕੋਈ ਗ੍ਰਾਹਕ ਨਹੀਂ ਤਾਂ ਉਹ ਆਪਣਾ ਕੱਪ ਲੈ ਕੇ ਮੇਰੇ ਕੋਲ ਆ ਗਿਆ ਤੇ ਉਸ ਨੇ ਕੱਪ ਤੋਂ ਢੱਕਣ ਲਾਹ ਦਿੱਤਾ।

''ਪਤਾ ਲੱਗਾ?'' ਮੈਂ ਆਦਤਨ ਉਸ ਦੇ ਕੱਪ 'ਚ ਬਰਫ਼ ਉਡੇਲਦਿਆਂ ਦੱਸਣ ਦੇ ਅੰਦਾਜ਼ 'ਚ ਕਿਹਾ।

''ਕੀ?'' ਉਹ ਅੱਖਾਂ ਸੰਕੋੜ ਕੇ, ਮੇਰੇ ਵੱਲ ਨੀਝ ਨਾਲ ਦੇਖਦਾ, ਰਤਾ ਕੁ ਮੇਰੇ ਵੱਲ ਅਹੁਲਿਆ, ਜਿਵੇਂ ਕਿਤਾਬ ਪੜ੍ਹ ਰਿਹਾ ਹੋਵੇ।

''ਉਹ ਚੋਰ ਫੜਿਆ ਗਿਆ ਜਿਸ ਨੇ ਮੈਨੂੰ ਲੁੱਟਿਆ ਸੀ,'' ਮੈਂ ਖ਼ੁਸ਼ ਹੋ ਕੇ ਉਸ ਦਾ ਚਿਹਰਾ ਨਿਹਾਰਿਆ, ''ਮੈਂ ਤਾਂ ਉਸ ਨੂੰ ਬੜਾ ਚੁਸਤ-ਚਲਾਕ ਸਮਝਦਾ ਸੀ ਪਰ ਉਹ ਤਾਂ ਮਹਾ-ਮੂਰਖ ਨਿਕਲ਼ਿਆ। ਕਿਸੇ ਦੇ ਘਰ ਦੀਆਂ ਪੌੜੀਆਂ ਅੱਗੇ ਜਾ ਕੇ ਸੌਂ ਗਿਆ।''

''ਹੂੰ...,'' ਉਸ ਨੇ ਬੁੱਲ੍ਹ ਮੀਚੇ। ਮੇਰੇ ਵੱਲ ਦੇਖਿਆ। ਉਸ ਦੀਆਂ ਅੱਖਾਂ 'ਚ ਪਾਣੀ ਦੀ ਪਤਲੀ ਜਿਹੀ ਲਹਿਰ ਤਰ ਗਈ। ਉਸ ਲਹਿਰ 'ਚ ਸਟੋਰ ਦੇ ਜਗਦੇ ਬਲਬਾਂ ਦੀ ਲੋਅ ਲਿਸ਼ਕੋਰ ਬਣ ਕੇ ਉੱਭਰੀ ਸੀ। ਉਹ ਨੇ ਕੱਪ 'ਤੇ ਢੱਕਣ ਲਾਉਂਦੇ ਨੇ ਕਿਹਾ, ''ਉਹ ਪਾਰਕ ਵਿਚ ਨਹੀਂ ਸੁੱਤਾ। ਕਿਸੇ ਰੁੱਖ ਹੇਠ ਨਹੀਂ ਸੁੱਤਾ। ਕਿਸੇ ਪੁਲ ਥੱਲੇ, ਕਿਸੇ ਬਿਲਡਿੰਗ ਦੀ ਨੁੱਕਰ ਨਾਲ ਢੋਅ ਲਾ ਕੇ ਨਹੀਂ ਸੁੱਤਾ। ਉਹ ਘਰ

*(ਬਾਕੀ ਅਗਲੇ ਸਫੇ 'ਤੇ)*

# ਤੁਗਲਕ ਪੈਰਾਡਾਈਜ਼

ਕੋਈ ਵਿਅਕਤੀ ਵਿਸ਼ੇਸ਼ ਅਜੀਬੋ-ਗਰੀਬ ਹਰਕਤਾਂ ਕਰਦਾ ਹੈ। ਲੋਕ ਹੱਸਦੇ ਹਨ। ਉਹ ਤੁਗਲਕ ਵਾਲਾ ਫੂਲਜ਼ ਪੈਰਾਡਾਈਜ਼ ਵਸਾਉਂਦਾ ਹੈ। ਹਮਦਰਦ ਰੋਕਦੇ ਹਨ। ਇਹ ਪ੍ਰਸਥਿਤੀ ਇਕ ਕਿਸਮ ਦੀ ਮਾਨਸਿਕ ਬਿਮਾਰੀ ਵੀ ਹੋ ਸਕਦੀ ਹੈ, ਜਿਸ ਨੂੰ ਡਾਕਟਰ ਬਾਈਪੋਲਰ ਜਾਂ ਹੋਰ ਕਈ ਨਾਵਾਂ ਨਾਲ ਯਾਦ ਕਰਦੇ ਹਨ। ਅਜੇਹਾ ਮਰੀਜ਼ ਆਪਣੀ ਮਰਜ਼ੀ ਦਾ ਆਪ ਮਾਲਕ ਹੁੰਦਾ ਹੈ ਤੇ ਥੁੱਕੀਂ ਵੜੇ ਪਕਾਉਂਦਾ ਹੈ। ਕਿਸੇ ਦੇ ਕਹੇ ਉਹ ਨਹੀਂ ਰੁਕਦਾ। ਕਿਸੇ ਹੱਦ 'ਤੇ ਜਾ ਕੇ ਅਜੇਹਾ ਬਿੰਦੂ ਜ਼ਰੂਰ ਆਏਗਾ ਜਦ ਮਾਂ-ਪਿਉ, ਭੈਣ-ਭਰਾ, ਪਤਨੀ, ਰਿਸ਼ਤੇਦਾਰ, ਅਧਿਆਪਕ ਜਾਂ ਕੋਈ ਹੋਰ ਹਮਦਰਦ ਇਹ ਕਹਿਣ ਨੂੰ ਮਜਬੂਰ ਹੋ ਜਾਵੇਗਾ। 'ਜਾਹ! ਪੈ ਢੱਠੇ ਖੂਹ ਵਿਚ।'

ਇਹ ਅਖੀਰਲੇ ਸ਼ਬਦ ਉਨ੍ਹਾਂ ਦੀਆਂ ਲਗਾਤਾਰ ਕੋਸ਼ਿਸ਼ਾਂ ਦੇ ਨਿਹਫਲ ਹੋਣ ਤੇ ਗ਼ੁੱਸੇ ਦੀ ਭੜਾਸ ਵਜੋਂ ਹੋਣਗੇ ਜਿਸ ਨਾਲ ਉਨ੍ਹਾਂ ਦਾ ਮਨ ਵੀ ਬਹੁਤ ਦੁਖੀ ਤੜਪ ਰਿਹਾ ਹੋਵੇਗਾ। ਹਰੇਕ ਚੀਜ਼ ਦੀ ਜ਼ਿਆਦਤੀ ਮਾੜੀ ਹੁੰਦੀ ਹੈ... ਅੱਤ ਤੇ ਖ਼ੁਦਾ ਦਾ ਵੈਰ ਹੁੰਦਾ ਹੈ।



**ਚਰਨਜੀਤ ਸਿੰਘ ਪੰਨੂ**
**ਫੋਨ: 408-608-4961**

ਅੰਮ੍ਰਿਤਸਰ ਦੇ ਗੋਲ਼ੀਆਂ-ਟਾਫੀਆਂ ਬਣਾਉਣ ਵਾਲੇ ਬਿੱਟੇ ਨੇ ਆਤਮ ਹੱਤਿਆ ਕਰਨ ਵਾਸਤੇ ਸੋਨੀਆ ਗਾਂਧੀ ਤੋਂ ਮਨਜ਼ੂਰੀ ਮੰਗੀ ਸੀ। ਸਾਰੇ ਜਾਣਦੇ ਹਨ ਕਿ ਇਹ ਹੋਰਾਂ ਨੂੰ ਬੁੱਧੂ ਬਣਾਉਣ ਵਾਲਾ ਸਰੋਕਾਰ ਹੈ ਕਿਉਂਕਿ ਮਰਨ ਵਾਲੇ ਕਿਸੇ ਤੋਂ ਮਨਜ਼ੂਰੀ ਦੀ ਇੰਤਜ਼ਾਰ ਨਹੀਂ ਕਰਦੇ ਤੇ ਨਾ ਹੀ ਕੋਈ ਕਿਸੇ ਨੂੰ ਅਜੇਹੀ ਸਲਾਹ ਦੇ ਕੇ ਕਾਨੂੰਨੀ ਉਲਝਣਾਂ ਵਿਚ ਫਸਣਾ ਚਾਹੇਗਾ।

'ਅੱਤ ਦਾ ਭਲਾ ਨਾ ਬੋਲਣਾ, ਅੱਤ ਦੀ ਭਲੀ ਨਾ ਚੁੱਪ। ਅੱਤ ਦਾ ਭਲਾ ਨਾ ਮੇਘਲਾ ਅੱਤ ਦੀ ਭਲੀ ਨਾ ਧੁੱਪ।'

ਜ਼ਿਆਦਾ ਖਾਣਾ ਵੀ ਮਾੜਾ, ਜ਼ਿਆਦਾ ਬੋਲਣਾ ਵੀ ਮਾੜਾ, ਜ਼ਿਆਦਾ ਕੰਮ ਵੀ ਮਾੜਾ। ਜ਼ਿਆਦਾ ਖਾਉਗੇ ਬਦਹਜ਼ਮੀ ਹੋ ਜਾਏਗੀ, ਡਾਕਟਰ ਕੋਲ ਜਾਣਾ ਪਵੇਗਾ, ਪੈਸੇ ਖ਼ਰਚਣੇ ਪੈਣਗੇ ਤੇ ਜੇਬ ਢਿੱਲੀ ਹੋ ਜਾਵੇਗੀ ਤੇ ਹੋ ਸਕਦਾ ਕਿ ਇਹ ਖ਼ਾਲੀ ਪੀਪੇ ਵਾਂਗ ਖੜਕਣ ਲੱਗ ਪਵੇ। ਜ਼ਿਆਦਾ ਬੋਲਣ ਨਾਲ ਅਗਲਾ ਸੁਣਨ ਵਾਲਾ ਵੀ ਅੱਕ ਜਾਂਦਾ ਹੈ ਤੇ ਤੁਹਾਡੇ ਸ਼ਬਦਾਂ ਵਿਚ ਦਿਲਚਸਪੀ ਦੇਣੋਂ ਹਟ ਜਾਏਗਾ। ਤੁਸੀਂ ਜਿੰਨਾ ਜ਼ਿਆਦਾ ਬੋਲੋਗੇ ਆਪਣੇ ਅੰਦਰਲੇ ਪੜਦੇ ਹੀ ਫੋਲੋਗੇ। ਬਹੁਤੀ ਵੇਰਾਂ ਇਨ੍ਹਾਂ ਪੜਦਿਆਂ ਪਿੱਛੇ ਛੁਪੇ ਜਾਂ ਛੁਪਾਏ ਤੁਹਾਡੇ ਗੁਪਤ ਰਾਜ਼ ਜੱਗ ਜ਼ਾਹਰ ਹੋ ਜਾਣਗੇ ਤੇ ਤੁਸੀਂ ਕਿਸੇ ਨਾ ਕਿਸੇ ਰੂਪ ਵਿਚ ਸਮਾਜਿਕ ਦੂਸ਼ਣਾਂ ਮਿਹਣਿਆਂ ਜਾਂ ਕਾਨੂੰਨੀ ਚਾਰਾਜੋਈਆਂ ਦੇ ਅੜਿੱਕੇ ਆ ਜਾਉਗੇ।

ਕੰਮ ਕਰਨਾ ਬਹੁਤ ਜ਼ਰੂਰੀ ਹੈ। ਕੰਮ ਕਰਨ ਨਾਲ ਹੀ ਜੀਵਨ ਦਾ ਚੱਕਾ ਘੁੰਮਦਾ ਹੈ ਤੇ ਚੱਕਾ ਘੁੰਮਣ ਨਾਲ ਦੁਨੀਆ ਚੱਲਦੀ ਹੈ। ਤੁਹਾਡੀ ਸਰੀਰਕ ਊਰਜਾ ਪੈਦਾ ਕਰਨ ਵਾਲੀ ਰੋਟੀ ਵੀ ਕੰਮ ਦੀ ਹੀ ਪੈਦਾਵਾਰ ਹੈ। ਕੰਮ ਨਾ ਕਰਨ ਨਾਲ ਵਿਹਲੜ ਸਰੀਰ ਦੇ ਪੱਠੇ ਜੋੜ ਆਦਿ ਵੀ ਨਿਕੰਮੇ ਹੋ ਕੇ ਦੁਖਣ ਲੱਗ ਜਾਂਦੇ ਹਨ। ਜੇ ਪੈਸਾ ਜੋੜਨ ਦੀ ਲਾਲਸਾ ਜਾਂ ਕਿਸੇ ਹੋਰ ਮੰਤਵ ਨਾਲ ਬੇਰੋਕ ਕੰਮ ਹੀ ਕੰਮ ਕਰੀ ਜਾਓ ਤਾਂ ਇਹ ਵੀ ਆਪਣੇ ਸਰੀਰ ਨਾਲ ਜ਼ਿਆਦਤੀ ਹੈ। ਦੋ-ਦੋ ਸ਼ਿਫ਼ਟਾਂ ਤਾਂ ਆਮ ਸਾਧਾਰਨ ਗੱਲ ਹੈ, ਤਿੰਨ ਤਿੰਨ ਸ਼ਿਫ਼ਟਾਂ ਲਗਾਤਾਰ ਲਗਾਈ ਜਾਓ, ਤਾਂ ਇਸ ਨਾਲ ਪਹਿਲਾਂ ਤੁਹਾਡੀਆਂ ਅੱਖਾਂ ਅਨੀਂਦਰੇ ਨਾਲ ਪਾਟਣਗੀਆਂ, ਦਿਮਾਗ਼ ਤੁਹਾਡਾ ਸੁੰਨ ਹੋਣ ਤੱਕ ਜਾਵੇਗਾ, ਸਰੀਰ ਦੇ ਅੰਗ ਹੱਥ ਪੈਰ ਠੱਗੇ ਠੱਗੇ ਥੱਕੇ ਕੰਮ ਕਰਨ ਤੋਂ ਆਰੀ ਜੁਆਬ ਦੇ ਜਾਣਗੇ। ਤੁਸੀਂ ਗੱਡੀ, ਕਾਰ, ਸਾਈਕਲ ਸਕੂਟਰ ਲੈ ਕੇ ਘਰ ਦੌੜੋਗੇ। ਤੁਹਾਡੇ ਪ੍ਰੇਮੀ ਜਨ, ਰਿਸ਼ਤੇਦਾਰ, ਬੱਚੇ ਮੂੰਹ ਚੱਕੀ ਤੁਹਾਡਾ ਇੰਤਜ਼ਾਰ ਕਰ ਰਹੇ ਹਨ ਕਿ ਸਾਡਾ ਪਰਵਰਦਿਗਾਰ ਖੱਟ ਕਮਾ ਕੇ ਅੱਜ ਘਰ ਆ ਰਿਹਾ ਹੈ। ਉਹ ਤੇਲ ਚੋਣ ਲਈ ਦੇਹਲੀ 'ਤੇ ਖੜ੍ਹੇ ਹਨ। ਤੁਹਾਡੇ ਧੁੰਦਲੇ ਮਨ ਵਿਚ ਘਰ ਦੇ ਅਕਸ ਉੱਭਰਦੇ ਹਨ। ਨੱਚਦੇ ਟੱਪਦੇ ਟਪੂਸੀਆਂ ਮਾਰਦੇ ਬੱਚੇ ਫ਼ਿਲਮ ਵਾਂਗ ਤੁਹਾਡੇ ਦਿਮਾਗ਼ ਵਿਚ ਘੁੰਮਦੇ ਹਨ। ਅੱਗੇ ਸੜਕ 'ਤੇ ਕੋਈ ਹੋਰ ਤੁਹਾਡੇ ਵਰਗਾ ਆਪਣਾ ਮਾਨਸਿਕ ਸੰਤੁਲਨ ਵਿਗਾੜ ਕੇ ਖੜੱਚ ਤੁਹਾਡੇ ਵਿਚ ਮਾਰੇਗਾ ਜਾਂ ਤੁਸੀਂ ਹੀ ਲਾਲ ਬੱਤੀ ਲੰਘ ਕੇ ਕਿਸੇ ਵਿਚ ਮਾਰ ਦਿੱਤੀ। ਚੀਕ-ਚਿਹਾੜਾ ਮੱਚੇਗਾ, ਤੁਹਾਡੀਆਂ ਮੀਟੀਆਂ ਅੱਖਾਂ ਇਕਦਮ ਖੁੱਲ੍ਹਣਗੀਆਂ, ਤੁਸੀਂ ਲਹੂ ਦੇ ਛੱਪੜ ਵਿਚ ਡੁੱਬੇ ਪਏ ਹੋ। ਅਗਲਾ ਵੀ ਕਰਾਹ ਰਿਹਾ ਹੈ। ਦੋ ਘਰਾਂ ਦਾ ਉਜਾੜਾ ਸ਼ੁਰੂ ਹੋ ਜਾਂਦਾ ਹੈ।

ਮਨੁੱਖ ਦੀਆਂ ਆਦਤਾਂ/ਭੈੜੀਆਂ ਆਦਤਾਂ ਵੀ ਇਸੇ ਤਰ੍ਹਾਂ ਖੁੱਲ੍ਹਦਿਲੀ ਨਾਲ ਵਿਗੜ ਜਾਂਦੀਆਂ ਹਨ। ਮੱਛੀ ਪੱਥਰ ਚੱਟ ਕੇ ਮੁੜਦੀ ਹੈ। ਉਸ ਨੂੰ ਰਸਤੇ ਵਿਚ ਜਿੰਨਾ ਮਰਜ਼ੀ ਰੋਕੋ ਟੋਕੋ ਫੜਨ ਦੀ ਕੋਸ਼ਿਸ਼ ਕਰੋ, ਉਹ ਛੜੱਪੇ ਮਾਰ ਕੇ ਚੜ੍ਹਦੇ ਪਾਣੀ ਨੂੰ ਚੜ੍ਹਦੀ ਜਾਏਗੀ ਤੇ ਅਖੀਰ ਪੱਥਰ ਨੂੰ ਮੱਥਾ ਮਾਰ ਕੇ ਲਹੂ ਲੁਹਾਨ ਹੋ ਜਾਵੇਗੀ।

ਰਸਤੇ ਵਿਚ ਤੁਰੇ ਜਾਂਦੇ ਜਾਂ ਗਲੀ ਮੁਹੱਲੇ ਦੇ ਕੁੱਝ ਲੋਕ ਤੁਹਾਨੂੰ ਅਜੇਹੇ ਗ਼ੈਰ-ਕੁਦਰਤੀ ਕੰਮ ਜਾਂ ਹਰਕਤਾਂ ਕਰਦੇ ਮਿਲ ਜਾਣਗੇ ਜੋ ਤੁਸੀਂ ਠੀਕ ਨਹੀਂ ਸਮਝਦੇ ਜਾਂ ਉਹ ਸਮਾਜ ਵਾਸਤੇ ਠੀਕ ਨਹੀਂ। ਤੁਸੀਂ ਵੇਖਦੇ ਹੋ, ਇੰਤਜ਼ਾਰ ਕਰਦੇ ਹੋ, ਉਹ ਆਪਣਾ ਕਾਰਨਾਮਾ ਦੁਹਰਾਈ ਜਾ ਰਿਹਾ ਹੈ।

'ਮੇਰੇ ਵੀਰ! ਮੇਰੇ ਦੋਸਤ ਇਹ ਕੰਮ ਠੀਕ ਨਹੀਂ...ਤੂੰ ਇਸ ਤਰ੍ਹਾਂ ਕਰ ਲੈ ਜਾਂ ਬਹੁਤ ਹੋ ਗਿਆ, ਹੁਣ ਬੱਸ ਕਰ।'

ਉਹ ਮਾਰਖੰਢੇ ਸੰਢੇ ਵਾਂਗ ਤੁਹਾਨੂੰ ਝਾਕੇਗਾ। ਤੁਸੀਂ ਅੱਗੇ ਹੋ ਕੇ ਉਸ ਨੂੰ ਰੋਕਣ ਟੋਕਣ ਦੀ ਹਿੰਮਤ ਨਹੀਂ ਕਰੋਗੇ।

'ਅੱਗੇ ਖੂਹ ਹੈ ਮੇਰੇ ਦੋਸਤ, ਇੱਧਰ ਨਾ ਜਾਹ ਇਸ ਰਸਤੇ ਪੈ ਜਾਹ।' ਉਹ ਤੁਹਾਡੀ ਗੱਲ ਅਦੂਲ ਕੇ ਸਿੱਧਾ ਜਾਏਗਾ, ਕਾਨੇ ਸਰਕੜੇ ਭੰਨੇਗਾ ਤੇ ਅੰਨ੍ਹੇ ਖੂਹ ਵਿਚ ਡਿੱਗ ਪਵੇਗਾ।

ਸ਼ੇਖ਼ਚਿਲੀ ਦੇ ਨਾਂ ਨਾਲ ਜੁੜੀ ਵੀ ਇੱਕ ਅਜੇਹੀ ਕਹਾਣੀ ਹੈ। ਉਹ ਦਰਖ਼ਤ ਦੀ ਟਾਹਣੀ 'ਤੇ ਬੈਠਾ ਉਹੀ ਟਾਹਣੀ ਮੁੱਢੋਂ ਕੱਟ ਰਿਹਾ ਸੀ। ਕਿਸੇ ਰਾਹਗੀਰ ਨੇ ਵੇਖਿਆ ਤੇ ਉਸ ਨੂੰ ਸਮਝਾਇਆ।

'ਓ ਭਾਈ! ਤੂੰ ਡਿੱਗ ਪਵੇਂਗਾ, ਲੱਤ ਬਾਂਹ ਤੁੜਾ ਲਵੇਂਗਾ... ਜਾਨ ਗਵਾ ਬੈਠੇਂਗਾ। ਜਿਸ ਟਾਹਣੀ 'ਤੇ ਬੈਠਾ ਹੈਂ, ਉਸ ਨੂੰ ਕੱਟਣਾ ਗੁਨਾਹ ਹੈ। ਜੇ ਕੱਟਣੀ ਹੀ ਹੈ ਤਾਂ ਦੂਸਰੇ ਪਾਸੇ ਹੋ ਕੇ ਆਪਣੇ ਆਪ ਨੂੰ ਬਚਾ ਲੈ।'

ਮੱਛੀ ਵਾਂਗ ਉਸ ਨੇ ਨਹੀਂ ਟਲਣਾ। ਅਗਲੇ ਹੀ ਪਲ ਟਾਹਣੀ ਕੱਟੀ ਗਈ ਤੇ ਉਹ ਵੀ ਟਾਹਣੀ ਦੇ ਨਾਲ ਧੜੰਮ ਥੱਲੇ ਡਿੱਗ ਪਿਆ। ਚੰਗੀ ਕਿਸਮਤ ਨੂੰ ਜਾਨ ਤੋਂ ਬਚ ਗਿਆ। ਉੱਠ ਕੇ ਉਸ ਸਿਆਣੇ ਪੁਰਖ ਵੱਲ ਦੌੜਿਆ।



'ਤੁਸੀਂ ਧੰਨ ਹੋ ਮਹਾਰਾਜ! ਤੁਸੀਂ ਜੋਤਸ਼ੀ ਹੋ। ਤੁਸੀਂ ਮੇਰੀ ਭਵਿੱਖਬਾਣੀ ਕੀਤੀ ਸੀ, ਪਰ ਮੈਂ ਮੂਰਖ ਨਹੀਂ ਸਮਝ ਸਕਿਆ। ਹੁਣ ਮੈਂ ਸੰਭਲ ਗਿਆ ਹਾਂ, ਮੈਨੂੰ ਦੱਸੋ ਮੇਰਾ ਵਿਆਹ ਕਦ ਹੋਵੇਗਾ।' ਜੋਤਸ਼ੀ ਪੰਡਿਤ ਪਾਂਧੇ ਜ਼ਿਆਦਾਤਰ ਅਜੇਹੇ ਲੋਕਾਂ ਦੀਆਂ ਅਜੇਹੀਆਂ ਪ੍ਰਸਥਿਤੀਆਂ ਦਾ ਫ਼ਾਇਦਾ ਉਠਾ ਕੇ ਆਪਣੇ ਜਾਤੀ ਮੁਫ਼ਾਦ ਪੂਰਦੇ ਤੇ ਮਹਿਲ ਮੁਨਾਰੀਆਂ ਉਸਾਰਦੇ ਹਨ।

ਜਿਸ ਨੇ ਖੂਹ ਵਿਚ ਡਿੱਗਣ ਦਾ ਇਰਾਦਾ ਧਾਰ ਲਿਆ ਹੋਵੇ, ਤੁਸੀਂ ਉਸ ਨੂੰ ਕਦੇ ਨਹੀਂ ਬਚਾ ਸਕਦੇ। ਇਹਦੇ ਨਾਲ ਇੱਕ ਹੋਰ ਉਦਾਹਰਨ ਵੀ ਕੁਥਾਵੇਂ ਨਹੀਂ ਹੋਵੇਗੀ। ਕਿਸੇ ਖਾੜਕੂ ਦੇ ਗੁਆਂਢ ਵਿਚ ਵਿਧਵਾ ਔਰਤ ਤੇ ਉਸ ਦਾ ਇੱਕ ਲੜਕਾ ਰਹਿੰਦਾ ਸੀ। ਲੜਕਾ ਬੜਾ ਸ਼ਰਾਰਤੀ ਤੇ ਜ਼ਿੱਦੀ ਕਿਸਮ ਦਾ ਸੀ। ਸਰਫ਼ੇ ਦਾ ਇਕਲੌਤਾ ਹੋਣ ਕਰਕੇ ਉਸ ਦੀ ਮਾਂ ਉਸ ਦੀ ਹਰ ਚੰਗੀ ਮੰਦੀ ਮੰਗ ਪੂਰੀ ਕਰ ਦਿੰਦੀ। ਇਕੇਰਾਂ ਉਸ ਨੇ ਚੰਨ ਦੀ ਮੰਗ ਕਰ ਦਿੱਤੀ। ਮਾਂ ਨੇ ਦੋ-ਚਾਰ ਦਿਨ ਟਰਕਾਈ ਮਾਰੀ ਕਿ ਚੰਨ ਕਿੱਥੋਂ ਕਿਵੇਂ ਲਿਆ ਕੇ ਉਸ ਦੀ ਖ਼ਾਹਿਸ਼ ਪੂਰੀ ਕਰੇ, ਪਰ ਕਰ ਨਹੀਂ ਸੀ ਸਕਦੀ। ਮੁੰਡਾ ਕੋਠੇ 'ਤੇ ਚੜ੍ਹ ਗਿਆ।

'ਮਾਂ ਛੇਤੀ ਕਰ... ਮੈਨੂੰ ਹੁਣੇ ਚੰਨ ਲਿਆ ਦੇਹ, ਨਹੀਂ ਤੇ ਮੈਂ ਲੱਗਾ ਛਾਲ ਮਾਰਨ।'

'ਵੇ ਨਾ ਪੁੱਤਾ! ਸੱਟ ਪੇਟ ਲੱਗ ਜਾਊ, ਕੱਲਾ ਕੱਲਾ ਮੇਰਾ ਲਾਡਲਾ, ਹੱਡੀਆਂ ਟੁੱਟ ਜਾਣਗੀਆਂ... ਡਾਕਟਰਾਂ ਨੂੰ ਚੱਟੀ ਭਰਨ ਵਾਸਤੇ ਮੇਰੇ ਕੋਲ ਤਾਂ ਕਾਣੀ ਕੌਡੀ ਵੀ ਨਹੀਂ, ਫਿਰ ਕਿੱਥੋਂ ਬਣਨਗੀਆਂ।'

ਆਪਣੀ ਗ਼ਰੀਬ ਵਿਧਵਾ ਮਾਂ ਨੂੰ ਤੰਗ ਕਰਨ ਤੇ ਰੁਆਉਣ ਦਾ ਉਸ ਦਾ ਨਿੱਤਨੇਮ ਬਣ ਗਿਆ। ਇੱਕ ਦਿਨ ਰੋਜ਼ ਰੋਜ਼ ਵੇਖਦਾ ਗਵਾਂਢੀ ਤੰਗ ਆਇਆ ਉੱਠ ਕੇ ਉਸ ਕੋਲ ਪਹੁੰਚ ਗਿਆ।

'ਮਾਰ ਛਾਲ! ਛੇਤੀ ਕਰ... ਤੇਰੀ ਮਾਂ ਦੀ ਐਸੀ ਤੈਸੀ।' ਗਵਾਂਢੀ ਨੂੰ ਪ੍ਰਚੰਡ ਰੂਪ ਵਿਚ ਆਵਾਜ਼ ਸੁਣ ਕੇ ਮੁੰਡਾ ਡਰ ਗਿਆ ਤੇ ਕੰਨਾਂ ਨੂੰ ਹੱਥ ਲਾ ਕੇ ਮੁਆਫ਼ੀ ਮੰਗਣ ਲੱਗਾ।

'ਚਾਚਾ ਮਾਫ਼ ਕਰ ਦੇਹ, ਫੇਰ ਮੈਂ ਏਦਾਂ ਨਹੀਂ ਕਰਦਾ।'

ਇਸ ਕਹਾਣੀ ਨੂੰ ਇਸ ਤਰ੍ਹਾਂ ਵੀ ਲਿਆ ਜਾ ਸਕਦਾ ਹੈ ਕਿ ਕੋਈ ਮੂਰਖ ਖੂਹ ਦੀ ਮਣ 'ਤੇ ਖੜ੍ਹਾ ਲੋਕਾਂ ਨੂੰ ਛਾਲ ਮਾਰਨ ਦੀ ਧਮਕੀ ਦੇ ਰਿਹਾ ਸੀ। ਇੱਕ ਦੋ ਨੇ ਵਰਜਿਆ ਪਰ ਉਹ ਅੱਗੇ ਹੋਰ ਦੀ ਹੋਰ ਤਪਦਾ ਜਾ ਰਿਹਾ ਸੀ। ਅਜੇਹਾ ਹੀ ਕੋਈ ਸਮਾਜ ਸੇਵਕ ਨੇੜੇ ਆਇਆ।

'ਨਾ ਕਰ ਸੋਹਣਿਆ। ਜ਼ਿੰਦਗੀ ਬੜੀ ਕੀਮਤੀ ਹੈ, ਅਜਾਈਂ ਗਈ ਤਾਂ ਫਿਰ ਨਹੀਂ ਮਿਲਣੀ।'

ਉਹ ਬਦਕਿਸਮਤ 'ਮੈਂ ਨਾ ਮਾਨੂੰ' ਰਟ 'ਤੇ ਅੜਿਆ ਰਿਹਾ। ਦੂਜੇ ਹੀ ਪਲ ਉਸ ਹਮਦਰਦ ਨੇ ਆਪ ਧੱਕਾ ਦੇ ਕੇ ਖੂਹ ਵਿਚ ਸੁੱਟ ਮਾਰਿਆ।

'ਜਾਹ ਮਰਨਾ ਤੇ ਮਰ ਛੇਤੀ ਮਰ.. ਯੱਭ ਮੁਕਾ।'

ਕੁੱਝ ਸੱਜਣ ਆਪਣੇ ਸੁਹਿਰਦ ਮਿੱਤਰ ਨੂੰ ਸਹੀ ਸਲਾਹ ਮਸ਼ਵਰਾ ਦਿੰਦੇ ਹਨ, ਪਰ ਕੁੱਝ ਹੋਰ ਗ਼ਲਤ ਕਰਨ ਵਾਲੇ ਮੱਕਾਰ ਲੂੰਬੜ ਕਿਸਮ ਦੇ ਚਾਪਲੂਸ ਸ਼ੁੱਭਚਿੰਤਕ ਲੋਹਾ ਗਰਮ ਕਰ ਕੇ ਸੱਟ ਮਾਰਦੇ ਹਨ ਤੇ ਜਿਵੇਂ ਚਾਹੁਣ ਇਸ ਨੂੰ ਢਾਲ ਲੈਂਦੇ ਹਨ।

ਉਹ ਤੁਹਾਡੀਆਂ ਅਜੇਹੀਆਂ ਆਦਤਾਂ/ਹਰਕਤਾਂ ਦਾ ਨਾਜਾਇਜ਼ ਫ਼ਾਇਦਾ ਉਠਾ ਕੇ ਆਪਣਾ ਉੱਲੂ ਸਿੱਧਾ ਕਰਦੇ ਹਨ। ਬਾਂਦਰ ਮੂਹਰੇ ਫੁੱਲੀਆਂ ਖਿਲਾਰਨ ਵਾਂਗ ਚਾਤਰ ਲੋਕ ਤੁਹਾਨੂੰ ਫਾਹ ਲੈਂਦੇ ਹਨ। ਮੌਕਾ ਤਾੜੂ ਦੋਸਤ ਤੁਹਾਡਾ ਮੂਡ ਵੇਖ ਕੇ ਰਗ ਟੋਂਹਦੇ ਹਨ ਤੇ ਆਪਣੀ ਵਰਗਲਾਊ ਚਾਬੀ ਲਾ ਕੇ ਤੁਹਾਨੂੰ ਕੁਰਾਹੇ ਪਾ ਦਿੰਦੇ ਹਨ।

'ਸ਼੍ਰੀ ਮਾਨ ਜੀ! ਚੰਦ 'ਤੇ ਪਲਾਟਾਂ ਦੀ ਸੇਲ ਲੱਗ ਗਈ ਹੈ, ਹੋਰ ਨਾ ਕਿਸੇ ਨੂੰ ਦੱਸਿਓ। ਤੁਹਾਡੇ ਕੋਲ ਇੱਕ ਦੋ ਮਿਲੀਅਨ ਧਨ ਪਿਆ ਹੈ। ਉਸ ਦਾ ਨਿਵੇਸ਼ ਕਰ ਦੇਈਏ। ਪੈਸੇ ਤੁਹਾਡੇ ਤੇ ਪ੍ਰਬੰਧ ਮੇਰਾ... ਬੱਸ ਪੰਜ ਦਸ ਸਾਲ ਵਿਚ ਵਾਰੇ ਨਿਆਰੇ ਹੋ ਜਾਣਗੇ। ਇਹ ਮਿਲੀਅਨ ਬਿਲੀਅਨ ਵਿਚ ਤਬਦੀਲ ਹੋ ਜਾਣਗੇ ਤੇ ਅਸਮਾਨ ਵਿਚ ਤੁਹਾਡਾ ਨਾਂ ਚਮਕ ਪਵੇਗਾ।'

ਤੁਸੀਂ ਇਨ੍ਹਾਂ ਚਾਪਲੂਸਾਂ ਦੇ ਬਹਿਕਾਵੇ ਵਿਚ ਆ ਕੇ ਆਪਣਾ ਵਹੀ-ਖਾਤਾ ਖ਼ਾਲੀ ਕਰ ਕੇ ਇਨ੍ਹਾਂ ਠੱਗਾਂ ਨੂੰ ਸਭ ਕੁੱਝ ਖੁਹਾ ਕੇ ਫਿਰ ਪਛਤਾਉਂਦੇ ਰਹੋਗੇ ਤੇ ਉਹ ਮਾਲ-ਮਤਾ ਲਪੇਟ ਕੇ ਛੂੰ-ਮੰਤਰ ਉਡੰਤ ਹੋ ਜਾਣਗੇ।

ਸਿਮਰਨਜੀਤ ਸਿੰਘ ਮਾਨ ਵੀ ਕਿਸੇ ਵੇਲੇ ਅਜੇਹੀ ਚਾਪਲੂਸੀ ਦੇ ਬਹਿਕਾਵੇ ਵਿਚ ਆ ਗਏ। ਉਨ੍ਹਾਂ ਨੂੰ ਕਿਸੇ ਸਿਆਸੀ ਸ਼ਾਤਰ ਦਿਮਾਗ਼ ਨੇ ਕਿਰਪਾਨ ਹੱਥ ਫੜਾ ਦਿੱਤੀ ਕਿ ਜੇ ਤੁਸੀਂ ਇਹ ਪਾਰਲੀਮੈਂਟ ਅੰਦਰ ਲਿਜਾਣ 'ਚ ਕਾਮਯਾਬ ਹੋ ਗਏ ਤਾਂ ਤੁਹਾਡਾ ਨਾਂ ਗਿੰਨੀਜ਼ ਬੁੱਕ ਵਿਚ ਲਿਖਿਆ ਜਾਏਗਾ ਤੇ ਤੁਹਾਡਾ ਸਿਆਸੀ ਭਵਿੱਖ ਚਮਕਾਂ ਮਾਰੇਗਾ, ਤੁਸੀਂ ਪ੍ਰਧਾਨ ਮੰਤਰੀ ਦੀ ਕੁਰਸੀ 'ਤੇ ਬੈਠੇ ਹੋਵੋਗੇ। ਏਨੀ ਜ਼ਿਆਦਾ ਬਹੁਸੰਮਤੀ ਨਾਲ ਜਿੱਤੇ ਮਾਨ ਸਾਹਿਬ ਕਿਰਪਾਨ ਦੇ ਝਮੇਲੇ ਅੰਦਰ ਹੀ ਉਲਝ ਕੇ ਰਹਿ ਗਏ ਤੇ ਇਸ ਤੋਂ ਉਨ੍ਹਾਂ ਦੇ ਸਿਆਸੀ ਮੁਖ਼ਾਲਿਫ ਫ਼ਾਇਦਾ ਉਠਾ ਕੇ ਆਪ ਮੂਹਰੇ ਆ ਗਏ। ਜੇ ਕਿਤੇ ਓਦੋਂ ਮਾਨ ਸਾਹਿਬ ਅੰਦਰ ਜਾ ਕੇ ਆਪਣੀ ਸੰਵਿਧਾਨਕ ਤਕਰੀਰ ਨਾਲ ਸਰਕਾਰ ਤੱਕ ਆਪਣੀ ਗੱਲ ਪਹੁੰਚਾਉਂਦੇ ਤਾਂ ਹੋ ਸਕਦਾ ਕਿਰਪਾਨ ਦਾ ਮਸਲਾ ਵੀ ਹੱਲ ਕਰਵਾ ਲੈਂਦੇ ਤੇ ਹੁਣ ਤੱਕ 'ਮਾਨ ਸਾਹਿਬ! ਮਾਨ ਸਾਹਿਬ' ਹੁੰਦੀ ਰਹਿਣੀ ਸੀ। ਪੰਜਾਬ ਦੀ ਸਿਆਸਤ ਵਿਚ ਉਹ ਸੂਰਜ ਵਾਂਗਰਾਂ ਚਮਕਦੇ ਰਹਿੰਦੇ ਤੇ ਦੂਸਰੇ ਮੌਜੂਦਾ ਹਾਕਮ ਕਿਤੇ ਬਹੁਤ ਪਿੱਛੇ ਰਹਿ ਜਾਂਦੇ। ਉਨ੍ਹਾਂ ਨੂੰ ਗੁਮਰਾਹੂ ਮਸ਼ਵਰੇ ਲੈ ਬੈਠੇ ਜਾਂ ਉਨ੍ਹਾਂ ਦੀ ਜ਼ਿੱਦੀ ਮਗ਼ਰੂਰੀ ਲੈ ਬੈਠੀ।

ਮੇਰੇ ਇੱਕ ਸਹਿਯੋਗੀ ਦੋਸਤ ਨੂੰ ਤੱਤਾ ਤੱਤਾ ਲੱਕਣ ਦੀ ਆਦਤ ਸੀ ਤੇ ਸਾਰੇ ਸਾਥੀ ਉਸ ਦੀ ਇਸ ਆਦਤ ਤੋਂ ਜਾਣੂੰ ਹੋ ਗਏ ਸਨ। ਮਿੱਤਰ ਮੰਡਲੀ ਨੇ ਉਸ ਦੁਆਲੇ ਹੋ ਜਾਣਾ ਤੇ ਆਪਣਾ ਕੰਮ ਕਢਵਾਉਣ ਵਾਸਤੇ ਫਾਈਲਾਂ 'ਤੇ ਦਸਤਖ਼ਤ ਕਰਵਾ ਲੈਣੇ। ਇਸ ਸ਼ੁੱਭ ਮਹੂਰਤ ਵਾਲੇ ਸਮੇਂ ਕਿਸੇ ਵਿਰੋਧੀ ਦਾ ਨੁਕਸਾਨ ਕਰਾਉਣ ਵਾਸਤੇ ਉਸ ਨੂੰ ਗ਼ਲਤ ਤੱਥ ਪੇਸ਼ ਕਰ ਕੇ ਮੀਮੋ ਲਿਖਵਾ ਦੇਣੇ। ਫਲਸਰੂਪ ਲੜਾਈ ਸ਼ੁਰੂ ਹੋ ਜਾਣੀ ਤੇ ਉਨ੍ਹਾਂ ਦੀਆਂ ਪੌਂ ਬਾਰਾਂ। ਉਸ ਦੀ ਤਰੱਕੀ ਹੋਣ 'ਤੇ ਮੁਬਾਰਕ ਵਜੋਂ ਮੈਂ ਉਸ ਨੂੰ ਇੱਕ ਟਿੱਪ ਲਿਖੀ ਕਿ ਪ੍ਰਬੰਧਕੀ ਮਾਮਲੇ ਵਿਚ ਕਿਸੇ ਮਾਤਹਿਤ ਨੂੰ ਮੀਮੋ ਲਿਖਣ ਤੋਂ ਪਹਿਲਾਂ ਠੰਢੇ ਜਿਗਰੇ ਨਾਲ ਸੋਚੋ ਘੱਟੋ ਘੱਟ ਦੋ ਚਾਰ ਘੰਟੇ ਇਸ ਨੂੰ ਲੇਟ ਕਰੋ। ਉਹ ਮੇਰੀ ਗੱਲ 'ਤੇ ਬਹੁਤ ਹੱਸਿਆ ਤੇ ਅਫਸੋਸ ਕਰਦੇ ਮੰਨਿਆ ਕਿ ਸੱਚੀਂ-ਮੁੱਚੀਂ ਗਰਮ-ਮਿਜ਼ਾਜੀ ਵਿਚ ਉਸ ਨੇ ਕਈ ਫ਼ੈਸਲੇ ਗ਼ਲਤ ਲਏ ਹਨ ਤੇ ਉਨ੍ਹਾਂ ਨੂੰ ਉਲੱਦਣ ਵਾਸਤੇ ਹੁਣ ਨਜ਼ਰਸਾਨੀ ਕਰੇਗਾ।

ਫ਼ਸਲੀ ਬਟੇਰਿਆਂ ਕੋਲੋਂ ਦੂਰ ਰਹੋ ਜਾਂ ਉਨ੍ਹਾਂ ਨੂੰ ਪਰੇ ਪਰੇ ਟਰਕਾਈ ਮਾਰੋ ਪਰ ਇਹ ਕੰਮ ਹੈ ਬੜਾ ਔਖਾ। ਸੂਰਜ ਚੰਦ ਦਿਖਾਉਣ ਵਾਲੇ ਤੁਹਾਨੂੰ ਦਿਨੇ ਤਾਰੇ ਵਿਖਾ ਦਿੰਦੇ ਹਨ। ਅੱਜ ਕੱਲ੍ਹ ਬਿਜਲਈ ਇਸ਼ਤਿਹਾਰਬਾਜ਼ੀ ਕਹਿੰਦੇ ਕਹਾਉਂਦੇ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਬੁੱਧੂ ਬਣਾ ਦਿੰਦੀ ਹੈ। ਤੁਹਾਨੂੰ ਗੁਮਰਾਹ ਕਰ ਕੇ ਅਜੇਹੇ ਭੰਬਲਭੂਸੇ ਪਾਉਂਦੇ ਤੁਹਾਡੇ ਸਾਹਮਣੇ ਮਾਇਆ-ਜਾਲ਼ ਵਿਸ਼ਾ ਦਿੰਦੇ ਹਨ ਕਿ ਤੁਸੀਂ ਜਾਲ ਵਿਚ ਫਸੇ ਸ਼ਿਕਾਰ ਵਾਂਗ ਫੜਫੜਾ ਕੇ ਰਹਿ ਜਾਂਦੇ ਹੋ।

ਚੰਗੀ ਗੱਲ ਤਾਂ ਇਹ ਹੈ ਕਿ ਸੁਣੋ ਸਭ ਦੀ ਪਰ ਕਰੋ ਆਪਣੀ। ਸਲਾਹ ਕੰਧਾਂ ਤੋਂ ਵੀ ਲਈ ਜਾ ਸਕਦੀ ਹੈ ਪਰ ਫ਼ੈਸਲਾ ਆਪਣੇ ਦਿਮਾਗ਼ ਨਾਲ ਕਰੋ। 'ਪਹਿਲਾਂ ਤੋਲੋ ਫਿਰ ਬੋਲੋ।' ਤੋਲਣ ਤੋਂ ਪਹਿਲਾਂ ਜਾਂ ਕੋਈ ਕੰਮ ਕਰਨ ਤੋਂ ਪਹਿਲਾਂ ਇਸ ਦਾ ਨਫ਼ਾ ਨੁਕਸਾਨ ਵਿਚਾਰਨਾ ਬਹੁਤ ਜ਼ਰੂਰੀ ਹੈ। ਇੱਜ਼ਤ ਕਰੋ ਇੱਜ਼ਤ ਕਰਾਓ। ਜੀ ਕਹੋ ਜੀ ਕਹਾਓ।

ਜੱਟ ਤੇ ਬਾਣੀਏ ਦੀ ਪੁਰਾਣੀ ਕਹਾਵਤ ਹੈ। ਬਾਣੀਆਂ ਕੋਈ ਕੰਮ/ਗੱਲ ਕਰਨ ਤੋਂ ਪਹਿਲਾਂ ਕਈ ਵੇਰ ਸੋਚਦਾ ਹੈ ਤੇ ਜੱਟ ਕੰਮ ਕਰਨ ਤੋਂ ਬਹੁਤ ਦੇਰ ਬਾਅਦ ਸੋਚਦਾ ਹੈ ਤੇ ਓਦੋਂ ਤੱਕ ਬਹੁਤ ਕੁੱਝ ਵਾਪਰ ਜਾਂ ਵਿਗੜ ਜਾਂਦਾ ਹੈ। ਫਿਰ ਪਛਤਾਏ ਕੀ ਬਣੇ ਜਦ ਚਿੜੀ ਚੁਗ ਗਈ ਖੇਤ। ਅੱਜ ਦੇ ਆਧੁਨਿਕ ਯੁੱਗ ਵਿਚ ਨਾ ਉਹ ਬਾਣੀਏ ਰਹੇ ਹਨ ਤੇ ਨਾ ਉਹ ਜੱਟ। ਕਈ ਹਾਲਤਾਂ ਵਿਚ ਇਹ ਤੁਗਲਕ-ਪੈਰਾਡਾਈਜ਼ ਵਾਲੀ ਪ੍ਰਵਿਰਤੀ ਅਜੇ ਕਾਇਮ ਹੈ ਭਾਵੇਂ ਇਹ ਕਿਸੇ ਖ਼ਾਸ ਵਰਗ ਕਬੀਲੇ ਨਾਲ ਸੰਬੰਧਿਤ ਨਹੀਂ ਕੀਤੀ ਜਾ ਸਕਦੀ। ਕੋਈ ਇਸ ਤੋਂ ਬਚ ਸਕੇ ਤਾਂ ਵਾਹ ਭਲੀ, ਨਹੀਂ ਤਿੰਨ ਕਾਣੇ ਤਾਂ ਵੱਟ 'ਤੇ ਪਏ ਨੇ।

---

*(ਪਿਛਲੇ ਸਫੇ ਦਾ ਬਾਕੀ)*

ਦੀਆਂ ਪੌੜੀਆਂ 'ਚ ਸੁੱਤਾ। ਕੁਝ ਸਮਝ ਪਿਆ?"

ਮੈਂ ਉਸ ਦਾ ਮੂੰਹ ਦੇਖਣ ਲੱਗ ਪਿਆ ਸਾਂ।

ਉਸ ਨੇ ਫਿਰ ਗੱਲ ਅੱਗੇ ਤੋਰੀ, "ਘਰ! ਕੀ ਹੁੰਦਾ ਹੈ ਘਰ? ਉਸ ਅੰਦਰ ਘਰ, ਕਿੰਨਾਂ 'ਘਰ' ਕਰ ਗਿਆ ਹੋਏਗਾ। ਰਾਤ ਤਾਂ ਉਹ ਕਿਤੇ ਵੀ ਕੱਟ ਸਕਦਾ ਸੀ। ਕਿਉਂ ਗਿਆ ਉਹ ਕਿਸੇ ਘਰ ਦੀਆਂ ਪੌੜੀਆਂ 'ਚ? ਕਿੱਦਾਂ ਗੁਆਚ ਗਿਆ ਹੋਏਗਾ ਉਸ ਕੋਲ਼ੋਂ ਆਪਣੇ ਘਰ ਦਾ ਰਾਹ? ਕਿੱਥੇ ਗੁਆ ਆਇਆ ਹੋਏਗਾ, ਉਹ ਆਪਣੇ ਘਰ ਦਾ ਰਸਤਾ? ਕਿਉਂ ਤਿਲਕਿਆ ਹੋਏਗਾ ਉਹ ਜ਼ਿੰਦਗੀ ਦੀ ਪੌੜੀ ਤੋਂ ਤੇ ਆਣ ਡਿੱਗਾ ਉਨ੍ਹਾਂ ਪੌੜੀਆਂ 'ਤੇ? ਕਿੰਨਾਂ ਥੱਕ ਗਿਆ ਹੋਏਗਾ ਉਹ ਘਰ ਲੱਭਦਾ-ਲੱਭਦਾ ਕਿ ਗੂੜ੍ਹੀ ਨੀਂਦ ਆ ਗਈ ਉਸ ਨੂੰ। ਕਿੰਨਾਂ ਵਿਗੋਚਾ ਹੋਏਗਾ ਉਸ ਅੰਦਰ ਘਰ ਦਾ! ਮੇਰੀ ਅਕਲ ਤਾਂ ਇਉਂ ਸੋਚਦੀ ਹੈ।"

ਉਹ ਮੇਜ਼ ਕੋ਼ਲ ਗਿਆ ਤੇ ਕਿਤਾਬਾਂ ਚੁੱਕ ਕੇ ਬਾਹਰ ਨਿਕ਼ਲ ਗਿਆ ਸੀ।

ਮੈਂ ਉਸ ਦੀਆਂ 'ਕਿਉਂ? ਕਿੱਥੇ? ਕਿੱਦਾਂ?' ਦੀਆਂ ਖ਼ਲਾਅ 'ਚ ਖਿਲਾਰੀਆਂ ਤੰਦਾਂ ਨੂੰ ਕਿੰਨੀਂ ਦੇਰ ਪਕੜਨ ਦੀ ਕੋਸ਼ਿਸ਼ ਕਰਦਾ ਰਿਹਾ।

ਮੈਂ ਜਦੋਂ ਖ਼ਿਆਲਾਂ ਦੀ ਧੁੱਪ-ਛਾਂ 'ਚੋਂ ਨਿਕ਼ਲਿਆ ਤਾਂ ਦੇਖਿਆ, ਅਗਲੇ ਬੈਂਚ 'ਤੇ ਬੈਠੇ ਮੁੰਡੇ ਦੀ ਸੱਜੀ ਗੱਲ੍ਹ ਫਰਕਣ ਲੱਗ ਪਈ ਸੀ। ਜ਼ਰੂਰ ਉਸ ਦਾ ਸਾਰਾ ਮੂੰਹ ਹੀ ਫਰਕ ਰਿਹਾ ਹੋਵੇਗਾ। ਮੈਨੂੰ ਉਸ ਦਾ ਰੰਗ ਉੱਡਦਾ ਜਾਪਿਆ। ਉਸ ਦੇ ਨਾ਼ਲ ਬੈਠੀ ਔਰਤ ਹੱਥ 'ਚ ਨੈਪਕਨ ਫੜੀ ਵਾਰ-ਵਾਰ ਅੱਖਾਂ ਪੂੰਝ ਰਹੀ ਸੀ। ਉਸ ਨਾ਼ਲ ਬੈਠਾ ਬੰਦਾ ਘੜੀ-ਮੁੜੀ ਬੁੱਲ੍ਹਾਂ 'ਤੇ ਜੀਭ ਫੇਰ ਰਿਹਾ ਸੀ।

"ਉਨ੍ਹਾਂ ਪੈਸਿਆਂ ਦਾ ਤੁਸੀਂ ਕੀ ਕਰਦੇ ਸੀ?"

"ਅਸੀਂ ਡਰੱਗ ਖ਼ਰੀਦਦੇ ਸੀ।"

"ਕਿੱਥੋਂ?"

"ਪਤਾ ਨਹੀਂ, ਹੇਲੀ ਹੀ ਲੈ ਕੇ ਆਉਂਦਾ ਸੀ।"

"ਤੈਨੂੰ ਇਸ ਜੁਰਮ ਦੀ ਸਜ਼ਾ ਪਤੈ? ਤੈਨੂੰ ਕਿੰਨਾ ਭਾਰੀ ਜੁਰਮਾਨਾ ਤੇ ਕਿੰਨੀ ਸਖ਼ਤ ਕੈਦ ਹੋ ਸਕਦੀ ਹੈ?"

"ਹਾਂ ਪਤਾ ਹੈ।"

ਫੇਰ ਜਿਵੇਂ ਮੈਨੂੰ ਸੁਣਨਾ ਹੀ ਬੰਦ ਹੋ ਗਿਆ। ਕੰਨ ਸਾਂਅ-ਸਾਂਅ ਕਰਨ ਲੱਗ ਪਏ। ਕਾਰਵਾਈ ਕਦੋਂ ਖ਼ਤਮ ਹੋ ਗਈ, ਮੈਨੂੰ ਪਤਾ ਹੀ ਨਾ ਲੱਗਾ।

ਬਾਹਰ ਗਲਿਆਰੇ 'ਚ ਕੁਝ ਦੇਰ ਪਹਿਲਾਂ ਟਹਿਕਦੀ-ਚਹਿਕਦੀ, ਟਹਿਲਦੀ, ਨਖਰੇ ਨਾ਼ਲ ਵਾ਼ਲਾਂ ਦੀ ਲਿਟ ਚਿਹਰੇ ਤੋਂ ਹਟਾਉਂਦੀ ਕੁੜੀ, ਬਿਆਨ ਦੇ ਕੇ ਜਦੋਂ ਵਾਪਸ ਮੁੜੀ ਤਾਂ ਉਸ ਦੀਆਂ ਅੱਖਾਂ 'ਚ ਹੰਝੂ ਸਨ। ਮੂੰਹ ਨਿਚੋੜਿਆ ਪਿਆ ਸੀ। ਮੂੰਹ ਦਾ ਵਾਕ ਚਿੜੀ ਦੀ ਚੁੰਝ ਤੋਂ ਵੀ ਛੋਟਾ ਹੋਇਆ ਪਿਆ ਸੀ।

ਅਗਲੀ ਤਰੀਕ ਪਾ ਕੇ ਜੱਜ ਤੁਰ ਗਈ।

ਬਾਕੀ ਅਮਲਾ-ਫੈਲਾ ਵੀ ਸਾਮਾਨ ਸਮੇਟਣ ਵਿਚ ਰੁੱਝ ਗਿਆ। ਪੁਲਿਸ ਵਾਲੇ ਤੇ ਵਕੀਲ ਫਿਰ ਢਾਣੀ ਬਣਾ ਕੇ ਖਲੋਅ ਗਏ। ਢਾਣੀ 'ਚੋਂ ਫਿਰ ਹਾਸੇ ਦਾ ਅਨਾਰ ਫੁੱਟਿਆ।

ਮੈਂ ਇਸ ਮਾਹੌਲ 'ਚੋਂ ਭੱਜ ਜਾਣਾ ਚਾਹੁੰਦਾ ਸਾਂ। ਜਦ ਹੋਰ ਕੋਈ ਨਹੀਂ ਸੀ ਆਇਆ ਤਾਂ ਮੈਨੂੰ ਕੀ ਲੋੜ ਸੀ ਏਥੇ ਆਉਣ ਦੀ! ਮੈਂ ਉੱਠ ਖਲੋਤਾ। ਅਗਲੇ ਬੈਂਚ ਤੋਂ ਉੱਠ ਕੇ ਮੋਨਿਕਾ ਦਾ ਬਾਪ ਮੇਰੇ ਕੋਲ ਆਇਆ ਤੇ ਪੂਰਾ ਝੁਕ ਕੇ ਮੇਰਾ ਹੱਥ ਫੜ ਕੇ ਬੋਲਿਆ, "ਆਈ ਅਪਾਲੋਜਾਈਜ਼। ਵੈਰੀ ਸੌਰੀ!"

"ਪਰ ਮੈਂ ਤਾਂ ਇਹਨੂੰ ਓਥੇ ਦੇਖਿਆ ਈ ਨਈਂ," ਮੈਂ ਮੁੱਕਰ ਨਹੀਂ ਸਾਂ ਰਿਹਾ, ਸੱਚ ਬੋਲ ਰਿਹਾ ਸਾਂ।

ਮੈਂ ਅਗਲੇ ਬੈਂਚ 'ਤੇ ਚਲਾ ਗਿਆ। ਮੋਨਿਕਾ ਦੀ ਮਾਂ ਨੂੰ ਕਲਾਵੇ 'ਚ ਲੈ ਲਿਆ। ਉਹ ਮੈਨੂੰ ਚਿੰਬੜ ਕੇ ਭੁੱਬ ਮਾਰ ਕੇ ਬੋਲੀ, "ਸੌਰੀ।"

ਫਿਰ ਮੈਂ ਕੁੜੀ ਦੇ ਭਰਾ ਦਾ ਚਿਹਰਾ ਹੱਥਾਂ 'ਚ ਫੜ ਕੇ ਢਿੱਡ ਨਾਲ ਲਾ ਲਿਆ। ਉਹ ਬੋਲਿਆ, "ਜੋ ਕੁਝ ਤੁਹਾਡੇ ਨਾਲ ਹੋਇਆ, ਉਸ ਲਈ ਅਸੀਂ ਬਹੁਤ ਸ਼ਰਮਿੰਦਾ ਹਾਂ। ਸਾਨੂੰ ਮਾਫ਼ ਕਰ ਦੇਣਾ।"

ਕੁੜੀ ਦਾ ਪਿਉ ਫਿਰ ਮੇਰਾ ਹੱਥ ਫੜ ਕੇ ਖੜ੍ਹ ਗਿਆ, "ਤੁਸੀਂ ਸੋਚ ਨਹੀਂ ਸਕਦੇ, ਮੈਂ ਕਿੰਨਾਂ ਦੁਖੀ ਹਾਂ। ਇਸ ਦੀ ਕਰਤੂਤ ਨੇ ਸਾਨੂੰ ਜਿਊਂਦੇ ਜੀਅ ਮਾਰ ਸੁੱਟਿਆ। ਮੈਂ ਅੱਜ ਤੱਕ ਕਿਸੇ ਤੋਂ ਮਾਫ਼ੀ ਨਹੀਂ ਮੰਗੀ। ਹੋ ਸਕੇ ਤਾਂ ਮਾਫ਼ ਕਰ ਦੇਣਾ।" ਉਸ ਨੇ ਮੇਰਾ ਹੱਥ ਘੁੱਟ ਲਿਆ। ਹੰਝੂ ਉਸ ਦੀਆਂ ਅੱਖਾਂ 'ਚੋਂ ਡੁੱਲ੍ਹਣ-ਡੁੱਲ੍ਹਣ ਕਰਦੇ ਸਨ।

"ਮੈਂ ਤੁਹਾਡੀ ਪੀੜ ਸਮਝ ਸਕਦਾਂ," ਉਸ ਦਾ ਹੱਥ ਘੁੱਟਦੇ-ਘੁੱਟਦੇ ਮੈਨੂੰ ਚੇਤਾ ਹੀ ਭੁੱਲ ਗਿਆ ਕਿ ਉਹ ਉਸ ਵਾਰਦਾਤ 'ਚ ਸ਼ਾਮਿਲ ਕੁੜੀ ਦਾ ਪਿਉ ਸੀ, ਜਿਸ ਦੇ ਖ਼ਿਲਾਫ਼ ਮੈਂ ਗਵਾਹੀ ਦੇਣ ਆਇਆ ਸਾਂ।

"ਆਈ'ਮ ਸੌਰੀ," ਕੁੜੀ ਡੁਬਡੁਬਾਈਆਂ ਅੱਖਾਂ ਨਾ਼ਲ ਚਿੜੀ ਜਿੰਨੇ ਨਿੱਕੇ ਜਿਹੇ ਵਾਕ 'ਚੋਂ ਬੋਲੀ। ਮੈਨੂੰ ਲੱਗਿਆ ਜਿਵੇਂ ਕਿੰਮੀ ਕਹਿ ਰਹੀ ਹੋਵੇ, "ਸੌਰੀ ਡੈਡ।"

ਮੇਰੀਆਂ ਅੱਖਾਂ 'ਚ ਪਾਣੀ ਦਾ ਪਰਦਾ ਏਨਾ ਮੋਟਾ ਹੋ ਗਿਆ ਸੀ ਕਿ ਜਦੋਂ ਮੈਂ ਗਲਿਆਰੇ 'ਚ ਆਇਆ ਤਾਂ ਸਾਹਮਣੇ ਸ਼ੀਸ਼ੇ ਦੇ ਫ਼ਰੇਮ 'ਚ ਜੜੀ ਕੁਦਰਤ ਦੀ ਰੰਗ-ਬਰੰਗੀ ਪੇਂਟਿੰਗ ਮੈਨੂੰ ਦਿਸ ਨਹੀਂ ਸੀ ਰਹੀ...।

# ਹੈੱਡ ਮਿਸਤਰੀ ਅਮਰਾ

***ਅਵਤਾਰ ਸਿੰਘ ਬਿਲਿੰਗ ਬੁਨਿਆਦੀ ਰੂਪ ਵਿਚ ਗਲਪਕਾਰ ਹੈ। ਉਸ ਦੀਆਂ ਕਹਾਣੀਆਂ ਅਤੇ ਨਾਵਲਾਂ ਵਿਚ ਪੇਸ਼ ਹੋਏ ਪਾਤਰ ਅਤੇ ਘਟਨਾਵਾਂ ਆਪਣੀ ਕਹਾਣੀ ਆਪ ਕਹਿੰਦੇ ਹਨ। ਹਾਲ ਹੀ ਵਿਚ ਉਸ ਦੀ ਨਵੀਂ ਕਿਤਾਬ 'ਮੂਰਤਾਂ ਰੰਗ ਬਰੰਗੀਆਂ' ਛਪ ਕੇ ਆਈ ਹੈ। ਇਸ ਕਿਤਾਬ ਵਿਚ ਉਸ ਨੇ ਆਪਣੇ ਨੇੜਲੇ ਕੁਝ ਪਾਤਰਾਂ ਦੇ ਦਿਲਚਸਪ ਵੇਰਵੇ ਇਸ ਢੰਗ ਨਾਲ ਗੁੰਦੇ ਹਨ ਕਿ ਇਹ ਪਾਠਕ ਨੂੰ ਆਪਣੇ ਨਾਲ ਵਹਾ ਕੇ ਲੈ ਜਾਂਦੇ ਹਨ। ਪਾਤਰਾਂ ਦਾ ਲਹਿਜਾ ਅਤੇ ਲੇਖਕ ਦੀ ਭਾਸ਼ਾ ਆਪਸ ਵਿਚ ਜੁੜ ਕੇ ਤਲਿਸਮ ਸਿਰਜ ਦਿੰਦੇ ਹਨ।***

ਮਿਸਤਰੀ ਅਮਰ ਸਿੰਘ ਸਾਰੀ ਉਮਰ ਆਪਣੇ ਪਿੰਡ ਨੂੰ ਸਮਰਪਿਤ ਰਿਹਾ। ਅਮਰੂ, ਅਮਰਾ, ਅਮਰ ਸਿੰਘ! ਸਮੇਂ ਨਾਲ਼ ਬਦਲਦੇ ਤਿੰਨ ਨਾਮ। ਪੰਜਾਹਵਿਆਂ ਦੇ ਆਰੰਭ ਵਿਚ ਉਸ ਨੇ ਰਾਜਗਿਰੀ ਸ਼ੁਰੂ ਕੀਤੀ ਤਾਂ ਸਾਡਾ ਸਾਰਾ ਪਿੰਡ ਕੱਚਾ ਸੀ। ਇਕੀਵੀਂ ਸਦੀ ਵਿਚ ਸਰਗਰਮੀ ਜਾਰੀ ਰੱਖਣ ਮਗਰੋਂ ਜਦੋਂ ਇਸ ਕਾਰੀਗਰ ਹਸਤੀ ਨੇ ਸੰਸਾਰ ਤੋਂ ਕੂਚ ਕੀਤਾ, ਪਿੰਡ ਦੇ ਸਾਰੇ ਪੱਕੇ ਮੰਦਰ। ਕਿਸੇ ਗ਼ਰੀਬ ਦਾ ਵੀ ਕੱਚਾ ਕੋਠੜਾ ਢੂੰਡਿਆਂ ਨਹੀਂ ਸੀ ਲੱਭਦਾ। ਉਸ ਨੂੰ ਕੋਈ ਨਵਾਂ ਮਕਾਨ ਬਣਾਉਣ ਵੇਲੇ ਅਜੀਬ ਚਾਅ ਚੜ੍ਹਦਾ। ਉਹ ਪੂਰੇ ਸ਼ਗਨਾਂ ਨਾਲ ਇਹ ਪਵਿੱਤਰ ਕਾਰਜ ਆਰੰਭਦਾ, ਪਰਿਵਾਰ ਦੇ ਵੱਡੇ ਪੁੱਤਰ ਤੋਂ ਨੀਂਹ ਦੀ ਪਹਿਲੀ ਇੱਟ ਰਖਵਾਉਂਦਾ, ਨੀਂਹ ਵਿਚ ਤੇਲ ਚੋਂਦਾ, ਚੌਲ਼, ਹਲਦੀ ਮਿੱਠਾ ਉਥੇ ਰੱਖਵਾਉਂਦਾ, ਮੱਥਾ ਟੇਕਾਉਂਦਾ। ਉਸ



ਦੀ ਖ਼ਾਸ ਖ਼ਾਤਰਦਾਰੀ ਸ਼ੁਰੂ ਹੋ ਜਾਂਦੀ। ਉਹ ਨਿੱਤ ਦਾ ਮਹਿਮਾਨ ਹੁੰਦਾ। ਹਾਜ਼ਰੀ ਵਕਤ ਪਰਾਉਂਠੇ। ਚਾਹ ਦੁੱਧ ਮਜ਼ਦੂਰਾਂ ਤੇ ਮਾਲਕ ਤੋਂ ਵੱਖਰਾ। ਰਾਤ ਵੇਲੇ ਮਿੱਠਾ ਬੰਧਾ ਹਰ ਸ਼ਾਮ

**ਅਵਤਾਰ ਸਿੰਘ ਬਿਲਿੰਗ**
**ਫੋਨ: +1-253-368-1966**

ਦਾਰੂ-ਦਰਮਲ ਵੀ। ਕਿਰਤ ਕਰਦਾ, ਉਹ ਗੱਲਾਂ ਦਾ ਗਾਉਣ ਲਾਈ ਰੱਖਦਾ:

ਘਰ ਆ ਉੱਤਰੇ ਦੇਵਤੇ
ਘਰ ਕਿਥੇ ਭਾਈ?
ਢਾਕ ਮਰੋੜੇ ਗੱਲ ਕਰੇ
ਜਦ ਨੀਂਹ ਟਿਕਾਈ।
.... ... ...
ਬੰਨ੍ਹ ਬਨੇਰਾ ਉੱਤਰੇ
ਜਮ ਦੇਣ ਦਿਖਾਈ।

ਇੰਝ ਲਗਾਤਾਰ ਉਹ ਆਪਣੇ ਕਿੱਤੇ ਸਬੰਧੀ ਟੋਟਕੇ ਸੁਣਾਉਂਦਾ। ਕੰਠ ਕੀਤੇ ਗੁਰ ਦੱਸਦਾ:


ਰਾਜਗਿਰੀ ਦਾ ਕੀ ਕਰਨਾ
ਦਰਜ਼ ਬਚਾ ਕੇ ਰੋੜਾ ਧਰਨਾ।

ਉਸ ਕੋਲ ਰਾਜ ਮਿਸਤਰੀਆਂ ਬਾਰੇ, ਵੱਖੋ-ਵੱਖਰੇ ਸੁਭਾਅ ਵਾਲੀਆਂ ਸੁਆਣੀਆਂ ਸਬੰਧੀ ਕਿੰਨੀਆਂ ਕਥਾ ਕਹਾਣੀਆਂ ਸਨ। ਚਿਣਾਈ ਲਿਖਾਈ ਦਾ ਔਖਾ ਭਾਰਾ ਕਾਰਜ ਕਾਹਲੀ ਨਾਲ ਨਿਪਟਾਉਂਦਾ ਜਾਂ ਧੀਮੀ ਚਾਲ ਫੁੱਲ ਬੂਟੀਆਂ ਪਾਉਣ ਵਾਲੀ ਬਾਰੀਕ ਕਾਢ ਕੱਢਦਾ; ਉਹ ਪਖਾਣੇ ਸੁਣਾਈ ਜਾਂਦਾ: "ਲਉ ਜੀ ਸਰਦਾਰ ਬਹਾਦਰ, ਸੁਣ ਲੌ ਮੇਰੀ ਗੱਲ। ਕਾਰੀਗਰ ਨੂੰ ਹਰ ਤਰ੍ਹਾਂ ਦੇ ਬੰਦੇ ਅਰ ਸੁਆਣੀਆਂ ਟੱਕਰਦੀਆਂ। ਮਹਾਂ ਕੰਜੂਸ ਅਰ ਥੁੜ੍ਹੀ ਨੀਤ ਆਲਿਆਂ ਨਾਲ ਵੀ ਵਾਹ ਪੈਂਦਾ। ਹਰੇਕ ਥੋਡੇ ਵਰਗਾ ਸਖੀ ਦਿਲ ਅਰ ਰੱਜੀ ਰੂਹ ਵਾਲਾ ਥੋੜ੍ਹੀ ਬਣ ਜੂ?" ਉਸ ਦੀ ਮੱਠੀ ਤੋਰ ਤੋਂ ਨਾਰਾਜ਼ ਦਿਸਦੇ ਘਰ ਦੇ ਮਾਲਕ ਨੂੰ ਉਹ ਖ਼ੁਸ਼ ਕਰ ਦਿੰਦਾ।

"ਲਉ ਸੁਣ ਲੋ ਮੇਰੀ ਗੱਲ! ਕਿਸੇ ਅੱਕੀ ਹੋਈ ਮਾਈ ਨੇ ਆਪਣੇ ਨਿੱਕਾ ਸਿੰਘ ਵਰਗੇ ਕਾਰੀਗਰ ਨੂੰ ਮਿੱਠਾ ਬੰਧਾ ਤਾਂ ਕੀ ਪਾਉਣਾ, ਮਿੱਸੀ ਰੋਟੀ ਉੱਤੇ ਗੰਢਾ ਧਰ ਕੇ ਫੜਾ ਦਿੱਤਾ। ਨਿੰਮੋਝੂਣੇ ਹੋਏ, 'ਰੋਹੜੂ ਪਰਸ਼ਾਦ' (ਗੰਢਾ) ਨਾਲ ਰੋਟੀ ਛਕਦੇ ਮਿਸਤਰੀ ਦੀਆਂ ਅੱਖਾਂ ਵਿਚ ਪਾਣੀ ਆ ਗਿਆ। ਉਪਰੋਂ ਬੁੜ੍ਹੀ ਪੁੱਛਦੀ ਹੈ; ਮਿਸਤਰੀ ਜੀ ਰੋਂਦੇ ਓ?... ਇਥੇ ਆ ਕੇ ਅਮਰ ਸਿਹੁੰ ਮੁਸਕਰਾਉਂਦਾ ਹੋਇਆ ਸਾਹਮਣੇ ਦੇਖਦਾ। ਮਾਲਕ ਦੇ ਮੱਥੇ ਦੀ ਤਿਊੜੀ ਢਿੱਲੀ ਪਈ ਦਿਸਦੀ ਤਾਂ ਦਿਹਾੜੀਏ ਮਜ਼ਦੂਰਾਂ ਵੱਲ ਦਹਾੜਦਾ: ਤੁਸੀਂ ਤਾਂ ਮੇਰੇ ਯਾਰ ਮੌਜ ਨਾਲ ਸੁਸਰੀ ਬਣ ਗੇ? ਮਖਿਆ, ਜੇ ਤੁਸੀਂ ਵੀ ਸਾਡਾ ਚਿੱਠਾ ਸੁਣਨ ਦੇ ਕੰਨ ਰਸ 'ਚ ਪੈ ਗੇ, ਕੰਮ ਕੌਣ ਕਰੂ? ਆਪਾਂ ਮਜੂਰ ਲੋਕ ਹਾਂ। ਏਸ ਸਰਦਾਰ ਜੀ ਨੇ ਸਾਨੂੰ ਹੀਰ ਸੁਣਨ ਖ਼ਾਤਰ ਨੀਂ ਸੱਦਿਆ।... ਗਾਰਾ ਲਿਆਓ ਗਾਰਾ! ਓਏ ਮਸਾਲਾ ਵੀ ਨਾਲ ਦੀ ਨਾਲ ਤਿਆਰ ਹੋਇਆ ਚਾਹੀਦਾ!... ਓ ਭਈਆ, ਤੂੰ ਮੇਰੇ ਸਿਰ 'ਤੇ ਖੜ੍ਹਾ, ਭਿੱਜੇ ਕਾਊਂ ਵਾਂਗੂੰ ਕਿਧਰ ਝਾਕੀ ਜਾਨੈਂ? ਚੱਲ ਤੁਰ, ਇੱਟਾਂ ਤਰ ਕਰ ਲੈ, ਪੂਰਬ ਦੀਏ ਰੋਸ਼ਨੀਏਂ!" ਆਪਣੇ ਪੱਕੇ ਰੱਖੇ ਮਜ਼ਦੂਰਾਂ ਨੂੰ ਦੜਕਦਾ, ਸ਼ਾਂਤ ਖੜੋਤੇ ਮਕਾਨ ਮਾਲਕ ਵੱਲ ਮੁਸਕਰਾਉਂਦਾ, ਦੁਬਾਰਾ ਕਥਾ ਛੋਂਹਦਾ: "ਮਖਿਆ, ਸੁਣਦੇ ਓ ਸਰਦਾਰ ਬਹਾਦਰ?... ਉਹ ਰਾਜ ਮਿਸਤਰੀ ਰੋਟੀ ਖਾਂਦਾ, ਪਤੈ ਕੀ ਕਹਿੰਦਾ: ਮਾਈ ਏ ਮਾਈ! ਮੈਂ ਤਾਂ ਹੁਣੇ ਰੋਂਦੈਂ, ਤੂੰ ਸਾਰੀ ਉਮਰ ਅੱਖਾਂ 'ਚ ਘਸੁੰਨ ਦੇ ਕੇ ਨਾ ਰੋਵੇਂ ਤਾਂ ਮੈਨੂੰ ਵੀ ਨਿੱਕਾ ਸਿਹੁੰ ਨਾ ਆਖੀਂ।"

"ਮਖਿਆ ਹੈੱਡ ਮਿਸਤਰੀ, ਰਾਜ ਨੇ ਐਹੋ ਜੀ ਕਿਹੜੀ ਕਾਰੀਗਰੀ ਦਿਖਾ'ਤੀ?" ਇਕ ਵਾਰੀ ਕਥਾ ਰਸ ਦਾ ਸਤਾਇਆ ਮਜ਼ਦੂਰ ਸਪੋਲੀਏ ਵਰਗੀ ਗਿੱਠ ਕੁ ਦੀ ਕਰਾਂਡੀ ਨਾਲ ਮਹੀਨ ਉੱਕਰੇ ਫੁੱਲ ਬੂਟਿਆਂ ਤੋਂ ਲੀਰ ਨਾਲ ਵਾਧੂ ਸੀਮਿੰਟ ਝਾੜ ਰਹੇ ਰਾਜ ਮਿਸਤਰੀ ਦੇ ਮੁੜ ਸਿਰਹਾਣੇ ਆ ਖੜੋਤਾ।

"ਭਲੇ ਵੇਲਿਆਂ ਦੀਆਂ ਭਲੀਆਂ ਗੱਲਾਂ। ਉਹਨਾਂ ਸਮਿਆਂ 'ਚ ਕੱਚੇ ਕੋਠਿਆਂ 'ਚ ਵੱਸਦੇ, ਲੱਸੀਆਂ ਪੀਂਦੇ ਸਾਡੇ ਲੋਕ ਠੰਢੇ ਮਤਿਆਂ ਦੇ ਮਾਲਕ ਹੁੰਦੇ। ਹੁਣ ਵਾਂਗੂੰ ਅੱਗ ਭਬੂਕੇ ਵਾਂਗ ਨਾ ਮੱਚਦੇ। ਰਾਜ ਨੇ ਬੁੜ੍ਹੀ ਦੀ ਅੰਦਰਲੀ ਸੁਬਾਤ 'ਚ ਖਿੰਡਾਏ ਗੰਢਿਆਂ ਦੇ ਢੇਰ 'ਚੋਂ ਇਕ ਨਿੱਗਰ ਗੱਠਾ ਚੁੱਕਿਆ ਅਰ ਲਟੈਣ (ਲਟੈਣ-ਕੱਚੀ ਛੱਤ ਦੀ ਸਪੋਰਟ ਲਈ ਲੱਕੜ ਦਾ ਭਾਰਾ ਬੀਮ ਜਿਸ ਉੱਤੇ ਸ਼ਤੀਰੀਆਂ ਟਿਕਾਈਆਂ ਜਾਂਦੀਆਂ) ਦੇ ਹੇਠਾਂ ਰੱਖ'ਤਾ। ਭਾਰ ਨਾਲ ਗੰਢੇ ਨੇ ਫੁੱਟਣਾ ਈ ਸੀ। ਚੱਲ ਮੇਰੇ ਭਾਈ! ਲਟੈਣ ਪਰਨਾਲ਼ੇ ਕੰਨੀਓਂ ਉੱਚੀ ਅਰ ਪਿੱਛੇ ਨੂੰ ਨੀਵੀਂ! ਸਾਉਣ ਭਾਦੋਂ ਦਾ ਬੱਦਲ ਹਾਲੇ ਨੇੜਲੇ ਪਿੰਡ ਮਾਣਕੀ ਬਘੌਰ ਵੱਲ ਘੋਰਦਾ, ਮਾਈ ਦਾ ਮਕਾਨ ਪਹਿਲਾਂ ਤਿਪਕਣ ਲੱਗ ਜਾਇਆ ਕਰੇ।"



ਤੇ ਫੇਰ ਉਹ ਇਕ ਹੋਰ ਲੰਮੀ ਕਥਾ 'ਤਿੱਪ ਤਿੱਪ ਤਿੱਪਕਊਆ' ਛੇੜਦਾ:

ਸ਼ੇਰ ਤੋਂ ਨਾ ਡਰਦੀ,
ਬਘੇਰੇ ਤੋਂ ਨਾ ਡਰਦੀ
ਵੇ ਮੈਂ ਡਰਦੀ ਤਿੱਪਕਊਏ ਤੋਂ।

ਕਿਸੇ ਮਜ਼ਦੂਰ ਨੂੰ ਕੂਲੇ ਦੁਪਹਿਰੇ ਢਿੱਲਾ ਹੋਇਆ ਦੇਖਦਾ, ਕੁੱਦ ਕੇ ਪੈ ਜਾਂਦਾ: "ਓਏ, ਤੂੰ ਹੁਣੇ ਮਿਚਕ-ਮਿਚਕ ਤੁਰਨ ਲੱਗ ਪਿਐਂ, ਮੇਰੇ ਯਾਰ। ਅਜੇ ਘੁੱਗੀ ਨੇ ਕਦ ਆਹਲਣੇ ਆਉਣਾ ਕੰਜਰਾ?" ਦੁਪਹਿਰ ਦੀ ਰੈਸਟ ਵੇਲੇ ਵਿਹਲੇ ਬੈਠੇ ਮਜ਼ਦੂਰ ਉਸ ਨੂੰ ਬੁਰੇ ਲੱਗਦੇ।

"ਮੇਰੇ ਆਉਂਦੇ ਨੂੰ ਆਹ ਕਰ ਲੀਂ! ਤੂੰ ਔਹ ਕਰ ਲੀਂ! ਮੈਨੂੰ ਮਸਾਲਾ ਤਿਆਰ ਚਾਹੀਦਾ" ਦਾ ਆਡਰ ਛੱਡ ਕੇ ਪਿੰਡ ਵਿਚ ਦਰਵਾਜ਼ੇ ਦਾ ਭਲਵਾਨੀ ਗੇੜਾ ਕੱਢਣ ਤੁਰ ਜਾਂਦਾ। ਮੁੜ ਕੇ ਆਉਂਦਾ ਤਾਂ ਕਿਸੇ ਛਾਂ ਵਿਚ ਬੈਠੇ ਹਾਸਾ-ਖੇਡਾ ਕਰਦੇ ਮਜ਼ਦੂਰ ਉਸ ਨੂੰ ਛੇੜਦੇ:

"ਭਲਾ ਅੱਜ ਆਪਣੀ ਕਿਹੜੀ ਸਹੇਲੀ ਨੂੰ ਮਿਲ ਆਏ, ਹੈੱਡ ਸਾਹਬ?"

"ਵਾਹ ਬਈ ਵਾਹ! ਇੱਜ਼ਤਦਾਰ, ਚਿੱਟੀ ਕੁੱਕੜ ਦਾੜ੍ਹੀ ਨਾਲ ਮੈਂ ਤੈਨੂੰ ਕੁਝ ਨਸਲ ਨੂੰ ਆਸ਼ਕੀ ਕਰਦਾ ਦੀਂਹਦਾ ਹੋਊਂ।" ਉਹ ਕੌੜਾ ਝਾਕਦਾ। ਕਿਸੇ ਨਾਲ ਨਾ ਬੋਲਦਾ। ਉਸ ਲਈ ਆਈ ਅਲਹਿਦਾ ਚਾਹ ਪੀ ਕੇ, ਧੁੱਪ ਨਾਲ ਸੜਿਆ ਪਿੰਡਾ ਖੁਰਚਦਾ, ਕੰਮ ਲੱਗਣ ਲਈ 'ਹੋ-ਹੱਲਾ ਮਚਾਉਂਦਾ। ਰਾਹ ਵਿਚ ਪਏ ਤਸਲੇ ਬਾਲਟੀਆਂ ਨੂੰ ਠੋਕਰਾਂ ਮਾਰਦਾ, ਮਜ਼ਦੂਰਾਂ ਨੂੰ ਕੁੱਦ-ਕੁੱਦ ਪੈਂਦਾ: "ਓਏ ਤੈਨੂੰ ਗਰੌਂੜਾ (ਮੀਂਹ ਦੀ ਆਮਦ, ਬੱਦਲਵਾਈ) ਹੋਇਆ ਨ੍ਹੀਂ ਦੀਂਹਦਾ? ਜੇ ਮੀਂਹ ਉਤਰ ਪਿਆ, ਗਿੱਲਾ ਕੀਤਾ ਏਨਾ ਮਸਾਲਾ (ਖਾਸ ਅਨੁਪਾਤ ਵਿਚ ਗਿੱਲਾ ਕੀਤਾ ਸੀਮਿੰਟ ਤੇ ਰੇਤਾ) ਕਿਥੇ ਮੱਥੇਗਾ?... ਓਏ ਤੈਂ ਇੱਟਾਂ ਰੋਣ ਲਾਤੀਆਂ, ਪਤੀਲੇ ਦਿਆ ਢੱਕਣਾ?" ਉਹ ਖਿਝਦਾ, ਝਰਾਟੇ ਛੱਡਦਾ। ਘਰ ਦਾ ਮਾਲਕ ਨਾਲ ਆ ਲੱਗਦਾ। ਕੰਮ ਰੋਹੜੇ ਪੈ ਜਾਂਦਾ।

ਸ਼ਾਂਤ ਜਾਪਦਾ ਮਿਸਤਰੀ ਹੁਣ ਇਧਰ-ਉਧਰ ਨਜ਼ਰ ਦੁੜਾਉਂਦਾ। ਕਿਧਰੇ ਕੋਈ ਕੁੜੀ-ਕੱਤਰੀ ਨੇੜੇ ਨਾ ਸੁਣਦੀ ਹੋਵੇ, ਘਰ ਦੀ ਸੁਆਣੀ ਵੀ ਨਜ਼ਦੀਕ ਨਾ ਦਿਸਦੀ, ਉਹ ਧੀਮੀ ਆਵਾਜ਼ ਵਿਚ ਆਪਣੇ ਲੰਮੇ ਸਮੇਂ ਤੋਂ ਸਾਥੀ ਚਲੇ ਆਉਂਦੇ ਮਜ਼ਦੂਰ ਨੂੰ ਮੁਖ਼ਾਤਬ ਹੁੰਦਾ: "ਇਕ ਲੇਖੇ ਨਾਲ ਤੂੰ ਵੀ ਸੱਚਾ ਹੈਂ, ਨੌਰਾਤਾ ਸਿਆਂ। ਦੇਖੋ ਜੀ, ਸਾਨੂੰ ਓਪਰੇ ਬੰਦੇ ਘਰ ਨ੍ਹੀਂ ਸੱਦਣੇ ਚਾਹੀਦੇ। ਕੰਮ ਕਰਾਓ, ਆਪਣੇ ਜਾਣਕਾਰ ਤੋਂ! ਸਾਰੇ ਦੁੱਧ ਧੋਤੇ ਨਹੀਂ ਟੱਕਰਦੇ। ਥੋਡੇ ਘਰ ਸੱਦਿਆ ਅਣੋਭੜ ਕਾਰੀਗਰ ਕੀ ਪਤਾ ਕਿਹੋ ਜਿਹਾ ਹੋਵੇ।" ਉਹ ਮੂੰਹ ਵਿਗਾੜੀ ਫਿਰਦੇ ਆਪਣੇ ਪੱਕੇ ਸਾਥੀ ਨੂੰ ਵਡਿਆਉਣਾ ਲੋਚਦਾ: "ਲੈ ਤੂੰ ਕਿਸੇ ਸਹੇਲੀ ਵਾਲੀ ਗੱਲ ਵੀ ਸੁਣ ਲੈ। ਹੁਣ ਨਾਉਂ ਨਾ ਪੁੱਛੀਂ। ਆਪਣੇ ਪਿੰਡ ਕੋਈ ਰਾਜ ਇਕ ਪੱਕਾ ਚੁਬਾਰਾ ਛੱਤਦਾ, ਉਸ ਘਰ ਦੀ ਸੁਆਣੀ ਨਾਲ ਅੱਖ ਮਟੱਕਾ ਕਰਨ ਲੱਗ ਪਿਆ। ਐਹੋ ਜਿਹੇ ਮੁਸ਼ਕੀ ਬੰਦੇ ਵੀ ਹੋ ਗੁਜ਼ਰੇ ਨੇ, ਥਾਲੀ 'ਚ ਛੇਕ ਕਰਨ ਆਲੇ! ਸੱਚਾ ਤੂੰ ਵੀ ਹੈਂ।" ਮਿਸਤਰੀ ਹੱਸਦਾ।

"ਆ ਗਿਆ ਨਾ ਟਿਕਾਣੇ ਮਿਸਤਰੀ? ਦੂਏ ਦੀ ਨਸਲ ਕੁ-ਨਸਲ ਪਰਖਣ ਤੋਂ ਪਹਿਲਾਂ ਆਪਣੀ ਜਾਤ ਦੀ ਪੀੜ੍ਹੀ ਥੱਲੇ ਸੋਟਾ ਫੇਰਨਾ ਚਾਹੀਦਾ। ਹੁਣ ਮੰਨਦਾ ਹੈਂ ਕਿ ਨਹੀਂ?" ਕਿੰਨੀ ਦੇਰ ਤੋਂ ਅੰਦਰੋ ਅੰਦਰ ਵਿਸ ਘੋਲਦਾ ਰਿਹਾ ਮਜ਼ਦੂਰ ਭਬਕਾ ਬਣ ਕੇ ਮੱਚਦਾ। ਇੰਝ ਗੱਲਾਂ-ਗੱਲਾਂ ਵਿਚ ਕਈ ਵਾਰੀ ਤਕਰਾਰ ਹੋ ਜਾਂਦਾ। "ਓਏ, ਨਹੀਂ ਨਹੀਂ। ਸਮਾਈ ਕਰ ਸਾਊ। ਆਹ ਗੱਲ ਨ੍ਹੀਂ ਹੁੰਦੀ। ਏਹ ਤਾਂ ਮੇਰੇ ਯਾਰ ਦਿਲ ਮਿਲਿਆਂ ਦੇ ਮੇਲੇ, ਕੌਣ ਸਾਧ ਕੀਹਦੇ ਚੇਲੇ। ਹੁਣ ਮੇਰੀ ਏਸ ਗੱਲ ਨੂੰ ਸੱਚ ਮੰਨਦਾ, ਕਿਤੇ ਚੁਬਾਰੇ ਆਲ਼ਿਆਂ ਦੇ ਘਰ ਪੁੱਛਣ ਨਾ ਵਗ ਜਾਈਂ। ਕੁਛ ਗੱਲਾਂ ਤੇਰੇ ਵਰਗੇ ਦਾ ਮੂੰਹ ਚੁਰਚੁਰਾ ਕਰਨ ਖ਼ਾਤਰ ਸੁਣਾਉਣੀਆਂ ਪੈਂਦੀਆਂ।" ਕਿਰਤੀ ਦੇ ਮੱਥੇ ਦੀ ਤਿਊੜੀ ਢਿੱਲੀ ਪੈ ਜਾਂਦੀ। ਸਹਿਜ ਸੁਭਾਅ ਰਵਾਨੀ ਫੜਦੇ ਹੈੱਡ ਮਿਸਤਰੀ ਤੋਂ ਭੁੱਲ-ਭੁਲੇਖੇ ਪੂਰਾ ਕੋਕ ਸ਼ਾਸਤਰੀ ਪੁਰਾਣ ਖੁੱਲ੍ਹ ਜਾਂਦਾ।

"ਓਏ ਯਾਰੋ! ਕਿਉਂ ਤੁਸੀਂ ਸ਼ਰਮ ਲਾਹੀ ਐ?" ਆਪਣੀ ਘਰਵਾਲੀ ਦੇ ਆਉਣ ਦੀ ਆਹਟ ਤੋਂ ਖ਼ਬਰਦਾਰ ਹੋਏ ਮਾਲਕ ਨੂੰ ਅਚਾਨਕ ਦਖ਼ਲ ਦੇਣਾ ਪੈਂਦਾ ਤੇ ਫੇਰ ਕਿੰਨੀ ਦੇਰ ਚੁੱਪ ਵਰਤੀ ਰਹਿੰਦੀ। ਐਪਰ ਮਿਸਤਰੀ ਦੀ ਕਾਰੀਗਰੀ ਦਾ ਮੁੱਲ ਪਾਉਣ ਵਾਲੇ ਕਦਰਦਾਨ ਅਜਿਹੀਆਂ ਗੱਲਾਂ ਨੂੰ ਨਜ਼ਰਅੰਦਾਜ਼ ਕਰਦੇ, ਇਮਾਰਤ ਦੀ ਮਜ਼ਬੂਤੀ ਲਈ ਸਦਾ ਉਸ ਨੂੰ ਹੀ ਬੁਲਾਉਂਦੇ। ਪਿੰਡ ਵਿਚਲੇ ਇਕ ਮੋਹਤਬਰ ਬੰਦੇ ਦੀ ਰੂੜੀਆਂ ਤਰਫ਼ ਦੀ ਸੌ ਫੁੱਟ ਲੰਮੀ ਪੱਕੀ ਦੀਵਾਰ ਹਰੇਕ ਬਰਸਾਤ ਵਿਚ ਬਾਹਰ ਡੂੰਘੇ ਟੋਇਆਂ ਵੱਲ ਡਿਗ ਜਾਂਦੀ। ਉਹ ਓਪਰੇ ਰਾਜਾਂ ਤੋਂ ਦੋ ਤਿੰਨ ਵਾਰ ਬਣਵਾ ਚੁੱਕਿਆ ਸੀ। ਹੁਣ 'ਹੈੱਡ ਮਿਸਤਰੀ' ਉਸ ਦੀ ਇੱਕੋ-ਇਕ ਆਸ ਬਚੀ ਸੀ।

ਤਿੰਨ ਕੁ ਦਿਨਾਂ ਵਿਚ ਆਪਣੇ ਹੱਥੀਂ ਉਸਾਰੀ ਜਥੇਦਾਰ ਦੀ ਟੋਇਆਂ ਨੇੜਲੀ ਨਵੀਂ ਦੀਵਾਰ ਨੂੰ ਕਿਸੇ ਚਿੱਤਰਕਾਰ ਵਾਂਗ ਨਿਹਾਰਦਾ, ਅਮਰ ਸਿੰਘ ਹੁੱਬ ਕੇ ਬੋਲਿਆ: "ਲੈ ਹੁਣ ਗਿਰ ਕੇ ਦਿਖਾਵੇ ਤਾਂ ਭਲਾ।"

"ਬਹੁਤੀ ਹਮੀਂ (ਹੰਕਾਰ) ਨ੍ਹੀਂ ਦਿਖਾਈਦੀ ਹੈੱਡ ਸਾਹਬ। ਜੇ ਡਿਗ ਪਈ, ਫੇਰ?" ਦੁਮਾਲਾ ਸਜਾਈ ਖੜੋਤੇ ਜਥੇਦਾਰ ਨੂੰ ਅਜੇ ਵੀ ਯਕੀਨ ਨਹੀਂ ਸੀ।

"ਮੈਂ ਰਾਜਗਿਰੀ ਕਰਨੀ ਛੱਡ ਦੂੰ, ਸਰਦਾਰ ਬਹਾਦਰ। ਥੋਡੇ ਲੋਕਾਂ ਨੂੰ ਵੀ ਦਬਰੂ-ਘੁਸਰੂ ਮਿਸਤਰੀਆਂ ਤੋਂ ਕੰਮ ਦਾ ਘੜੰਮ ਕਰਾ ਕੇ ਈ ਏਹ ਖ਼ਾਨਦਾਨੀ ਰਾਜ ਚੇਤੇ ਆਉਂਦੈ।" ਸੱਚਮੁੱਚ ਦੁਬਾਰਾ ਕੀਤੀ ਉਹ ਕੰਧ ਮੁੜ ਕੇ ਨਹੀਂ ਡਿਗੀ।

"ਤੈਂ ਭਲਾ ਐਸੇ ਕਿਹੜੇ ਕੋਕੇ ਜੜਤੇ?" ਜਥੇਦਾਰ ਨੇ ਜਾਣਨਾ ਚਾਹਿਆ।

"ਤੁਸੀਂ ਆਪਣੀ ਜਾਚੇ ਫੰਨੇ ਖ਼ਾਨ ਮਿਸਤਰੀ ਸੱਦ ਕੇ ਦੇਖ ਲੈ। ਹਰੇਕ ਜਣਾ ਕੰਧ ਨੂੰ ਸਿੱਧੀ ਸਟੋਰ ਸਾਹਲ ਵਿਚ ਬਣਾਉਂਦਾ। ਮੀਂਹ ਪੈਣ ਨਾਲ ਜਿਉਂ ਹੀ ਟੋਏ ਪਾਣੀ ਨਾਲ ਭਰਦੇ, ਉਹ ਆਪਣਾ ਈ ਭਾਰ ਨਾ ਸਹਾਰਦੀ, ਓਧਰ ਨੂੰ ਪਾਟ ਜਾਂਦੀ। ਮੈਂ ਹੇਠ ਤੋਂ ਉਪਰ ਤੱਕ ਉਸਾਰੀ ਕਰਦੇ ਵਕਤ ਅੰਦਰ ਆਪਣੇ ਵੱਲ ਨੂੰ ਮਾਮੂਲੀ ਟੇਢ ਦਿੰਦਾ ਗਿਆ। ਉਤਾਂਹ ਤੱਕ ਸਾਰੀਓ ਛੇ ਇੰਚੀ ਟੇਪਰ ਮਸਾਂ ਦਿੱਤੀ ਹੋਊ। ਹੁਣ ਬਾਹਰ ਵੱਲ ਦਬਦੀ ਹੋਈ ਵੀ ਉਹ ਆਪਣਾ ਬੈਲੈਂਸ ਨ੍ਹੀਂ ਗਵਾਉਣ ਲੱਗੀ। ਕਾਰੀਗਰੀ ਦਾ ਘਰ ਬਹੁਤ ਦੂਰ ਹੈ ਜੀ। ਸੈਕਲ ਨੂੰ ਗਜ਼ ਬੰਨ੍ਹ ਕੇ ਤਾਂ ਹਰੇਕ ਐਰਾ-ਗ਼ੈਰਾ ਆਹਲਾ ਰਾਜ ਬਣਿਆ ਫਿਰਦਾ।"

ਇਕ ਵਾਰੀ ਆਪਣੀ ਨਵੀਂ 'ਸਾਮੀ ਦੀ ਵਡਿਆਈ ਕਰਦਾ, ਹੈੱਡ ਮਿਸਤਰੀ ਮੇਰੇ ਵਰਗੇ ਪੁਰਾਣੇ ਪੱਕੇ ਗਾਹਕ ਦੀ ਬਦਖੋਈ ਕਰ ਬੈਠਾ: "ਥੋਡੇ ਵਰਗਾ ਅੰਨ ਪਾਣੀ ਹਰੇਕ ਥੋੜ੍ਹੋ ਬਣਾਲੂ? ਭਲਾ ਇਕ ਗੱਲ ਐ। ਹਰੇਕ ਦੇ ਘਰ ਕੰਮ ਸਾਨੂੰ ਕਰਨਾ ਪੈਂਦਾ। ਇਕ ਬਾਹਲੀ ਪੜ੍ਹੀ-ਲਿਖੀ ਸੁਆਣੀ ਦੀ ਬਣਾਈ ਦਾਲ 'ਚੋਂ ਡੁਬਕੀ ਮਾਰੀ ਤੋਂ ਕੋਈ ਦਾਣਾ ਨ੍ਹੀਂ ਲੱਭਦਾ। ਕੜਾਹ 'ਚ ਗੰਢਾਂ ਪੈ ਜਾਂਦੀਆਂ। ਚਾਹ ਹੋਊ, ਜਿਵੇਂ ਸੇਵੀਆਂ ਦਾ ਪਾਣੀ! ਭਲਾ ਇਕ ਗੱਲ ਐ।... ਦੁੱਪੜਾਂ ਤਾਂ ਹਰੇਕ ਏ ਥੱਪ ਦਿੰਦੈ। ਰਸੋਈ ਕਲਾ ਦਾ ਘਰ ਬਹੁਤ ਦੂਰ ਐ, ਸਰਦਾਰ ਸਾਹਬ। ਊਂ ਅੰਨ ਪਾਣੀ ਤਾਂ ਕਹਿੰਦੇ, ਨਿੰਦਣਾ ਨ੍ਹੀਂ ਚਾਹੀਦਾ। ਥੋਡੇ ਘਰ ਬਣਿਆ ਅੰਨ ਪਾਣੀ ਛਕ ਕੇ ਅਨੰਦ ਹੋ ਜਾਈਦਾ। ਹਰੇਕ ਥੋੜ੍ਹੋ ਐਸੀ ਰਸੋਈ ਬਣਾ ਲੂ? ਭਲਾ ਇਕ ਗੱਲ ਐ।" ਹੁਣ ਅਜਿਹੀ ਗੱਲ ਹਰੇਕ ਦੇ ਕਿਥੇ ਹਜ਼ਮ ਹੁੰਦੀ। ਪਹੁੰਚ ਗਈ ਟਿਕਾਣੇ। ਪੁਰਾਣੀ ਸੁਆਣੀ ਸੁਣਦੇ ਸਾਰ ਭੜਕ ਪਈ: "ਹਰ ਸਾਲ ਬਰਸਾਤ ਦੇ ਮੌਸਮ 'ਚ ਜਦ ਰਾਜਾਂ ਨੂੰ ਕੋਈ ਨ੍ਹੀਂ ਪੁੱਛਦਾ, ਉਹ ਬੁੜ੍ਹਾ ਧੱਕੇ ਨਾਲ ਸਾਡੀ ਅਧੂਰੀ ਕੋਠੀ ਨੂੰ ਆ ਚਿੰਬੜਦਾ। ਮਹੀਨੇ ਸਵਾ ਮਹੀਨੇ 'ਚ ਪੂਰਾ ਪੀਪਾ ਘਿਓ ਦਾ ਚੱਟ ਜਾਂਦਾ। ਸ਼ਰਾਬ ਦਾ ਡਰੰਮ ਸੜਾਕ ਲੈਂਦਾ। ਅਜੇ ਫੇਰ ਵੀ ਸਾਡਾ ਦਾਲ਼ ਪਾਣੀ ਉਹਨੂੰ ਪਸੰਦ ਨਹੀਂ? ਆਉਣ ਦਿਓ 'ਕੇਰਾਂ ਸਾਡੇ ਘਰ!" ਉਹ ਮਿਸਤਰੀ ਨੂੰ ਉਡੀਕਣ ਲੱਗੀ।

ਇਕ ਦਿਨ ਸੁੱਖ ਸਾਂਦ ਪੁੱਛਣ ਆਏ ਕਾਰੀਗਰ ਨੂੰ ਬੜੇ ਸਤਿਕਾਰ ਨਾਲ ਚਾਹ ਦਾ ਕੱਪ ਫੜਾਉਂਦੀ ਉਹ ਪੜ੍ਹੀ-ਲਿਖੀ ਬੋਲੀ: "ਅਨਪੜ੍ਹ ਲੋਕਣੀਆਂ ਵਰਗੇ ਛੱਤੀ ਪਦਾਰਥ ਤਾਂ ਮੈਨੂੰ ਪੜ੍ਹੀ-ਲਿਖੀ ਨੂੰ ਬਣਾਉਣੇ ਕੋਈ ਨ੍ਹੀਂ ਆਉਂਦੇ, ਮਿਸਤਰੀ ਜੀ... ਜਿਵੇਂ ਏਨੀ ਦੇਰ ਤੁਸੀਂ ਸਾਡੀ ਪਤਲੀ ਪੋਲੀ ਦਾਲ ਸਬਜ਼ੀ ਖਾਂਦੇ ਰਹੇ ਹੋ, ਉਵੇਂ ਏਸ ਚਾਹ ਦੀ ਕੱਪੀ ਨੂੰ ਵੀ ਤੁਸੀਂ 'ਸੇਵੀਆਂ ਦਾ ਪਾਣੀ' ਸਮਝ ਕੇ ਪਰਵਾਨ ਕਰਿਓ ਤਾਇਆ ਜੀ।" ਮੁਸਕੜੀਆਂ ਹੱਸਦੀ ਮੇਰੀ ਪਤਨੀ ਰਸੋਈ ਵੱਲ ਪਰਤ ਗਈ ਤਾਂ ਅਚਨਚੇਤ ਸੁਚੇਤ ਹੋਇਆ ਹੈੱਡ ਮਿਸਤਰੀ ਬੋਲਿਆ: "ਏਹ ਤੂੰ ਕਿਹੜੀ ਗੱਲ ਕਰਤੀ ਭਾਈ ਸਾਊ? ਥੋਡੇ ਪੜ੍ਹਿਆਂ-ਲਿਖਿਆਂ ਵਰਗਾ ਅੰਨ ਪਾਣੀ ਉਹ ਮੂਲੋਂ ਗਵਾਰ ਲੋਕ ਕਿਥੋਂ ਬਣਾ ਲੈਣਗੇ।" ਛਿੱਥਾ ਪਿਆ ਸਾਡਾ ਅਮਰ ਸਿਹੁੰ ਚਾਹ ਪੀ ਕੇ ਜਲਦੀ ਉੱਠਿਆ। ਦੂਰ ਤੱਕ ਬੋਲਦਾ ਗਿਆ। "ਆਹ ਤਾਂ ਹੱਦ ਏ ਕਰਤੀ, ਬਿੱਜੂ ਬੰਦੇ ਨੇ। ਕਾਹਦਾ 'ਡਾਕਦਾਰ' ਹੋਇਆ ਉਹ? ਤਿੰਨ ਉਂਗਲਾਂ ਮਾਸ ਦੇ ਟੁਕੜੇ 'ਤੇ ਭੋਰਾ ਵੀ ਕਾਬੂ ਨਹੀਂ?! ਤਾਂ ਹੀ ਕਹਿੰਦੇ ਮੇਰੇ ਯਾਰ:

ਚੋਰੀ ਚੁਗਲੀ ਜਾਮਨੀ,
ਤੂੰ ਗੱਲਾਂ ਛੱਡ ਦੇ ਚਾਰ।
ਜਾਮਨੀ ਕੁਰਕ ਕਰਾਮਦੀ,
ਚੁਗਲੀ ਕਢਾਉਂਦੀ ਗਾਲ।

ਮਖਿਆ, ਸਾਡੇ ਏਹ ਅਨਪੜ੍ਹ ਲੋਕ ਜ਼ਬਾਨ ਸੰਭਾਲਣੀ ਕਿੱਦਣ ਸਿੱਖਣਗੇ?" ਉਸ ਦਿਨ ਅਮਰ ਸਿੰਘ ਨੂੰ ਹੈਰਾਨ ਪਰੇਸ਼ਾਨ ਹੋਇਆ ਦੇਖਦੇ ਜਾਣਕਾਰਾਂ ਦਾ ਵੀ ਬੁਲਾਉਣ ਦਾ ਹੌਸਲਾ ਨਹੀਂ ਸੀ ਪਿਆ।

ਅੱਸੀਵਿਆਂ ਵਿਚ ਜਦੋਂ ਹਰਾ ਇਨਕਲਾਬ ਆਪਣਾ ਥੋੜ੍ਹਚਿਰਾ ਜਲਵਾ ਦਿਖਾ ਕੇ ਲੋਪ ਹੋ ਗਿਆ ਤਾਂ ਖੇਤੀ ਤੋਂ ਨਿਰਾਸ ਹੋਏ ਪੱਛੜੀ ਜਾਤੀ, ਦਲਿਤ ਬਰਾਦਰੀਆਂ ਵਿਚੋਂ ਨਵੇਂ ਉੱਠੇ ਨੌਜਵਾਨ ਅਤੇ ਇਕ-ਦੋ ਜੱਟ ਕਿਰਸਾਨ ਵੀ ਰਾਜਗਿਰੀ ਕਰਨ ਲੱਗੇ। ਉਹਨਾਂ ਮੁੰਡਿਆਂ ਨੂੰ ਚੰਗੇ ਕਾਰੀਗਰ ਹੋਣ ਦੇ ਬਾਵਜੂਦ ਅਮਰ ਸਿੰਘ 'ਗਜ਼ ਟੰਗੂ ਰਾਜ' ਆਖਦਾ, ਟਿੱਚਰ-ਟਕੋਰ ਕਰਦਾ ਖ਼ੁਸ਼ ਹੁੰਦਾ, ਆਖ਼ਰੀ ਉਮਰ ਤੱਕ ਕਿਰਤ ਨਾਲ ਪਰਚਿਆ ਰਿਹਾ।

"ਕਦੇ ਸੋਚਿਐ, ਹੁਣ ਪਹਿਲਾਂ ਜਿੰਨਾ ਕੰਮ ਕਿਉਂ ਨ੍ਹੀਂ ਮਿਲਦਾ ਤਾਇਆ ਸਿਆਂ?" ਉਸ ਰੰਗੀਲੇ ਰਾਜ ਮਿਸਤਰੀ ਨੂੰ ਇਕ ਵਾਰੀ ਮੈਂ ਪੁੱਛਿਆ।

"ਦਬਰੂ-ਘੁਸਰੂ ਰਾਜਾਂ ਦੀ ਸਤੌਲ ਜੋ ਪੈਦਾ ਹੋ ਗੀ ਆਪਣੇ ਪਿੰਡ ਵਿਚ? ਨਾਲੇ ਤੁਸੀਓਂ ਟੋਟਕਾ ਸੁਣਾਉਂਦੇ ਹੁੰਦੇ:

ਐਸਾ ਕੌਣ ਜਹਾਨ 'ਤੇ ਦਿਆ ਸਿੰਘਾ
ਜੀਹਦੀ ਸ਼ੁਰੂ ਦੇ ਵਾਂਗ ਅਖ਼ੀਰ ਹੋਵੇ।"

ਤੇ ਉਹ ਸਾਈਕਲ ਉਪਰ ਅੱਡੀ ਦਿੰਦਾ, ਆਪਣੇ ਰਾਹ ਪਿਆ। "ਜੇ ਕਿਤੇ ਏਸ ਕਿਰਤੀ ਨੇ ਬਿਦੇਸ਼ 'ਚ ਚਾਲੀ ਸਾਲ ਹੱਡ ਭੰਨਵੀਂ ਮਿਹਨਤ ਕੀਤੀ ਹੁੰਦੀ, ਅੱਜ ਦਿਨ ਏਹ ਚਾਰ ਪੈਨਸ਼ਨਾਂ ਲੈਂਦਾ।" ਅੱਖਾਂ ਤੋਂ ਓਝਲ ਹੋਏ ਅਮਰ ਸਿੰਘ ਦੀ ਪਿੱਠ ਨਿਹਾਰਦਾ ਮੈਂ ਖੜ੍ਹਾ ਖੜੋਤਾ ਬੇਅਰਥ ਸੋਚਦਾ ਰਿਹਾ।

***ਉਸ ਕੋਲ ਰਾਜ ਮਿਸਤਰੀਆਂ ਬਾਰੇ, ਵੱਖੋ-ਵੱਖਰੇ ਸੁਭਾਅ ਵਾਲੀਆਂ ਸੁਆਣੀਆਂ ਸਬੰਧੀ ਕਿੰਨੀਆਂ ਕਥਾ ਕਹਾਣੀਆਂ ਸਨ। ਚਿਣਾਈ ਲਿਖਾਈ ਦਾ ਔਖਾ ਭਾਰਾ ਕਾਰਜ ਕਾਹਲੀ ਨਾਲ ਨਿਪਟਾਉਂਦਾ ਜਾਂ ਧੀਮੀ ਚਾਲ ਫੁੱਲ ਬੂਟੀਆਂ ਪਾਉਣ ਵਾਲੀ ਬਾਰੀਕ ਕਾਢ ਕੱਢਦਾ, ਉਹ ਪਖਾਣੇ ਸੁਣਾਈ ਜਾਂਦਾ: "ਲਉ ਜੀ ਸਰਦਾਰ ਬਹਾਦਰ, ਕਾਰੀਗਰ ਨੂੰ ਹਰ ਤਰ੍ਹਾਂ ਦੇ ਬੰਦੇ ਅਰ ਸੁਆਣੀਆਂ ਟੱਕਰਦੀਆਂ। ਮਹਾਂ ਕੰਜੂਸ ਅਰ ਥੁੜ੍ਹੀ ਨੀਤ ਆਲਿਆਂ ਨਾਲ ਵੀ ਵਾਹ ਪੈਂਦਾ। ਹਰੇਕ ਥੋਡੇ ਵਰਗਾ ਸਖੀ ਦਿਲ ਅਰ ਰੱਜੀ ਰੂਹ ਵਾਲਾ ਥੋੜ੍ਹੀ ਬਣ ਜੂ?" ਉਸ ਦੀ ਮੱਠੀ ਤੋਰ ਤੋਂ ਨਾਰਾਜ਼ ਦਿਸਦੇ ਘਰ ਦੇ ਮਾਲਕ ਨੂੰ ਉਹ ਖ਼ੁਸ਼ ਕਰ ਦਿੰਦਾ।***

# ਸਾਨੂੰ ਮੁਆਫ ਕਰੀਂ ਬਾਪੂ...

***ਕੈਨੇਡਾ ਵੱਸਦੇ ਪੱਤਰਕਾਰ ਗੁਰਪ੍ਰੀਤ ਸਿੰਘ ਨੇ ਪਿਤਾ ਦਿਵਸ ਮੌਕੇ ਮਹਾਤਮਾ ਗਾਂਧੀ ਦੇ ਨਾਂ ਇਹ ਬੜੀ ਦਿਲਚਸਪ ਇਬਾਰਤ ਲਿਖੀ ਹੈ। ਇਸ ਵਿਚ ਉਸ ਨੇ ਅੱਜ ਦੇ ਹਾਲਾਤ ਮੁਤਾਬਿਕ ਕੁਝ ਤੱਥ ਨਿਤਾਰਨ ਦਾ ਯਤਨ ਕੀਤਾ ਹੈ ਅਤੇ ਕੱਟੜਪੰਥੀਆਂ ਦੀ ਸਿਆਸਤ ਉਤੇ ਬੜੀ ਤਿੱਖੀ ਚੋਟ ਕੀਤੀ ਹੈ। ਇਸ ਲਿਖਤ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।***

ਪਿਆਰੇ ਬਾਪੂ,

ਤੁਹਾਨੂੰ ਪਿਤਾ ਦਿਵਸ ਮੁਬਾਰਕ। ਅੱਜ ਤੁਸੀਂ ਮੈਨੂੰ ਉਨ੍ਹਾਂ ਸਾਲਾਂ ਨਾਲੋਂ ਵੀ ਵੱਧ ਯਾਦ ਆ ਰਹੇ ਹੋ ਜਦੋਂ ਮੈਂ ਪਹਿਲੀ ਵਾਰ ਤੁਹਾਡੇ ਬਾਰੇ ਜਾਣਿਆ ਸੀ; ਉਦੋਂ ਮੈਂ ਭਾਰਤ ਵਿਚ ਅਜੇ ਬੱਚਾ ਹੀ ਸੀ ਅਤੇ ਵੱਡਾ ਹੋ ਰਿਹਾ ਸੀ।

ਮੈਨੂੰ ਫਿਰ ਵੀ ਤੁਹਾਨੂੰ ਬਾਪੂ ਕਹਿਣਾ ਬੁਰਾ ਨਹੀਂ ਲੱਗਦਾ ਭਾਵੇਂ ਮੇਰੇ ਬਹੁਤ ਸਾਰੇ ਦੋਸਤ ਵਿਚਾਰਧਾਰਕ ਕਾਰਨਾਂ ਕਰ ਕੇ ਇਸ ਕਾਰਨ ਮੇਰੇ ਨਾਲ ਨਾਰਾਜ਼ ਵੀ ਹੋ ਸਕਦੇ ਹਨ। ਹੁੰਦੇ ਨੇ ਤਾਂ ਹੋ ਲੈਣ ਦਿਓ। ਆਖ਼ਰਕਾਰ ਮੈਨੂੰ ਸਕੂਲ ਵਿਚ ਪੜ੍ਹਾਇਆ ਗਿਆ ਹੈ ਕਿ ਤੁਸੀਂ ਰਾਸ਼ਟਰ ਪਿਤਾ ਹੋ ਅਤੇ ਤੁਸੀਂ ਲਹੂ ਵਹਾਏ ਬਿਨਾ ਦੇਸ਼ ਨੂੰ ਆਜ਼ਾਦੀ ਲੈ ਕੇ ਦਿੱਤੀ। ਸਾਡੇ ਸਭਿਆਚਾਰ ਵਿਚ ਅਸੀਂ ਬਜ਼ੁਰਗਾਂ ਨਾਲ ਇਸੇ ਤਰ੍ਹਾਂ ਦਾ ਵਿਹਾਰ ਕਰਦੇ ਹਾਂ।

ਹਾਲਾਂਕਿ ਮੈਂ ਤੁਹਾਡੀ ਹਰ ਕਹਿਣੀ ਅਤੇ ਕਰਨੀ ਨਾਲ ਸਹਿਮਤ ਨਹੀਂ ਹਾਂ ਪਰ ਇਹ ਗੱਲ ਤਾਂ ਮੇਰੇ ਮਰਹੂਮ ਜੀਵ ਵਿਗਿਆਨਕ ਪਿਤਾ 'ਤੇ ਵੀ ਲਾਗੂ ਹੁੰਦੀ ਹੈ ਜਿਨ੍ਹਾਂ ਨੂੰ ਮੈਂ ਬਹੁਤ ਸਾਰੇ ਮੱਤਭੇਦਾਂ ਦੇ ਬਾਵਜੂਦ ਪਿਆਰ ਕਰਦਾ ਸੀ।

ਮੈਨੂੰ ਅਜੇ ਵੀ ਯਾਦ ਹੈ ਕਿ ਹਰ ਸਾਲ 30 ਜਨਵਰੀ ਨੂੰ ਅਸੀਂ ਸਾਇਰਨ ਦੀ ਆਵਾਜ਼ ਸੁਣ ਕੇ ਕਲਾਸਰੂਮ ਵਿਚ ਖੜ੍ਹੇ ਹੋ ਜਾਂਦੇ ਸੀ ਅਤੇ ਤੁਹਾਡੀ ਯਾਦ 'ਚ ਕੁਝ ਪਲ ਮੋਨ ਰਹਿ ਕੇ ਤੁਹਾਡੀ ਸ਼ਹਾਦਤ ਨੂੰ ਸਿਜਦਾ ਕਰਦੇ ਸੀ ਜਿਸ ਦਿਨ ਹਿੰਦੂ ਅਤਿਵਾਦੀ ਨੱਥੂਰਾਮ ਗੋਡਸੇ ਨੇ ਤੁਹਾਡੀ ਹੱਤਿਆ ਕੀਤੀ ਸੀ।


ਉਦੋਂ ਤੋਂ ਹੀ ਮੇਰੇ ਮਨ 'ਚ ਇਹ ਸਮਝਣ ਲਈ ਉਤਸੁਕਤਾ ਪੈਦਾ ਹੋ ਗਈ ਸੀ ਕਿ ਕੋਈ ਤੁਹਾਡੇ ਵਰਗੀ ਸੰਤ ਸ਼ਖਸੀਅਤ ਦੀ ਹੱਤਿਆ ਕਿਉਂ ਕਰੇਗਾ ਜਿਸ ਨੇ ਸਾਡੇ ਦੇਸ਼ ਉੱਪਰੋਂ ਅੰਗਰੇਜ਼ਾਂ ਦੇ ਕਬਜੇ ਵਿਰੁੱਧ ਅਹਿੰਸਕ ਵਿਰੋਧ ਲਹਿਰ ਦੀ ਅਗਵਾਈ ਕੀਤੀ। ਇਸ ਨਾਲ ਮੇਰੇ ਅੰਦਰ ਪੜ੍ਹਨ ਦੀ ਰੁਚੀ ਪੈਦਾ ਹੋਈ। ਇਸ ਮਨੋਰਥ ਨਾਲ ਮੈਂ ਗੋਡਸੇ ਦੇ ਇਕਬਾਲੀਆ ਬਿਆਨ ਦੀ ਕਾਪੀ ਵੀ ਲੈ ਕੇ ਪੜ੍ਹੀ।

ਮੈਨੂੰ ਯਕੀਨ ਹੋ ਗਿਆ ਕਿ ਤੁਸੀਂ ਤਰਕ ਦੀ ਆਵਾਜ਼ ਸੀ ਜਿਸ ਨੂੰ ਸਿਰਫ ਹਿੰਦੂ-ਮੁਸਲਿਮ ਏਕਤਾ ਲਈ ਡਟ ਕੇ ਖੜ੍ਹੇ ਹੋਣ, ਭਾਰਤ ਨੂੰ ਇਕਜੁੱਟ ਰੱਖਣ ਅਤੇ ਧਰਮ ਦੇ ਆਧਾਰ 'ਤੇ ਰਾਸ਼ਟਰ ਦੀ ਵੰਡ ਦਾ ਵਿਰੋਧ ਕਰਨ ਲਈ ਮਾਰ ਦਿੱਤਾ ਗਿਆ ਜਿਸ ਦਾ ਨਤੀਜਾ ਵੱਖਰਾ ਮੁਸਲਿਮ ਦੇਸ਼ ਪਾਕਿਸਤਾਨ ਬਣਨ 'ਚ ਨਿਕਲਿਆ ਸੀ। ਮੈਨੂੰ ਇਹ ਸਪੱਸ਼ਟ ਹੋ ਗਿਆ ਕਿ ਗੋਡਸੇ ਕੱਟੜਪੰਥੀ ਜਨੂਨੀ ਸੀ।

ਇਸ ਮੁੱਦੇ ਨੂੰ ਡੂੰਘਾਈ ਵਿਚ ਸਮਝਣ ਲਈ ਮੈਂ ਤੁਹਾਡੇ ਕਤਲ ਬਾਰੇ ਹੋਰ ਪੜ੍ਹਦਾ ਗਿਆ ਤਾਂ ਪਤਾ ਲੱਗਿਆ ਕਿ ਸਕੂਲਾਂ ਜਾਂ ਜਨਤਕ ਥਾਵਾਂ ਉੱਪਰ ਤਾਂ ਇਸ ਦੀ ਬਹੁਤੀ ਚਰਚਾ ਕੀਤੀ ਹੀ ਨਹੀਂ ਜਾਂਦੀ। ਮੈਂ ਮੁੱਖ ਤੌਰ 'ਤੇ ਦੋ ਤਰ੍ਹਾਂ ਦੇ ਲੋਕ ਦੇਖੇ: ਉਹ ਜੋ ਤੁਹਾਨੂੰ ਸ਼ਾਂਤੀ ਦੇ ਮਸੀਹਾ ਵਜੋਂ ਪਿਆਰ ਕਰਦੇ ਸਨ, ਜਾਂ ਉਹ ਜੋ ਤੁਹਾਨੂੰ ਨਫ਼ਰਤ ਕਰਦੇ ਸਨ। ਤੁਸੀਂ ਧਰਮ-ਨਿਰਪੱਖਤਾ ਅਤੇ ਵੰਨ-ਸਵੰਨਤਾ ਦੀ ਖ਼ਾਤਰ ਆਪਣੀ ਜਾਨ ਕੁਰਬਾਨ ਕਰ ਦਿੱਤੀ ਸੀ, ਫਿਰ ਵੀ ਇਸ ਬਾਰੇ ਬਹੁਤ ਹੀ ਸੀਮਤ ਦੋਸਤਾਂ ਦੇ ਦਾਇਰੇ ਤੋਂ ਸਿਵਾਇ ਸ਼ਾਇਦ ਹੀ ਕੋਈ ਜੋਸ਼ੋ-ਖ਼ਰੋਸ਼ ਨਾਲ ਚਰਚਾ ਕਰਨ ਦੀ ਪ੍ਰਵਾਹ ਕਰਦਾ ਸੀ।

ਮੈਨੂੰ ਸਭ ਤੋਂ ਵੱਧ ਦੁੱਖ ਇਹ ਸੀ ਕਿ ਤੁਸੀਂ ਹਿੰਦੂ ਧਰਮ ਦੇ ਆਪੇ-ਬਣੇ ਰਖਵਾਲੇ ਹੱਥੋਂ ਮਾਰੇ ਗਏ ਸੀ। ਗੋਡਸੇ ਹਿੰਦੂ ਸਰਵਉੱਚਤਾ ਦੀ ਵਿਚਾਰਧਾਰਾ ਵਿਚ ਵਿਸ਼ਵਾਸ ਰੱਖਦਾ ਸੀ, ਦਰਅਸਲ ਉਸ ਨੂੰ ਤੁਹਾਡਾ ਸਹਿਣਸ਼ੀਲ ਹਿੰਦੂਵਾਦ ਹਜਮ ਨਹੀਂ ਹੋਇਆ। ਇਹ ਸਵੀਕਾਰਨ ਯੋਗ ਨਹੀਂ ਕਿ ਤੁਹਾਡੇ ਵਰਗਾ ਅਭਿਆਸੀ ਹਿੰਦੂ ਜਨੂਨੀ ਗੋਡਸੇ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਗਿਆ।

ਕਈ ਸਾਲ ਕਿਤਾਬਾਂ ਪੜ੍ਹ ਕੇ ਹੌਲੀ-ਹੌਲੀ ਮੈਨੂੰ ਸਮਝ ਆਇਆ ਕਿ ਹਿੰਦੂ ਸੱਜੇ ਪੱਖੀਆਂ ਵੱਲੋਂ ਤੁਹਾਡੇ ਵਿਰੁੱਧ ਲਗਾਤਾਰ ਨਫ਼ਰਤ ਫੈਲਾਈ ਜਾ ਰਹੀ ਸੀ। ਉਹ ਇਸ ਗੱਲੋਂ ਔਖੇ ਸਨ ਕਿ ਤੁਸੀਂ ਦਲਿਤਾਂ ਨੂੰ ਮੰਦਰਾਂ ਵਿਚ ਜਾਣ ਤੋਂ ਰੋਕਣ ਲਈ ਕੀਤੀ ਜਾਂਦੀ ਛੂਤ-ਛਾਤ ਸਮੇਤ ਘੋਰ ਹਿੰਦੂ ਰਾਸ਼ਟਰਵਾਦੀਆਂ ਦੁਆਰਾ ਕੀਤੇ ਜਾ ਹਰ ਤਰ੍ਹਾਂ ਦੇ ਮਨੁੱਖਤਾ ਵਿਰੋਧੀ ਕਾਰਿਆਂ ਦਾ ਵਿਰੋਧ ਕਰਦੇ ਸੀ। ਜਿਸ ਸਾਲ 1948 'ਚ ਤੁਹਾਡੀ ਹੱਤਿਆ ਕੀਤੀ ਗਈ, ਉਸ ਤੋਂ ਬਹੁਤ ਸਮਾਂ ਪਹਿਲਾਂ ਤੋਂ ਲੈ ਕੇ ਤੁਹਾਡੀ ਜਾਨ ਲੈਣ ਦੀਆਂ ਕਈ ਕੋਸ਼ਿਸ਼ਾਂ ਕੀਤੀਆਂ ਗਈਆਂ। ਇਸ ਲਈ ਇਹ ਸਭ ਝੂਠ ਹੈ ਕਿ ਉਨ੍ਹਾਂ ਨੇ ਵੰਡ ਤੋਂ ਬਾਅਦ ਪਾਕਿਸਤਾਨ ਨਾਲ ਸ਼ਾਂਤੀ ਦੀ ਮੰਗ ਕਰਨ ਤੋਂ ਗੁੱਸੇ 'ਚ ਆ ਕੇ ਤੁਹਾਨੂੰ ਮੌਤ ਦੀ ਸਜ਼ਾ ਦਿੱਤੀ।



ਤੁਸੀਂ 1934 'ਚ ਪਹਿਲੇ ਹਮਲੇ ਤੋਂ ਵਾਲ-ਵਾਲ ਬਚ ਗਏ, ਇਸੇ ਤਰ੍ਹਾਂ 1948 ਵਿਚ ਜਾਨਲੇਵਾ ਹਮਲੇ ਤੋਂ ਪਹਿਲਾਂ ਤੁਹਾਡੇ ਉੱਪਰ ਕੁਝ ਹੋਰ ਵੀ ਹਮਲੇ ਕੀਤੇ ਗਏ। ਇਹ ਦਰਸਾਉਂਦਾ ਹੈ ਕਿ ਉਹ ਹਮੇਸ਼ਾ ਹੀ ਤੁਹਾਡੇ ਲਹੂ ਦੇ ਤਿਹਾਏ ਸਨ। ਇਹ ਬਹੁਤ ਹੀ ਦੁਖਦਾਈ ਹੈ ਕਿ ਇਹ ਕਹਾਣੀ ਜ਼ਿਆਦਾਤਰ ਅਣਕਹੀ ਹੀ ਰਹਿ ਗਈ ਹੈ। ਤੁਹਾਡੇ ਕਤਲ ਦੀ ਕਹਾਣੀ ਦਾ ਸਿਰਫ਼ ਸਤਹੀ ਜਿਹਾ ਰੂਪ ਹੀ ਮਸ਼ਹੂਰ ਕੀਤਾ ਗਿਆ ਹੈ, ਖ਼ਾਸ ਕਰ ਕੇ ਸੱਜੇ ਪੱਖੀ ਹਿੰਦੂ ਸਮੂਹਾਂ ਦੇ ਹਮਾਇਤੀਆਂ ਵੱਲੋਂ। ਸਿਤਮਜ਼ਰੀਫ਼ੀ ਤਾਂ ਇਹ ਹੈ ਕਿ ਗੋਡਸੇ ਦੇ ਪੈਰੋਕਾਰ ਲਗਾਤਾਰ ਉਸ ਦੀ ਮਹਿਮਾ ਗਾ ਰਹੇ ਹਨ ਅਤੇ ਤੁਹਾਡੀ ਮੌਤ ਦਾ ਜਸ਼ਨ ਮਨਾਉਂਦੇ ਹਨ।

ਆਪਣੀ ਕਰਤੂਤ ਦੀ ਸਫ਼ਾਈ ਦੇਣ ਲਈ ਉਨ੍ਹਾਂ ਵੱਲੋਂ ਜੋ ਦਲੀਲ ਦਿੱਤੀ ਜਾਂਦੀ ਹੈ, ਉਸ ਨੇ ਬਹੁਤ ਸਾਰੇ ਹਿੰਦੂਆਂ ਦੀਆਂ ਅੱਖਾਂ ਉੱਪਰ ਪੱਟੀ ਬੰਨ੍ਹ ਦਿੱਤੀ ਹੈ ਜੋ ਸੱਚਮੁੱਚ ਇਹ ਸਮਝਦੇ ਹਨ ਕਿ ਤੁਸੀਂ ਮੁਸਲਮਾਨ ਅਤੇ ਪਾਕਿਸਤਾਨ ਪੱਖੀ ਸੀ, ਤੇ ਇਹੀ ਤੁਹਾਡੀ ਮੌਤ ਦਾ ਕਾਰਨ ਬਣਿਆ। ਉਹ ਇਸ ਤੱਥ ਨੂੰ ਆਸਾਨੀ ਨਾਲ ਅੱਖੋਂ ਪਰੋਖੇ ਕਰ ਦਿੰਦੇ ਹਨ ਕਿ ਵੰਡ ਵੇਲੇ ਤੁਸੀਂ ਮੁਸਲਿਮ ਬਹੁ-ਗਿਣਤੀ ਵਾਲੇ ਇਲਾਕਿਆਂ ਵਿਚ ਵੀ ਸ਼ਾਂਤੀ ਲਈ ਵਰਤ ਰੱਖ ਰਹੇ ਸੀ ਜਿੱਥੇ ਹਿੰਦੂ ਘੱਟਗਿਣਤੀ ਹਿੰਸਾ ਦਾ ਨਿਸ਼ਾਨਾ ਬਣੀ ਸੀ।

ਮੈਂ ਇਸ ਸਿੱਟੇ 'ਤੇ ਪਹੁੰਚਿਆ ਹਾਂ ਕਿ ਤੁਹਾਡੀ ਮੌਤ ਲਈ ਇਕੱਲਾ ਗੋਡਸੇ ਜ਼ਿੰਮੇਵਾਰ ਨਹੀਂ ਸੀ। ਉਹ ਇਕ ਵਿਚਾਰਧਾਰਾ ਦੀ ਨੁਮਾਇੰਦਗੀ ਕਰਦਾ ਸੀ ਜੋ ਅੱਜ ਵੀ ਜ਼ਿੰਦਾ ਹੈ ਅਤੇ ਦਿਨੋ-ਦਿਨ ਵਧ-ਫੁਲ ਰਹੀ ਹੈ, ਖ਼ਾਸ ਕਰ ਕੇ ਨਵੀਂ ਦਿੱਲੀ ਦੀ ਮੌਜੂਦਾ ਭਾਜਪਾ ਸਰਕਾਰ ਦੇ ਅਧੀਨ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੋ ਤੁਹਾਨੂੰ ਸ਼ਰਧਾਂਜਲੀ ਦੇ ਕੇ ਦੁਨੀਆ ਨੂੰ ਮੂਰਖ਼ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਵੀ.ਡੀ. ਸਾਵਰਕਰ ਦੀ ਜੈ-ਜੈਕਾਰ ਕਰਦਾ ਹੈ ਜੋ ਤੁਹਾਡੇ ਕਤਲ ਵਿਚ ਸ਼ਾਮਲ ਸੀ। ਭਾਵੇਂ ਉਸ ਸ਼ਖ਼ਸ ਨੂੰ ਅਦਾਲਤਾਂ ਨੇ ਬਰੀ ਕਰ ਦਿੱਤਾ ਸੀ ਪਰ ਉਹ ਭਾਰਤੀ ਇਤਿਹਾਸ ਦੇ ਜਾਣਕਾਰਾਂ ਦੀਆਂ ਨਜ਼ਰਾਂ ਵਿਚ ਦੋਸ਼ੀ ਹੈ। ਜਿਵੇਂ ਇਹ ਕਾਫ਼ੀ ਨਾ ਹੋਵੇ, ਉਨ੍ਹਾਂ ਦੀ ਪਾਰਟੀ ਦੇ ਕੁਝ ਸਾਥੀ ਬੇਸ਼ਰਮੀ ਨਾਲ ਗੋਡਸੇ ਦੀ ਤਾਰੀਫ਼ ਕਰਦੇ ਹਨ। ਉਨ੍ਹਾਂ ਵਿਚ ਸਾਧਵੀ ਪ੍ਰੱਗਿਆ ਠਾਕੁਰ ਵੀ ਸ਼ਾਮਲ ਹੈ ਜੋ ਮੁਸਲਮਾਨਾਂ ਨੂੰ ਬੰਬ ਧਮਾਕਿਆਂ ਰਾਹੀਂ ਨਿਸ਼ਾਨਾ ਬਣਾਉਣ ਅਤੇ ਦਹਿਸ਼ਤਵਾਦ ਵਿਚ ਸ਼ਾਮਲ ਰਹੀ ਹੈ। ਮੋਦੀ ਦੇ ਆਸ਼ੀਰਵਾਦ ਨਾਲ ਉਹ ਸੰਸਦ ਵਿਚ ਬਿਰਾਜਮਾਨ ਹੈ, ਜਦੋਂਕਿ ਉਸੇ ਵਰਗੇ ਹੋਰ ਅਨਸਰ ਦਹਿਸ਼ਤਵਾਦੀ ਸਰਗਰਮੀਆਂ ਵਿਚ ਸ਼ਾਮਲ ਹੋਣ ਦੇ ਬਾਵਜੂਦ ਕਾਨੂੰਨ ਦੀ ਗ੍ਰਿਫ਼ਤ ਤੋਂ ਬਾਹਰ ਹਨ ਜਿਸ ਤਰ੍ਹਾਂ ਦੀਆਂ ਕਾਰਵਾਈਆਂ ਲਈ ਗੋਡਸੇ ਅਤੇ ਉਸ ਦਾ ਗਰੋਹ ਜ਼ਿੰਮੇਵਾਰ ਸੀ।

2002 ਵਿਚ ਮੋਦੀ ਦੀ ਸਰਕਾਰ ਨੇ ਤੁਹਾਡੇ ਗ੍ਰਹਿ ਰਾਜ ਗੁਜਰਾਤ ਵਿਚ ਜਨੂਨੀਆਂ ਨੂੰ ਮੁਸਲਮਾਨਾਂ ਦਾ ਕਤਲੇਆਮ ਕਰਨ ਦੀ ਖੁੱਲ੍ਹ ਦਿੱਤੀ ਜਿਸ ਨੇ ਉਸ ਰਾਜ ਨੂੰ ਬਦਨਾਮ ਕੀਤਾ ਜੋ ਤੁਹਾਡੇ ਪਿਆਰ ਅਤੇ ਭਾਈਚਾਰੇ ਦੀ ਵਿਰਾਸਤ ਲਈ ਜਾਣਿਆ ਜਾਂਦਾ ਹੈ।

2014 ਵਿਚ ਜਦੋਂ ਤੋਂ ਮੋਦੀ ਪ੍ਰਧਾਨ ਮੰਤਰੀ ਬਣਿਆ ਹੈ, ਉਦੋਂ ਤੋਂ ਹੀ ਪੂਰੇ ਭਾਰਤ ਵਿਚ ਧਾਰਮਿਕ ਘੱਟਗਿਣਤੀਆਂ ਉੱਪਰ ਹਮਲੇ ਵਧ ਗਏ ਹਨ। ਜਿਸ ਭਾਰਤ ਦੀ ਕਲਪਨਾ ਤੁਸੀਂ ਕੀਤੀ ਸੀ, ਉਹ ਕਿਧਰੇ ਨਜ਼ਰ ਨਹੀਂ ਆ ਰਿਹਾ ਅਤੇ ਸਾਨੂੰ ਜਾਬਰ ਹਿੰਦੂ ਰਾਸ਼ਟਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜੋ ਬਣਨ ਦੀ ਪ੍ਰਕਿਰਿਆ 'ਚ ਹੈ। ਜਿਹੜਾ ਵੀ ਕੋਈ ਇਸ ਬਾਰੇ ਸਵਾਲ ਕਰਦਾ ਹੈ, ਉਸ ਨੂੰ ਉਸੇ ਤਰ੍ਹਾਂ ਜੇਲ੍ਹਾਂ ਦੀ ਕੈਦ ਅਤੇ ਦੇਸ਼ਧ੍ਰੋਹ ਦੇ ਕਾਨੂੰਨਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜੋ ਸੰਤਾਪ ਤੁਹਾਨੂੰ ਅੰਗਰੇਜ਼ ਰਾਜ ਦੌਰਾਨ ਝੱਲਣਾ ਪਿਆ ਸੀ।

ਪਰ ਸਾਨੂੰ ਇਸ ਹਕੀਕਤ ਦਾ ਸਾਹਮਣਾ ਕਰਨਾ ਹੀ ਪਵੇਗਾ ਬਾਪੂ ਜਿਹੜੀ ਪਾਰਟੀ ਤੁਹਾਡੇ ਨਜ਼ਦੀਕ ਸੀ, ਉਹ ਵੀ ਮੋਦੀ ਨੂੰ ਸੱਤਾ ਵਿਚ ਲਿਆਉਣ ਦੀ ਦੋਸ਼ੀ ਹੈ।

ਕਾਂਗਰਸ ਧਰਮ-ਨਿਰਪੱਖ ਹੋਣ ਦਾ ਦਾਅਵਾ ਕਰਦੀ ਹੈ ਪਰ ਅਤੀਤ ਵਿਚ ਇਹ ਵੀ ਪਾਟਕ-ਪਾਊ ਸਿਆਸਤ ਵਿਚ ਵੀ ਸ਼ਾਮਲ ਰਹੀ ਹੈ ਜਿਸ ਨਾਲ ਮੋਦੀ ਅਤੇ ਭਾਜਪਾ ਦਾ ਹੌਸਲਾ ਵਧਿਆ। ਤੁਹਾਡੇ ਕਤਲ ਤੋਂ ਬਾਅਦ ਮਹਾਰਾਸ਼ਟਰ ਦੇ ਬ੍ਰਾਹਮਣਾਂ ਵਿਰੁੱਧ ਸਾਜ਼ਿਸ਼ ਤਹਿਤ ਹਿੰਸਾ ਨਹੀਂ ਹੋਈ ਪਰ 1984 'ਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਕਾਂਗਰਸ ਦੀ ਅਗਵਾਈ ਵਾਲੇ ਗੁੰਡਿਆਂ ਵੱਲੋਂ ਸਟੇਟ ਦੀ ਪੁਸ਼ਤਪਨਾਹੀ ਹੇਠ ਸਿੱਖ ਘੱਟਗਿਣਤੀ ਦਾ ਕਤਲੇਆਮ ਕੀਤਾ। ਇਸ ਨੇ ਮੋਦੀ ਨੂੰ ਹਿੰਦੂ ਬਹੁਗਿਣਤੀ ਦਾ ਧਰੁਵੀਕਰਨ ਕਰਨ ਦੀ ਰਣਨੀਤੀ ਤਹਿਤ 2002 ਵਿਚ ਗੁਜਰਾਤ ਵਿਚ ਮੁਸਲਮਾਨਾਂ ਵਿਰੁੱਧ ਇਹੀ ਇਤਿਹਾਸ ਦੁਹਰਾਉਣ ਲਈ ਉਤਸ਼ਾਹਿਤ ਕੀਤਾ।

ਬਾਪੂ ਤੁਸੀਂ ਭੋਲੇ ਨਹੀਂ ਹੋ। ਕਾਂਗਰਸ ਕਦੇ ਵੀ ਉਸ ਕਾਜ ਪ੍ਰਤੀ ਸੰਜੀਦਾ ਨਹੀਂ ਰਹੀ ਜੋ ਤੁਹਾਨੂੰ ਐਨਾ ਪਿਆਰਾ ਸੀ। ਜਦੋਂ ਤੁਸੀਂ ਦੇਸ਼ ਦੀ ਵੰਡ ਦਾ ਵਿਰੋਧ ਕਰ ਰਹੇ ਸੀ ਤਾਂ ਉਨ੍ਹਾਂ ਨੇ ਤੁਹਾਨੂੰ ਇਕੱਲੇ ਛੱਡ ਦਿੱਤਾ ਸੀ। ਤੁਹਾਡੀ ਜਾਨ ਲੈਣ ਦੀਆਂ ਪਹਿਲੀਆਂ ਕੋਸ਼ਿਸ਼ਾਂ ਦੇ ਬਾਵਜੂਦ ਪੁਲਿਸ ਦੀ ਕੁਤਾਹੀ ਕਾਰਨ ਤੁਹਾਡੀ ਹੱਤਿਆ ਹੋਈ, ਇਹ ਕਾਂਗਰਸ ਦੇ ਰਾਜ ਹੇਠ ਪੁਲਿਸ ਫੋਰਸ ਦੇ ਅੰਦਰ ਬਣੇ ਮੁਸਲਿਮ ਵਿਰੋਧੀ ਤੁਅੱਸਬ ਦੀ ਸੱਚਾਈ ਨੂੰ ਹੀ ਉਜਾਗਰ ਕਰਦੀ ਹੈ। ਸੰਨ 1984 ਅਤੇ 2002 ਵਿਚ ਵੀ ਪੁਲਿਸ ਦੀਆਂ ਸਫ਼ਾਂ ਦੇ ਅੰਦਰ ਸਿੱਖਾਂ ਅਤੇ ਮੁਸਲਮਾਨਾਂ ਵਿਰੁੱਧ ਇਸੇ ਤਰ੍ਹਾਂ ਦੇ ਪੱਖਪਾਤ ਦੇਖੇ ਗਏ। ਪੁਲਿਸ ਨੇ ਸਿਰਫ਼ ਭੀੜਾਂ ਨੂੰ ਭੜਕਾਇਆ ਹੀ ਨਹੀਂ ਸਗੋਂ ਜਦੋਂ ਉਹ ਇਨ੍ਹਾਂ ਭਾਈਚਾਰਿਆਂ ਦੇ ਨਿਹੱਥੇ ਮੈਂਬਰਾਂ ਉੱਪਰ ਹਮਲੇ ਕਰਨ ਲਈ ਚੜ੍ਹ ਕੇ ਆਏ ਤਾਂ ਪੁਲਿਸ ਨੇ ਆਪਣੀ ਡਿਊਟੀ ਨਿਭਾਉਣ ਦੀ ਬਜਾਇ ਮੂੰਹ ਫੇਰ ਲਿਆ।

ਹਿੰਦੂ ਬਹੁਗਿਣਤੀਵਾਦ ਨੇ ਤੁਹਾਡੀ ਜਾਨ ਲੈ ਲਈ ਅਤੇ ਇਸ ਦਾ ਨਿਰੰਤਰ ਵਧਾਰਾ-ਪਸਾਰਾ ਦਰਸਾਉਂਦਾ ਹੈ ਕਿ ਇਹ ਦੇਸ਼ ਗੋਡਸੇ ਦੀ ਔਲਾਦ ਦੇ ਹੱਥਾਂ 'ਚ ਚਲਾ ਗਿਆ ਹੈ। ਇਸ ਗੱਲ ਨੂੰ ਸਾਬਤ ਕਰਨ ਲਈ ਹੋਰ ਸਬੂਤ ਉਹ ਫਿਲਮਾਂ ਹਨ ਜੋ ਮੌਜੂਦਾ ਮਾਹੌਲ ਵਿਚ ਗੋਡਸੇ ਦੇ ਜੁਰਮ ਨੂੰ ਸਹੀ ਠਹਿਰਾਉਣ ਲਈ ਬੇਸ਼ਰਮੀ ਨਾਲ ਬਣਾਈਆਂ ਅਤੇ ਦਿਖਾਈਆਂ ਜਾ ਰਹੀਆਂ ਹਨ। ਸਿਰਫ਼ ਹਿੰਦੂਤਵ ਨਾਲ ਕਥਿਤ ਦੂਰੋਂ ਸਬੰਧਿਤ ਹਿੰਦੂ ਸਮੂਹ ਹੀ ਗੋਡਸੇ ਨੂੰ ਹੀਰੋ ਨਹੀਂ ਮੰਨਦੇ।

ਪਿਛਲੀ ਵਾਰ ਜਦੋਂ ਮੈਂ ਬਿਰਲਾ ਹਾਊਸ ਦਾ ਦੌਰਾ ਕੀਤਾ ਜਿੱਥੇ ਤੁਹਾਨੂੰ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ, ਮੈਂ ਬਹੁਤ ਘੱਟ ਲੋਕਾਂ ਨੂੰ ਉੱਥੇ ਸ਼ਰਧਾਂਜਲੀ ਦੇਣ ਲਈ ਆਉਂਦੇ ਦੇਖ ਕੇ ਹੈਰਾਨ ਰਹਿ ਗਿਆ, ਜਦੋਂ ਕਿ ਇੰਦਰਾ ਗਾਂਧੀ ਦੀ ਸਰਕਾਰੀ ਰਿਹਾਇਸ਼ ਨੂੰ ਅਜਾਇਬ ਘਰ ਬਣਾ ਦਿੱਤਾ ਗਿਆ ਸੀ ਜੋ ਪੂਰੇ ਭਾਰਤ ਦੇ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਹੈ ਅਤੇ ਉਹ ਉੱਥੇ ਬੱਸਾਂ ਭਰ-ਭਰ ਕੇ ਆਉਂਦੇ ਹਨ। ਇਸ ਤੋਂ ਸਾਫ਼ ਪਤਾ ਲੱਗਦਾ ਹੈ ਕਿ ਅਹਿੰਸਾ ਪ੍ਰਤੀ ਤੁਹਾਡੀ ਵਚਨਬੱਧਤਾ ਦੀ ਅਕਸਰ ਪ੍ਰਸ਼ੰਸਾ ਕਰਨ ਵਾਲੇ ਆਲਮੀ ਨੇਤਾ ਤੁਹਾਡੇ ਘਿਨਾਉਣੇ ਕਤਲ ਅਤੇ ਮੌਜੂਦਾ ਸਰਕਾਰ ਨਾਲ ਇਸ ਦੇ ਸਬੰਧਾਂ ਦੇ ਮਾਮਲੇ ਪ੍ਰਤੀ ਉਦਾਸੀਨ ਕਿਉਂ ਰਹਿੰਦੇ ਹਨ। ਜੇ ਭਾਰਤੀ ਰਾਜ ਨੇ ਇਮਾਨਦਾਰੀ ਨਾਲ ਬਹੁਗਿਣਤੀਵਾਦੀ ਦਹਿਸ਼ਤਵਾਦ ਨੂੰ ਮੰਨਿਆ ਹੁੰਦਾ ਅਤੇ ਇਸ ਮਸਲੇ ਨਾਲ ਨਜਿੱਠਿਆ ਹੁੰਦਾ ਤਾਂ ਹਾਲਤ ਇਹ ਨਹੀਂ ਸੀ ਹੋਣੀ।

ਬਾਪੂ ਮੈਂ ਪੂਰੇ ਸਤਿਕਾਰ ਨਾਲ ਇਹ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਤੁਸੀਂ ਵੀ ਧਰਮ ਅਤੇ ਰਾਜਨੀਤੀ ਨੂੰ ਰਲਗੱਡ ਕਰਨ ਤੋਂ ਗੁਰੇਜ਼ ਕੀਤਾ ਹੁੰਦਾ ਤਾਂ ਤੁਸੀਂ ਵੀ ਇਸ ਹੋਣੀ ਨੂੰ ਵਾਪਰਨ ਤੋਂ ਰੋਕ ਸਕਦੇ ਸੀ। ਗਊ ਰੱਖਿਆ ਅਤੇ ਹਿੰਦੂ ਰੂਹਾਨੀਵਾਦ ਦੀ ਵਕਾਲਤ ਕਰ ਕੇ ਅਤੇ ਜਾਤ-ਪ੍ਰਣਾਲੀ 'ਤੇ ਸਵਾਲ ਨਾ ਉਠਾ ਕੇ ਅਤੇ ਸਿਰਫ਼ ਛੂਤ-ਛਾਤ ਨੂੰ ਚੁਣੌਤੀ ਦੇ ਕੇ ਤੁਸੀਂ ਮੋਦੀ ਵਰਗਿਆਂ ਨੂੰ ਧਰਮ ਨੂੰ ਹੋਰ ਵੀ ਘੋਰ ਤਰੀਕੇ ਨਾਲ ਵਰਤਣ ਦਾ ਬਹਾਨਾ ਦਿੱਤਾ। ਬੇਸ਼ੱਕ ਤੁਹਾਡੇ ਇਰਾਦੇ ਨੇਕ ਸਨ ਪਰ ਨਤੀਜੇ ਸਾਡੇ ਸਾਹਮਣੇ ਹਨ।

ਤੁਹਾਡੀ ਆਤਮਾ ਨੂੰ ਸ਼ਾਂਤੀ ਮਿਲੇ।

ਗੁਰਪ੍ਰੀਤ ਸਿੰਘ (ਭਾਰਤੀ ਮੂਲ ਦਾ ਫਿਕਰਮੰਦ ਕੈਨੇਡੀਅਨ ਨਾਗਰਿਕ)

***ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ***

# ਬੇਬੇ ਨੂੰ ਫਿਲਮ ਦਿਖਾਈ

**ਬਲਵਿੰਦਰ ਸਿੰਘ ਭੁੱਲਰ**
**ਫੋਨ: +91-98882-75913**

ਸਾਢੇ ਪੰਜ ਦਹਾਕੇ ਪਹਿਲਾਂ ਦਾ ਸਮਾਂ ਸੀ, ਮੈਂ ਉਦੋਂ ਬੀਹਲੇ ਦੇ ਸਕੂਲ ਵਿਚ ਪੜ੍ਹਦਾ ਸਾਂ। ਮੇਰੇ ਸਹਿਪਾਠੀ ਹੈਪੀ ਦੀ ਬਜ਼ੁਰਗ ਦਾਦੀ ਦੀ ਮੌਤ ਹੋ ਗਈ। ਉਹਨਾਂ ਦਾ ਬਾਕੀ ਪਰਿਵਾਰ ਅਨਪੜ੍ਹ ਸੀ, ਬੱਸ ਇਹੋ ਇਕੱਲਾ ਜੀਅ ਸੀ ਪਰਿਵਾਰ ਦਾ ਜੋ ਪੜ੍ਹਦਾ ਸੀ। ਦਾਦੀ ਦੀਆਂ ਅਸਥੀਆਂ ਕੀਰਤਪੁਰ ਪਾਉਣ ਕੌਣ ਜਾਵੇ? ਸਮੱਸਿਆ ਖੜ੍ਹੀ ਹੋ ਗਈ। ਗੁਆਂਢੀਆਂ ਨੇ ਸਲਾਹ ਦਿੱਤੀ- "ਭਾਈ ਸੁੱਖ ਨਾਲ ਮੁੰਡਾ ਗੱਭਰੂ ਐ, ਪੜ੍ਹਿਆ ਲਿਖਿਆ ਐ, ਏਹਨੂੰ ਤੋਰ ਦਿਓ। ਆਪਣੇ ਨਾਲ ਭਾਵੇਂ ਇੱਕ ਜਣੇ ਨੂੰ ਹੋਰ ਲੈ ਜਾਵੇ।" ਪਰਿਵਾਰ ਵਾਲਿਆਂ ਨੇ ਵੀ ਠੀਕ ਸਮਝਿਆ ਤੇ ਹੈਪੀ ਨੂੰ ਫੁੱਲ ਪਾਉਣ ਜਾਣ ਲਈ ਕਿਹਾ। ਉਸ ਨੇ ਆਪਣੇ ਇੱਕ ਹੋਰ ਦੋਸਤ ਨੂੰ ਆਪਣੇ ਨਾਲ ਜਾਣ ਲਈ ਤਿਆਰ ਕਰ ਲਿਆ।


ਦੂਜੇ ਦਿਨ ਦਾਦੀ ਦੇ ਫੁੱਲ ਚੁਗੇ ਗਏ, ਇੱਕ ਥੈਲੀ ਵਿਚ ਪਾ ਕੇ ਪਰਨੇ ਨਾਲ ਉਸ ਦੇ ਮੋਢੇ ਨਾਲ ਬੰਨ੍ਹ ਦਿੱਤੇ। ਸਿਆਣੇ ਬਜ਼ੁਰਗਾਂ ਨੇ ਸਮਝਾਉਂਦਿਆਂ ਹੈਪੀ ਨੂੰ ਕਿਹਾ ਕਿ ਹੁਣ ਜਦੋਂ ਤੂੰ ਤੁਰੇਂਗਾ ਤਾਂ ਕਹਿ ਦੇਵੀਂ, "ਆ ਜਾ ਬੇਬੇ ਚੱਲੀਏ ਕੀਰਤਪੁਰ।" ਇਸੇ ਤਰ੍ਹਾਂ ਬੱਸ ਵਿਚ ਵੀ ਜਦੋਂ ਟਿਕਟ ਲਵੇਂਗਾ ਤਾਂ ਬੇਬੇ ਦੀ ਟਿਕਟ ਵਾਸਤੇ ਦਸੀ ਬੀਸੀ ਬੱਸ 'ਚ ਸੁੱਟ ਦੇਵੀਂ। ਬੱਸ 'ਚੋਂ ਉਤਰਨ ਵੇਲੇ, ਚੜ੍ਹਨ ਵੇਲੇ ਇਹ ਕਹਿਣੋਂ ਨਾ ਭੁੱਲੀਂ ਕਿ 'ਆ ਜਾ ਬੇਬੇ ਉਤਰ ਜਾ ਜਾਂ ਚੜ੍ਹ ਜਾ'। ਜਦੋਂ ਰਾਹ 'ਚ ਚਾਹ ਪੀਵੇਂ ਜਾਂ ਰੋਟੀ ਖਾਵੇਂ ਤਾਂ ਬੇਬੇ ਦੇ ਨਾਂ ਦੀ ਕਿਸੇ ਮੰਗਤੇ ਨੂੰ ਪਿਆ/ਖੁਆ ਦੇਵੀਂ। ਬੇਬੇ ਨੂੰ ਤੁਸੀਂ ਨਾਲ ਈ ਰੱਖਣੈ, ਜਿੱਧਰ ਜਾਣਾ ਹੋਵੇ, ਬੇਬੇ ਨੂੰ ਬੁਲਾ ਕੇ ਨਾਲ ਹੀ ਲਿਜਾਣਾ। ਜੇ ਅਜਿਹਾ ਨਾ ਕੀਤਾ ਤਾਂ ਬੇਬੇ ਰਾਹ ਵਿਚ ਹੀ ਰਹਿਜੂ, ਧੁਰ ਨਹੀਂ ਪਹੁੰਚਣੀ ਤੇ ਓਹਦੀ ਗਤੀ ਨਹੀਂ ਹੋਣੀ, ਵਿਚਾਰੀ ਭਟਕਦੀ ਰਹੂ।" ਹੈਪੀ ਨੇ ਵੀ ਸਤਿ ਬਚਨ ਕਹਿ ਕੇ ਸਿਆਣੀਆਂ ਗੱਲਾਂ ਤੇ ਸਲਾਹਾਂ ਪੱਲੇ ਬੰਨ੍ਹ ਲਈਆਂ।

ਹੈਪੀ ਫੁੱਲ ਲੈ ਕੇ ਤੁਰਨ ਲੱਗਾ ਤਾਂ ਉਸ ਨੇ ਦਾਦੀ ਨੂੰ ਆਵਾਜ਼ ਮਾਰੀ- "ਆ ਜਾ ਬੇਬੇ ਚੱਲੀਏ ਕੀਰਤਪੁਰ।" ਫਿਰ ਬੱਸ ਚੜ੍ਹ ਕੇ ਲੁਧਿਆਣੇ ਪਹੁੰਚ ਗਿਆ। ਸ਼ਾਮ ਹੋ ਗਈ ਸੀ, ਉਥੋਂ ਪਤਾ ਕੀਤਾ ਤਾਂ ਕੀਰਤਪੁਰ ਨੂੰ ਕੋਈ ਬੱਸ ਨਹੀਂ ਸੀ ਜਾਂਦੀ। ਉਸ ਜ਼ਮਾਨੇ ਵਿਚ ਬੱਸ ਸਰਵਿਸ ਬਹੁਤ ਘੱਟ ਹੁੰਦੀ ਸੀ। ਉਹਨਾਂ ਕਿਸੇ ਹੋਟਲ ਵਿਚ ਕਮਰਾ ਲੈ ਕੇ ਰਾਤ ਕੱਟਣ ਦਾ ਫੈਸਲਾ ਕੀਤਾ। ਉਹਨਾਂ ਹੁਣ ਫੁੱਲਾਂ ਵਾਲੀ ਪੋਟਲੀ ਮੋਢਿਓਂ ਲਾਹ ਕੇ ਝੋਲੇ ਵਿਚ ਪਾ ਲਈ; ਅਸਥੀਆਂ ਦੇਖ ਕੇ ਕਿਸੇ ਨੇ ਕਮਰਾ ਨਹੀਂ ਦੇਣਾ ਸੀ ਪਰ ਆਵਾਜ਼ ਮਾਰਨੀ ਯਾਦ ਰੱਖੀ। ਉਹ ਅੱਡੇ 'ਚੋਂ ਇਹ ਕਹਿ ਕੇ ਤੁਰ ਪਏ- "ਆ ਜਾ ਬੇਬੇ, ਹੋਟਲ ਵਿਚ ਰਹਿਣਾ ਪਊ, ਸੁਬ੍ਹਾ ਚੱਲਾਂਗੇ ਕੀਰਤਪੁਰ।"

ਲੁਧਿਆਣਾ ਵੱਡਾ ਸ਼ਹਿਰ ਸੀ। ਕਈ ਸਿਨਮੇ ਸਨ। ਪਿੰਡਾਂ ਵਾਲੇ ਮੁੰਡਿਆਂ ਦਾ ਤਾਂ ਕਦੇ ਸਾਲਾਂ ਬੱਧੀ ਹੀ ਫਿਲਮ ਦੇਖਣ ਦਾ ਸਬਬ ਬਣਦਾ ਸੀ, ਉਹਨਾਂ ਦਾ ਦਿਲ ਵੀ ਫਿਲਮ ਦੇਖਣ ਨੂੰ ਕੀਤਾ। ਫਿਰ ਫਿਕਰ ਹੋਇਆ ਕਿ ਫੁੱਲਾਂ ਦਾ ਕੀ ਕਰੀਏ। ਕਾਫ਼ੀ ਦੇਰ ਸੋਚਣ ਬਾਅਦ ਹੈਪੀ ਨੇ ਆਪਣੇ ਦੋਸਤ ਨੂੰ ਫਿਲਮ ਦੇਖਣ ਲਈ ਜਾਣ ਵਾਸਤੇ ਉਠਾ ਲਿਆ ਅਤੇ ਫੁੱਲਾਂ ਵਾਲਾ ਝੋਲਾ ਚੁੱਕ ਕੇ ਕਿਹਾ- "ਆ ਜਾ ਬੇਬੇ ਤੈਨੂੰ ਫਿਲਮ ਵੀ ਦਿਖਾ ਈ ਦੇਈਏ, ਜਾਂਦੀ ਵਾਰ ਦੀ।" ਉਹ ਹੋਟਲ 'ਚੋਂ ਨਿਕਲੇ ਤੇ ਰਿਕਸ਼ਾ ਲੈ ਕੇ ਆਰਤੀ ਸਿਨਮੇ ਵੱਲ ਚੱਲ ਪਏ। ਅਗਲੇ ਦਿਨ ਉਹ ਕੀਰਤਪੁਰ ਵਾਲੀ ਬੱਸ ਜਾ ਚੜ੍ਹੇ।

# ਹੁਣ ਬੰਗਲਾਦੇਸ਼ ਵਿਚ ਪਹੁੰਚਿਆ 'ਪਠਾਨ'



*ਫਿਲਮ 'ਪਠਾਨ' ਦਾ ਪੋਸਟਰ ਅਤੇ (ਸੱਜੇ) ਸ਼ਾਹਰੁਖ਼ ਖ਼ਾਨ*

ਅਦਾਕਾਰ ਸ਼ਾਹਰੁਖ਼ ਖ਼ਾਨ ਦੀ ਸੁਪਰ ਹਿਟ ਫਿਲਮ 'ਪਠਾਨ' ਬੰਗਲਾਦੇਸ਼ ਵਿਚ ਵੀ ਰਿਲੀਜ਼ ਕੀਤੀ ਗਈ। ਇਸ ਨਾਲ 'ਪਠਾਨ' 1971 ਤੋਂ ਬਾਅਦ ਬੰਗਲਾਦੇਸ਼ ਵਿਚ ਰਿਲੀਜ਼ ਹੋਣ ਵਾਲੀ ਪਹਿਲੀ ਹਿੰਦੀ ਫਿਲਮ ਬਣ ਗਈ ਹੈ। ਇਹ ਫਿਲਮ 12 ਮਈ ਨੂੰ ਬੰਗਲਾਦੇਸ਼ ਦੇ ਸਿਨੇਮਾ ਘਰਾਂ ਵਿਚ ਰਿਲੀਜ਼ ਕੀਤੀ ਗਈ। ਕੌਮਾਂਤਰੀ ਪੱਧਰ 'ਤੇ ਫਿਲਮਾਂ ਦੇ ਡਿਸਟ੍ਰੀਬਿਊਸ਼ਨ ਦੇ ਵਾਈਸ ਚੇਅਰਮੈਨ ਨੈਲਸਨ ਡਿਸੂਜ਼ਾ ਨੇ ਦੱਸਿਆ, "ਸਿਨੇਮਾ ਨੇ ਹਮੇਸ਼ਾ ਹੀ ਦੋ ਦੇਸ਼ਾਂ ਵਿਚਾਲੇ ਸਾਂਝ ਪਾਉਣ ਵਾਲੀ ਤਾਕਤ ਦਾ ਕੰਮ ਕੀਤਾ ਹੈ। ਇਸ ਨੇ ਸਰਹੱਦਾਂ ਟੱਪਦਿਆਂ ਲੋਕਾਂ ਨੂੰ ਆਪਸ ਵਿਚ ਇੱਕਜੁਟ ਕਰਨ 'ਚ ਅਹਿਮ ਭੂਮਿਕਾ ਨਿਭਾਈ ਹੈ। ਸਾਨੂੰ ਬਹੁਤ ਹੀ ਖੁਸ਼ੀ ਹੈ ਕਿ ਵਿਸ਼ਵ ਪੱਧਰ 'ਤੇ ਆਪਣਾ ਜਾਦੂ ਦਿਖਾਉਣ ਵਾਲੀ ਫਿਲਮ 'ਪਠਾਨ' ਨੇ ਬੰਗਲਾਦੇਸ਼ ਵਿਚ ਵੀ ਦਰਸ਼ਕਾਂ ਦਾ ਮਨੋਰੰਜਨ ਕੀਤਾ ਹੈ।" ਬਾਕੀ ਦੁਨੀਆ ਵਾਂਗ ਬੰਗਲਾਦੇਸ਼ ਵਿਚ ਵੀ ਅਦਾਕਾਰ ਸ਼ਾਹਰੁਖ਼ ਖ਼ਾਨ ਦੇ ਪ੍ਰਸ਼ੰਸਕ ਵੱਡੀ ਗਿਣਤੀ ਵਿਚ ਮੌਜੂਦ ਹਨ।

ਯਾਦ ਰਹੇ ਕਿ ਇਹ ਫਿਲਮ ਰਿਲੀਜ਼ ਹੋਣ ਮੌਕੇ ਵਾਹਵਾ ਵਿਵਾਦਾਂ ਵਿਚ ਘਿਰ ਗਈ ਸੀ। ਅਸਲ ਵਿਚ ਕੱਟੜਪੰਥੀ ਸ਼ਾਹਰੁਖ ਖਾਨ ਸਮੇਤ ਘੱਟ-ਗਿਣਤੀਆਂ ਨਾਲ ਸਬੰਧਿਤ ਅਤੇ ਮੋਦੀ ਸਰਕਾਰ ਦੀਆਂ ਮਾੜੀਆਂ ਅਤੇ ਵੰਡਪਾਊ ਨੀਤੀਆਂ ਖਿਲਾਫ ਆਵਾਜ਼ ਬੁਲੰਦ ਕਰਨ ਵਾਲੇ ਫਨਕਾਰਾਂ ਪਿੱਛੇ ਹੱਥ ਧੋ ਕੇ ਪਏ ਹੋਏ ਹਨ। ਇਹ ਅਜਿਹੇ ਮੌਕੇ ਦੀ ਤਲਾਸ਼ ਵਿਚ ਰਹਿੰਦੇ ਹਨ ਜਦੋਂ ਅਜਿਹੇ ਫਨਕਾਰਾਂ ਨੂੰ ਪ੍ਰੇਸ਼ਾਨ ਕੀਤਾ ਜਾਵੇ। ਫਿਲਮ 'ਪਠਾਨ' ਨਾਲ ਵੀ ਅਜਿਹਾ ਹੀ ਵਾਪਰਿਆ। ਇਸ ਫਿਲਮ ਦੀ ਨਾਇਕਾ ਦੀਪਿਕਾ ਪਾਦੂਕੋਣ ਹੈ ਅਤੇ ਕੱਟੜਪੰਥੀ ਚਾਹੁੰਦੇ ਹਨ ਕਿ ਇਸ ਅਦਾਕਾਰਾ ਦੀ ਕੋਈ ਫਿਲਮ ਢੰਗ ਨਾਲ ਚੱਲਣ ਨਹੀਂ ਦੇਣੀ। ਕਾਰਨ ਸਿਰਫ ਇੰਨਾ ਕੁ ਹੈ ਕਿ ਦੀਪਿਕਾ ਨੇ ਦਿੱਲੀ ਦੇ ਸੰਘਰਸ਼ ਕਰ ਰਹੇ ਵਿਦਿਆਰਥੀਆਂ ਦੀ ਹਮਾਇਤ ਕੀਤੀ ਸੀ। ਉਂਝ, ਹੁਣ ਬੰਗਲਾਦੇਸ਼ ਵਿਚ 'ਪਠਾਨ' ਦੀ ਰਿਲੀਜ਼ ਨੇ ਦਰਸਾ ਦਿੱਤਾ ਹੈ ਕਿ ਕੱਟੜਪੰਥੀਆਂ ਦੀ ਇਕ ਵੀ ਨਹੀਂ ਚੱਲੇਗੀ।

***-ਆਮਨਾ ਕੌਰ***

# ਅਦਾਕਾਰਾ ਸ਼ਰੁਤੀ ਹਸਨ ਦਾ ਬਰਾਬਰੀ ਦਾ ਹੋਕਾ




ਅਦਾਕਾਰਾ ਸ਼ਰੁਤੀ ਹਸਨ ਫਰਾਂਸ ਵਿਚ 72ਵੇਂ ਕਾਨ ਫਿਲਮ ਫੈਸਟੀਵਲ ਦੌਰਾਨ ਲਿੰਗ ਬਰਾਬਰੀ ਦੇ ਮੁੱਦੇ 'ਤੇ ਰਾਊਂਡ ਟੇਬਲ ਕਾਨਫਰੰਸ ਵਿਚ ਗੈਸਟ ਆਫ ਆਨਰ ਵਜੋਂ ਸ਼ਾਮਲ ਹੋਈ। ਇਸ ਕਾਨਫਰੰਸ ਦਾ ਸਿਰਲੇਖ ਸੀ: 'ਐਕਟੀਵੇਟਿੰਗ ਚੇਂਜ' ਜਿਸ ਦੀ ਮੇਜ਼ਬਾਨੀ 'ਬ੍ਰੇਕਿੰਗ ਥਰੂ ਦਿ ਲੈਂਜ਼' ਨੇ ਕੀਤੀ। ਇਸ ਕਾਨਫਰੰਸ ਦਾ ਉਦੇਸ਼ ਮਨੋਰੰਜਨ ਸਨਅਤ ਵਿਚ ਔਰਤਾਂ ਨੂੰ ਦਰਪੇਸ਼ ਚੁਣੌਤੀਆਂ 'ਤੇ ਵਿਚਾਰ-ਚਰਚਾ ਕਰਦਿਆਂ ਉਨ੍ਹਾਂ ਲਈ ਹੋਰ ਨਵੇਂ ਰਾਹ ਲੱਭਣਾ ਅਤੇ ਬਰਾਬਰੀ ਦਾ ਮਾਹੌਲ ਸਿਰਜਣਾ ਹੈ। ਅਦਾਕਾਰਾ ਸ਼ਰੁਤੀ ਹਸਨ ਪਹਿਲਾਂ ਵੀ ਔਰਤਾਂ ਦੇ ਹੱਕਾਂ ਅਤੇ ਲਿੰਗ ਬਰਾਬਰੀ ਦੇ ਮੁੱਦਿਆਂ 'ਤੇ ਆਪਣੇ ਵਿਚਾਰ ਪੇਸ਼ ਕਰਦੀ ਆਈ ਹੈ ਤੇ ਲਿੰਗ ਬਰਾਬਰੀ ਲਈ ਕੀਤੇ ਗਏ ਉਪਰਾਲਿਆਂ ਵਿਚ ਸ਼ਾਮਲ ਵੀ ਰਹੀ ਹੈ। ਅਦਾਕਾਰਾ ਸ਼ਰੁਤੀ ਹਸਨ ਦੀ ਕੌਮਾਂਤਰੀ ਫਿਲਮ 'ਦਿ ਆਈ' ਛੇਤੀ ਹੀ ਰਿਲੀਜ਼ ਕੀਤੀ ਜਾ ਰਹੀ ਹੈ।

ਯਾਦ ਰਹੇ ਕਿ ਸ਼ਰੁਤੀ ਹਸਨ ਉਘੇ ਅਦਾਕਾਰ ਕਮਲ ਹਸਨ ਦੀ ਧੀ ਹੈ। 28 ਜਨਵਰੀ 1986 ਨੂੰ ਜਨਮੀ ਸ਼ਰੁਤੀ ਹਸਨ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਬਾਲ ਕਲਾਕਾਰ ਵਜੋਂ ਫਿਲਮ 'ਹੇ ਰਾਮ' (ਸਾਲ 2000) ਵਿਚ ਕੀਤੀ ਸੀ। ਇਹ ਫਿਲਮ ਮਹਾਤਮਾ ਗਾਂਧੀ ਦੇ ਕਤਲ 'ਤੇ ਆਧਾਰਿਤ ਸੀ ਅਤੇ ਇਸ ਫਿਲਮ ਦਾ ਨਿਰਦੇਸ਼ਨ ਖੁਦ ਕਮਲ ਹਸਨ ਨੇ ਕੀਤਾ ਸੀ। ਫਿਲਮ 'ਲੱਕ' ਵਿਚ ਉਸ ਨੇ ਨਾਇਕਾ ਦੀ ਭੂਮਿਕਾ ਨਿਭਾਈ। ਇਸ ਤੋਂ ਬਾਅਦ ਤਾਂ ਫਿਰ ਚੱਲ ਸੋ ਚੱਲ; ਉਸ ਨੇ ਕਦੀ ਪਿੱਛੇ ਮੁੜ ਕੇ ਨਹੀਂ ਦੇਖਿਆ। ਸਭ ਤੋਂ ਵੱਡੀ ਗੱਲ, ਉਹ ਸਮਾਜ ਦੇ ਵੱਖ-ਵੱਖ ਮੁੱਦਿਆਂ 'ਤੇ ਆਪਣੀ ਆਵਾਜ਼ ਬੁਲੰਦ ਕਰਦੀ ਰਹਿੰਦੀ ਹੈ। ***-ਜਗਜੀਤ ਸਿੰਘ ਸੇਖੋਂ***

# ਫਿਲਮੀ ਮਾਂ ਅਦਾਕਾਰਾ ਸੁਲੋਚਨਾ ਦੀ ਵਿਦਾਈ





*ਪਿਛਲੀ ਉਮਰੇ ਉੱਘੀ ਅਦਾਕਾਰਾ ਸੁਲੋਚਨਾ ਲਾਟਕਰ ਅਤੇ (ਸੱਜੇ) ਜਵਾਨੀ ਵੇਲੇ ਦੀ ਇਕ ਤਸਵੀਰ।*

ਉੱਘੀ ਅਦਾਕਾਰਾ ਸੁਲੋਚਨਾ ਲਾਟਕਰ (94) ਦਾ ਲੰਮੀ ਬਿਮਾਰੀ ਮਗਰੋਂ 4 ਜੂਨ ਨੂੰ ਹਸਪਤਾਲ 'ਚ ਦੇਹਾਂਤ ਹੋ ਗਿਆ। ਉਨ੍ਹਾਂ ਮਰਾਠੀ ਅਤੇ ਹਿੰਦੀ ਦੀਆਂ 250 ਤੋਂ ਜ਼ਿਆਦਾ ਫਿਲਮਾਂ 'ਚ ਵੱਖ-ਵੱਖ ਕਿਰਦਾਰਾਂ ਰਾਹੀਂ ਲੋਕਾਂ ਦੇ ਦਿਲਾਂ 'ਤੇ ਛਾਪ ਛੱਡੀ ਸੀ। ਪਦਮਸ੍ਰੀ ਨਾਲ ਸਨਮਾਨਿਤ ਸੁਲੋਚਨਾ ਨੇ 'ਹੀਰਾ', 'ਰੇਸ਼ਮਾ ਔਰ ਸ਼ੇਰਾ', 'ਜਾਨੀ ਦੁਸ਼ਮਣ', 'ਜਬ ਪਿਆਰ ਕਿਸੀ ਸੇ ਹੋਤਾ ਹੈ', 'ਜੌਨੀ ਮੇਰਾ ਨਾਮ', 'ਕਟੀ ਪਤੰਗ', 'ਮੇਰੇ ਜੀਵਨ ਸਾਥੀ' ਜਿਹੀਆਂ ਮਸ਼ਹੂਰ ਫਿਲਮਾਂ ਕੀਤੀਆਂ ਸਨ। ਹਿੰਦੀ ਅਤੇ ਮਰਾਠੀ ਸਿਨੇਮਾ 'ਚ ਅਣਗਿਣਤ ਵਾਰ ਮਾਂ ਦਾ ਕਿਰਦਾਰ ਨਿਭਾਉਣ ਵਾਲੀ ਉੱਘੀ ਅਦਾਕਾਰਾ ਸੁਲੋਚਨਾ ਲਾਟਕਰ ਦੀਆਂ ਅੰਤਿਮ ਰਸਮਾਂ ਉਸ ਦੀ ਧੀ ਕੰਚਨ ਘਾਣੇਕਰ ਨੇ ਪੂਰੀਆਂ ਕੀਤੀਆਂ। ਸਲੋਚਨਾ ਦਾ ਜਨਮ 30 ਜੁਲਾਈ 1928 ਨੂੰ ਹੋਇਆ ਸੀ ਅਤੇ ਉਸ ਨੇ ਆਪਣੇ ਕਰੀਅਰ ਦੀ ਸ਼ੁਰੂਆਤ 1946 ਵਿਚ ਕੀਤੀ ਸੀ।

# ਅਦਾਕਾਰਾ ਭੂਮੀ ਪੇਡਨੇਕਰ ਨੇ ਭੂਮੀ ਨਿਹਾਲ ਕੀਤੀ

ਅਦਾਕਾਰਾ ਭੂਮੀ ਪੇਡਨੇਕਰ ਨੇ ਵਿਸ਼ਵ ਵਾਤਾਵਰਨ ਦਿਵਸ ਮੌਕੇ ਮਹਾਰਾਸ਼ਟਰ ਵਿਚ ਤਿੰਨ ਹਜ਼ਾਰ ਦੇ ਕਰੀਬ ਪੌਦੇ ਲਾਏ। ਇਸ ਦੌਰਾਨ ਵਾਤਾਵਰਨ ਸੰਭਾਲ ਪ੍ਰਤੀ ਆਪਣੀ ਵਚਨਬੱਧਤਾ ਬਾਰੇ ਗੱਲ ਕਰਦਿਆਂ ਭੂਮੀ ਨੇ ਕਿਹਾ, "ਮਨੁੱਖ ਦੀਆਂ ਵੱਖ ਵੱਖ ਗਤੀਵਿਧੀਆਂ ਖਾਸ ਤੌਰ 'ਤੇ ਜੰਗਲਾਂ ਦੀ ਕਟਾਈ ਕਾਰਨ ਧਰਤੀ ਖ਼ਤਰੇ ਵਿਚ ਹੈ। ਜੇ ਅਸੀਂ ਇਸ ਬਾਰੇ ਹੁਣ ਵੀ ਕੁਝ ਨਾ ਕੀਤਾ ਤਾਂ ਇਹ ਭਵਿੱਖ ਵਿਚ ਸਾਡੇ ਲਈ ਖ਼ਤਰਨਾਕ ਸਿੱਧ ਹੋ ਸਕਦਾ ਹੈ। ਇਹ ਸਾਡੀ ਖੁਸ਼ਕਿਸਮਤੀ ਹੈ ਕਿ ਕੁਦਰਤ ਕਾਫੀ ਲਚਕਦਾਰ ਹੈ ਤੇ ਜਿਨ੍ਹਾਂ ਖੇਤਰਾਂ ਅਤੇ ਸਥਾਨਾਂ ਨੂੰ ਅਸੀਂ ਨੁਕਸਾਨ ਪਹੁੰਚਾਇਆ ਹੈ, ਜੇ ਉਨ੍ਹਾਂ ਨੂੰ ਥੋੜ੍ਹਾ ਸਮਾਂ ਦਿੱਤਾ ਜਾਵੇ ਤਾਂ ਇਹ ਇੱਕ ਵਾਰ ਫਿਰ ਸਾਡੇ ਜੀਵਨ ਲਈ ਸਹਾਇਕ ਸਿੱਧ ਹੋ ਸਕਦੇ ਹਨ।" ਉਸ ਨੇ ਕਿਹਾ, "ਪੌਦੇ ਸਾਨੂੰ ਸਾਹ ਲੈਣ ਲਈ ਆਕਸੀਜਨ ਦਿੰਦੇ ਹਨ। ਸਾਨੂੰ ਸੋਚਣਾ ਚਾਹੀਦਾ ਹੈ ਕਿ ਜੇ ਪੌਦੇ ਨਾ ਹੋਣ ਤਾਂ ਸਾਡਾ ਜੀਵਨ ਵੀ ਸੰਭਵ ਨਹੀਂ ਹੈ। ਸਾਡੇ ਉੱਤੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਧਰਤੀ ਨੂੰ ਬਚਾਉਣ ਦੀ ਬਹੁਤ ਵੱਡੀ ਜ਼ਿੰਮੇਵਾਰੀ ਹੈ। ਵਿਸ਼ਵ ਵਾਤਾਵਰਨ ਦਿਵਸ ਮੌਕੇ ਮੈਂ ਧਰਤੀ ਨੂੰ ਸਾਫ ਅਤੇ ਹਰਿਆ-ਭਰਿਆ ਬਣਾਉਣ ਲਈ ਆਪਣਾ ਹਿੱਸਾ ਪਾ ਰਹੀ ਹਾਂ। ਮੈਂ ਅਜਿਹਾ ਲਗਾਤਾਰ ਕਰਦੀ ਰਹਾਂਗੀ ਅਤੇ ਉਮੀਦ ਹੈ ਕਿ ਹੋਰ ਲੋਕ ਵੀ ਅਜਿਹਾ ਕਰਨਗੇ।"



# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ ’ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 36 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2023*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
REALTOR
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner/Notary



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 48 Terra Vista Ave Apt D San Francisco CA 94115
2. 2411 Bentley Lane Tracy CA 95376
3. 150 Yolo Ct San Bruno CA 94066
4. 5079 Brett Court CA, 94538
5. 1379 Michael Dr Tracy, CA, 95337
6. 3055 Bernard Ave San Ramon, CA, 94583
7. 380 cardona Cir Pleasanton CA 94583
8. 5788 Arlene way Livermore CA 94550
9. 2569 Bennett ct Tracy CA 95377
10. 3055 Bernard Ave San Ramon, CA, 94583
11. 1693 Corpsman St Manteca, CA, 95337
12. 5177 Roycroft Way Fremont, CA, 94538
13. 2925 Mabury Rd San Jose, CA, 95133
14. 105 Machado Ct Tracy, CA, 95376
15. 3315 Mount Everest dr San Jose ca 95127
16. 16765 oak view Cir Morgan hill ca 95037

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker

CA BRE Lic.#01180969
NMLS# 352095